BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

Regal Jewels
LEARN ABOUT GOLD & SILVER INVESTMENT
CALL: JAYESH
Store: 773-262-4377
Cell: 773-983-6877
WWW.RJBULLION.COM

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
Canton Realty
5820 N Canton Center Rd., Suite# 141, Canton, MI 48187

Call: 734-751-4455
rajsshergill@yahoo.com
Raj S.Shergill
*Broker*

Twenty-Third Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 37, September 10, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਸੁਪਰੀਮ ਕੋਰਟ ਐਸ.ਵਾਈ.ਐਲ. ਕੇਸ ਛੇਤੀ ਨਿਬੇੜਨ ਦੇ ਰੌਂਅ ’ਚ

### ਕੇਂਦਰ ਸਰਕਾਰ ਨੇ ਮਾਮਲਾ ਲਟਕਾਉਣ ਦਾ ਸਾਰਾ ਦੋਸ਼ ਪੰਜਾਬ ਸਿਰ ਮੜ੍ਹਿਆ

**ਨਵੀਂ ਦਿੱਲੀ:** ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਆਪਣਾ ਰੁਖ ਸਾਫ ਕਰ ਦਿੱਤਾ ਹੈ ਕਿ ਉਹ ਮਸਲਾ ਛੇਤੀ ਬਿਲੇ ਲਾਉਣ ਦੇ ਰੌਂਅ ਵਿਚ ਹੈ। ਉਧਰ, ਕੇਂਦਰ ਸਰਕਾਰ ਵੱਲੋਂ ਇਸ ਮਸਲੇ ਨੂੰ ਲਟਕਾਉਣ ਦਾ ਸਾਰਾ ਦੋਸ਼ ਪੰਜਾਬ ਸਿਰ ਮੜ੍ਹ ਕੇ ਆਪਣਾ ਰੁਖ ਸਪਸ਼ਟ ਕਰ ਦਿੱਤਾ ਹੈ। ਕੇਂਦਰ ਨੇ ਅਦਾਲਤ ਨੂੰ ਸਾਫ ਆਖ ਦਿੱਤਾ ਹੈ ਕਿ ਅਪਰੈਲ ਮਹੀਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਸੀ ਪਰ ਕੋਈ ਜਵਾਬ ਨਹੀਂ ਆਇਆ। ਪੰਜਾਬ ਸਰਕਾਰ ਨੇ ਇਸ ਮਾਮਲੇ ਵਿਚ ਬਿਲਕੁਲ ਸਹਿਯੋਗ ਨਹੀਂ ਕੀਤਾ।



ਕੇਂਦਰ ਦੇ ਜਵਾਬ ਪਿੱਛੋਂ ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਦੋਵਾਂ ਸੂਬਿਆਂ (ਪੰਜਾਬ ਤੇ ਹਰਿਆਣਾ) ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰਵਾਉਣ ਦੀ ਹਦਾਇਤ ਕਰਦਿਆਂ ਚਾਰ ਮਹੀਨੇ ਅੰਦਰ ਪ੍ਰਗਤੀ ਰਿਪੋਰਟ ਮੰਗੀ ਹੈ। ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ 19 ਜਨਵਰੀ 2023 ਨੂੰ ਰੱਖ ਦਿੱਤੀ ਹੈ। ਉਚ ਅਦਾਲਤ ਨੇ ਇਹ ਵੀ ਸਾਫ ਕੀਤਾ ਹੈ ਕਿ ਜੇਕਰ ਅਦਾਲਤ ਤੋਂ ਬਾਹਰ ਮਸਲਾ ਹੱਲ ਨਹੀਂ ਹੁੰਦਾ ਤਾਂ ਫਿਰ ਉਸ ਨੂੰ (ਅਦਾਲਤ) ਨੂੰ ਆਪਣੇ ਢੰਗ ਨਾਲ ਨਿਬੇੜਨ ਲਈ ਮਜਬੂਰ ਹੋਣਾ ਪਵੇਗਾ।

ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਪਾਣੀ ਇਕ ਕੁਦਰਤੀ ਸਰੋਤ ਹੈ ਤੇ ਇਸ ਨੂੰ ਲੈ ਕੇ ਕੋਈ ਵੀ ਨਿੱਜੀ ਹਿੱਤ ਦਿਮਾਗ ’ਚ ਨਹੀਂ ਰੱਖ ਸਕਦਾ। ਬੈਂਚ ਨੇ ਹੁਣ ਤੱਕ ਦੋਵਾਂ ਧਿਰਾਂ ਨੂੰ ਕਿਸੇ ਸਮਝੌਤੇ ਤੱਕ ਨਾ ਪਹੁੰਚਾ ਸਕਣ ਕਾਰਨ ਕੇਂਦਰ ਸਰਕਾਰ ਨੂੰ ਝਾੜ ਵੀ ਪਾਈ। ਕੇਂਦਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਕਿ ਕੇਂਦਰ ਨੇ ਅਪਰੈਲ ਮਹੀਨੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਸੀ ਪਰ ਕੋਈ ਜਵਾਬ ਨਹੀਂ ਆਇਆ। ਹਰਿਆਣਾ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਸ਼ਿਆਮ ਦੀਵਾਨ ਤੇ ਵਧੀਕ ਐਡਵੋਕੇਟ ਜਨਰਲ ਅਨੀਸ਼ ਗੁਪਤਾ ਨੇ ਮੰਗ ਕੀਤੀ ਕਿ ਕਈ ਗੇੜ ਦੀ ਗੱਲਬਾਤ ਦੇ ਬਾਵਜੂਦ ਮਸਲੇ ਦਾ ਹੱਲ ਨਹੀਂ ਨਿਕਲਿਆ। ਇਸ ਲਈ ਅਦਾਲਤ ਨੂੰ ਫੈਸਲਾ ਹਰਿਆਣਾ ਦੇ ਹੱਕ ’ਚ ਕਰਨਾ ਚਾਹੀਦਾ ਹੈ।

ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਜੇ.ਐਸ. ਛਾਬੜਾ ਨੇ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਇਆ ਕਿ ਮਸਲੇ ਦੇ ਹੱਲ ਲਈ ਪੂਰਾ ਸਹਿਯੋਗ ਦੇਣਗੇ। ਇਸ ਤੋਂ ਪਹਿਲਾਂ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਅਦਾਲਤ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ 2017 ’ਚ ਕਿਹਾ ਸੀ ਕਿ ਇਸ ਮਸਲੇ ਦਾ ਹੱਲ ਦੋਸਤਾਨਾ ਢੰਗ ਨਾਲ

*(ਬਾਕੀ ਸਫਾ 6 ’ਤੇ)*

## ਸਾਰਾ ਪੰਜਾਬ ਕ੍ਰਿਕਟਰ ਅਰਸ਼ਦੀਪ ਸਿੰਘ ਦੀ ਪਿੱਠ ’ਤੇ

**ਚੰਡੀਗੜ੍ਹ:** ਭਾਰਤੀ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਪਾਕਿਸਤਾਨ ਖਿਲਾਫ ਦੁਬਈ ਵਿਚ ਖੇਡੇ ਗਏ ਏਸ਼ੀਆ ਕ੍ਰਿਕਟ ਕੱਪ ਟੂਰਨਾਮੈਂਟ ਦੇ ਸੁਪਰ-4 ਮੁਕਾਬਲੇ ਵਿਚ ਬੱਲੇਬਾਜ਼ ਆਸਿਫ ਅਲੀ ਦਾ ਕੈਚ ਛੱਡਣ ਕਾਰਨ ਸੋਸ਼ਲ ਮੀਡੀਆ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੁਝ ਲੋਕਾਂ ਵੱਲੋਂ ਟਵਿੱਟਰ ’ਤੇ ਅਰਸ਼ਦੀਪ ਸਿੰਘ ਨੂੰ ‘ਖਾਲਿਸਤਾਨੀ’ ਕਿਹਾ ਗਿਆ ਅਤੇ ਕੈਚ ਛੱਡੇ ਜਾਣ ਮਗਰੋਂ ਉਸ ਦੇ ਵਿਕੀਪੀਡੀਆ ਪੇਜ ’ਤੇ ਵੀ ‘ਵੱਖਵਾਦੀ ਖਾਲਿਸਤਾਨੀ ਲਹਿਰ’ ਨਾਲ ਸਬੰਧਤ ਲਿਖ ਦਿੱਤਾ ਗਿਆ ਹੈ। ਅਰਸ਼ਦੀਪ ਨੂੰ ਜਾਣਬੁੱਝ ਕੇ ਕੈਚ ਛੱਡਣ ਤੇ ਪਾਕਿਸਤਾਨ ਦਾ ਹਮਾਇਤੀ ਦੱਸਿਆ ਜਾ ਰਿਹਾ ਹੈ।

*(ਬਾਕੀ ਸਫਾ 6 ’ਤੇ)*



*ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ) ਵਲੋਂ ਕਰਵਾਏ ਗਏ ਕਬੱਡੀ ਮੇਲੇ ਦੌਰਾਨ ਜੇਤੂ ਰਹੇ ਫਤਿਹ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਖਿਡਾਰੀ ਜੇਤੂ ਕੱਪ ਤੇ ਮੇਲੇ ਦੇ ਪ੍ਰਬੰਧਕਾਂ ਨਾਲ।*

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828

We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
- Brand new Hall, 600+ people gathering
- Fresh In-house catering (from Mela Indian Restaurant)
- 2-Built in Bars (Beer, Wine, Liquor)
- High Ceilings
- Big Dance Floor, Big Parking lot
- DJ with LED screens, cold sparklers, wall up lights, moving heads & dry ice fog machine
- Photo, Video, Dholi, MC
- TV screen + Projector screen
- Live Streaming, Decoration
- 360 Video Booth
- Much more stuff
5425 E Thompson Road, Indianapolis-46237
CALL to book us today : 317 604 9924

OPEN 7 DAYS A WEEK
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
Regal Jewels
22KT GOLD
Diamonds
JEWELRY
Wedding Jewelry
Store Hours
11 am to 8 pm
Call: 773-262-4377

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 60 Cent + Team 70 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# Matrimonials

## ਲੜਕੇ ਦੀ ਲੋੜ ਹੈ

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India

34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

29-32

## ਲੜਕੀ ਦੀ ਲੋੜ ਹੈ

ਜੱਟ ਸਿੱਖ ਪਰਿਵਾਰ ਨਾਲ ਸੰਬੰਧਤ 40 ਸਾਲਾ, 5'8" ਗ੍ਰੀਨ ਕਾਰਡ ਹੋਲਡਰ, ਤਲਾਕਸ਼ੁਦਾ, ਆਪਣਾ ਰੈਸਟੋਰੈਂਟ ਚਲਾਉਂਦੇ ਲੜਕੇ ਲਈ ਚੰਗੇ ਪਰਿਵਾਰ ਨਾਲ ਸੰਬੰਧਤ ਲੜਕੀ ਦੀ ਲੋੜ ਹੈ। (ਜਾਤੀ ਬੰਧਨ ਨਹੀਂ) ਬੱਚਿਆਂ ਤੋਂ ਰਹਿਤ ਤਲਾਕਸ਼ੁਦਾ ਲੜਕੀ ਵੀ ਵਿਚਾਰਨਯੋਗ। ਲੜਕਾ ਆਪਣੇ ਪਰਿਵਾਰ ਨਾਲ ਕੋਲੰਬਸ ਜਾਰਜੀਆ (ਅਮਰੀਕਾ) ਰਹਿੰਦਾ ਹੈ ਤੇ ਉਸ ਲੜਕੇ ਦਾ ਆਪਣੀ ਪਹਿਲੀ ਪਤਨੀ ਅਤੇ ਬੱਚਿਆਂ ਨਾਲ ਹੁਣ ਕੋਈ ਸਬੰਧ ਨਹੀਂ ਹੈ।
ਚਾਹਵਾਨ ਸੰਪਰਕ ਕਰਨ: 205-799-2350 ਜਾਂ 762-332-2936

37-40

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com

37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com

33-36

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709

32-33

# ਫੌਜ ਦੀ ਭਰਤੀ ਲਈ ਲੰਮੀ ਦੌੜ ਦੌਰਾਨ ਨੌਜਵਾਨ ਦੀ ਮੌਤ



**ਗੁਰਦਾਸਪੁਰ:** ਤਿੱਬੜੀ ਛਾਉਣੀ ਵਿਚ ਚੱਲ ਰਹੀ ਫੌਜ ਦੀ ਅਗਨੀਵੀਰ ਭਰਤੀ ਦੌਰਾਨ ਲੰਮੀ ਦੌੜ ਲਾਉਂਦਿਆਂ ਦੋ ਨੌਜਵਾਨ ਬੇਹੋਸ਼ ਹੋ ਕੇ ਡਿੱਗ ਪਏ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਜਦਕਿ ਦੂਸਰੇ ਨੂੰ ਇਲਾਜ ਲਈ ਸਿਵਲ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਮ੍ਰਿਤਕ ਦੀ ਪਛਾਣ ਅਸ਼ਵਨੀ ਕੁਮਾਰ (20) ਪੁੱਤਰ ਬਲਕਾਰ ਚੰਦ ਵਾਸੀ ਪਿੰਡ ਅਖਰੋਟਾ ਜ਼ਿਲ੍ਹਾ ਪਠਾਨਕੋਟ ਵਜੋਂ ਹੋਈ ਹੈ। ਦੂਸਰੇ ਨੌਜਵਾਨ ਰੋਹਿਤ ਪੁੱਤਰ ਜੰਗ ਬਹਾਦਰ ਵਾਸੀ ਪਿੰਡ ਚੰਡੀਗੜ੍ਹ ਜ਼ਿਲ੍ਹਾ ਪਠਾਨਕੋਟ ਦਾ ਇਲਾਜ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਤਿੱਬੜੀ ਛਾਉਣੀ ਵਿਚ ਪਹਿਲੀ ਸਤੰਬਰ ਤੋਂ ਫੌਜ ਦੀ ਭਰਤੀ ਚੱਲ ਰਹੀ ਹੈ। ਇਸ ਦੌਰਾਨ 1600 ਮੀਟਰ ਦੀ ਦੌੜ ਲਗਾਉਂਦਿਆਂ ਦੋ ਨੌਜਵਾਨ ਡਿੱਗ ਗਏ। ਮ੍ਰਿਤਕ ਦੇ ਦੋਸਤ ਗੌਰਵ ਨੇ ਦੱਸਿਆ ਕਿ ਉਹ ਅਸ਼ਵਨੀ ਨਾਲ ਫੌਜ ਦੀ ਭਰਤੀ ਵੇਖਣ ਆਇਆ ਸੀ ਤੇ ਚੌਥੇ ਚੱਕਰ ਦੇ ਸਮਾਪਤ ਹੋਣ ਤੋਂ ਥੋੜ੍ਹਾ ਪਹਿਲਾਂ ਹੀ ਅਸ਼ਵਨੀ ਬੇਹੋਸ਼ ਹੋ ਕੇ ਡਿੱਗ ਗਿਆ। ਇਸ ਤੋਂ ਇਲਾਵਾ ਦੂਸਰੇ ਗਰੁੱਪ ਵਿਚ ਦੌੜ ਰਿਹਾ ਰੋਹਿਤ ਵੀ ਬੇਹੋਸ਼ ਹੋ ਗਿਆ। ਫੌਜ ਦੇ ਜਵਾਨ ਉਸ ਨੂੰ ਤੁਰਤ ਮਿਲਟਰੀ ਹਸਪਤਾਲ ਲੈ ਗਏ ਜਿਥੋਂ ਉਸ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤਾ ਗਿਆ।

# ਵਿਧਾਇਕ ਸੰਦੋਆ ਉਤੇ ਗ੍ਰਿਫਤਾਰੀ ਦੀ ਤਲਵਾਰ ਲਟਕੀ

**ਨੂਰਪੁਰ ਬੇਦੀ:** ਜੰਗਲਾਤ ਘੁਟਾਲੇ ਦੇ ਘੇਰੇ ਵਿਚ ਆਏ 'ਆਪ' ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਦੀ ਇਨੋਵਾ ਗੱਡੀ ਨੂੰ ਵਿਜੀਲੈਂਸ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਵਿਜੀਲੈਂਸ ਨੇ ਇਹ ਗੱਡੀ ਦੇਣ ਵਾਲੇ ਭਿੰਡਰ ਭਰਾਵਾਂ 'ਤੇ ਨੂਰਪੁਰ ਬੇਦੀ ਪੁਲਿਸ ਥਾਣੇ ਵਿਚ ਐਫ.ਆਈ.ਆਰ. ਦਰਜ ਕਰਵਾ ਦਿੱਤੀ ਹੈ।

ਵਿਜੀਲੈਂਸ ਦੀ ਜਾਂਚ ਵਿਚ ਖੁਲਾਸਾ ਹੋਇਆ ਸੀ ਕਿ ਇਹ ਕਾਰ ਸੰਦੋਆ ਦੇ ਇਕ ਰਿਸ਼ਤੇਦਾਰ ਨੇ ਖਰੀਦੀ ਸੀ ਇਸ ਦੀ ਅਦਾਇਗੀ ਇਸ ਘੁਟਾਲੇ ਦੇ ਇਕ ਮੁਲਜ਼ਮ ਵੱਲੋਂ ਕਾਰ ਡੀਲਰ ਨੂੰ ਕੀਤੀ ਗਈ ਸੀ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਵਿਜੀਲੈਂਸ ਦੀ ਟੀਮ ਕਿਸੇ ਵੇਲੇ ਵੀ ਸੰਦੋਆ ਨੂੰ ਹਿਰਾਸਤ ਵਿਚ ਲੈ ਸਕਦੀ ਹੈ।

ਦੱਸਣਯੋਗ ਹੈ ਕਿ ਇਹ ਘੁਟਾਲਾ ਬਲਾਕ ਨੂਰਪੁਰ ਬੇਦੀ ਦੇ ਪਿੰਡ ਕਰੂਰਾ 'ਚ ਦੋ ਮਹੀਨੇ ਪਹਿਲਾਂ ਜੰਗਲਾਤ ਵਿਭਾਗ ਦੀ ਜ਼ਮੀਨ 'ਚ ਹੋਇਆ ਸੀ ਜਿਸ ਦੀ ਵਿਜੀਲੈਂਸ ਜਾਂਚ ਕਰ ਰਹੀ ਹੈ।

# ਭਾਜਪਾ ਵੱਲੋਂ ਆਪਣੇ ਬਲਬੂਤੇ ਚੋਣਾਂ ਲੜਨ ਦਾ ਐਲਾਨ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ ਮਿਸ਼ਨ-2024 ਫਤਿਹ ਕਰਨ ਲਈ ਹੁਣੇ ਤੋਂ ਤਿਆਰੀਆਂ ਵਿੱਢ ਦਿੱਤੀਆਂ ਹਨ। ਪੰਜਾਬ ਦੌਰੇ 'ਤੇ ਆਏ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਦਾਅਵਾ ਕੀਤਾ ਕਿ ਸੂਬੇ ਵਿਚ ਭਾਜਪਾ ਦਾ ਵੋਟ ਬੈਂਕ ਵਧਿਆ ਹੈ ਤੇ ਆਗਾਮੀ ਲੋਕ ਸਭਾ ਚੋਣਾਂ ਭਾਜਪਾ ਆਪਣੇ ਬਲਬੂਤੇ ਅਤੇ ਵਿਕਾਸ ਦੇ ਨਾਂ 'ਤੇ ਲੜੇਗੀ।



ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਭਾਜਪਾ ਦਾ ਅਕਾਲੀ ਦਲ ਨਾਲ ਗੱਠਜੋੜ ਹੋਣ ਕਰ ਕੇ ਭਾਜਪਾ ਛੋਟੇ ਭਾਈਵਾਲ ਵਜੋਂ ਚੋਣਾਂ ਵਿਚ ਹਿੱਸਾ ਲੈਂਦੀ ਸੀ, ਪਰ ਹੁਣ ਪਾਰਟੀ ਵੱਲੋਂ ਆਪਣੇ ਦਮ 'ਤੇ ਚੋਣਾਂ ਲੜੀਆਂ ਜਾਣਗੀਆਂ। ਸੂਬਾ ਸਰਕਾਰ ਬਾਰੇ ਗੱਲ ਕਰਦਿਆਂ ਸ੍ਰੀ ਸ਼ੇਖਾਵਤ ਨੇ ਕਿਹਾ ਕਿ 'ਆਪ' ਸਰਕਾਰ ਦੀ ਕਾਰਗੁਜ਼ਾਰੀ ਤੋਂ ਸੂਬੇ ਦੇ ਲੋਕ ਨਾਖੁਸ਼ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ 'ਆਪ' ਦੇ ਹੱਕ ਵਿਚ ਇਤਿਹਾਸਕ ਫ਼ਤਵਾ ਦੇ ਕੇ 92 ਵਿਧਾਇਕ ਚੁਣ ਕੇ ਭੇਜੇ ਪਰ ਮੁਢਲੇ ਸਮੇਂ ਵਿਚ ਹੀ ਕਈ ਪਿੰਡਾਂ ਵਿਚ 'ਆਪ' ਵਿਰੁੱਧ 'ਨੋ ਐਂਟਰੀ' ਦੇ ਬੋਰਡ ਲੱਗਣ ਦੀ ਸੂਚਨਾ ਮਿਲੀ ਹੈ।

ਦੂਜੇ ਪਾਸੇ ਕਾਂਗਰਸ ਨੂੰ ਗਾਂਧੀ ਪਰਿਵਾਰ ਦੀ ਪਾਰਟੀ ਦੱਸਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਦੇਸ਼ 'ਚੋਂ ਕਾਂਗਰਸ ਦਾ ਲਗਭਗ ਸਫਾਇਆ ਹੋ ਚੁੱਕਾ ਹੈ ਤੇ 2024 ਤੋਂ ਬਾਅਦ ਕਾਂਗਰਸ ਕਿਤੇ ਵੀ ਨਜ਼ਰ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਅੱਧੇ ਆਗੂ ਰਾਹੁਲ ਗਾਂਧੀ ਨੂੰ ਪ੍ਰਧਾਨ ਬਣਾਏ ਜਾਣ ਦੀ ਗੱਲ ਕਰ ਰਹੇ ਹਨ, ਜਦਕਿ ਬਾਕੀ ਆਗੂ ਕਾਂਗਰਸ ਦੀ ਹੋਂਦ ਬਚਾਉਣ ਲਈ ਉਸ ਨੂੰ ਪ੍ਰਧਾਨਗੀ ਹਟਾਉਣ ਦੀ ਦੁਹਾਈ ਦੇ ਰਹੇ ਹਨ।


## ਹੈੱਡ ਰਾਗੀ/ ਕੀਰਤਨੀ ਜਥੇ ਦੀ ਲੋੜ

*ਦਿ ਸਿੱਖ ਸੈਂਟਰ ਆਫ ਦਿ ਜੀਸੀਏ, 8819 ਪਰੇਰੀ ਡਰਾਈਵ ਹਿਊਸਟਨ, ਟੈਕਸਸ (77064) ਵਿਖੇ ਅਕਤੂਬਰ ਤੋਂ ਦਸੰਬਰ ਮਹੀਨੇ ਲਈ ਹੈੱਡ ਰਾਗੀ ਜਾਂ ਕੀਰਤਨੀ ਜਥੇ ਦੀ ਲੋੜ ਹੈ।*

**ਚਾਹਵਾਨ ਸੰਪਰਕ ਕਰਨ:**

**ਅਮਰੀਕ ਸਿੰਘ ਨਿੱਜਰ, ਫੋਨ: 832-724-2822**

## Wanted Head Ragi or Kirtan Jatha

The Sikh Center of the GCA, Inc. 8819 Prairie Drive Houston, Texas 77064 looking for Head Ragi or Kirtan Jatha from October to December 2022.

Please Contact: Amrik S Nijjar at

**832-724-2822**

# ਮਾਨ ਸਰਕਾਰ ਨੇ 'ਜ਼ੀਰੋ ਬਿਜਲੀ ਬਿੱਲ' ਵਾਲਾ ਵਾਅਦਾ ਪੁਗਾਇਆ

**ਚੰਡੀਗੜ੍ਹ:** 'ਆਪ' ਸਰਕਾਰ ਦਾ ਬਿਜਲੀ ਦੇ 'ਜ਼ੀਰੋ ਬਿੱਲ' ਦਾ ਦਾਅਵਾ ਹੁਣ ਅਮਲ ਵਿਚ ਆਉਣਾ ਸ਼ੁਰੂ ਹੋ ਗਿਆ ਹੈ। ਪਹਿਲੇ ਮਹੀਨੇ 'ਚ ਪੰਜਾਬ ਦੇ 22 ਲੱਖ ਘਰਾਂ ਵਿਚ ਬਿਜਲੀ ਦਾ 'ਜ਼ੀਰੋ ਬਿੱਲ' ਆਇਆ ਹੈ। ਆਮ ਆਦਮੀ ਪਾਰਟੀ ਵੱਲੋਂ ਚੋਣਾਂ ਮੌਕੇ ਪ੍ਰਤੀ ਮਹੀਨਾ ਤਿੰਨ ਸੌ ਯੂਨਿਟ ਬਿਜਲੀ ਮੁਫਤ ਦੇਣ ਦੀ ਗਾਰੰਟੀ ਦਿੱਤੀ ਗਈ ਸੀ।

ਪੰਜਾਬ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ 300 ਯੂਨਿਟ ਪ੍ਰਤੀ ਮਹੀਨਾ ਮੁਆਫ ਕੀਤੇ ਗਏ ਹਨ। ਪਾਵਰਕੌਮ ਤਰਫੋਂ 27 ਜੁਲਾਈ ਤੋਂ 28 ਅਗਸਤ ਤੱਕ ਘਰੇਲੂ ਬਿਜਲੀ ਦੇ 42 ਲੱਖ ਖਪਤਕਾਰਾਂ ਨੂੰ ਬਿਜਲੀ ਦੇ ਬਿੱਲ ਭੇਜੇ ਗਏ ਹਨ ਜਿਨ੍ਹਾਂ ਵਿਚੋਂ 22 ਲੱਖ ਘਰਾਂ ਦੇ ਬਿਜਲੀ ਬਿੱਲ 'ਜ਼ੀਰੋ' ਆਏ ਹਨ। ਪਾਵਰਕੌਮ ਦੇ ਵੱਖ-ਵੱਖ ਜ਼ੋਨਾਂ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਉੱਤਰੀ ਜ਼ੋਨ 'ਚ ਉਕਤ ਸਮੇਂ ਦੌਰਾਨ 9 ਲੱਖ ਘਰਾਂ ਨੂੰ ਬਿੱਲ ਭੇਜੇ ਗਏ ਹਨ ਜਿਨ੍ਹਾਂ ਵਿਚੋਂ 5.10 ਲੱਖ ਖਪਤਕਾਰਾਂ ਦੇ ਜ਼ੀਰੋ ਬਿੱਲ ਆਏ ਹਨ। ਸਰਹੱਦੀ ਜ਼ੋਨ 'ਚ ਇਕ ਮਹੀਨੇ ਦੇ 8.05 ਲੱਖ ਬਿੱਲ ਭੇਜੇ ਗਏ ਹਨ ਅਤੇ ਇਨ੍ਹਾਂ ਵਿਚੋਂ 4.70 ਲੱਖ ਘਰਾਂ ਦੇ ਜ਼ੀਰੋ ਬਿੱਲ ਆਏ ਹਨ। ਇਸੇ ਤਰ੍ਹਾਂ ਕੇਂਦਰੀ ਜ਼ੋਨ ਦੇ 6.02 ਲੱਖ ਖਪਤਕਾਰਾਂ ਵਿਚੋਂ 2.95 ਲੱਖ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ ਹਨ। ਇਵੇਂ ਹੀ ਦੱਖਣੀ ਜ਼ੋਨ 'ਚ 10 ਲੱਖ ਘਰਾਂ ਨੂੰ ਬਿੱਲ ਜਾਰੀ ਕੀਤੇ ਹਨ ਜਿਨ੍ਹਾਂ ਵਿਚੋਂ ਪੰਜ ਲੱਖ ਘਰਾਂ ਦੇ ਜ਼ੀਰੋ ਬਿੱਲ ਆਏ ਹਨ।

ਪੱਛਮੀ ਜ਼ੋਨ ਦੇ 9 ਲੱਖ ਬਿੱਲਾਂ ਵਿਚੋਂ 4.30 ਲੱਖ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ ਹਨ। ਇਨ੍ਹਾਂ 22 ਲੱਖ ਖਪਤਕਾਰਾਂ ਤੋਂ ਇਲਾਵਾ ਤਿੰਨ ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਦੇ ਅੰਕੜੇ ਨੂੰ ਵੀ ਜੋੜ ਲਈਏ ਤਾਂ ਤਕਰੀਬਨ 750 ਕਰੋੜ ਰੁਪਏ ਦੀ ਸਬਸਿਡੀ ਖਪਤਕਾਰਾਂ ਨੂੰ ਇਕ ਮਹੀਨੇ



ਵਿਚ ਦਿੱਤੀ ਗਈ ਹੈ। ਸਸਤੀ ਬਿਜਲੀ ਅਤੇ ਜ਼ੀਰੋ ਬਿੱਲ ਵਾਲੇ ਕੁੱਲ ਖਪਤਕਾਰਾਂ ਦੀ ਗਿਣਤੀ ਕਰੀਬ 37 ਲੱਖ ਬਣਦੀ ਹੈ।

ਪੰਜਾਬ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ 51 ਲੱਖ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਉਣਗੇ। ਮਾਹਿਰ ਆਖਦੇ ਹਨ ਕਿ ਐਤਕੀਂ ਅਗਸਤ ਮਹੀਨੇ ਵਿਚ ਜ਼ਿਆਦਾ ਗਰਮੀ ਪਈ ਹੈ ਜਿਸ ਕਰਕੇ ਖਪਤਕਾਰਾਂ ਦੀ ਬਿਜਲੀ ਦੀ ਖਪਤ ਵੀ ਉੱਚੀ ਰਹੀ ਹੈ ਅਤੇ ਬਿਜਲੀ ਦੀ ਮੰਗ ਨੇ ਵੀ ਪੁਰਾਣੇ ਰਿਕਾਰਡ ਤੋੜੇ ਹਨ। ਜਿਉਂ ਜਿਉਂ ਤਾਪਮਾਨ ਘਟਦਾ ਜਾਵੇਗਾ, ਉਸੇ ਤਰ੍ਹਾਂ ਜ਼ੀਰੋ ਬਿੱਲ ਵਾਲੇ ਖਪਤਕਾਰਾਂ ਦੀ ਗਿਣਤੀ ਵਧਦੀ ਜਾਵੇਗੀ।

ਪੰਜਾਬ ਸਰਕਾਰ ਦੇ ਉਕਤ ਫੈਸਲੇ ਨਾਲ ਖਜ਼ਾਨੇ 'ਤੇ ਬਿਜਲੀ ਸਬਸਿਡੀ ਦਾ ਬੋਝ ਵਧੇਗਾ। ਬਿਜਲੀ ਮੰਤਰੀ ਖੁਦ ਆਖ ਚੁੱਕੇ ਹਨ ਕਿ 300 ਯੂਨਿਟ ਮੁਫਤ ਬਿਜਲੀ ਦਿੱਤੇ ਜਾਣ ਨਾਲ ਤਕਰੀਬਨ 5500 ਕਰੋੜ ਸਾਲਾਨਾ ਸਬਸਿਡੀ ਬਣੇਗੀ। ਪਾਵਰਕੌਮ ਦੇ ਮੌਜੂਦਾ ਹਾਲਾਤ ਇਹ ਹਨ ਕਿ ਹਾਲ ਹੀ ਵਿਚ ਬਕਾਏ ਤਾਰਨ ਲਈ ਰੂਰਲ ਇਲੈਕਟ੍ਰੀਫਿਕੇਸ਼ਨ ਕਾਰਪੋਰੇਸ਼ਨ ਅਤੇ ਪਾਵਰ ਫਾਇਨਾਂਸ ਕਾਰਪੋਰੇਸ਼ਨ ਤੋਂ ਇਕ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਣਾ ਪਿਆ ਹੈ ਤਾਂ ਕਿ ਕੋਲੇ ਆਦਿ ਦੇ ਬਕਾਏ ਤਾਰੇ ਜਾ ਸਕਣ। ਪੰਜਾਬ ਸਰਕਾਰ ਵੱਲ ਮੌਜੂਦਾ ਸਬਸਿਡੀ ਬਿੱਲ ਅਗਸਤ 2022 ਤੱਕ 6135 ਕਰੋੜ ਬਣਿਆ ਸੀ ਜਿਸ ਵਿਚੋਂ ਸਰਕਾਰ ਨੇ 5735 ਕਰੋੜ ਤਾਰ ਦਿੱਤਾ ਹੈ ਅਤੇ 400 ਕਰੋੜ ਦੀ ਸਬਸਿਡੀ ਬਕਾਇਆ ਖੜ੍ਹੀ ਹੈ। ਇਸੇ ਤਰ੍ਹਾਂ ਪੁਰਾਣੀ ਸਬਸਿਡੀ ਦੇ ਕਰੀਬ 9000 ਕਰੋੜ ਰੁਪਏ ਦੇ ਵੀ ਬਕਾਏ ਖੜ੍ਹੇ ਹਨ।

# ਪੰਜਾਬ ਦੇ ਸਕੂਲਾਂ ਵਿਚ ਮਿਆਰੀ ਸਿੱਖਿਆ ਦੇਣ ਦੇ ਦਾਅਵੇ ਠੁੱਸ



**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਸਕੂਲਾਂ ਵਿਚ ਮਿਆਰੀ ਸਿੱਖਿਆ ਦੇਣ ਦੀ ਗਾਰੰਟੀ ਦਿੱਤੀ ਗਈ ਸੀ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਰਾਜ ਸਰਕਾਰ ਨੇ ਸਕੂਲੀ ਸਿੱਖਿਆ ਦੇ ਸੁਧਾਰ ਵੱਲ ਠੋਸ ਕਦਮ ਨਾ ਚੁੱਕੇ ਜਿਸ ਕਾਰਨ ਜ਼ਿਆਦਾਤਰ ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ ਹਨ। ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਦੇ ਸਰਪ੍ਰਸਤ ਹਾਕਮ ਸਿੰਘ ਵਾਲੀਆ ਨੇ ਦੱਸਿਆ ਕਿ ਸਿੱਖਿਆ ਭਵਨ ਵਿਚ ਡਾਇਰੈਕਟਰ, ਡਿਪਟੀ ਡਾਇਰੈਕਟਰ ਤੇ ਜੁਆਇੰਟ ਡਾਇਰੈਕਟਰਾਂ, ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਵਾਧੂ ਚਾਰਜ ਦੇ ਕੇ ਡੰਗ ਸਾਰਿਆ ਜਾ ਰਿਹਾ ਹੈ।

ਸੀਨੀਅਰ ਮੀਤ ਪ੍ਰਧਾਨ ਅਮਨ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ 9 ਸਕੂਲ, ਹੁਸ਼ਿਆਰਪੁਰ ਦੇ 35, ਜਲੰਧਰ ਦੇ 34, ਕਪੂਰਥਲਾ ਦੇ 28, ਗੁਰਦਾਸਪੁਰ ਦੇ 33, ਫਿਰੋਜ਼ਪੁਰ ਦੇ 25, ਲੁਧਿਆਣਾ ਦੇ 30 ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਬਠਿੰਡਾ ਦੇ 45, ਫਰੀਦਕੋਟ ਦੇ 15, ਫਤਹਿਗੜ੍ਹ ਦੇ 6, ਫਾਜ਼ਿਲਕਾ ਦੇ 13, ਬਰਨਾਲਾ ਦੇ 23, ਮਾਨਸਾ ਦੇ 31, ਮਲੇਰਕੋਟਲਾ ਦੇ 7, ਮੋਗਾ ਦੇ 44, ਮੁਕਤਸਰ ਦੇ 13, ਪਠਾਨਕੋਟ ਦੇ 8, ਪਟਿਆਲਾ ਦੇ 13, ਤਰਨ ਤਾਰਨ ਦੇ 35, ਸੰਗਰੂਰ ਦੇ 30 ਸਕੂਲਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਨਵਾਂ ਸ਼ਹਿਰ ਦੇ 29 ਤੇ ਰੂਪਨਗਰ ਦੇ ਇਕ ਸਕੂਲ ਵਿਚ ਪ੍ਰਿੰਸੀਪਲ ਨਹੀਂ ਹੈ।

# ਹੁਣ ਨਹੀਂ ਚੱਲੇਗੀ ਮਹਿਲਾ ਸਰਪੰਚ ਦੇ ਪਤੀ ਦੀ ਚੌਧਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਦਿਹਾਤੀ ਵਿਕਾਸ ਤੇ ਪੰਚਾਇਤੀ ਰਾਜ ਵਿਭਾਗ ਨੇ ਪੰਚ, ਸਰਪੰਚ, ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦਾਂ 'ਚ ਚੁਣ ਕੇ ਆਈਆਂ ਔਰਤਾਂ ਦੀ ਜਗ੍ਹਾ ਉਨ੍ਹਾਂ ਦੇ ਪਤੀ, ਭਾਈ ਜਾਂ ਪੁੱਤਰ ਆਦਿ ਦੀ ਮੀਟਿੰਗਾਂ 'ਚ ਹਾਜ਼ਰੀ ਬੰਦ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਦੱਸ ਦਈਏ ਕਿ ਪੰਚਾਇਤੀ ਰਾਜ ਅਤੇ ਸਥਾਨਕ ਸਰਕਾਰਾਂ ਖੇਤਰ 'ਚ ਔਰਤਾਂ ਲਈ 50 ਫੀਸਦੀ ਰਾਖਵਾਂਕਰਨ ਹੈ। ਪੰਜਾਬ ਵਿਚ 13326 ਪੰਚਾਇਤਾਂ ਵਿਚ ਅੱਧੀਆਂ ਔਰਤਾਂ ਸਰਪੰਚ ਅਤੇ ਪੰਚ ਹਨ। ਬਹੁਤ ਘੱਟ ਪਿੰਡ ਅਜਿਹੇ ਹਨ ਜਿੱਥੇ ਔਰਤਾਂ ਲਈ ਖੁਦ ਸਰਪੰਚੀ, ਪੰਚੀ, ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਵਿਚ ਕੰਮ ਕਰਨ ਦਾ ਮਾਹੌਲ ਹੈ। ਉਨ੍ਹਾਂ ਦੀ ਥਾਂ 'ਤੇ ਮਰਦ ਇਸ ਅਹੁਦੇ ਨੂੰ ਮਾਣਦੇ ਅਤੇ ਫੈਸਲੇ ਕਰਦੇ ਹਨ। ਸਰਕਾਰ ਨੇ ਕਿਸੇ ਵੀ ਮੀਟਿੰਗ ਵਿਚ ਔਰਤਾਂ ਦੀ ਥਾਂ ਮਰਦਾਂ ਦਾ ਦਾਖਲਾ ਬੰਦ ਕਰਨ ਦੀ ਸਖਤ ਹਦਾਇਤ ਕੀਤੀ ਹੈ ਅਤੇ ਇਸ ਉਤੇ ਅਮਲ ਨਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਗੱਲ ਵੀ ਕਹੀ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਅਜਿਹੀਆਂ ਰਿਪੋਰਟਾਂ ਮਿਲੀਆਂ ਹਨ ਕਿ ਪਿੰਡਾਂ ਵਿਚ ਸਰਪੰਚ ਤਾਂ ਔਰਤਾਂ ਹਨ, ਪਰ 95 ਫੀਸਦੀ



ਮਾਮਲਿਆਂ 'ਚ ਉਨ੍ਹਾਂ ਦੇ ਸਾਰੇ ਕੰਮ ਜਾਂ ਤਾਂ ਉਨ੍ਹਾਂ ਦਾ ਪਤੀ ਜਾਂ ਪੁੱਤਰ ਜਾਂ ਫਿਰ ਕੋਈ ਹੋਰ ਰਿਸ਼ਤੇਦਾਰ ਕਰ ਰਿਹਾ ਹੈ, ਜਿਸ ਨਾਲ ਔਰਤਾਂ ਦੇ ਹੱਕਾਂ ਉਤੇ ਡਾਕਾ ਵੱਜਦਾ ਹੈ ਅਤੇ ਉਨ੍ਹਾਂ ਦੇ ਅਹੁਦੇ ਦੀ ਵੀ ਦੁਰਵਰਤੋਂ ਹੁੰਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਜੇਕਰ ਕੋਈ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਹੱਦਾਂ ਉਤੇ ਅੱਜ ਸਾਡੀਆਂ ਧੀਆਂ-ਭੈਣਾਂ ਦੇਸ ਦੀ ਰਾਖੀ ਲਈ ਡਟੀਆਂ ਹੋਈਆਂ ਹਨ ਅਤੇ ਵੱਡੇ-ਵੱਡੇ ਅਹੁਦਿਆਂ ਉਤੇ ਤਾਇਨਾਤ ਹਨ, ਪਰ ਦੇਖਣ ਵਿਚ ਆਇਆ ਹੈ ਕਿ ਹੇਠਲੇ ਪੱਧਰ ਉਤੇ ਅੱਜ ਵੀ ਉਨ੍ਹਾਂ ਨੂੰ ਬਣਦੇ ਹੱਕ ਨਹੀਂ ਮਿਲ ਰਹੇ ਹਨ। ਜੇਕਰ ਕਿਸੇ ਪਿੰਡ ਵੱਲੋਂ ਕਿਸੇ ਔਰਤ ਨੂੰ ਸਰਪੰਚ ਚੁਣਿਆ ਗਿਆ ਹੈ ਤਾਂ ਉਹ ਆਪਣੇ ਪਿੰਡ ਦੇ ਵਿਕਾਸ ਅਤੇ ਹੋਰ ਸਾਰੇ ਕੰਮ ਕਰ ਸਕਦੀ ਹੈ ਅਤੇ ਅਜਿਹਾ ਕਰਨ ਲਈ ਉਸ ਨੂੰ ਕਿਸੇ ਹੋਰ ਦੀ ਜਰੂਰਤ ਨਹੀਂ ਹੈ।

# ਪੋਸ਼ਣ ਅਭਿਆਨ ਯੋਜਨਾ ਲਾਗੂ ਕਰਨ ਵਿਚ ਪੰਜਾਬ ਫਾਡੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀ ਯੋਜਨਾ ਪੋਸ਼ਣ ਅਭਿਆਨ ਨੂੰ ਸਮੁੱਚੇ ਤੌਰ 'ਤੇ ਲਾਗੂ ਕਰਨ ਵਾਲੇ ਵੱਡੇ ਸੂਬਿਆਂ ਵਿਚੋਂ ਪੰਜਾਬ ਤੇ ਬਿਹਾਰ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ ਹੈ ਜਦਕਿ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਗੁਜਰਾਤ ਤਿੰਨ ਪਹਿਲੇ ਸਥਾਨਾਂ 'ਤੇ ਆਏ ਹਨ। ਇਹ ਖੁਲਾਸਾ ਨੀਤੀ ਆਯੋਗ ਦੀ ਇਕ ਰਿਪੋਰਟ ਵਿਚ ਹੋਇਆ ਹੈ। ਛੋਟੇ ਸੂਬਿਆਂ ਵਿਚੋਂ ਸਿੱਕਮ ਦੀ ਸਭ ਤੋਂ ਵਧੀਆ ਕਾਰਗੁਜ਼ਾਰੀ ਰਹੀ ਹੈ।

'ਭਾਰਤ ਵਿਚ ਪੋਸ਼ਣ 'ਤੇ ਤਰੱਕੀ ਨੂੰ ਸੁਰੱਖਿਅਤ ਰੱਖਣਾ: ਮਹਾਮਾਰੀ ਦੇ ਸਮੇਂ ਵਿਚ ਪੋਸ਼ਣ ਅਭਿਆਨ' ਨਾਂ ਦੀ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ 19 ਵੱਡੇ ਸੂਬਿਆਂ ਵਿਚੋਂ ਸਿਰਫ 12 ਵਿੱਚ ਲਾਗੂ ਕਰਨ ਦੀ ਦਰ 70 ਫੀਸਦ ਤੋਂ ਵੱਧ ਸੀ ਜਦਕਿ ਦਾਦਰ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਊ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚੋਂ ਮੋਹਰੀ ਰਹੇ ਹਨ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਵੱਡੇ ਰਾਜਾਂ 'ਚੋਂ ਪੰਜਾਬ ਤੇ ਬਿਹਾਰ ਇਹ ਯੋਜਨਾ ਸਮੁੱਚੇ ਤੌਰ 'ਤੇ ਲਾਗੂ




ਕਰਨ ਵਿਚ ਸਭ ਤੋਂ ਫਾਡੀ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਿਰਫ 17 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 12 ਤੋਂ 23 ਮਹੀਨੇ ਉਮਰ ਵਰਗ ਦੇ 75 ਫੀਸਦ ਤੋਂ ਜ਼ਿਆਦਾ ਬੱਚਿਆਂ ਦਾ ਪੂਰਾ ਟੀਕਾਕਰਨ ਹੋਇਆ, ਜਦਕਿ 11 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 25 ਫੀਸਦ ਤੋਂ ਘੱਟ ਬੱਚਿਆਂ ਦਾ ਪੂਰਾ ਟੀਕਾਕਰਨ ਹੋਇਆ ਹੈ। ਰਿਪੋਰਟ ਮੁਤਾਬਕ ਡਬਲਿਊ.ਸੀ.ਡੀ. ਪ੍ਰੋਗਰਾਮ ਕਵਰੇਜ ਦੇ ਮਾਮਲੇ ਵਿਚ ਕਈ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਸਾਰੇ ਲਾਭਪਾਤਰੀਆਂ ਨੂੰ ਘਰ ਲੈ ਕੇ ਜਾਣ ਵਾਲਾ ਰਾਸ਼ਨ ਵੰਡਿਆ ਹੈ।

# ਰਾਜਾ ਵੜਿੰਗ ਤੇ ਸੁਖਪਾਲ ਖਹਿਰਾ ਖਿਲਾਫ ਕੇਸ ਦਰਜ

**ਮੁਹਾਲੀ:** ਮੁਹਾਲੀ ਪੁਲਿਸ ਨੇ ਆਮ ਆਦਮੀ ਪਾਰਟੀ (ਆਪ) ਦੀ ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਦੀ ਪ੍ਰਧਾਨ ਪ੍ਰਭਜੋਤ ਕੌਰ ਦੀ ਸ਼ਿਕਾਇਤ 'ਤੇ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਤੇ ਸਾਬਕਾ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਖਿਲਾਫ ਫੇਜ਼-1 ਥਾਣੇ 'ਚ ਕੇਸ ਦਰਜ ਕੀਤਾ ਗਿਆ ਹੈ।

'ਆਪ' ਆਗੂ ਨੇ ਆਪਣੀ ਸ਼ਿਕਾਇਤ 'ਚ ਦੋਸ਼ ਲਾਇਆ ਹੈ ਕਿ ਉਕਤ ਕਾਂਗਰਸ ਆਗੂਆਂ ਨੇ ਪੰਜਾਬ ਦੀ 'ਆਪ' ਸਰਕਾਰ ਵੱਲੋਂ ਕੀਤੀਆਂ ਨਿਯੁਕਤੀਆਂ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਸਤਖਤਾਂ ਵਾਲੀ 'ਝੂਠੀ' ਤੇ ਗਲਤ ਤੱਥਾਂ ਵਾਲੀ ਸੂਚੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ।

'ਆਪ' ਆਗੂ ਨੇ ਆਪਣੀ ਸ਼ਿਕਾਇਤ ਵਿਚ ਲਿਖਿਆ ਹੈ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਵੱਖ-ਵੱਖ ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਨਿਯੁਕਤ ਕੀਤੇ ਚੇਅਰਮੈਨਾਂ ਦੀ ਨਿਯੁਕਤੀ ਸਬੰਧੀ ਤੱਥਾਂ ਨੂੰ ਤੋੜ-ਮਰੋੜ ਕੇ ਪੋਸਟ ਅਪਲੋਡ ਕੀਤੀ ਹੈ। ਇਨ੍ਹਾਂ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਨਵਨਿਯੁਕਤ ਚੇਅਰਮੈਨਾਂ ਬਾਰੇ ਜਾਰੀ ਅਸਲ ਪੱਤਰ ਦੀ ਥਾਂ ਆਪਣੇ ਵੱਲੋਂ ਕਥਿਤ ਤੌਰ 'ਤੇ ਜਾਅਲੀ ਪੱਤਰ ਤਿਆਰ ਕਰਕੇ ਸੋਸ਼ਲ ਮੀਡੀਆ 'ਤੇ ਅਪਲੋਡ ਕੀਤਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਨੇ ਅਜਿਹਾ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਕੀਤਾ ਹੈ।

# ਵੀਰੇਸ਼ ਭਾਵੜਾ ਦੀ ਪੰਜਾਬ ਦੇ ਡੀ.ਜੀ.ਪੀ. ਵਜੋਂ ਪੱਕੀ ਛੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਡੀ.ਜੀ.ਪੀ. ਵੀਰੇਸ਼ ਕੁਮਾਰ ਭਾਵੜਾ ਨੂੰ ਪੰਜਾਬ ਪੁਲਿਸ ਹਾਊਸਿੰਗ ਨਿਗਮ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਵੀਰੇਸ਼ ਭਾਵੜਾ 5 ਜੁਲਾਈ ਤੋਂ 2 ਮਹੀਨਿਆਂ ਦੀ ਛੁੱਟੀ 'ਤੇ ਸਨ ਅਤੇ ਉਨ੍ਹਾਂ ਡਿਊਟੀ 'ਤੇ ਪਰਤਣਾ ਸੀ। ਸਰਕਾਰ ਨੇ ਉਨ੍ਹਾਂ ਦੀ ਵਾਪਸੀ ਤੋਂ ਇਕ ਦਿਨ ਪਹਿਲਾਂ ਇਹ ਨਿਯੁਕਤੀ ਕਰ ਕੇ ਚਰਚਾਵਾਂ ਨੂੰ ਠੱਲ੍ਹਣ ਦਾ ਯਤਨ ਕੀਤਾ ਹੈ।


ਇਸੇ ਦੌਰਾਨ ਭਾਵੜਾ ਦੀ ਗੈਰਹਾਜ਼ਰੀ ਵਿਚ ਡੀ.ਜੀ.ਪੀ. ਦਾ ਕਾਰਜਭਾਰ ਦੇਖ ਰਹੇ 1992 ਬੈਚ ਦੇ ਆਈ.ਪੀ.ਐਸ. ਅਧਿਕਾਰੀ ਗੌਰਵ ਯਾਦਵ ਨੂੰ ਅਗਲੇ ਹੁਕਮਾਂ ਤੱਕ ਪੁਲਿਸ ਮੁਖੀ ਦੀਆਂ ਸੇਵਾਵਾਂ ਨਿਭਾਉਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਵੀਕੇ ਭਾਵੜਾ ਦੀ ਡੀ.ਜੀ.ਪੀ. ਵਜੋਂ ਨਿਯੁਕਤੀ ਸੰਘੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਵੱਲੋਂ ਭੇਜੇ ਗਏ ਤਿੰਨ ਆਈ.ਪੀ.ਐਸ. ਅਧਿਕਾਰੀਆਂ ਵਿਚੋਂ ਇਕ ਦੀ ਚੋਣ ਦੇ ਆਧਾਰ 'ਤੇ 8 ਜਨਵਰੀ ਨੂੰ ਕੀਤੀ ਗਈ ਸੀ। ਪੰਜਾਬ ਸਰਕਾਰ ਵੱਲੋਂ ਪੱਕੇ ਤੌਰ 'ਤੇ ਡੀ.ਜੀ.ਪੀ. ਦੀ ਨਿਯੁਕਤੀ ਲਈ ਯੂ.ਪੀ.ਐਸ.ਸੀ. ਨੂੰ ਆਈ.ਪੀ.ਐਸ. ਅਧਿਕਾਰੀਆਂ ਦੇ ਨਾਂਵਾਂ ਦਾ ਪੈਨਲ ਭੇਜਿਆ ਜਾਵੇਗਾ। ਪੰਜਾਬ ਵਿਚ ਸੱਤਾ ਤਬਦੀਲੀ ਮਗਰੋਂ 1987 ਬੈਚ ਦੇ ਇਹ ਸੀਨੀਅਰ ਪੁਲਿਸ ਅਧਿਕਾਰੀ ਭਾਵੇਂ ਪੁਲਿਸ ਮੁਖੀ ਵਜੋਂ



ਸੇਵਾਵਾਂ ਨਿਭਾਉਂਦੇ ਆ ਰਹੇ ਸਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਚਾਨਕ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਖਤਮ ਹੁੰਦਿਆਂ ਹੀ ਜੂਨ ਮਹੀਨੇ ਦੇ ਅਖੀਰਲੇ ਦਿਨਾਂ ਦੌਰਾਨ ਵੀਕੇ ਭਾਵੜਾ ਨੂੰ ਬਦਲਣ ਦੇ ਸੰਕੇਤ ਦੇ ਦਿੱਤੇ ਸਨ। ਸੂਤਰਾਂ ਅਨੁਸਾਰ ਇਸ ਪੁਲਿਸ ਅਧਿਕਾਰੀ ਨੂੰ ਲਾਂਭੇ ਕਰਨ ਲਈ ਕਈ ਪੇਸ਼ਕਸ਼ਾਂ ਦਿੱਤੀਆਂ ਗਈਆਂ ਸਨ ਪਰ ਜਦੋਂ ਭਾਵੜਾ ਨੇ ਕੋਈ ਪੇਸ਼ਕਸ਼ ਨਾ ਸਵੀਕਾਰੀ ਤਾਂ ਅਖੀਰ ਉਨ੍ਹਾਂ ਨੂੰ ਛੁੱਟੀ 'ਤੇ ਜਾਣਾ ਪਿਆ ਸੀ। ਪੁਲਿਸ ਅਧਿਕਾਰੀ ਦੀ ਛੁੱਟੀ ਖਤਮ ਹੋਣ ਤੋਂ ਪਹਿਲਾਂ ਹੀ ਸੂਬੇ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਅਨੁਰਾਗ ਵਰਮਾ ਨੇ ਨਿੱਜੀ ਤੌਰ 'ਤੇ ਪਹੁੰਚ ਕਰਕੇ ਭਾਵੜਾ ਨੂੰ ਕੁਝ ਹੋਰ ਮਹੀਨਿਆਂ ਲਈ ਛੁੱਟੀ 'ਤੇ ਜਾਣ ਲਈ ਸਰਕਾਰ ਦੇ ਨਿਰਦੇਸ਼ਾਂ ਬਾਰੇ ਜਾਣੂ ਕਰਾਇਆ ਸੀ। ਜਦੋਂ ਉਨ੍ਹਾਂ ਮੁੜ ਛੁੱਟੀ 'ਤੇ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਵਧੀਕ ਮੁੱਖ ਸਕੱਤਰ (ਗ੍ਰਹਿ) ਵੱਲੋਂ ਇਕ ਨੋਟਿਸ ਜਾਰੀ ਕਰਦਿਆਂ ਵੀਕੇ ਭਾਵੜਾ ਦੇ ਡੀ.ਜੀ.ਪੀ. ਦੇ ਅਹੁਦੇ 'ਤੇ ਹੁੰਦਿਆਂ ਸੂਬੇ ਵਿਚ ਅਪਰਾਧ ਵਧਣ, ਪਟਿਆਲਾ ਵਿਚ ਅਣਸੁਖਾਵੀਂ ਘਟਨਾ ਹੋਣ 'ਤੇ ਢੁਕਵੀਂ ਕਾਰਵਾਈ ਨਾ ਕਰਨ ਅਤੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਸਬੰਧੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਗਏ ਸਨ। ਇਸ ਨੋਟਿਸ ਦਾ ਜਵਾਬ 2 ਸਤੰਬਰ ਤੱਕ ਮੰਗਿਆ ਗਿਆ ਸੀ। ਸੂਤਰਾਂ ਅਨੁਸਾਰ ਫਿਲਹਾਲ ਵੀਰੇਸ਼ ਭਾਵੜਾ ਨੇ ਨੋਟਿਸ ਦਾ ਜਵਾਬ ਨਹੀਂ ਦਿੱਤਾ ਅਤੇ ਸਰਕਾਰ ਤੋਂ ਕੁਝ ਦਸਤਾਵੇਜ਼ ਮੰਗੇ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਂਝੇ ਸੰਘਰਸ਼ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਅਤੇ ਪੰਥ ਦਰਦੀਆਂ ਦੇ ਸਹਿਯੋਗ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਇਕ ਜਨਤਕ ਲਹਿਰ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ 12 ਸਤੰਬਰ ਤੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ ਡਿਪਟੀ ਕਮਿਸ਼ਨਰਾਂ ਤੇ ਯੂ.ਟੀ. ਪ੍ਰਕਾਸ਼ਕ ਦੇ ਦਫਤਰਾਂ ਅੱਗੇ ਸ਼੍ਰੋਮਣੀ ਕਮੇਟੀ ਵੱਲੋਂ ਧਰਨੇ ਦਿੱਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਿੱਖ ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਕੀਤੀ ਗਈ ਮੀਟਿੰਗ ਦੌਰਾਨ ਕਈ ਅਹਿਮ ਫੈਸਲੇ ਲਏ ਗਏ। ਇਸ ਸੰਘਰਸ਼ ਤਹਿਤ ਪੰਜਾਬ ਵਿਚ ਦਸਤਖਤੀ ਮੁਹਿੰਮ ਵੀ ਆਰੰਭੀ ਜਾਵੇਗੀ ਤੇ ਇਹ ਫਾਰਮ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣਗੇ। ਬੰਦੀ ਸਿੰਘਾਂ ਦੀ ਰਿਹਾਈ ਲਈ ਕਾਨੂੰਨੀ ਚਾਰਾਜੋਈ ਵਾਸਤੇ ਸੇਵਾਮੁਕਤ ਸਿੱਖ ਜੱਜਾਂ, ਸੀਨੀਅਰ ਸਿੱਖ ਵਕੀਲਾਂ ਤੇ ਸਿੱਖ ਪੰਥ ਦੇ ਵਿਦਵਾਨਾਂ ਦੀ ਰਾਏ ਨਾਲ



ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਏ ਇਸ ਪੰਥਕ ਇਕੱਠ ਵਿਚ ਵੱਖ-ਵੱਖ ਬੁਲਾਰਿਆਂ ਨੇ ਬੰਦੀ ਸਿੰਘਾਂ ਦੇ ਮੁੱਦੇ ਸਬੰਧੀ ਸਰਕਾਰਾਂ ਦੀ ਉਦਾਸੀਨਤਾ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਤੇ ਭਵਿੱਖ ਵਿਚ ਲੋਕ ਲਹਿਰ ਸਿਰਜਣ ਦਾ ਸੁਝਾਅ ਦਿੱਤਾ। ਸ੍ਰੀ ਧਾਮੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਕਾਰਜਾਂ ਦਾ ਵਿਸਥਾਰ ਦਿੰਦਿਆਂ ਸਰਕਾਰਾਂ ਦੇ ਅੜੀਅਲ ਰਵੱਈਏ ਦੀ ਕਰੜੀ ਨਿੰਦਾ ਕੀਤੀ। ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ਹਿਰਾਂ ਦੇ ਅਹਿਮ ਚੌਕਾਂ ਵਿਚ ਫਲੈਕਸ ਬੋਰਡ ਲਾ ਕੇ ਕਾਊਂਟਰ ਸਥਾਪਤ ਕੀਤੇ ਜਾਣਗੇ ਤੇ ਲੋਕਾਂ ਤੋਂ ਦਸਤਖ਼ਤ ਲਏ ਜਾਣਗੇ। ਇਸ ਤੋਂ ਇਲਾਵਾ ਘੱਟ ਗਿਣਤੀ ਦਰਜੇ ਨੂੰ ਸੂਬਿਆਂ ਦੇ ਆਧਾਰ 'ਤੇ ਨਿਰਧਾਰਤ ਕਰਨ ਲਈ ਸੁਪਰੀਮ ਕੋਰਟ ਅੰਦਰ ਇਕ ਵਿਅਕਤੀ ਵੱਲੋਂ ਪਾਈ ਗਈ ਪਟੀਸ਼ਨ ਖਿਲਾਫ ਪੂਰੀ ਨਜਿੱਠਣ ਦਾ ਵੀ ਐਲਾਨ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਨੇ ਮੋਦੀ ਕੋਲੋਂ ਮੁੜ ਸਮਾਂ ਮੰਗਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੜ ਪੱਤਰ ਭੇਜ ਕੇ ਗੱਲਬਾਤ ਕਰਨ ਲਈ ਸਮਾਂ ਦੇਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਕੈਦ ਤੋਂ ਵੱਧ ਸਜ਼ਾਵਾਂ ਭੁਗਤਣ ਦੇ ਬਾਵਜੂਦ ਕਈ ਸਿੱਖ ਕੈਦੀ ਅਜੇ ਤੱਕ ਦੇਸ਼ ਦੀਆਂ ਜੇਲ੍ਹਾਂ ਅੰਦਰ ਬੰਦ ਹਨ। ਸਿੱਖ ਭਾਈਚਾਰਾ ਉਨ੍ਹਾਂ ਦੀ ਰਿਹਾਈ ਚਾਹੁੰਦਾ ਹੈ, ਇਸ ਲਈ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਮੁਲਾਕਾਤ ਲਈ ਸਮਾਂ ਦਿੱਤਾ ਜਾਵੇ। ਉਨ੍ਹਾਂ ਪੱਤਰ ਵਿਚ ਉਨ੍ਹਾਂ ਨੌਂ ਸਿੱਖ ਕੈਦੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜੋ ਲੰਮੀਆਂ ਸਜ਼ਾਵਾਂ ਭੁਗਤਣ ਮਗਰੋਂ ਵੀ ਰਿਹਾਅ ਨਹੀਂ ਕੀਤੇ ਗਏ।

# ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾਣ ਵਾਲੀਆਂ ਗੱਡੀਆਂ ਦੇ ਸਾਰੇ ਟੈਕਸ ਮੁਆਫ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾਣ ਵਾਲੀਆਂ ਗੱਡੀਆਂ ਦਾ ਹਰ ਕਿਸਮ ਦਾ ਟੈਕਸ ਮੁਆਫ ਕਰ ਦਿੱਤਾ ਹੈ। ਇਹ ਪ੍ਰਗਟਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਟਵੀਟ ਕਰਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਿੰਨੀਆਂ ਵੀ ਗੱਡੀਆਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੈ ਕੇ ਜਾਂਦੀਆਂ ਹਨ (ਪਾਲਕੀ ਸਾਹਿਬ ਵਾਲੀ ਗੱਡੀ), ਉਨ੍ਹਾਂ ਦਾ ਹਰ ਕਿਸਮ ਦਾ ਟੈਕਸ ਮੁਆਫ ਕਰ ਦਿੱਤਾ ਗਿਆ ਹੈ।

ਸੂਬਾ ਸਰਕਾਰ ਨੇ ਉਕਤ ਗੱਡੀਆਂ ਦੇ ਟੌਲ ਟੈਕਸ ਵੀ ਮੁਆਫ ਕਰ ਦਿੱਤੇ ਹਨ ਜਦੋਂਕਿ ਕਿਸੇ ਦੀ ਨਿੱਜੀ ਗੱਡੀ 'ਤੇ ਇਹ ਹੁਕਮ ਲਾਗੂ ਨਹੀਂ ਹੋਣਗੇ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਣ ਵਾਲੀਆਂ ਗੱਡੀਆਂ ਦੀ ਰਜਿਸਟਰੇਸ਼ਨ ਸਮੇਂ ਵੱਡੀ ਰਕਮ ਅਦਾ ਕਰਨੀ ਪੈਂਦੀ ਸੀ। ਉਸ ਤੋਂ ਬਾਅਦ ਰੋਡ ਟੈਕਸ ਅਤੇ ਹੋਰ ਟੈਕਸ ਵੀ ਦੇਣੇ ਪੈਂਦੇ ਸਨ ਜਿਸ ਨੂੰ ਪੰਜਾਬ ਸਰਕਾਰ ਨੇ ਮੁਆਫ਼ ਕਰ ਦਿੱਤਾ ਹੈ।

## ਨਾਂਦੇੜ ਜਾਣ ਵਾਲੀ ਸੱਚਖੰਡ ਐਕਸਪ੍ਰੈੱਸ ਮੁੜ ਸ਼ੁਰੂ




**ਫਤਹਿਗੜ੍ਹ ਸਾਹਿਬ:** ਹਲਕਾ ਫਤਹਿਗੜ੍ਹ ਸਾਹਿਬ ਤੋਂ ਸੰਸਦ ਡਾ. ਅਮਰ ਸਿੰਘ ਨੇ ਸਰਹਿੰਦ ਸਟੇਸ਼ਨ ਤੋਂ ਨਾਂਦੇੜ ਜਾਣ ਵਾਲੀ ਸੱਚਖੰਡ ਐਕਸਪ੍ਰੈੱਸ ਦੀ ਪਹਿਲੀ ਰੇਲਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਮੁੱਦਾ ਕਈ ਵਾਰ ਉਠਾਉਣ 'ਤੇ ਦੋ ਸਾਲਾਂ ਦੇ ਲਗਾਤਾਰ ਯਤਨਾਂ ਤੋਂ ਬਾਅਦ ਆਖਰਕਾਰ ਸੱਚਖੰਡ ਐਕਸਪ੍ਰੈੱਸ 12715/16 ਨੂੰ ਸਰਹਿੰਦ ਅਤੇ ਖੰਨਾ ਰਾਹੀਂ ਮੁੜ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਸ਼ਰਧਾਲੂਆਂ ਨੂੰ ਰਾਹਤ ਮਿਲੇਗੀ, ਜਿਨ੍ਹਾਂ ਨੂੰ ਪਹਿਲਾਂ ਲੁਧਿਆਣਾ ਅਤੇ ਅੰਬਾਲਾ ਰਾਹੀਂ ਇਹ ਰੇਲਗੱਡੀ ਫੜਨੀ ਪੈਂਦੀ ਸੀ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਜਦੋਂ ਸੱਚਖੰਡ ਐਕਸਪ੍ਰੈੱਸ ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀ ਗੱਡੀ ਸਰਹਿੰਦ ਵਿਚ ਆਉਣੀ ਬੰਦ ਹੋਈ ਸੀ ਤਾਂ ਉਸ ਵੇਲੇ ਇਲਾਕੇ ਦੀਆਂ ਸੰਗਤਾਂ ਦੀ ਮੰਗ 'ਤੇ ਸੰਸਦ ਡਾ. ਅਮਰ ਸਿੰਘ ਨੂੰ ਅਪੀਲ ਕੀਤੀ ਸੀ ਕਿ ਇਹ ਗੱਡੀ ਦੁਆਰਾ ਵਾਇਆ ਸਰਹਿੰਦ ਸਟੇਸ਼ਨ ਤੋਂ ਹੀ ਹੋ ਕੇ ਜਾਇਆ ਕਰੇ।

# ਬਲਵਿੰਦਰ ਸਿੰਘ ਜਟਾਣਾ ਅਤੇ ਚੰਨਾ ਦੀ ਬਰਸੀ ਮਨਾਈ

**ਅੰਮ੍ਰਿਤਸਰ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਗੀਤ ਨਾਲ ਮੁੜ ਚਰਚਾ ਵਿਚ ਆਏ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਬਰਸੀ ਇਥੇ ਹਰਿਮੰਦਰ ਸਾਹਿਬ ਸਮੂਹ ਵਿਚ ਪਹਿਲੀ ਵਾਰ ਮਨਾਈ ਗਈ ਹੈ। ਉਸ ਦੇ ਸਾਥੀ ਚਰਨਜੀਤ ਸਿੰਘ ਚੰਨਾ ਦੀ ਬਰਸੀ ਵੀ ਮਨਾਈ ਗਈ।

ਇਹ ਦੋਵੇਂ ਖਾੜਕੂ ਜਥੇਬੰਦੀ ਬੱਬਰ ਖਾਲਸਾ ਨਾਲ ਸਬੰਧਤ ਸਨ। ਇਸ ਸਬੰਧੀ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਇਥੇ ਅਖੰਡ ਪਾਠ ਰੱਖੇ ਗਏ ਸਨ, ਜਿਨ੍ਹਾਂ ਦਾ ਭੋਗ ਪਾਇਆ ਗਿਆ ਹੈ ਅਤੇ ਕੀਰਤਨ ਕੀਤਾ ਗਿਆ। ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ ਅਤੇ ਬਲਵਿੰਦਰ ਸਿੰਘ ਜਟਾਣਾ ਦੇ ਭੈਣ-ਭਰਾ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ।

ਇਸ ਮੌਕੇ ਸਿੱਖ ਆਗੂਆਂ ਵੱਲੋਂ ਭਾਈ ਜਟਾਣਾ ਤੇ ਚੰਨਾ ਦੇ ਭੈਣ-ਭਰਾਵਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਬਲਵਿੰਦਰ ਸਿੰਘ ਜਟਾਣਾ ਵੱਲੋਂ ਕੀਤੀ ਕਾਰਵਾਈ ਨੂੰ ਯਾਦ ਕਰਦਿਆਂ ਕਿਹਾ ਕਿ ਜੇ ਉਸ ਨੇ ਉਸ ਵੇਲੇ ਸਖ਼ਤ ਕਾਰਵਾਈ ਨਾ ਕੀਤੀ ਹੁੰਦੀ ਤਾਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਐਸ.ਵਾਈ.ਐਲ. ਰਾਹੀਂ ਬਾਹਰ ਜਾਣ ਤੋਂ ਰੋਕਣਾ ਮੁਸ਼ਕਲ ਸੀ। ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਭਾਈ ਜਟਾਣਾ ਦੀ ਬਰਸੀ ਹਰਿਮੰਦਰ ਸਾਹਿਬ ਸਮੂਹ ਵਿਚ ਮਨਾਈ ਗਈ ਹੈ। ਸ਼੍ਰੋਮਣੀ ਕਮੇਟੀ ਭਾਈ ਜਟਾਣਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕਰਨ ਦਾ ਫੈਸਲਾ ਕਰ ਚੁੱਕੀ ਹੈ।

## ਸ਼੍ਰੋਮਣੀ ਕਮੇਟੀ ਤੇ ਗੁਰਦੁਆਰਾ ਅੰਗੀਠਾ ਸਾਹਿਬ ਦਰਮਿਆਨ ਵਿਵਾਦ ਖਤਮ

**ਸੰਗਰੂਰ:** ਮਸਤੂਆਣਾ ਸਾਹਿਬ ਵਿਚ ਸੰਤ ਅਤਰ ਸਿੰਘ ਦੇ ਨਾਂ 'ਤੇ ਮੈਡੀਕਲ ਕਾਲਜ ਬਣਨ ਲਈ ਰਾਹ ਪੱਧਰਾ ਹੋ ਗਿਆ ਹੈ। ਅਜਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਗੁਰਦੁਆਰਾ ਅੰਗੀਠਾ ਸਾਹਿਬ ਵਿਚਕਾਰ ਵਿਵਾਦ ਖਤਮ ਹੋਣ ਕਾਰਨ ਹੋਇਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਮੈਡੀਕਲ ਕਾਲਜ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚੋਂ ਲਈ ਸਟੇਅ ਖਤਮ ਕਰਾਉਣ ਦਾ ਫੈਸਲਾ ਕੀਤਾ ਗਿਆ ਤੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਭਰੋਸਾ ਦਿਵਾਇਆ ਕਿ ਹੁਣ ਕਮੇਟੀ ਵੱਲੋਂ ਮੈਡੀਕਲ ਕਾਲਜ ਦੀ ਉਸਾਰੀ 'ਚ ਅੜਿੱਕਾ ਨਹੀਂ ਪਾਇਆ ਜਾਵੇਗਾ।

ਐਸ.ਜੀ.ਪੀ.ਸੀ. ਮੈਂਬਰਾਂ ਭਾਈ ਗੋਬਿੰਦ ਸਿੰਘ ਲੌਂਗੋਵਾਲ, ਭੁਪਿੰਦਰ ਸਿੰਘ ਭਲਵਾਨ ਅਤੇ ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਵੱਲੋਂ 25 ਏਕੜ ਜ਼ਮੀਨ ਮੈਡੀਕਲ ਕਾਲਜ ਬਣਾਉਣ ਲਈ ਪੰਜਾਬ ਸਰਕਾਰ ਨੂੰ ਦਾਨ ਕੀਤੀ ਗਈ ਹੈ ਜਿਸ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਤ ਅਤਰ ਸਿੰਘ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦਾ ਨੀਂਹ ਪੱਥਰ ਰੱਖਿਆ ਸੀ ਪਰ ਇਹ ਮਾਮਲਾ ਅਦਾਲਤ 'ਚ ਵਿਚਾਰ ਅਧੀਨ ਹੈ।

ਇਸ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਐਸਜੀਪੀਸੀ ਮੈਂਬਰਾਂ ਨੇ ਗੁਰਦੁਆਰਾ ਅੰਗੀਠਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ, ਹਰਭਜਨ ਸਿੰਘ ਦੁੱਗਾਂ ਤੇ ਹੋਰ ਪ੍ਰਬੰਧਕਾਂ ਸਮੇਤ ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਮੀਟਿੰਗ ਕੀਤੀ ਸੀ ਜਿਨ੍ਹਾਂ ਸਟੇਅ ਵਾਪਸ ਲੈਣ ਦਾ ਭਰੋਸਾ ਦਿਵਾਇਆ ਸੀ।

# ਬਾਬੇ ਨਾਨਕ ਦਾ ਵਿਆਹ ਪੁਰਬ ਸ਼ਰਧਾ ਨਾਲ ਮਨਾਇਆ

**ਬਟਾਲਾ:** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦਾ 535ਵਾਂ ਵਿਆਹ ਪੁਰਬ ਸ਼੍ਰੋਮਣੀ ਕਮੇਟੀ ਤੇ ਸੰਗਤ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਤੇ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗਿਆ।

ਵਿਆਹ ਪੁਰਬ ਦੀ ਖੁਸ਼ੀ ਵਿਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਸਵੇਰੇ ਭੋਗ ਪਾਏ ਗਏ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਹੁਕਮਨਾਮਾ ਪੜ੍ਹਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਗੁਰਦੁਆਰੇ ਪਹੁੰਚ ਕੇ ਮੱਥਾ ਟੇਕਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲਚੰਦ ਕਟਾਰੂਚੱਕ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਕੈਪਟਨ ਬਲਬੀਰ ਸਿੰਘ ਬਾਠ, ਸਾਬਕਾ ਵਿਧਾਇਕ ਲਖਬੀਰ ਸਿੰਘ ਲੋਧੀਨੰਗਲ ਸਮੇਤ ਹੋਰ ਹਸਤੀਆਂ ਵੀ ਸ਼ਾਮਲ ਹੋਈਆਂ।

ਸ੍ਰੀ ਧਾਮੀ ਨੇ ਬਾਬੇ ਨਾਨਕ ਦੇ ਵਿਆਹ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਦਿੱਤੇ ਸਿਧਾਂਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਅਨੁਸਾਰ ਚੱਲਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਦੇ ਵਿਆਹ ਅਸਥਾਨ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ



ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਖਾਲਸਈ ਜਾਹੋ-ਜਲਾਲ ਨਾਲ ਮਹਾਨ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਸ੍ਰੀ ਧਾਮੀ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਆਪਣੇ ਸਿਰ 'ਤੇ ਰੱਖ ਕੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਗੁਰਦੁਆਰਾ ਡੇਹਰਾ ਸਾਹਿਬ ਤੋਂ ਆਰੰਭ ਹੋ ਕੇ ਖਜੂਰੀ ਗੇਟ, ਸਰਕੂਲਰ ਰੋਡ ਤੋਂ ਹੁੰਦਾ ਹੋਇਆ, ਹੰਸਲੀ ਪੁਲ ਜਲੰਧਰ ਰੋਡ ਤੋਂ ਕਾਹਨੂੰਵਾਨ ਚੁੰਗੀ, ਪੁਲਿਸ ਲਾਈਨ ਤੋਂ ਗੁਰਦਾਸਪੁਰ ਰੋਡ ਤੇ ਉਥੋਂ ਵਾਪਸੀ ਕਰਦਿਆਂ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਤੋਂ ਦੇਰ ਰਾਤ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਇਸ ਦੌਰਾਨ ਗਤਕਾ ਟੀਮਾਂ ਨੇ ਆਪਣੇ ਜੌਹਰ ਦਿਖਾਏ। ਸਾਰਾ ਸ਼ਹਿਰ ਸਵਾਗਤੀ ਗੇਟਾਂ ਨਾਲ ਭਰਿਆ ਹੋਇਆ ਸੀ ਤੇ ਨਗਰ ਕੀਰਤਨ ਵਿਚ ਸ਼ਾਮਲ ਟਰੈਕਟਰ-ਟਰਾਲੀਆਂ ਵਿਚ ਸਵਾਰ ਔਰਤਾਂ ਦੇ ਜਥੇ ਗੁਰਬਾਣੀ ਕੀਰਤਨ ਕਰ ਰਹੇ ਸਨ।

ਇਸ ਮੌਕੇ ਸ਼ਹਿਰ ਅੰਦਰ ਗੁਰੂ ਨਾਨਕ ਦੇਵ ਨਾਲ ਸਬੰਧਤ ਸਾਰੇ ਗੁਰਦੁਆਰਿਆਂ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਵਿਆਹ ਪੁਰਬ ਮੌਕੇ ਕੱਢੇ ਗਏ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਆਈ ਸੰਗਤ ਨਤਮਸਤਕ ਹੋਈ।

# ਸੁਖਬੀਰ ਸਿੰਘ ਬਾਦਲ ਤੇ ਦਲਜੀਤ ਸਿੰਘ ਚੀਮਾ ਅਦਾਲਤ 'ਚ ਪੇਸ਼

**ਹੁਸ਼ਿਆਰਪੁਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਸੰਵਿਧਾਨ ਰੱਖਣ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਇਥੇ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰੁਪਿੰਦਰ ਸਿੰਘ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਹਾਜ਼ਰੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਵਕੀਲਾਂ ਵੱਲੋਂ ਅਦਾਲਤ ਦੇ ਕਾਰਜ ਖੇਤਰ ਸਬੰਧੀ ਦਾਇਰ ਕੀਤੀ ਗਈ ਪਟੀਸ਼ਨ 'ਤੇ ਬਹਿਸ ਹੋਈ, ਜਿਸ ਦੌਰਾਨ ਸ਼ਿਕਾਇਤਕਰਤਾ ਦੇ ਵਕੀਲਾਂ ਨੇ ਇਸ ਦਰਖਾਸਤ ਨੂੰ ਅਦਾਲਤ ਦੇ ਸਮੇਂ ਦੀ ਬਰਬਾਦੀ ਦੱਸਿਆ। ਅਦਾਲਤ ਵੱਲੋਂ ਇਸ ਸਬੰਧੀ ਅਗਲੀ ਤਰੀਕ 13 ਸਤੰਬਰ ਤੈਅ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੀ ਪੇਸ਼ੀ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਸ.ਐਸ. ਕਲੇਰ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਰਾਹੀਂ ਮਾਮਲੇ ਦੀ ਸੁਣਵਾਈ ਹੁਸ਼ਿਆਰਪੁਰ ਵਿਚ ਹੋਣ ਸਬੰਧੀ ਅਧਿਕਾਰ ਖੇਤਰ 'ਤੇ ਸਵਾਲ ਉਠਾਉਂਦਿਆਂ ਦਰਖਾਸਤ ਦਾਇਰ ਕੀਤੀ ਗਈ ਸੀ। ਸ਼ਿਕਾਇਤਕਰਤਾ ਬਲਵੰਤ ਸਿੰਘ ਖੇੜਾ ਦੇ ਵਕੀਲਾਂ ਐਡਵੋਕੇਟ ਬੀ.ਐਸ. ਰਿਆੜ ਤੇ ਐਡਵੋਕੇਟ ਹਿਤੇਸ਼ ਪੁਰੀ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਹੀ ਕੇਸ ਦੀ ਸੁਣਵਾਈ ਹੁਸ਼ਿਆਰਪੁਰ ਵਿਚ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਸਾਰੇ ਜ਼ਿਲ੍ਹਿਆਂ ਵਿਚ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਾਇਰ ਕੀਤੀ ਗਈ ਦਰਖਾਸਤ ਦਾ ਕੋਈ ਤਰਕ ਨਹੀਂ ਹੈ। ਸ਼ਿਕਾਇਤਕਰਤਾ ਦੇ ਵਕੀਲਾਂ ਨੇ ਕਿਹਾ ਕਿ ਵਿਰੋਧੀ ਧਿਰ ਵੱਲੋਂ ਮਾਮਲਾ ਲਟਕਾਉਣ ਦਾ ਯਤਨ ਕਰਨ ਦੇ ਦੋਸ਼ ਲਾਏ।

ਵਰਣਨਯੋਗ ਹੈ ਕਿ ਇਸ ਮਾਮਲੇ ਵਿਚ ਮੁਲਜ਼ਮ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਪਿਛਲੀਆਂ ਤਰੀਕਾਂ 'ਚ ਅਦਾਲਤ 'ਚ ਪੇਸ਼ ਹੋ ਕੇ ਆਪਣੀਆਂ ਜ਼ਮਾਨਤਾਂ ਕਰਵਾ ਚੁੱਕੇ ਹਨ। ਹੁਣ ਇਸ ਕੇਸ 'ਚ ਟਰਾਇਲ ਚੱਲਣੇ ਸਨ, ਪਰ ਅਕਾਲੀ ਦਲ ਦੀ ਦਰਖਾਸਤ ਕਾਰਨ ਟਰਾਇਲ ਨਹੀਂ ਚਲਾਏ ਜਾ ਸਕੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਨਸ਼ਿਆਂ 'ਚ ਫਸੇ ਨੌਜਵਾਨਾਂ ਦਾ ਮੁੜ ਵਸੇਬਾ ਕਰੇਗੀ ਮਾਨ ਸਰਕਾਰ

**ਪਟਿਆਲਾ:** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਸ਼ਿਆਂ ਵਿਰੁੱਧ ਪ੍ਰਗਟਾਈ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਦਲਦਲ ਵਿਚ ਫਸੇ ਨੌਜਵਾਨਾਂ ਦਾ ਮੁੜ ਵਸੇਬਾ ਕਰੇਗੀ। ਜੌੜਾਮਾਜਰਾ ਨੇ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਵੱਲੋਂ ਅਪਨਾਈ ਜ਼ੀਰੋ ਟਾਲਰੈਂਸ ਦੀ ਨੀਤੀ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ੇ ਮੁਕਤੀ ਲਈ ਇਲਾਜ ਲਈ ਰੈੱਡ ਕਰਾਸ ਸਾਕੇਤ ਹਸਪਤਾਲ ਵਿਖੇ ਦਾਖਲ ਵਿਅਕਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਤ ਕਰਦਿਆਂ ਮੈਡੀਕਲ ਸਿੱਖਿਆ ਤੇ ਖੋਜ ਤੇ ਚੋਣਾਂ ਬਾਰੇ ਮੰਤਰੀ ਨੇ ਹਰ ਪੰਜਾਬੀ ਨੂੰ ਨਸ਼ਾ ਮੁਕਤ ਸਮਾਜ ਸਿਰਜਣ ਲਈ ਪੰਜਾਬ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ।

# ਕਿਸਾਨਾਂ ਵੱਲੋਂ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਸਾਹਮਣੇ ਰੋਸ ਪ੍ਰਦਰਸ਼ਨ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੂਬੇ ਵਿਚ ਕਈ ਥਾਈਂ ਰੋਸ ਪ੍ਰਦਰਸ਼ਨ ਕੀਤੇ। ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨਾਂ ਤੇ ਨੌਜਵਾਨਾਂ ਨੇ ਸੂਬੇ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅਤੇ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪੇ।

ਇਸ ਮੌਕੇ ਕਿਸਾਨ ਜਥੇਬੰਦੀਆਂ ਨੇ ਇਕ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਕਿਸਾਨਾਂ ਵੱਲੋਂ ਧਰਨੇ ਦਿੱਤੇ ਗਏ ਹਨ। ਇਨ੍ਹਾਂ ਧਰਨਿਆਂ ਰਾਹੀਂ ਦੁਧਾਰੂ ਪਸ਼ੂਆਂ ਵਿਚ ਫੈਲੀ ਲੰਪੀ ਸਕਿਨ ਦੀ ਬਿਮਾਰੀ ਨੂੰ ਮਹਾਮਾਰੀ ਐਲਾਨਣ, ਇਸ ਬਿਮਾਰੀ ਕਾਰਨ ਮਰੇ ਪਸ਼ੂਆਂ ਦੀ ਗਿਣਤੀ ਕਰਵਾ ਕੇ ਪ੍ਰਤੀ ਪਸ਼ੂ ਇਕ ਲੱਖ ਰੁਪਏ ਮੁਆਵਜ਼ਾ ਦੇਣ, ਬਿਮਾਰ ਪਸ਼ੂਆਂ ਦੇ ਇਲਾਜ ਲਈ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦੇਣ, ਪਸ਼ੂ ਹਸਪਤਾਲਾਂ ਵਿਚ ਡਾਕਟਰਾਂ ਅਤੇ ਫਾਰਮਾਸਿਸਟਾਂ ਦੀ ਭਰਤੀ ਕਰ ਕੇ ਪਿੰਡ ਪੱਧਰ ਤੱਕ ਪਸ਼ੂਆਂ ਦਾ ਮੁਫਤ ਇਲਾਜ ਕਰਨ, ਮੁਰਦਾ ਪਸ਼ੂਆਂ ਨੂੰ ਦੱਬਣ ਲਈ ਪਸ਼ੂ ਪਾਲਣ ਅਤੇ ਪੰਚਾਇਤੀ ਵਿਭਾਗ ਰਾਹੀਂ ਢੁਕਵਾਂ ਪ੍ਰਬੰਧ ਕਰਨ ਸਣੇ ਹੜ੍ਹਾਂ, ਮਾੜੇ ਬੀਜਾਂ, ਗੜ੍ਹੇਮਾਰੀ, ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਕਾਰਨ ਫਸਲਾਂ ਦੇ ਹੋਏ ਖਰਾਬੇ ਦਾ ਮੁਆਵਜ਼ਾ ਦੇਣ, ਦੁੱਧ ਦਾ ਭਾਅ 10 ਰੁਪਏ ਪ੍ਰਤੀ ਫੈਟ ਯੂਨਿਟ ਕਰ ਕੇ ਨੋਟੀਫਿਕੇਸ਼ਨ ਜਾਰੀ ਕਰਨ, ਨਕਲੀ ਦੁੱਧ ਦੇ ਧੰਦੇ ਨੂੰ ਠੱਲ੍ਹਣ, ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਕਰਨ, ਮਿੱਲਾਂ ਵੱਲ ਖੜ੍ਹੀ ਬਕਾਇਆ ਰਕਮ ਸਣੇ ਵਿਆਜ ਕਿਸਾਨਾਂ ਨੂੰ ਅਦਾ ਕਰਨ ਅਤੇ ਦਰਿਆਵਾਂ ਵਿੱਚ ਪ੍ਰਦੂਸ਼ਿਤ ਪਾਣੀ ਪਾਉਣ ਵਾਲੀਆਂ ਸਨਅਤੀ ਇਕਾਈਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ।

## ਕੈਨੇਡਾ ਵਿਚ ਚਾਕੂ ਮਾਰ ਕੇ 10 ਦੀ ਹੱਤਿਆ

**ਰੈਜਿਨਾ (ਕੈਨੇਡਾ):** ਰੈਜਿਨਾ ਅਤੇ ਸਸਕੈਚਵਨ ਵਿਚ ਇਕ ਹੋਰ ਕਸਬੇ 'ਚ ਮੁਕਾਮੀ ਭਾਈਚਾਰੇ ਦੇ ਲੋਕਾਂ 'ਤੇ ਚਾਕੂ ਨਾਲ ਹਮਲੇ ਦੀਆਂ ਲੜੀਵਾਰ ਘਟਨਾਵਾਂ ਵਿਚ 10 ਵਿਅਕਤੀਆਂ ਦੀ ਮੌਤ ਜਦੋਂਕਿ 15 ਜਣੇ ਜ਼ਖ਼ਮੀ ਹੋ ਗਏ। ਮਸ਼ਕੂਕਾਂ ਦੀ ਪਛਾਣ ਡੈਮੀਅਨ ਸੈਂਡਰਸਨ (31) ਤੇ ਮਾਇਲਸ ਸੈਂਡਰਸਨ (30) ਵਜੋਂ ਹੋਈ ਹੈ। ਪੁਲਿਸ ਮੁਤਾਬਕ ਚਾਕੂ ਨਾਲ ਹਮਲੇ ਦੀਆਂ ਇਹ ਘਟਨਾਵਾਂ ਜੇਮਸ ਸਮਿੱਥ ਕ੍ਰੀ ਨੇਸ਼ਨ ਤੇ ਸੈਸਕਾਟੂਨ ਦੇ ਉੱਤਰ-ਪੂਰਬ ਵਿਚ ਵੈਲਡਨ ਪਿੰਡ ਵਿਚ ਵਾਪਰੀਆਂ। ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਸਸਕੈਚਵਨ ਪੁਲਿਸ ਵਿਚ ਸਹਾਇਕ ਕਮਿਸ਼ਨਰ ਰੌਂਡਾ ਬਲੈਕਮੋਰ ਨੇ ਕਿਹਾ ਕਿ ਮਸ਼ਕੂਕਾਂ ਨੇ ਕੁਝ ਪੀੜਤਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਦੋਂਕਿ ਇਕ ਹੋਰ ਘਟਨਾ ਵਿਚ ਹਮਲਾਵਰਾਂ ਨੂੰ ਜਿਹੜਾ ਵਿਅਕਤੀ ਮਿਲਿਆ, ਉਸ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਅਧਿਕਾਰੀ ਹਾਲਾਂਕਿ ਇਨ੍ਹਾਂ ਹਮਲਿਆਂ ਪਿਛਲੇ ਅਸਲ ਮੰਤਵ ਬਾਰੇ ਨਹੀਂ ਦੱਸ ਸਕੀ।

# ਲਿਜ਼ ਟਰੱਸ ਬਰਤਾਨੀਆ ਦੀ ਨਵੀਂ ਪ੍ਰਧਾਨ ਮੰਤਰੀ

**ਲੰਡਨ:** ਯੂਕੇ ਦੀ ਵਿਦੇਸ਼ ਮੰਤਰੀ ਲਿਜ਼ ਟਰੱਸ (47) ਬਰਤਾਨੀਆ ਦੀ ਨਵੀਂ ਪ੍ਰਧਾਨ ਮੰਤਰੀ ਬਣ ਗਏ ਹਨ। ਟਰੱਸ ਨੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੀ ਚੋਣ ਵਿਚ ਭਾਰਤੀ ਮੂਲ ਦੇ ਰਿਸ਼ੀ ਸੂਨਕ ਨੂੰ ਹਰਾਇਆ। ਟਰੱਸ, ਜੋ ਬਰਤਾਨੀਆ ਦੀ ਤੀਜੀ ਮਹਿਲਾ ਪ੍ਰਧਾਨ ਮੰਤਰੀ ਹੋਣਗੇ, ਬੋਰਿਸ ਜੌਹਨਸਨ ਦੀ ਥਾਂ ਲੈਣਗੇ। ਟੋਰੀ ਮੈਂਬਰਾਂ ਨੇ ਕੰਜ਼ਰਵੇਟਿਵ ਪਾਰਟੀ ਦਾ ਆਗੂ ਚੁਣਨ ਲਈ 1.70 ਲੱਖ ਤੋਂ ਵੱਧ ਆਨਲਾਈਨ ਤੇ ਪੋਸਟਲ ਵੋਟਾਂ ਪਾਈਆਂ। ਟਰੱਸ ਦੀ ਜਿੱਤ ਨਾਲ ਭਾਰਤੀ ਮੂਲ ਦੇ ਕਿਸੇ ਵਿਅਕਤੀ ਦਾ 10 ਡਾਊਨਿੰਗ ਸਟਰੀਟ ਵਿਚ ਸਿਖਰਲੇ ਅਹੁਦੇ ਲਈ ਚੋਣ ਲੜਨ ਦਾ ਇਤਿਹਾਸਕ ਸਫਰ ਮੁੱਕ ਗਿਆ। ਮੁਕਾਬਲੇ ਦੌਰਾਨ 82.6 ਫੀਸਦ ਪੋਲਿੰਗ ਹੋਈ ਤੇ ਟਰੱਸ ਨੂੰ 81,326 ਵੋਟਾਂ ਜਦੋਂਕਿ ਸੂਨਕ ਨੂੰ 60,399 ਵੋਟਾਂ ਪਈਆਂ। ਕੁੱਲ ਮਿਲਾ ਕੇ 1,72,437 ਯੋਗ ਟੋਰੀ ਵੋਟਰਾਂ ਨੇ ਪੋਲਿੰਗ ਵਿਚ ਹਿੱਸਾ ਲਿਆ ਤੇ ਇਸ ਦੌਰਾਨ 654 ਵੋਟਾਂ ਰੱਦ ਹੋਈਆਂ। ਨਤੀਜਿਆਂ ਦਾ ਐਲਾਨ ਰਿਟਰਨਿੰਗ ਅਧਿਕਾਰੀ ਤੇ ਕੰਜ਼ਰਵੇਟਿਵ ਪਾਰਟੀ ਦੀ ਤਾਕਤਵਰ 1922 ਕਮੇਟੀ ਦੇ ਚੇਅਰਮੈਨ ਸਰ ਗ੍ਰਾਹਮ ਬਰੈਡੀ ਨੇ ਕੀਤਾ। ਟਰੱਸ ਨੂੰ 57.4 ਫੀਸਦ ਤੇ ਸੂਨਕ ਨੂੰ 42.6 ਫੀਸਦ ਵੋਟਾਂ ਪਈਆਂ, ਜਿਸ ਤੋਂ ਇਕ ਗੱਲ ਤਾਂ ਸਾਫ ਹੈ ਕਿ ਕੰਜ਼ਰਵੇਟਿਵ ਪਾਰਟੀ ਅੰਦਰੋਂ ਅੰਦਰੀਂ ਵੰਡੀ ਗਈ ਹੈ।

ਬੋਰਿਸ ਜੌਹਨਸਨ ਨੂੰ ਸਾਲ 2019 ਵਿਚ ਹੋਈਆਂ ਚੋਣਾਂ ਵਿਚ 66.4 ਫੀਸਦ ਵੋਟ ਮਿਲੇ ਸਨ। ਉਸ ਤੋਂ ਪਹਿਲਾਂ ਡੇਵਿਡ ਕੈਮਰੂਨ (2005) 67.6 ਫੀਸਦ ਤੇ ਇਆਨ ਡੰਕਨ ਸਮਿੱਥ (2001) ਨੂੰ 60.7 ਫੀਸਦ ਵੋਟਾਂ ਪਈਆਂ ਸਨ। ਸੂਨਕ ਨੇ ਲੰਡਨ ਦੇ ਕੁਈਨ ਐਲਿਜ਼ਬੈਥ-2 ਕੇਂਦਰ ਵਿਚ ਨਤੀਜਿਆਂ ਦੇ ਐਲਾਨ ਤੋਂ ਫੌਰੀ ਮਗਰੋਂ ਕੀਤੇ ਟਵੀਟ ਵਿਚ ਪਾਰਟੀ 'ਚ ਏਕੇ ਦਾ ਸੱਦਾ ਦਿੱਤਾ।

# ਬਹਿਬਲ ਗੋਲੀ ਕਾਂਡ: 'ਸਿਟ' ਅੱਗੇ ਪੇਸ਼ ਹੋਏ ਸੁਖਬੀਰ ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ। ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਨੌਨਿਹਾਲ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਸ੍ਰੀ ਬਾਦਲ ਤੋਂ ਤਿੰਨ ਘੰਟੇ ਪੁੱਛਗਿੱਛ ਕੀਤੀ। ਇਸ ਗੋਲੀ ਕਾਂਡ ਵਿਚ ਦੋ ਸਿੱਖ ਨੌਜਵਾਨਾਂ ਦੀ ਪੁਲਿਸ ਗੋਲੀ ਨਾਲ ਮੌਤ ਹੋ ਗਈ ਸੀ ਤੇ ਪੁਲਿਸ ਵੱਲੋਂ 'ਅਣਪਛਾਤੇ ਪੁਲਿਸ ਕਰਮਚਾਰੀਆਂ' ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਸੁਖਬੀਰ ਬਾਦਲ ਉਸ ਵੇਲੇ ਅਕਾਲੀ-ਭਾਜਪਾ ਸਰਕਾਰ ਵਿਚ ਗ੍ਰਹਿ ਮੰਤਰੀ ਸਨ। ਇਸ ਲਈ ਪੁਲਿਸ ਵੱਲੋਂ ਇਸ ਮਾਮਲੇ 'ਤੇ ਅਕਾਲੀ ਦਲ ਦੇ ਪ੍ਰਧਾਨ ਤੋਂ ਸਮੁੱਚੀ ਪ੍ਰਕਿਰਿਆ ਅਤੇ ਘਟਨਾ ਨਾਲ ਸਬੰਧਤ ਸਵਾਲ ਪੁੱਛੇ ਗਏ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਹਾਲੇ ਸ਼ੁਰੂ ਹੋਈ ਹੈ ਜਿਸ ਦੀ ਰਿਪੋਰਟ ਲਈ ਉਡੀਕ ਕਰਨੀ ਪਵੇਗੀ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਮਾਮਲੇ ਨੂੰ ਜ਼ਿਆਦਾ ਲਮਕਾਉਣਾ ਨਹੀਂ ਚਾਹੁੰਦੀ। 'ਸਿਟ' ਅੱਗੇ ਪੇਸ਼ ਹੋਣ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬੀ ਚਾਹੁੰਦੇ ਹਨ ਕਿ ਇਨ੍ਹਾਂ ਕੇਸਾਂ ਦੇ ਸਾਰੇ ਦੋਸ਼ੀਆਂ ਨੂੰ ਫੜਿਆ ਜਾਵੇ ਤੇ ਸਜ਼ਾਵਾਂ ਮਿਲਣ ਪਰ 'ਆਪ' ਸਰਕਾਰ ਪਿਛਲੀ ਕਾਂਗਰਸ ਸਰਕਾਰ ਦੇ ਰਾਹ 'ਤੇ ਚਲ ਰਹੀ ਹੈ ਤੇ ਜਾਂਚ ਦਾ ਸਿਆਸੀਕਰਨ ਕਰ ਰਹੀ ਹੈ।

## ਪੰਜਾਬ 'ਚ ਫਿਲਮ ਤੇ ਮਨੋਰੰਜਨ ਸਿਟੀ ਸਥਾਪਤ ਹੋਵੇਗੀ


**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕੌਮੀ ਤੇ ਕੌਮਾਂਤਰੀ ਫਿਲਮ ਅਤੇ ਸੰਗੀਤ ਜਗਤ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉੱਤਰੀ ਭਾਰਤ ਦੀ ਪਹਿਲੀ ਅਤੇ ਵਿਲੱਖਣ ਫਿਲਮ ਤੇ ਮਨੋਰੰਜਨ ਸਿਟੀ ਸਥਾਪਤ ਕਰਨ ਵੱਲ ਤਵੱਜੋ ਦੇ ਰਹੀ ਹੈ, ਜਿਸ ਨਾਲ ਪੰਜਾਬੀ ਫਿਲਮ ਅਤੇ ਸੰਗੀਤ ਜਗਤ ਨੂੰ ਦੇਸ਼-ਵਿਦੇਸ਼ ਵਿਚ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਲਈ ਮੰਚ ਮਿਲੇਗਾ। ਸੂਬੇ ਵਿਚ ਫਿਲਮ ਸਿਟੀ ਦੀ ਸਥਾਪਨਾ ਲਈ ਬੁਨਿਆਦੀ ਢਾਂਚੇ, ਸੰਕਲਪ ਅਤੇ ਹੋਰ ਲੋੜਾਂ ਦਾ ਵਿਸਥਾਰ ਨਾਲ ਅਧਿਐਨ ਕਰਨ ਲਈ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਵਫਦ ਸਮੇਤ ਰਾਮੋਜੀ ਫਿਲਮ ਸਿਟੀ ਅਤੇ ਅੰਨਪੂਰਨਾ ਸਟੂਡੀਓਜ਼ ਹੈਦਰਾਬਾਦ ਦਾ ਦੌਰਾ ਕੀਤਾ।

ਇਸ ਸਬੰਧੀ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਮਨੋਰੰਜਨ ਉਦਯੋਗ ਲਈ ਢੁਕਵੇਂ ਸਥਾਨ ਉਤੇ ਅਤਿ-ਆਧੁਨਿਕ ਫਿਲਮ ਅਤੇ ਮਨੋਰੰਜਨ ਸਿਟੀ ਦੀ ਸਥਾਪਨਾ ਕਰਨ ਵੱਲ ਸੇਧਤ ਹੈ। ਆਪਣੇ ਨਿਆਰੇਪਣ ਕਾਰਨ ਪੰਜਾਬ ਹਮੇਸ਼ਾ ਹੀ ਫਿਲਮ ਸਨਅਤ ਲਈ ਖਿੱਚ ਦਾ ਕੇਂਦਰ ਰਿਹਾ ਹੈ ਪਰ ਇਥੇ ਲੋੜੀਂਦੇ ਬੁਨਿਆਦੀ ਢਾਂਚੇ ਅਤੇ ਸਾਜ਼ੋ ਸਾਮਾਨ ਦੀ ਘਾਟ ਹਮੇਸ਼ਾ ਰੜਕਦੀ ਰਹੀ ਹੈ।

# ਪੰਜਾਬ ਅਰਸ਼ਦੀਪ ਸਿੰਘ ਦੀ ਪਿੱਠ 'ਤੇ

*(ਪਹਿਲੇ ਸਫੇ ਦੀ ਬਾਕੀ)*

ਉਧਰ, ਸਿੱਖ ਭਾਈਚਾਰੇ ਨੇ ਇਸ ਉਤੇ ਸਖਤ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਇਸ ਮਾਮਲੇ ਉਤੇ ਪੰਜਾਬ ਸਰਕਾਰ ਤੇ ਵਿਰੋਧੀ ਧਿਰਾਂ ਮੁਹਾਲੀ ਵਾਸੀ ਕ੍ਰਿਕਟਰ ਅਰਸ਼ਦੀਪ ਦੇ ਹੱਕ ਵਿਚ ਨਿੱਤਰ ਆਈਆਂ ਹਨ। ਸੂਬਾ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕ੍ਰਿਕਟਰ ਦੇ ਸਮਰਥਨ ਵਿਚ ਆਵਾਜ਼ ਬੁਲੰਦ ਕੀਤੀ ਹੈ। ਮੀਤ ਹੇਅਰ ਨੇ ਅਰਸ਼ਦੀਪ ਦੀ ਮਾਂ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ ਤੇ ਭਰੋਸਾ ਦਿਵਾਇਆ ਕਿ ਪੰਜਾਬ ਅਤੇ ਪੂਰਾ ਦੇਸ਼ ਉਸ ਦੇ ਨਾਲ ਹੈ। 'ਆਪ' ਸੰਸਦ ਮੈਂਬਰ ਰਾਘਵ ਚੱਢਾ, ਹਰਭਜਨ ਸਿੰਘ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੀ 23 ਸਾਲ ਦੇ ਤੇਜ਼ ਗੇਂਦਬਾਜ਼ ਦੀ ਪਿੱਠ 'ਤੇ ਆ ਗਏ ਹਨ।



ਭਾਰਤ ਇਹ ਮੈਚ ਪੰਜ ਵਿਕਟਾਂ ਨਾਲ ਹਾਰ ਗਿਆ ਸੀ। 'ਆਪ' ਦੇ ਰਾਜ ਸਭਾ ਮੈਂਬਰ ਅਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਟਵੀਟ ਕੀਤਾ, "ਨੌਜਵਾਨ ਅਰਸ਼ਦੀਪ ਸਿੰਘ ਦੀ ਆਲੋਚਨਾ ਬੰਦ ਕਰੋ। ਕੋਈ ਜਾਣਬੁੱਝ ਕੇ ਕੈਚ ਨਹੀਂ ਛੱਡਦਾ।" ਇਸੇ ਦੌਰਾਨ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਵਿਰਾਟ ਕੋਹਲੀ ਨੇ ਵੀ ਅਰਸ਼ਦੀਪ ਦਾ ਸਮਰਥਨ ਕੀਤਾ ਹੈ। ਉਧਰ, ਕੁਝ ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਅਰਸ਼ਦੀਪ ਨੂੰ ਸਿੱਖ ਹੋਣ ਕਾਰਨ ਭਾਜਪਾ ਤੇ ਆਰ.ਐਸ.ਐਸ. ਹਮਾਇਤੀਆਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਭਾਰਤ-ਪਾਕਿਸਤਾਨ ਦਰਮਿਆਨ ਦੁਵੱਲਾ ਵਪਾਰ ਸ਼ੁਰੂ ਕਰਨ ਦੀ ਮੰਗ ਉੱਭਰੀ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਆਏ ਹੜ੍ਹਾਂ ਦੇ ਕਾਰਨ ਜਿਥੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਉਥੇ ਫਸਲਾਂ ਵੀ ਤਬਾਹ ਹੋ ਗਈਆਂ ਹਨ। ਇਸ ਕਾਰਨ ਉਥੇ ਸਬਜ਼ੀਆਂ ਤੇ ਫਲਾਂ ਦੇ ਭਾਅ ਅਸਮਾਨ ਨੂੰ ਛੂਹ ਰਹੇ ਹਨ। ਇਸ ਦੌਰਾਨ ਵਪਾਰੀਆਂ ਦੀ ਜਥੇਬੰਦੀ 'ਦਿ ਫਰੂਟ ਐਂਡ ਵੈਜੀਟੇਬਲ ਮਰਚੈਂਟ ਯੂਨੀਅਨ' ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਸੀ ਗੱਲਬਾਤ ਰਾਹੀਂ ਅਟਾਰੀ-ਵਾਹਗਾ ਸਰਹੱਦ ਰਸਤੇ ਬੰਦ ਕੀਤੇ ਹੋਏ ਦੁਵੱਲੇ ਵਪਾਰ ਨੂੰ ਮੁੜ ਸ਼ੁਰੂ ਕਰਨ। ਇਸ ਨਾਲ ਪਾਕਿਸਤਾਨ ਦੇ ਲੋਕਾਂ ਨੂੰ ਸਸਤੀਆਂ ਤੇ ਤਾਜ਼ਾ ਸਬਜ਼ੀਆਂ ਅਤੇ ਫਲ ਆਦਿ ਮਿਲ ਸਕਣ ਜੋ ਕਿ ਉਨ੍ਹਾਂ ਲਈ ਵੱਡੀ ਰਾਹਤ ਹੋਵੇਗੀ। ਉਧਰ, ਪਾਕਿਸਤਾਨ ਦੇ ਵਪਾਰੀ ਅਤੇ ਲੋਕ ਵੀ ਇਹੀ ਚਾਹੁੰਦੇ ਹਨ ਕਿ ਭਾਰਤ ਨਾਲ ਦੁਵੱਲਾ ਵਪਾਰ ਮੁੜ ਸ਼ੁਰੂ ਹੋਵੇ।

# ਸੁਪਰੀਮ ਕੋਰਟ ਐਸ.ਵਾਈ.ਐਲ. ਮਸਲਾ ਛੇਤੀ ਬਿਲੇ ਲਾਉਣ ਦੇ ਰੌਂਅ ਵਿਚ

*(ਪਹਿਲੇ ਸਫੇ ਦੀ ਬਾਕੀ)*

ਹੋਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਜਲ ਸਰੋਤ ਮੰਤਰਾਲੇ ਰਾਹੀਂ ਇਸ ਮਸਲੇ ਦੇ ਹੱਲ ਲਈ ਪੰਜਾਬ ਤੇ ਹਰਿਆਣਾ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਇਸ ਮਸਲੇ 'ਤੇ ਸਹਿਯੋਗ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਸਾਲ 2020 ਤੇ 2021 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਨੂੰ ਪੱਤਰ ਲਿਖੇ ਗਏ ਪਰ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਐਸ.ਵਾਈ.ਐਲ. ਦੇ ਮੁੱਦੇ 'ਤੇ ਅਧਿਕਾਰੀ ਪੱਧਰ ਦੀ ਵਾਰਤਾ ਤਾਂ ਚੱਲ ਰਹੀ ਹੈ ਪਰ ਕੇਂਦਰ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਗੱਲਬਾਤ ਕਰਵਾਉਣ 'ਤੇ ਜ਼ੋਰ ਦੇ ਰਿਹਾ ਹੈ।

ਪੰਜਾਬ ਸਰਕਾਰ ਦੇ ਵਕੀਲ ਨੇ ਜਦੋਂ ਕਿਹਾ ਕਿ ਉਹ ਇਸ ਮਸਲੇ ਦੇ ਦੋਸਤਾਨਾ ਹੱਲ ਲਈ ਬਹੁਤ ਕਾਹਲਾ ਹੈ ਤਾਂ ਬੈਂਚ ਨੇ ਕਿਹਾ, 'ਇਹ ਕਾਹਲ ਦਿਖਾਈ ਵੀ ਦੇਣੀ ਚਾਹੀਦੀ ਹੈ।' ਸੁਪਰੀਮ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਜਲ ਸ਼ਕਤੀ ਮੰਤਰਾਲੇ ਦੇ ਨਾਲ ਨਾਲ ਪੰਜਾਬ ਤੇ ਹਰਿਆਣਾ ਤੋਂ ਇਲਾਵਾ ਰਾਜਸਥਾਨ ਵੀ ਇਸ ਮਸਲੇ ਦੇ ਹੱਲ ਲਈ ਪੂਰਾ ਸਹਿਯੋਗ ਦੇਣਗੇ। ਅਦਾਲਤ ਨੇ ਕੇਂਦਰ ਸਰਕਾਰ ਨੂੰ ਇਸ ਪ੍ਰਕਿਰਿਆ ਦੀ ਰਿਪੋਰਟ ਦਾਖਲ ਕਰਨ ਲਈ ਚਾਰ ਮਹੀਨੇ ਦਾ ਸਮਾਂ ਦਿੰਦਿਆਂ ਕੇਸ ਦੀ ਅਗਲੀ ਸੁਣਵਾਈ 19 ਜਨਵਰੀ 2023 ਨੂੰ ਰੱਖ ਦਿੱਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਓਬਾਮਾ ਨੂੰ 'ਆਵਰ ਗ੍ਰੇਟ ਨੈਸ਼ਨਲ ਪਾਰਕਸ' ਲਈ ਐਮੀ ਪੁਰਸਕਾਰ

**ਲਾਸ ਏਂਜਲਸ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੈੱਟਫਲਿਕਸ ਦੇ ਦਸਤਾਵੇਜ਼ੀ ਲੜੀਵਾਰ 'ਆਵਰ ਗ੍ਰੇਟ ਨੈਸ਼ਨਲ ਪਾਰਕਸ' 'ਚ ਆਵਾਜ਼ ਦੇਣ ਲਈ ਬਿਹਤਰੀਨ ਨੈਰੇਟਰ (ਵਾਚਕ) ਦਾ ਐਮੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ।

ਪੰਜ ਹਿੱਸਿਆਂ 'ਚ ਵੰਡੀ ਇਸ ਲੜੀਵਾਰ 'ਚ ਦੁਨੀਆਂ ਦੇ ਮਸ਼ਹੂਰ ਕੌਮੀ ਪਾਰਕਾਂ ਨੂੰ ਦਿਖਾਇਆ ਗਿਆ ਹੈ। ਇਸ ਨੂੰ ਬਰਾਕ ਓਬਾਮਾ ਅਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਦੀ ਪ੍ਰੋਡਕਸ਼ਨ ਕੰਪਨੀ 'ਹਾਇਰ ਗਰਾਊਂਡ' ਨੇ ਬਣਾਇਆ ਹੈ। ਓਬਾਮਾ ਅਮਰੀਕਾ ਦੇ ਦੂਜੇ ਰਾਸ਼ਟਰਪਤੀ ਹਨ ਜਿਨ੍ਹਾਂ ਨੂੰ ਐਮੀ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਇਸ ਤੋਂ ਪਹਿਲਾਂ ਡਵਾਇਟ ਡੀ ਆਇਜਨਹਾਵਰ ਨੂੰ 1956 'ਚ ਵਿਸ਼ੇਸ਼ ਐਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਓਬਾਮਾ ਨੂੰ ਉਨ੍ਹਾਂ ਦੀਆਂ ਦੋ ਕਿਤਾਬਾਂ 'ਦਿ ਆਡੈਸਿਟੀ ਆਫ ਹੋਪ' ਅਤੇ 'ਏ ਪ੍ਰੋਮਿਸਡ ਲੈਂਡ' ਦੇ ਆਡੀਓ ਐਡੀਸ਼ਨ ਲਈ ਗਰੈਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਮਿਸੇਲ ਨੂੰ 2020 'ਚ ਉਨ੍ਹਾਂ ਦੀ ਆਪਣੀ ਆਡੀਓ ਕਿਤਾਬ ਲਈ ਗਰੈਮੀ ਨਾਲ ਸਨਮਾਨਿਤ ਕੀਤਾ ਗਿਆ ਸੀ। ਸਮਾਗਮ ਦੌਰਾਨ 'ਬਲੈਕ ਪੈਂਥਰ' ਸਟਾਰ ਚੈਡਵਿਕ ਬੋਸਮੈਨ ਨੂੰ ਮਰਨ ਉਪਰੰਤ ਕ੍ਰਿਏਟਿਵ ਆਰਟ ਲਈ ਐਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।


AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141

(Consular Expert with more than 10 years of experience)

E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*Located in INDIANAPOLIS (IN)*

KULJEET (KJ) SINGH
Managing Broker Realtor

GAYA Realty

Interested in:

- Buying
- Selling
- Investing
- Renting

Gas Stations, Motels & Shopping Malls

ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



*Kuljeet Singh*

Over 20 Years of Experience

*Contact Information:*

Cell: 224-305-3250

Email: ksingh4622@gmail.com

Serving All Chicagoland & Surrounding Suburbs

Looking for new agents.

SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available

*To Advertise with Punjab Times*
*Call: 847-359-0746*
*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:*
*847-359-0746*

SERVING CHICAGOLAND & NORTHWEST SBURBS

ਵਾਜਬ ਰੇਟਾਂ 'ਤੇ ਘਰ ਖਰੀਦੋ ਤੇ ਵੇਚੋ



ਜੇ ਤੁਸੀਂ ਆਪਣਾ ਘਰ ਲਿਸਟ ਕਰਕੇ ਵੇਚਣਾ ਚਾਹੁੰਦੇ ਹੋ ਤਾਂ ਸਭ ਤੋਂ ਵਧੀਆ ਮਾਰਕੀਟਿੰਗ ਦੀ ਗਰੰਟੀ ਲਈ, ਜਾਂ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਾਹੁੰਦੇ ਹੋਂ ਤਾਂ ਬੈਸਟ ਅਤੇ ਭਰੋਸੇਮੰਦ ਸਰਵਿਸ ਲਈ ਮੈਨੂੰ ਕਾਲ ਕਰੋ।


Also Get Free Home Inspection & Attorney Service

JESSE SINGH
Ph: 847-606-3664

E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060

Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

GoldenKey LENDING

ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

HOME LOANS MADE SIMPLE

The feeling of attachment, togetherness
We understand what a home means



*Manny Singh Nagra*
*Principal Broker*
*Star Alliance Brokerage, INC*
*Contact Us at*
317-620-4100
317-750-1900

REAL ESTATE | RESIDENTIAL & COMMERCIAL
325 S. College Avenue, Indianapolis, Indiana 46202

NMLS 147421
www.goldenkeylending.com

# ਗੁਰਦੁਆਰਾ ਪੈਲਾਟਾਈਨ ਵਿਖੇ ਗਰਮੀਆਂ ਦੀ ਕਾਰਸੇਵਾ ਕਰਵਾਈ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਸਾਹਿਬ, ਪੈਲਾਟਾਈਨ ਵਿਖੇ ਸਾਧ ਸੰਗਤ ਵਲੋਂ ਕਮੇਟੀ ਅਤੇ ਕਾਰਸੇਵਕਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੰਘੀ 27 ਅਗਸਤ, ਦਿਨ ਸ਼ਨਿਚਰਵਾਰ ਨੂੰ ਸਵੇਰੇ 8 ਵਜੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗਰਮੀਆਂ ਦੀ ਕਾਰਸੇਵਾ ਅਰੰਭ ਕੀਤੀ ਗਈ। ਇਸ ਕਾਰ ਸੇਵਾ ਵਿਚ ਸ਼ਾਮਲ ਹੋਣ ਲਈ ਗੁਰਦੁਆਰੇ ਦੇ ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਨੇ ਸਾਧ ਸੰਗਤ ਨੂੰ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਪ੍ਰੇਰਿਆ ਜਾ ਰਿਹਾ ਸੀ। ਇਸ ਤੋਂ ਇਲਾਵਾ ਪਿਛਲੇ ਦਿਨੀਂ ਗਿਆਨੀ ਭਾਈ ਪਿੰਦਰਪਾਲ ਸਿੰਘ ਜੀ ਨੇ ਕਥਾ ਰਾਹੀਂ ਸਾਧ ਸੰਗਤ ਨੂੰ ਸੇਵਾ ਬਾਰੇ ਪੂਰਨ ਜਾਣਕਾਰੀ ਦੇ ਨਾਲ ਨਾਲ ਸੇਵਾ ਕਰਨ ਵਾਸਤੇ ਵੀ ਪ੍ਰੇਰਿਆ ਸੀ। ਗੁਰੂ ਘਰ ਦੇ ਕਾਰਸੇਵਕਾਂ ਨੇ ਇਕ ਹਫਤਾ ਪਹਿਲਾਂ ਪੂਰੀ ਤਿਆਰੀ ਕੀਤੀ ਅਤੇ ਨਾਲ-ਨਾਲ ਕਾਰਸੇਵਾ ਦੇ ਕਈ ਕੰਮਾਂ ਦਾ ਵੀ ਨਿਪਟਾਰਾ ਕੀਤਾ। ਇਸ ਦੌਰਾਨ ਲੰਗਰ ਦੇ ਸੇਵਾਦਾਰ ਹਰਜੀਤ ਸਿੰਘ ਨੇ ਚਾਹ ਅਤੇ ਨਾਸ਼ਤੇ ਦੀ ਸੇਵਾ ਬਾਖੂਬੀ ਸਾਰਾ ਦਿਨ ਨਿਭਾਈ।













ਦੱਸਣਯੋਗ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਅਗਸਤ 2008 ਤੋਂ ਕਾਰਸੇਵਾ ਥੋੜ੍ਹੇ ਜਿਹੇ ਔਜ਼ਾਰਾਂ ਨਾਲ ਸ਼ੁਰੂ ਹੋਈ ਸੀ ਅਤੇ ਇਸ ਸਮੇਂ ਤਕਰੀਬਨ 50,000 ਡਾਲਰ ਤੋਂ ਉਪਰ ਉਟੋ, ਲਅੱਨਮੌਇਰ, ਫੌਇਰ ਠੋਲਸ, ਅਰਦ ਟੋਲਸ ਹਨ। ਹਰ ਸਾਲ ਕਾਰਸੇਵਕ ਗੁਰੂ ਘਰ ਵਿਖੇ ਤਿੰਨ ਵੱਡੀਆਂ ਕਾਰਸੇਵਾ ਕਰਵਾਉਂਦੇ ਹਨ। ਪਰਨਿਗ ਵਿਸਾਖੀ ਤੋਂ ਪਹਿਲਾਂ, Summer ਗਰਮੀਆਂ ਵਿਚ ਅਤੇ ਅਲਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ। ਇਸ ਦੌਰਾਨ ਗੁਰਦੁਆਰਾ ਸਾਹਿਬ ਦੀ ਅੰਦਰੋਂ ਤੇ ਬਾਹਰੋਂ ਸਫ਼ਾਈ, ਰੁੱਖਾਂ, ਪੌਦਿਆਂ ਅਤੇ ਵਾਤਾਵਰਨ ਦੀ ਸੇਵਾ ਸੰਭਾਲ ਹੁੰਦੀ ਹੈ। ਬਾਕੀ ਨਿਸ਼ਕਾਮ ਕਾਰਸੇਵਕ ਕਾਰਸੇਵਾ ਵਾਸਤੇ ਸੋਮਵਾਰ, ਮੰਗਲਵਾਰ, ਬੁੱਧਵਾਰ ਤੇ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਆਉਂਦੇ ਹਨ, ਜਿਸ ਦੌਰਾਨ ਘਾਹ ਦੀ ਕਟਾਈ, ਰੁੱਖਾਂ, ਪੌਦਿਆਂ ਅਤੇ ਬਾਹਰਲੇ ਵਾਤਾਵਰਨ ਦੀ ਸੇਵਾ ਸੰਭਾਲ ਵਾਸਤੇ ਲਗਾਤਾਰ ਸੇਵਾ ਕਰਦੇ ਹਨ।

ਇਸ ਵਾਰ ਕਾਰਸੇਵਾ ਵਿਚ ਸਭ ਉਮਰ ਵਰਗ ਦੇ 170 ਤੋਂ ਵੱਧ ਕਾਰਸੇਵਕਾਂ ਨੇ ਤਨ, ਮਨ ਤੇ ਧਨ ਨਾਲ ਯੋਗਦਾਨ ਪਾਇਆ ਅਤੇ ਉਲੀਕੇ ਹੋਏ ਕੰਮਾਂ ਤੋਂ ਜ਼ਿਆਦਾ ਕਾਰਸੇਵਾ ਦੇ ਕਾਰਜ ਕੀਤੇ। ਹਫਤਾ ਕੁ ਪਹਿਲਾਂ ਗੁਰੂ ਘਰ ਦੀਆਂ ਸਮੂਹ ਕਮੇਟੀਆਂ ਦੇ 60 ਦੇ ਕਰੀਬ Elected ਤੇ selected ਮੈਂਬਰਾਂ ਨੂੰ ਕਾਰਸੇਵਾ ਵਾਸਤੇ ਈ-ਮੇਲ ਰਾਹੀਂ ਜਾਣੂ ਕਰਵਾਇਆ ਗਿਆ ਸੀ ਅਤੇ ਕਾਰਸੇਵਕ ਇਨ੍ਹਾਂ ਨੂੰ ਗੁਰਦੁਆਰਾ ਕਾਰਸੇਵਾ ਗਰੁੱਪ ਵਿਚ ਪਾ ਰਹੇ ਹਨ ਤਾਂ ਕਿ ਗੁਰੂ ਘਰ ਵਿਖੇ ਕਾਰਸੇਵਕਾਂ ਦੀ ਰੋਜ਼ਾਨਾ ਕਾਰਸੇਵਾ ਦੀ ਜਾਣਕਾਰੀ ਮਿਲਦੀ ਰਹੇ। ਤਰਲੋਚਨ ਸਿੰਘ ਮੁਲਤਾਨੀ ਨੇ ਸੁੱਖਆਸਣ, ਪ੍ਰਕਾਸ਼ ਅਸਥਾਨ, ਦੀਵਾਨ ਹਾਲ ਅਤੇ ਦੂਸਰੀ ਮੰਜ਼ਲ 'ਤੇ ਸਭ ਕਮਰਿਆਂ ਦੀ ਸਾਫ ਸਫ਼ਾਈ ਕੀਤੀ ਤੇ ਕਰਵਾਈ। ਲਖਬੀਰ ਸਿੰਘ ਸੰਧੂ ਤੇ ਦਾਰਾ ਸਿੰਘ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸੇਵਾ ਕੀਤੀ ਤੇ ਕਰਵਾਈ।

ਕਾਰਸੇਵਾ ਦੇ ਜਥੇਦਾਰ ਅਤੇ ਪ੍ਰੀਤਵਾਨ ਕਾਰਸੇਵਕਾਂ co-ordinators ਨੇ ਕਾਰਸੇਵਾ ਦੀ ਸੂਚੀ ਅਨੁਸਾਰ ਆਪੋ ਆਪਣੇ ਮੋਰਚੇ ਸੰਭਾਲੇ। ਜਲੰਧਰ ਵਾਲੇ ਕੀਰਤਨੀ ਜਥੇ ਦੇ 6 ਬੱਚਿਆਂ ਮਨਵੀਰ ਸਿੰਘ, ਅਮਤੇਜ ਸਿੰਘ, ਮਨਮੀਤ ਸਿੰਘ, ਸੁਖਸਾਗਰ ਸਿੰਘ, ਮਨਪ੍ਰਗਾਸ ਸਿੰਘ, ਸੁਖਅੰਮ੍ਰਿਤ ਸਿੰਘ ਨੂੰ ਗੁਰੂ ਘਰ ਦੀ ਕਾਰਸੇਵਾ ਕਰਨ ਦੀ ਸਿਖਲਾਈ ਅਤੇ ਕਾਰਸੇਵਾ ਤੋਂ ਪਹਿਲਾਂ ਆਪਣੀ ਹਿਫਾਜ਼ਤ ਦੀ ਸਿਖਲਾਈ ਕਾਰਸੇਵਾ ਦੇ ਕੋ-ਆਰਡੀਨੇਟਰ ਅਮਰਜੀਤ ਸਿੰਘ ਨੇ ਅੱਾ ਅਨਦ ਅਨੁਸਾਰ ਦਿੱਤੀ ਜੋ ਕਿ ਬਹੁਤ ਜ਼ਰੂਰੀ ਹੈ। ਇਸ ਨੌਜਵਾਨ ਜਥੇ ਨੇ ਸ਼ੀਸ਼ਿਆਂ, ਦਰਵਾਜ਼ੇ, ਖਿੜਕੀਆਂ ਤੇ ਦੀਵਾਰਾਂ ਦੀ ਅੰਦਰੋਂ-ਬਾਹਰੋਂ ਸਫ਼ਾਈ ਬਹੁਤ ਦਿਲਚਸਪੀ ਨਾਲ ਕੀਤੀ। ਇਨ੍ਹਾਂ ਬੱਚਿਆਂ ਦੀ ਸੇਵਾ ਭਾਵਨਾ ਸਲਾਹੁਣਯੋਗ ਸੀ। ਕੂੜੇਦਾਨਾਂ ਤੇ ਆਲੇ- ਦੁਆਲੇ ਦੀ ਸਫ਼ਾਈ ਭਾਈ ਕੇਹਰ ਸਿੰਘ ਤੇ ਉਨ੍ਹਾਂ ਦੇ ਪੁੱਤਰਾਂ ਦੀ ਕੰਪਨੀ ਨੇ ਹਮੇਸ਼ਾ ਵਾਂਗ ਨਿਭਾਈ ਅਤੇ 1050 ਡੀਅਰ ਅਵੀਨਿਊ ਦੀ ਬੇਸਮੈਂਟ ਦੇ ਕਮਰਿਆਂ ਦੀ ਮੁਰੰਮਤ ਕੀਤੀ। ਕੇਹਰ ਸਿੰਘ ਤੇ ਉਨ੍ਹਾਂ ਦੀ ਕੰਪਨੀ ਪਿਛਲੇ 13-14 ਸਾਲਾਂ ਤੋਂ ਗੁਰੂਘਰ ਵਿਖੇ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਰੁੱਖਾਂ, ਪੌਦਿਆਂ ਤੇ ਸਦਾਬਹਾਰ ਪੌਦਿਆਂ ਦੀ ਸਫਾਈ ਤੇ ਕਟਾਈ ਦੀ ਸੇਵਾ ਜਥੇਦਾਰ ਕਰਮਬੀਰ ਸਿੰਘ ਢਿੱਲੋਂ, ਜਥੇਦਾਰ ਭਰਪੂਰ ਸਿੰਘ, ਕੁਲਵਿੰਦਰ ਸਿੰਘ ਚਾਹਲ, ਹਰਜਿੰਦਰ ਸਿੰਘ ਧਾਲੀਵਾਲ ਅਤੇ ਪ੍ਰੀਤਵਾਨ ਕਾਰਸੇਵਕਾਂ ਨੇ ਗਰਮੀ ਦੀ ਪ੍ਰਵਾਹ ਨਾ ਕਰਦੇ ਹੋਏ ਪੂਰਾ ਦਿਨ ਬਾਖੂਬੀ ਨਿਭਾਈ, ਜਿਸ ਦੀ ਵਨੇਟਕਾ ਸਟਰੀਟ 'ਤੇ ਸੈਰ ਕਰਦੇ ਗੁਆਂਢੀ ਪ੍ਰਸ਼ੰਸਾ ਕਰ ਰਹੇ ਸਨ। ਵੱਡੀ ਝੀਲ ਦੇ ਕਿਨਾਰਿਆਂ ਦੀ ਸਫ਼ਾਈ ਜਥੇਦਾਰ ਭਜਨ ਸਿੰਘ ਮਾਂਗਟ, ਸਤਨਾਮ ਸਿੰਘ ਗਿੱਲ, ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ ਮਾਂਗਟ, ਕੁਲਜੀਤ ਸਿੰਘ ਭੰਗੂ, ਇਕਬਾਲ ਸਿੰਘ ਜੱਜ ਅਤੇ ਕਾਰਸੇਵਕਾਂ ਨੇ ਕੀਤੀ, ਜਿਨ੍ਹਾਂ ਦੀਆਂ ਕਮੀਜ਼ਾਂ ਗਰਮੀ ਵਿਚ ਪਸੀਨੇ ਨਾਲ ਭਿੱਜੀਆਂ ਹੋਈਆਂ ਸਨ ਪਰ ਸੇਵਾ ਕਰਨ ਦਾ ਜੋਸ਼ ਸਲਾਹੁਣਯੋਗ ਸੀ। ਨਰਿੰਦਰ ਸਿੰਘ ਮਾਹਲ ਤੇ ਗੁਰਬਚਨ ਸਿੰਘ ਸੰਧੂ ਨੇ ਚਾਹ-ਪਾਣੀ ਦੀ ਸੇਵਾ ਕੀਤੀ। ਠੰਢ ਤੇ ਗਰਮੀ ਕਰਨ ਵਾਲੀਆਂ ਮਸ਼ੀਨਾਂ ਦੇ ਫਿਲਟਰਾਂ ਦੀ ਬਦਲੀ ਤਰਲੋਚਨ ਸਿੰਘ ਢਿੱਲੋਂ ਨੇ ਕੀਤੀ।

ਫੁੱਲਾਂ ਦੀਆਂ ਕਿਆਰੀਆਂ ਦੀ ਸਾਫ-ਸਫ਼ਾਈ ਦੀ ਸੇਵਾ ਬੀਬੀ ਪ੍ਰਵੇਸ਼ ਕੌਰ ਮਹਿਤਾ ਜੋ ਪਿਛਲੇ 13-14 ਸਾਲਾ ਤੋਂ ਇਹ ਕਾਰਜ ਕਰਦੇ ਆ ਰਹੇ ਹਨ ਅਤੇ ਸਹਾਇਕ ਸੇਵਾਦਾਰਾਂ ਨੇ ਨਿਭਾਈ। ਖਾਦਾਂ ਰਹਿਤ ਬਗੀਚੇ ਦੀ ਸਫ਼ਾਈ trimming, edging , prunning ਕੀਤੀ ਗਈ। ਰਾਜਿੰਦਰ ਸਿੰਘ ਬਾਸੀ ਤੇ ਕਾਰਸੇਵਕਾਂ ਨੇ ਨਿਸ਼ਾਨ ਸਾਹਿਬ ਦੇ ਆਲੇ ਦੁਆਲੇ ਰਸਤਿਆਂ ਨੂੰ 'ਤੇ ਜੰਮੀ ਉਲੀ ਲਾਹੀ। ਕਾਰਸੇਵਾ ਦੀ ਵਰਕਸ਼ਾਪ ਤੇ ਸ਼ੈੱਡ ਦੀ ਸਫਾਈ ਕਰ ਕੇ ਯਾਰਡ ਟੂਲਸ ਨੂੰ ਤਰਤੀਬ ਨਾਲ ਰੱਖਿਆ ਗਿਆ। ਕਾਰਸੇਵਾ ਦੇ ਜਥੇਦਾਰ ਉਂਕਾਰ ਸਿੰਘ ਢਿੱਲੋਂ ਨੇ ਸਦਾਬਹਾਰ ਝਾੜੀਆਂ ਦੀ ਕਟਾਈ ਕੀਤੀ ਅਤੇ ਰਹਿ ਗਏ ਕੰਮਾਂ ਬਾਰੇ ਯਾਦ ਕਰਵਾਇਆ। ਕਾਰਸੇਵਾ Inventories ਦੇ ਕੋ-ਆਰਡੀਨੇਟਰ ਬਲਦੇਵ ਸਿੰਘ ਗਿਲ ਅਤੇ ਕੁਲਬੀਰ ਸਿੰਘ ਦਿਓਲ ਨੇ ਇਕ ਹਫਤਾ ਪਹਿਲਾਂ ਸ਼ੈਡ ਦੀ ਸਫਾਈ ਤੇ ਗਿਣਤੀ ਸ਼ੁਰੂ ਕਰ ਦਿੱਤੀ ਸੀ। ਇਸ ਟੀਮ ਨੂੰ ਕੁਲਜੀਤ ਸਿੰਘ ਭੰਗੂ ਨਾਲ ਜੋੜਿਆ ਗਿਆ ਹੈ।

ਕਾਰਸੇਵਾ ਦੌਰਾਨ ਜਥੇਦਾਰ ਗੁਰਮੀਤ ਸਿੰਘ ਖਾਲਸਾ ਤੇ ਪਰਿਵਾਰ ਵਲੋਂ ਸਵਰਗਵਾਸੀ ਬੀਬੀ ਰਾਜਿੰਦਰ ਕੌਰ ਢਿੱਲੋਂ ਨਮਿੱਤ ਅਖੰਡ ਪਾਠ ਚੱਲ ਰਹੇ ਸਨ। ਪਰਿਵਾਰ ਵਲੋਂ ਉਨ੍ਹਾਂ ਦੀ ਯਾਦ ਵਿਚ ਗੁਰੂ ਘਰ ਵਿਖੇ ਇਕ ਰੁੱਖ ਲਾਉਣ ਵਾਸਤੇ $500/ ਦੀ ਸੇਵਾ ਕੀਤੀ।

ਬਲਦੇਵ ਸਿੰਘ ਗਿੱਲ, ਕੁਲਬੀਰ ਸਿੰਘ ਦਿਓਲ ਤੇ ਮਨਮਿੰਦਰ ਸਿੰਘ ਭੱਠਲ ਨੇ ਸਫ਼ਾਈ ਦਾ ਸਾਮਾਨ ਲੋੜ ਅਨੁਸਾਰ ਕਾਰਸੇਵਕਾਂ ਨੂੰ ਮੁਹੱਈਆ ਕਰ ਕੀਤਾ ਅਤੇ ਸੇਵਾ ਵਿਚ ਆਉਣ ਵਾਲਿਆਂ ਨੂੰ ਕਾਰਸੇਵਾ ਵਿਚ ਦਿੱਤੇ ਗਏ ਕੰਮਾਂ ਦੀ ਸੂਚੀ ਅਨੁਸਾਰ ਜਥੇਦਾਰ ਅਤੇ ਕੋ-ਆਰਡੀਨੇਟਰ ਨੂੰ ਰਿਪੋਰਟ ਕਰਨ ਵਾਸਤੇ ਬੇਨਤੀਆਂ ਕੀਤੀਆਂ। ਜਗਦੇਵ ਸਿੰਘ ਢਿੱਲੋਂ ਨੇ ਆਪਣੇ ਬੇਟੇ ਬਲਰਾਜ ਸਿੰਘ ਪਾਸੋਂ ਦੋ ਕਹੀਆਂ, ਦੋ ਦਾਤਰੀਆਂ ਤੇ ਦੋ ਰੰਬਿਆਂ ਦੀ ਕੈਨੇਡਾ ਤੋਂ ਸੇਵਾ ਕਰਨ ਦੀ ਬੇਨਤੀ ਕੀਤੀ ਸੀ ਜਿਨ੍ਹਾਂ ਦੀ ਸੇਵਾ ਵਾਲੇ ਦਿਨ ਵਰਤੋਂ ਕੀਤੀ ਗਈ। ਜਿਸ ਲਈ ਕਾਰਸੇਵਕ ਢਿੱਲੋਂ ਪਰਿਵਾਰ ਦੇ ਧੰਨਵਾਦੀ ਹਨ। ਇਸ ਤੋਂ ਇਲਾਵਾ ਗੁਰੂ ਘਰ ਦੇ ਪ੍ਰੀਤਵਾਨ ਸੱਜਣਾਂ ਨੇ ਗੁਰੂ ਘਰ ਦੀ ਕਾਰਸੇਵਾ ਨੂੰ ਹੋਰ ਪ੍ਰਫੁਲਿੱਤ ਕਰਨ ਵਾਸਤੇ ਮਾਇਆ ਦੀ ਸੇਵਾ ਨਾਲ ਯੋਗਦਾਨ ਪਾਇਆ। ਸੁਸਾਇਟੀ ਦੇ ਵਪਾਰਕ ਭਾਈਚਾਰੇ ਨੇ ਇਸ ਸੇਵਾ ਵਿਚ ਤਨ, ਮਨ ਤੇ ਧਨ ਨਾਲ ਯੋਗਦਾਨ ਪਾਇਆ।

ਨੌਜਵਾਨ ਪੀੜ੍ਹੀ ਸਕੂਲਾਂ ਦੇ ਬੱਚਿਆਂ ਸਾਹਿਬ ਸਿੰਘ, ਪ੍ਰਿੰਸ ਸਿੰਘ, ਨਵਦੇਵ ਸਿੰਘ, ਕੁਲਤਾਜ ਸਿੰਘ, ਏਕਮ ਸਿੰਘ, ਸਿਮਰਨ ਕੌਰ, ਜਸਮੀਨ ਰੰਧਾਵਾ, ਰਮਣੀਕ ਰੰਧਾਵਾ, ਮਹਿਤਾਬ ਸਿੰਘ ਕੰਡੋਲਾ, ਜਸਕੀਰਤ ਸਿੰਘ, ਸਿਮਰਤ ਕੌਰ, ਗੁਰਨੀਤ ਕੌਰ, ਬੁਲੰਦ ਸਿੰਘ, ਸੁਖਮਜੀਤ ਸਿੰਘ, ਨਵਰੂਪ ਕੌਰ, ਅਨੂ ਮਲਹੋਤਰਾ, ਯਸ਼ ਸਿੰਘ, ਮਨਜੋਤ ਸਿੰਘ, ਜਗਤਜੋਤ ਸਿੰਘ ਨੇ ਕਾਰਸੇਵਾ ਵਿਚ ਬਹੁਤ ਉਤਸ਼ਾਹ ਦਿਖਾਇਆ। ਨਵੀਂ ਪੀੜ੍ਹੀ ਦਾ ਕਾਰਸੇਵਾ ਨਾਲ ਜੁੜਨਾ ਗੁਰੂ ਘਰ ਦੀ ਕਾਰਸੇਵਾ ਦਾ ਉੱਜਲ ਭਵਿੱਖ ਦਰਸਾਉਂਦਾ ਹੈ।

ਪੀਜ਼ਾ ਦੇ ਲੰਗਰ ਦੀ ਸੇਵਾ ਪਰਮਿੰਦਰ ਸਿੰਘ ਵਾਲੀਆ ਨੇ ਕੀਤੀ, ਜਿਸ ਵਿਚ ਪਾਲ ਸਿੰਘ ਧਾਲੀਵਾਲ ਨੇ ਸਹਿਯੋਗ ਦਿੱਤਾ। ਪੀਜ਼ਾ ਲੰਗਰ ਤੋਂ ਬਾਅਦ ਸਮੂਹ ਕਾਰਸੇਵਕਾਂ ਨੇ ਲੰਗਰ ਹਾਲ ਵਿਚ ਗੁਰੂ ਘਰ ਦੀ ਕਾਰਸੇਵਾ ਦੀ ਚੜ੍ਹਦੀਕਲਾ ਵਾਸਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਏ। ਸਾਬਕਾ ਪ੍ਰਧਾਨ ਸ਼ਿਵਚਰਨ ਸਿੰਘ ਘੁਮਾਣ ਅਤੇ ਜਗਦੀਸ਼ਰ ਸਿੰਘ ਘੁਮਾਣ ਨੇ ਦੂਰੋਂ ਆ ਕੇ ਕਾਰਸੇਵਾ ਵਿਚ ਯੋਗਦਾਨ ਪਾਇਆ। ਭਟਨੂਰਾ ਭਰਾਵਾਂ ਕਰਮਜੀਤ ਸਿੰਘ ਭਟਨੂਰਾ ਅਤੇ ਸੰਤੋਖ ਸਿੰਘ ਭਟਨੂਰਾ ਨੇ ਬਿਲਡਿੰਗ ਦੀ ਬਾਹਰੋਂ ਸਾਫ ਸਫ਼ਾਈ ਵਿਚ ਯੋਗਦਾਨ ਪਾਇਆ।

ਅੰਦਰ ਬਾਹਰ ਰਹਿ ਗਈ ਸੇਵਾ ਦੀ ਲਿਸਟ ਮੁਤਾਬਕ ਸੇਵਾ ਚੱਲ ਰਹੀ ਹੈ। ਬਾਕੀ ਕਾਰਸੇਵਕ ਕਾਰਸੇਵਾ ਦੀ ਵਰਕਸ਼ਾਪ ਨੂੰ ਹੋਰ ਵੀ ਆਧੁਨਿਕ HVAC ਅਤੇ ਕਿੱਲ ਕਾਂਟੇ, ਬਿਜਲੀ ਤੇ plumbing ਦੇ hardwares ਤੇ tools ਨੂੰ ਨਵੀਂ ਤਰਤੀਬ ਦੇ ਰਹੇ ਹਨ ਤਾਂ ਕਿ ਇਨ੍ਹਾਂ ਨੂੰ ਲੱਭਣ ਵਿਚ ਮੁਸ਼ਕਲ ਨਾ ਆਵੇ ਅਤੇ ਸਮਾਂ, ਮਜ਼ਦੂਰੀ ਤੇ ਪੈਸੇ ਦੀ ਬੱਚਤ ਹੋਵੇ।

ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ, ਸਾਧ ਸੰਗਤ, ਧਾਰਮਿਕ, ਸਭਿਆਚਾਰ ਤੇ ਖੇਡ ਸੰਸਥਾਵਾਂ ਨੂੰ ਬੇਨਤੀ ਹੈ ਕਿ ਉਹ ਤਨ, ਮਨ, ਤੇ ਧਨ ਨਾਲ ਕਾਰਸੇਵਾ ਵਿਚ ਆਪਣਾ ਬਣਦਾ ਯੋਗਦਾਨ ਪਾਉਣ। ਕਾਰਸੇਵਾਕਾਂ ਦਾ ਟੀਚਾ ਹੱਥੀਂ ਕਾਰਸੇਵਾ ਕਰ ਕੇ ਗੁਰੂ ਕੀ ਗੋਲਕ ਵਿਚਲੀ ਮਾਇਆ ਦੀ ਬੱਚਤ ਕਰਨੀ ਹੈ ਤਾਂ ਜੋ ਇਸ ਮਾਇਆ ਨੂੰ ਕਿਸੇ ਚੰਗੇ ਕਾਰਜ ਵਾਸਤੇ ਵਰਤ ਲਿਆ ਜਾਵੇ।

# ਸੁਖਬੀਰ ਬਾਦਲ ਨੇ ਦਸ ਸਾਲ ਲਈ ਹੋਰ ਪੱਕੀ ਕੀਤੀ ਪ੍ਰਧਾਨਗੀ ਦੀ ਕੁਰਸੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਖੁੱਸੀ ਹੋਈ ਸਿਆਸੀ ਜ਼ਮੀਨ ਮੁੜ ਤੋਂ ਹਾਸਲ ਕਰਨ ਲਈ ਜਥੇਬੰਦਕ ਤਬਦੀਲੀਆਂ ਕਰਨ ਦਾ ਐਲਾਨ ਕੀਤਾ ਹੈ। ਸ੍ਰੀ ਬਾਦਲ ਨੇ ਆਖਿਆ ਹੈ ਕਿ ਪਾਰਟੀ ਪ੍ਰਧਾਨ ਲਗਾਤਾਰ ਦੋ ਟਰਮਾਂ ਲਈ ਅਹੁਦੇ 'ਤੇ ਬਣਿਆ ਰਹਿ ਸਕਦਾ ਹੈ। ਪ੍ਰਧਾਨ ਦਾ ਇਕ ਵਾਰ ਦਾ ਕਾਰਜਕਾਲ ਪੰਜ ਸਾਲਾਂ ਦਾ ਹੋਵੇਗਾ। ਇਸੇ ਤਰ੍ਹਾਂ ਚੋਣਾਂ ਦੌਰਾਨ ਇਕ ਪਰਿਵਾਰ 'ਚ ਇਕ ਹੀ ਟਿਕਟ ਦੇਣ, ਜ਼ਿਲ੍ਹਾ ਪ੍ਰਧਾਨਾਂ ਦੇ ਚੋਣ ਲੜਨ 'ਤੇ ਰੋਕ ਲਾਉਣ ਅਤੇ ਸੱਤਾ 'ਚ ਆਉਣ ਦੀ ਸੂਰਤ ਵਿਚ ਚੇਅਰਮੈਨੀਆਂ ਪਾਰਟੀ ਆਗੂਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੀ ਥਾਂ ਵਰਕਰਾਂ ਨੂੰ ਦੇਣ ਦਾ ਫੈਸਲਾ ਲਿਆ ਗਿਆ ਹੈ। ਪਾਰਟੀ ਪ੍ਰਧਾਨ ਨੇ ਅਕਾਲੀ ਦਲ ਦੀ ਕੋਰ ਕਮੇਟੀ ਵਿਚ ਨਵੇਂ ਚਿਹਰੇ ਸ਼ਾਮਲ ਕਰਨ ਦਾ ਐਲਾਨ ਵੀ ਕੀਤਾ।

ਸੁਖਬੀਰ ਸਿੰਘ ਬਾਦਲ ਦੇ ਕਹਿਣ ਮੁਤਾਬਕ ਪ੍ਰਧਾਨ ਦੋ ਵਾਰੀਆਂ, ਭਾਵ ਦਸ ਸਾਲ ਤੋਂ ਵੱਧ ਲਗਾਤਾਰ ਆਪਣੇ ਅਹੁਦੇ ਉਤੇ ਨਹੀਂ ਰਹੇਗਾ। ਇਕ ਪਰਿਵਾਰ ਨੂੰ ਇਕੋ ਟਿਕਟ ਦਿੱਤੀ ਜਾਣੀ ਹੈ। ਸਿਧਾਂਤਕ ਤੌਰ ਉਤੇ ਸਵਾਲ ਖੜ੍ਹਾ ਹੈ ਕਿ ਇਕ ਵਿਅਕਤੀ ਇਕ ਅਹੁਦੇ ਵਾਲਾ ਜੋ ਅਸੂਲ ਸਰਕਲ ਅਤੇ ਜ਼ਿਲ੍ਹਾ ਪ੍ਰਧਾਨ ਉਤੇ ਲਾਗੂ ਹੋਵੇਗਾ, ਉਹ ਪਾਰਟੀ ਪ੍ਰਧਾਨ ਉਤੇ ਲਾਗੂ ਕਿਉਂ ਨਹੀਂ ਹੋਵੇਗਾ? ਪਾਰਟੀ ਪ੍ਰਧਾਨ ਉਤੇ ਦਸ ਸਾਲਾ ਕਾਰਜਕਾਲ ਦਾ ਅਸੂਲ ਪਿਛਾਂਹ ਤੋਂ ਨਹੀਂ, ਅਗਲੇ ਸਮੇਂ ਤੋਂ ਲਾਗੂ ਹੋਵੇਗਾ। ਝੂੰਦਾਂ ਕਮੇਟੀ ਨੇ ਉਪਰਲੇ ਸਾਰੇ ਆਗੂਆਂ ਦੀ ਤਬਦੀਲੀ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਇਹ ਤੈਅ ਹੈ ਕਿ ਸੁਖਬੀਰ ਬਾਦਲ ਨੇ ਦਸ ਸਾਲਾਂ ਲਈ ਆਪਣੀ ਪ੍ਰਧਾਨਗੀ ਵਾਲੀ ਕੁਰਸੀ ਹੋਰ ਪੱਕੀ ਕਰ ਲਈ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਸਾਲ 2027 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 117 ਹਲਕਿਆਂ ਲਈ ਦਿੱਤੀਆਂ ਜਾਣ ਵਾਲੀਆਂ ਪਾਰਟੀ ਦੀਆਂ ਟਿਕਟਾਂ 'ਚੋਂ 50 ਫੀਸਦੀ ਟਿਕਟਾਂ 50 ਸਾਲ ਤੋਂ ਘੱਟ ਉਮਰ ਦੇ ਵਰਕਰਾਂ ਜਿਨ੍ਹਾਂ ਵਿਚ ਮਹਿਲਾਵਾਂ ਵੀ ਸ਼ਾਮਲ ਹੋਣਗੀਆਂ, ਨੂੰ ਦਿੱਤੀਆਂ ਜਾਣਗੀਆਂ। ਇਨ੍ਹਾਂ ਐਲਾਨਾਂ ਨੂੰ ਇਤਿਹਾਸਕ ਕਰਾਰ ਦਿੰਦਿਆਂ ਪਾਰਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੱਧ ਤੋਂ ਵੱਧ ਦਸ ਸਾਲਾਂ ਜਾਂ ਦੋ ਟਰਮਾਂ ਲਈ ਅਹੁਦੇ 'ਤੇ ਬਣਿਆ ਰਹਿ ਸਕਦਾ ਹੈ। ਉਸ ਤੋਂ ਬਾਅਦ ਇਕ ਵਾਰ ਬਰੇਕ ਲੈ ਕੇ ਅਗਲੀ ਵਾਰ ਫਿਰ ਪ੍ਰਧਾਨ ਦੀ ਚੋਣ ਲੜ ਸਕਦਾ ਹੈ। ਵਿਧਾਨ ਸਭਾ ਜਾਂ ਸੰਸਦੀ ਚੋਣਾਂ ਦੌਰਾਨ ਇਕ ਪਰਿਵਾਰ ਵਿਚ ਸਿਰਫ ਇਕ ਹੀ ਟਿਕਟ ਦਿੱਤੀ ਜਾਵੇਗੀ। ਪਾਰਟੀ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਨਾਲ ਸਬੰਧਤ ਜੋ ਆਗੂ ਜਾਂ ਮੈਂਬਰ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ, ਅਜਿਹੇ ਵਿਅਕਤੀ ਦਾ ਸਿੱਖੀ ਸਰੂਪ ਵਿਚ ਪਰਿਪੱਕ ਹੋਣਾ ਜ਼ਰੂਰੀ ਹੋਵੇਗਾ ਪਰ ਇਹ ਨਿਯਮ ਹੋਰਨਾਂ ਵਰਗਾਂ ਨਾਲ ਸਬੰਧ ਰੱਖਦੇ ਪਾਰਟੀ ਆਗੂਆਂ ਜਾਂ ਵਰਕਰਾਂ 'ਤੇ ਲਾਗੂ ਨਹੀਂ ਹੋਵੇਗਾ। ਪਾਰਟੀ ਦੇ ਜਥੇਬੰਦਕ ਢਾਂਚੇ ਦੀ ਚੋਣ ਬਾਰੇ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਬੂਥ ਪ੍ਰਧਾਨ, ਬੂਥ ਪ੍ਰਧਾਨ ਇਸਤਰੀ ਵਿੰਗ, ਬੂਥ ਪ੍ਰਧਾਨ ਯੂਥ ਵਿੰਗ ਦੀ ਚੋਣ ਪਿੰਡ ਵਾਲੇ ਬੂਥ ਦੇ ਲੋਕ ਖੁਦ ਇਕੱਠੇ ਹੋ ਕੇ ਕਰਨਗੇ।

ਇਨ੍ਹਾਂ ਅਹੁਦਿਆਂ ਲਈ ਨਿਯੁਕਤੀਆਂ ਦੀ ਥਾਂ ਸਿਰਫ ਚੋਣ ਹੋਵੇਗੀ। ਉਨ੍ਹਾਂ ਦੱਸਿਆ ਕਿ 25 ਬੂਥ ਪ੍ਰਧਾਨਾਂ ਵਿਚੋਂ ਸਰਕਲ ਪ੍ਰਧਾਨ ਚੁਣਿਆ ਜਾਵੇਗਾ। ਇਸੇ ਤਰ੍ਹਾਂ ਇਸਤਰੀ ਵਿੰਗ ਸਰਕਲ ਪ੍ਰਧਾਨ ਅਤੇ ਸਰਕਲ ਯੂਥ ਵਿੰਗ ਪ੍ਰਧਾਨ ਚੁਣੇ ਜਾਣਗੇ। ਇਸ ਸਾਰੀ ਪ੍ਰਕਿਰਿਆ ਨੂੰ 30 ਨਵੰਬਰ ਤੱਕ ਸਿਰੇ ਚਾੜ੍ਹਿਆ ਜਾਵੇਗਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਾਰਟੀ ਦਾ ਕੋਈ ਵੀ ਜ਼ਿਲ੍ਹਾ ਪ੍ਰਧਾਨ ਕਿਸੇ ਵੀ ਤਰ੍ਹਾਂ ਦੀ ਚੋਣ ਨਹੀਂ ਲੜੇਗਾ। ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਇਕ ਸੰਸਦੀ ਬੋਰਡ ਦਾ ਗਠਨ ਕੀਤਾ ਜਾਵੇਗਾ ਤੇ ਇਹ ਬੋਰਡ ਵਿਧਾਨ ਸਭਾ ਜਾਂ ਸੰਸਦੀ ਚੋਣਾਂ ਲੜਨ ਵਾਲਿਆਂ ਬਾਰੇ ਸਮੀਖਿਆ ਕਰੇਗਾ ਅਤੇ ਜਨ ਆਧਾਰ ਵਾਲੇ ਆਗੂਆਂ ਦੇ ਨਾਮ ਦੀ ਸਿਫਾਰਿਸ਼ ਕਰੇਗਾ। ਇਸੇ ਤਰ੍ਹਾਂ ਕੋਰ ਕਮੇਟੀ ਵਿੱਚ ਨਵੇਂ ਚਿਹਰੇ ਸ਼ਾਮਲ ਕੀਤੇ ਜਾਣਗੇ।



## 'ਸੁਖਬੀਰ ਨੇ ਝੂੰਦਾਂ ਕਮੇਟੀ ਦਾ ਭੋਗ ਪਾਇਆ'

ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਹੋਰ ਦਸ ਵਰ੍ਹਿਆਂ ਲਈ ਆਪਣੇ-ਆਪ ਆਪਣੀ ਪ੍ਰਧਾਨਗੀ ਦੀ ਸਵੈ-ਨਿਯੁਕਤੀ ਦਾ ਸਵੈ-ਐਲਾਨ ਕਰ ਦਿੱਤਾ ਹੈ। ਇੰਜ ਉਨ੍ਹਾਂ ਨੇ ਇਕ ਤਰੀਕੇ ਨਾਲ ਬੜੀ ਹੁਸ਼ਿਆਰੀ ਤੋਂ ਕੰਮ ਲੈਂਦਿਆਂ ਬਹੁ-ਚਰਚਿਤ 'ਝੂੰਦਾਂ ਕਮੇਟੀ' ਦਾ ਰਸਮੀ ਤੌਰ ਉਤੇ ਭੋਗ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਇਸ ਕਮੇਟੀ ਦੀ ਸਭ ਤੋਂ ਮੁੱਢਲੀ ਤੇ ਅਤਿ ਗੰਭੀਰ ਸਿਫਾਰਸ਼ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਿਖਰਲੀ ਲੀਡਰਸ਼ਿਪ ਵਿਚ ਤਬਦੀਲੀ ਕਰਨ ਦੀ ਸੀ, ਪਰ ਉਸ ਮੁੱਦੇ ਉਤੇ ਸੁਖਬੀਰ ਸਿੰਘ ਬਾਦਲ ਨਾ ਸੁਣਨ ਲਈ ਤਿਆਰ ਹਨ ਤੇ ਨਾ ਹੀ ਕਿਸੇ ਸੂਰਤ ਵਿਚ ਮੰਨਣ ਲਈ ਤਿਆਰ ਹਨ।

## ਚਰਚ 'ਚ ਬੇਅਦਬੀ ਦੀ ਘਟਨਾ ਦੀ ਜਾਂਚ ਲਈ ਸਿਟ ਦਾ ਗਠਨ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਠੱਕਰਪੁਰਾ 'ਚ ਇਕ ਗਿਰਜਾਘਰ (ਚਰਚ) ਵਿਚ ਬੇਅਦਬੀ ਅਤੇ ਅੱਗ ਲੱਗਣ ਦੀ ਘਟਨਾ ਦੀ ਪ੍ਰਭਾਵੀ ਅਤੇ ਤੇਜੀ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਹੈ। ਸਿਟ ਦੀ ਅਗਵਾਈ ਫਿਰੋਜ਼ਪੁਰ ਰੇਂਜ ਦੇ ਆਈ.ਜੀ. ਕਰਨਗੇ ਜਿਸ 'ਚ ਤਰਨ ਤਾਰਨ ਦੇ ਐਸ.ਐਸ.ਪੀ. ਅਤੇ ਐਸ.ਪੀ. ਇਨਵੈਸਟੀਗੇਸ਼ਨ ਮੈਂਬਰ ਵਜੋਂ ਸ਼ਾਮਲ ਹੋਣਗੇ। ਮੁੱਖ ਮੰਤਰੀ ਨੇ ਡੀ.ਜੀ.ਪੀ. ਨੂੰ ਸੂਬੇ ਦੀ ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਵਿਰੋਧੀ ਤਾਕਤਾਂ ਵੱਲੋਂ ਅੰਜਾਮ ਦਿੱਤੀ ਇਸ ਘਟਨਾ ਦੀ ਬਾਰੀਕੀ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਸਿਟ ਇਸ ਮਾਮਲੇ ਦੀ ਰੋਜ਼ਾਨਾ ਆਧਾਰ 'ਤੇ ਜਾਂਚ ਕਰੇਗੀ ਅਤੇ ਜਲਦੀ ਤੋਂ ਜਲਦੀ ਅਦਾਲਤ ਵਿਚ ਅੰਤਿਮ ਰਿਪੋਰਟ ਪੇਸ਼ ਕਰਨ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਜਾਂਚ ਵਿਚ ਸਹਾਇਤਾ ਲੈਣ ਲਈ ਸਿਟ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀ ਦਾ ਸਹਿਯੋਗ ਵੀ ਲੈ ਸਕਦੀ ਹੈ। ਡੀ.ਜੀ.ਪੀ. ਨੇ ਕਿਹਾ ਕਿ ਅਮਨ ਕਾਨੂੰਨ ਕਾਇਮ ਰੱਖਣ ਦੇ ਨਾਲ-ਨਾਲ ਪੁਲਿਸ ਸੂਬੇ ਵਿਚ ਸ਼ਾਂਤਮਈ ਮਾਹੌਲ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਵੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਹਰ ਪੱਖ ਤੋਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ ਅਤੇ ਜਲਦੀ ਹੀ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਭਗਵੰਤ ਮਾਨ ਨੇ ਸੰਗਰੂਰ-ਲੁਧਿਆਣਾ ਰੋਡ 'ਤੇ ਦੋ ਟੌਲ ਪਲਾਜ਼ੇ ਬੰਦ ਕਰਵਾਏ

**ਸੰਗਰੂਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਰੂਰ-ਲੁਧਿਆਣਾ ਮੁੱਖ ਸੜਕ 'ਤੇ ਲੱਗੇ ਲੱਡਾ ਅਤੇ ਲਹਿਰਾ ਟੌਲ ਪਲਾਜ਼ੇ ਬੰਦ ਕਰਵਾ ਦਿੱਤੇ ਹਨ। ਮੁੱਖ ਮੰਤਰੀ ਨੇ ਲੱਡਾ ਟੌਲ ਪਲਾਜ਼ਾ 'ਤੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਇਨ੍ਹਾਂ ਟੌਲ ਪਲਾਜ਼ਿਆਂ ਦੇ ਪ੍ਰਬੰਧਕ 20 ਮਹੀਨੇ ਦਾ ਵਾਧਾ ਜਾਂ 50 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕਰ ਰਹੇ ਸਨ ਪਰ ਮੈਂ ਇਸ ਮੰਗ ਨੂੰ ਠੁਕਰਾ ਦਿੱਤਾ ਹੈ ਅਤੇ ਵਡੇਰੇ ਜਨਤਕ ਹਿੱਤ ਵਿਚ ਇਨ੍ਹਾਂ ਟੌਲ ਪਲਾਜ਼ਿਆਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਹਨ।"

ਮੁੱਖ ਮੰਤਰੀ ਨੇ ਕਿਹਾ ਕਿ ਇਹ ਟੌਲ 5 ਸਤੰਬਰ, 2015 ਨੂੰ ਸੱਤ ਸਾਲਾਂ ਲਈ ਸ਼ੁਰੂ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸੱਤ ਸਾਲਾਂ ਤੱਕ ਲੋਕਾਂ ਨੇ ਇਨ੍ਹਾਂ ਟੌਲ ਪਲਾਜ਼ਿਆਂ ਤੋਂ ਲੰਘਣ ਲਈ ਆਪਣੀਆਂ ਜੇਬਾਂ ਵਿਚੋਂ ਵੱਡੀ ਰਕਮ ਖਰਚ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪ੍ਰਬੰਧਕਾਂ ਨੇ ਕੋਵਿਡ ਅਤੇ ਕਿਸਾਨ ਅੰਦੋਲਨ ਕਾਰਨ ਹੋਏ ਭਾਰੀ ਨੁਕਸਾਨ ਦਾ ਹਵਾਲਾ ਦਿੱਤਾ ਸੀ। ਭਗਵੰਤ ਮਾਨ ਨੇ ਕਿਹਾ ਕਿ ਕਰੋਨਾ ਵਿਸ਼ਵਵਿਆਪੀ ਆਫਤ ਸੀ ਅਤੇ ਕਿਸਾਨ ਅੰਦੋਲਨ ਕੇਂਦਰ ਸਰਕਾਰ ਦੇ ਕਾਲੇ ਖੇਤੀ ਕਾਨੂੰਨਾਂ ਦਾ ਸਿੱਟਾ ਸੀ, ਜਿਸ ਲਈ ਕੇਂਦਰ ਸਰਕਾਰ ਨੇ ਬਾਅਦ ਵਿਚ ਮੁਆਫੀ ਵੀ ਮੰਗ ਲਈ ਸੀ।



ਇਸ ਕਾਰਨ ਉਨ੍ਹਾਂ ਪ੍ਰਬੰਧਕਾਂ ਦੀ ਮੁਆਵਜ਼ੇ ਅਤੇ ਸਮਾਂ ਵਧਾਉਣ ਦੀ ਮੰਗ ਨੂੰ ਖਾਰਜ ਕਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਟਾਟਾ ਗਰੁੱਪ ਲੁਧਿਆਣਾ ਨੇੜੇ 2600 ਕਰੋੜ ਰੁਪਏ ਦੇ ਨਿਵੇਸ਼ ਨਾਲ ਇਕ ਵੱਡਾ ਪ੍ਰੋਜੈਕਟ ਸਥਾਪਤ ਕਰੇਗਾ। ਜਮਸ਼ੇਦਪੁਰ ਤੋਂ ਬਾਅਦ ਟਾਟਾ ਸਟੀਲ ਦਾ ਇਹ ਸਭ ਤੋਂ ਵੱਡਾ ਨਿਵੇਸ਼ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸੂਬੇ ਵਿਚ ਹੋਰ ਪ੍ਰਮੁੱਖ ਉਦਯੋਗਿਕ ਪ੍ਰੋਜੈਕਟ ਸਥਾਪਤ ਕੀਤੇ ਜਾਣਗੇ। ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਜਾਂਚ ਚ ਸ਼ਾਮਲ ਕਰਨ ਸਬੰਧੀ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕਿਸੇ ਵੀ ਵਿਅਕਤੀ ਨਾਲ ਪੱਖਪਾਤ ਨਹੀਂ ਕਰੇਗੀ ਅਤੇ ਜਿਸ ਕਿਸੇ ਨੇ ਵੀ ਕੋਈ ਗਲਤ ਕੰਮ ਕੀਤਾ ਹੋਵੇਗਾ, ਉਸ ਨੂੰ ਸਜਾ ਜਰੂਰ ਮਿਲੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਕੁਝ ਸਮੇਂ ਵਿਚ ਹੀ ਸੂਬੇ ਦੀ ਨੁਹਾਰ ਬਦਲ ਜਾਵੇਗੀ ਅਤੇ ਪਾਰਟੀ ਤੇ ਸਰਕਾਰ ਲੋਕਾਂ ਦੀ ਸੇਵਾ ਲਈ ਹਰ ਸਮੇਂ ਹਾਜ਼ਰ ਹੈ।

# ਡੇਰਾ ਰਾਧਾ ਸੁਆਮੀ ਸਮਰਥਕਾਂ ਤੇ ਨਿਹੰਗਾਂ 'ਚ ਝੜਪ, 13 ਜ਼ਖਮੀ

**ਰਈਆ:** ਰਾਧਾ ਸੁਆਮੀ ਸਮਰਥਕਾਂ ਤੇ ਤਰਨਾ ਦਲ ਦੇ ਨਿਹੰਗਾਂ ਵਿਚਾਲੇ ਜੀ.ਟੀ ਰੋਡ ਬਿਆਸ 'ਤੇ ਹੋਈ ਝੜਪ ਵਿਚ 13 ਜਣੇ ਜ਼ਖਮੀ ਹੋ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਧਿਰਾਂ ਵਿਚਾਲੇ ਪੱਥਰਬਾਜ਼ੀ ਹੋਈ ਤੇ ਕਈ ਵਾਹਨ ਨੁਕਸਾਨੇ ਗਏ। ਲੋਕਾਂ ਨੂੰ ਖਿੰਡਾਉਣ ਲਈ ਪੁਲਿਸ ਵੱਲੋਂ ਹਵਾਈ ਫਾਇਰ ਕੀਤੇ ਗਏ, ਜਿਸ ਵਿਚ ਨਿਹੰਗਾ ਦੇ ਪੰਜ, ਡੇਰਾ ਸਮਰਥਕਾਂ ਦੇ ਚਾਰ ਅਤੇ ਇਕ ਥਾਣੇਦਾਰ ਸਮੇਤ ਤਿੰਨ ਪੁਲਿਸ ਕਰਮੀ ਜ਼ਖਮੀ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰ ਤੋਂ ਡੇਰਾ ਰਾਧਾ ਸੁਆਮੀ ਬਿਆਸ ਦੇ ਸਮਰਥਕਾਂ ਅਤੇ ਤਰਨਾ ਦਲ ਬਾਬਾ ਬਕਾਲਾ ਦੇ ਨਿਹੰਗਾਂ ਵਿਚਾਲੇ ਤਕਰਾਰ ਚੱਲ ਰਹੀ ਸੀ। ਨਿਹੰਗਾਂ ਵੱਲੋਂ ਡੇਰਾ ਰਾਧਾ ਸੁਆਮੀ ਦੀ ਮਾਲਕੀ ਵਾਲੀ ਇਕ ਜਗ੍ਹਾ ਦੇ ਕਥਿਤ ਜਿੰਦਰੇ ਤੋੜ ਕੇ ਉਸ ਵਿਚ ਵੱਡੀ ਗਿਣਤੀ ਵਿਚ ਗਾਵਾਂ ਨੂੰ ਛੱਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਸ ਦੌਰਾਨ ਤਕਰਾਰ ਵਧਣ ਕਾਰਨ ਦੋਵਾਂ ਧਿਰਾਂ ਵਿਚਾਲੇ ਭਾਰੀ ਪੱਥਰਬਾਜ਼ੀ ਹੋਈ। ਇਥੇ ਤਾਇਨਾਤ ਪੁਲਿਸ ਨੇ ਦੋਵਾਂ ਧਿਰਾਂ ਨੂੰ ਖਿੰਡਾਉਣ ਲਈ ਹਵਾਈ ਫਾਇਰ ਕੀਤੇ। ਪੱਥਰਬਾਜ਼ੀ ਦੌਰਾਨ ਪੰਜ ਜਣੇ ਜ਼ਖਮੀ ਹੋ ਗਏ। ਤਿੰਨ ਦੀ ਪਛਾਣ ਸੁੱਖਾ ਸਿੰਘ, ਸਵਰਨ ਸਿੰਘ, ਬੁੱਧ ਸਿੰਘ, ਪ੍ਰਗਟ ਸਿੰਘ ਵਜੋਂ ਹੋਈ ਹੈ, ਜਦੋਂਕਿ ਬਾਕੀਆਂ ਦੀ ਸ਼ਨਾਖਤ ਨਹੀਂ ਹੋ ਸਕੀ।



ਘਟਨਾ ਮਗਰੋਂ ਜੀ.ਟੀ ਰੋਡ 'ਤੇ ਦੋਵੇਂ ਪਾਸੇ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਇੱਟਾਂ-ਰੋੜੇ ਚੱਲਣ ਕਾਰਨ ਸੜਕ 'ਤੇ ਖੜ੍ਹੇ ਕਈ ਵਾਹਨ ਵੀ ਨੁਕਸਾਨੇ ਗਏ। ਵੱਡੀ ਗਿਣਤੀ ਵਿਚ ਪੁਲਿਸ ਤੇ ਉੱਚ ਅਧਿਕਾਰੀ ਘਟਨਾ ਸਥਾਨ 'ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲੈ ਰਹੇ ਸਨ।

# ਧਰਮ ਪਰਿਵਰਤਨ: ਬਿਸ਼ਪ ਤੇ ਪਾਦਰੀਆਂ ਵੱਲੋਂ ਜਥੇਦਾਰ ਨਾਲ ਬੰਦ ਕਮਰਾ ਮੀਟਿੰਗ

**ਸ੍ਰੀ ਆਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਐਂਗਲੀਕਨ ਚਰਚ ਦੇ ਬਿਸ਼ਪ ਤੇ ਪਾਦਰੀਆਂ ਵੱਲੋਂ ਬੰਦ ਕਮਰਾ ਮੀਟਿੰਗ ਕੀਤੀ ਗਈ। ਇਸ ਮੌਕੇ ਸਿੰਘ ਸਾਹਿਬਾਨ ਨੇ ਧਰਮ ਪਰਿਵਰਤਨ ਦੇ ਮਾਮਲੇ ਵਿਚ ਇਤਰਾਜ਼ ਜਤਾਇਆ। ਇਸ ਤੋਂ ਬਾਅਦ ਉਨ੍ਹਾਂ ਸਾਂਝੀ ਪ੍ਰੈੱਸ ਕਾਨਫਰੰਸ ਰਾਹੀਂ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ।



ਬਿਸ਼ਪ ਜੋਹਨ, ਭਾਰਤ ਦੀ ਸਕੱਤਰ ਸਿਸਟਰ ਮਧੂਲਿਕਾ ਜੋਇਸ, ਪੰਜਾਬ ਦੇ ਸਕੱਤਰ ਰੌਬਿਨ ਰਿਚਰਡ ਅਤੇ ਪ੍ਰਬੰਧਕੀ ਸਕੱਤਰ ਗੁਰਲਾਲ ਸਿੰਘ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਈਸਾਈ ਧਰਮ ਨੂੰ ਵਰਤ ਕੇ ਸਿੱਖਾਂ ਅਤੇ ਈਸਾਈਆਂ ਵਿਚ ਪਾੜਾ ਪਾਉਣਾ ਚਾਹੁੰਦੇ ਹਨ ਜਿਸ ਸਬੰਧੀ ਕੇਂਦਰ ਸਰਕਾਰ ਅਤੇ ਥਾਣਿਆਂ ਵਿਚ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਉਹ ਜਬਰੀ ਧਰਮ ਪਰਿਵਰਤਨ ਦੇ ਖ਼ਿਲਾਫ ਹਨ ਅਤੇ ਉਨ੍ਹਾਂ ਦਾ ਧਰਮ ਇਸ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਕਈ ਜਣੇ ਦੂਜਿਆਂ ਦੇ ਇਸ਼ਾਰੇ 'ਤੇ ਅਜਿਹਾ ਕਰ ਰਹੇ ਹਨ ਜਿਨ੍ਹਾਂ ਨੂੰ ਬਾਹਰੋਂ ਫੰਡਿੰਗ ਹੁੰਦੀ ਹੈ ਜਿਸ ਦੀ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ। ਈਸਾਈ ਭਾਈਚਾਰੇ ਵੱਲੋਂ ਖੋਲ੍ਹੇ ਗਏ ਹਸਪਤਾਲਾਂ ਵਿਚ ਗਰੀਬ ਲੋਕਾਂ ਦੀ ਮਦਦ ਕਰਕੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਲਿਆਉਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਧਰਮ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਪਿਛਲੇ ਦਿਨੀਂ ਕੁਝ ਸਿੱਖ ਪਰਿਵਾਰ ਈਸਾਈ ਧਰਮ ਤੋਂ ਮੁੜ ਕੇ ਦੁਬਾਰਾ ਸਿੱਖ ਧਰਮ ਵਿਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਨੂੰ ਲਾਲਚ ਦੇਣ ਦੇ ਦੋਸ਼ ਲਗਾਉਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਜੋ ਈਸਾਈ ਧਰਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਬੰਧੀ ਸ਼ਿਕਾਇਤਾਂ ਆਈਆਂ ਸਨ ਕਿ ਸਰਹੱਦੀ ਇਲਾਕੇ ਖਾਸ ਕਰਕੇ ਅੰਮ੍ਰਿਤਸਰ 'ਚ ਪਾਦਰੀਆਂ ਵੱਲੋਂ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਲਾਲਚ ਤੇ ਡਰਾਵੇ ਦੇ ਕੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ ਜਿਸ ਦੇ ਸਬੂਤ ਵੀ ਮੌਜੂਦ ਹਨ।

ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਦੇਗ ਲੈਣ ਲਈ ਰੋਕਿਆ ਜਾ ਰਿਹਾ ਹੈ, ਸਕੂਲਾਂ ਵਿਚ ਪੰਜਾਬੀ ਪੜ੍ਹਨ 'ਤੇ ਪਾਬੰਦੀ ਲਗਾਈ ਜਾ ਰਹੀ ਹੈ, ਗੁਰੂ ਗ੍ਰੰਥ ਸਾਹਿਬ ਖ਼ਿਲਾਫ ਘਟੀਆ ਸ਼ਬਦਾਵਲੀ ਵਰਤੀ ਜਾ ਰਹੀ ਹੈ ਅਤੇ ਗੁਟਕੇ, ਪੋਥੀਆਂ ਨੂੰ ਸ਼ੈਤਾਨ ਦੀਆਂ ਕਿਤਾਬਾਂ ਕਹਿ ਕੇ ਭੰਡਿਆ ਜਾ ਰਿਹਾ ਹੈ। ਈਸਾਈ ਭਾਈਚਾਰੇ ਦੇ ਮੁਖੀਆਂ ਨੇ ਗੱਲਬਾਤ ਮੰਨਿਆ ਕਿ ਕੁਝ ਲੋਕ ਪਾੜਾ ਪਾਉਣ ਦੀ ਕੋਸ਼ਿਸ਼ 'ਚ ਹਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਵੀ ਧਰਮ ਪਰਿਵਰਤਨ ਦੇ ਮੁੱਦੇ 'ਤੇ ਸੁਹਿਰਦ ਹੋਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬਾ ਹੋਣ ਕਰ ਕੇ ਜੇ ਅਜਿਹੇ ਕੰਮ ਪੰਜਾਬ 'ਚ ਹੋਣਗੇ ਤਾਂ ਇਹ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਦੇਸ਼ ਲਈ ਵੱਡੀ ਚੁਣੌਤੀ ਹੋਵੇਗੀ।

## ਸਿੱਖੀ ਪ੍ਰਚਾਰ ਘੱਟ ਹੋਣ ਕਾਰਨ ਹੋ ਰਹੇ ਨੇ ਚਰਚਾਂ 'ਤੇ ਹਮਲੇ: ਮਾਨ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਤਰਨ ਤਾਰਨ ਵਿਚ ਈਸਾਈ ਭਾਈਚਾਰੇ ਦੀ ਚਰਚ ਉਪਰ ਹੋਏ ਹਮਲੇ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਧਾਰਮਿਕ ਸਥਾਨ ਨੂੰ ਨੁਕਸਾਨ ਪਹੁੰਚਾਉਣਾ ਗਲਤ ਹੈ। ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦਾ ਪ੍ਰਚਾਰ ਬਹੁਤ ਘੱਟ ਹੋ ਰਿਹਾ ਹੈ ਜਿਸ ਕਾਰਨ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸ੍ਰੀ ਮਾਨ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਿਛਲੇ 11 ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਕਰਵਾ ਰਹੀ।

# ਐ ਮੁਲਕ ਮੇਰੇ ਤੈਨੂੰ ਆਪਣਾ ਕਹਿਣ ਨੂੰ ਜੀਅ ਨਹੀਂ ਕਰਦਾ...

ਪੰਜਾਬੀ ਗਾਇਕੀ ਦੇ ਖੇਤਰ ਵਿਚ ਸੂਫੀ ਬਲਬੀਰ ਆਪਣੀ ਸਾਫ-ਸੁਥਰੀ ਗਾਇਕੀ ਅਤੇ ਗੀਤਕਾਰੀ ਵਿਚ ਬੜਾ ਅਹਿਮ ਸਥਾਨ ਰੱਖਦਾ ਹੈ। ਜਿੰਨੀ ਸਾਦਗੀ ਉਸ ਦੇ ਪਹਿਰਾਵੇ ਵਿਚ ਹੈ, ਓਨੀ ਹੀ ਗੀਤਾਂ ਵਿਚ। ਸਿੱਧੀਆਂ, ਸਪਸ਼ਟ ਅਤੇ ਟਕੋਰ



ਭਰੀਆਂ ਸਤਰਾਂ ਨਾਲ ਉਹ ਸਮਾਜਿਕ ਬੁਰਾਈਆਂ ਨਾਲ ਦੋ-ਚਾਰ ਹੁੰਦਾ ਹੈ।

ਪਿੰਡ ਸੂਫੀਆਂ (ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ) ਵਿਚ ਪੈਦਾ ਹੋਇਆ ਬਲਬੀਰ ਅੱਜ ਪੂਰੇ ਅੰਬਰ 'ਤੇ ਛਾਇਆ ਹੋਇਆ ਹੈ। ਉਸ ਦੇ ਪਿਤਾ ਮੁਖਤਿਆਰ ਸੂਫੀ ਸੱਚੀ-ਸੁੱਚੀ ਸੋਚ ਦੇ ਮਾਲਕ ਹਨ। ਅੱਜ ਕੱਲ੍ਹ ਬਲਬੀਰ ਦਾ ਮੁਕਾਮ ਮੁਹਾਲੀ ਹੈ।

ਬੀਤੇ 5 ਸਤੰਬਰ ਦੀ ਸ਼ਾਮ ਨੂੰ ਮੈਰੀਵਿਲ ਦੇ ਤੰਦੂਰ ਰੈਸਟੋਰੈਂਟ ਵਿਚ ਉਸ ਦੀ ਮਹਿਫਲ ਸਜਾਈ ਗਈ। ਡਾ.



ਨਿਰਮਲਦੀਪ ਬਰਾੜ ਅਤੇ ਹੋਰ ਸੱਜਣਾਂ ਨੇ ਬਹੁਤ ਸੋਹਣੇ ਪ੍ਰਬੰਧ ਕਰਕੇ ਇਹ ਸ਼ਾਮ ਰੰਗੀਲੀ ਬਣਾ ਦਿੱਤੀ। ਸੂਫੀ ਬਲਬੀਰ ਆਪਣੇ ਗੀਤ ਖੁਦ ਲਿਖਦਾ ਹੈ। ਉਸ ਦੇ ਗੀਤਾਂ ਦੀ ਕਿਤਾਬ 'ਨਿੱਕਾ ਜਿਹਾ ਕੰਮ' ਕੁਝ ਸਾਲ ਪਹਿਲਾਂ ਲੋਕ ਗੀਤ ਪ੍ਰਕਾਸ਼ਨ ਨੇ ਛਾਪੀ ਸੀ। ਇਕ ਹੋਰ ਕਿਤਾਬ ਦਾ ਖਰੜਾ ਤਿਆਰ ਹੈ। ਉਹ ਪੰਜਾਬੀ ਦੇ ਪ੍ਰਤੀਬੱਧ ਸ਼ਾਇਰਾਂ ਦੀ ਬਹੁਤ ਕਦਰ ਕਰਦਾ ਹੈ। ਮੇਰੇ ਪੁੱਛਣ 'ਤੇ ਕਿ ਕਿਤਾਬ ਦਾ ਨਾਮ 'ਨਿੱਕਾ ਜਿਹਾ ਕੰਮ' ਕਿਉਂ ਰੱਖਿਆ, ਤਾਂ ਉਸ ਨੇ ਗੰਭੀਰ ਹੁੰਦਿਆਂ ਦੱਸਿਆ ਕਿ ਬਾਕੀ ਸ਼ਾਇਰਾਂ ਦੇ ਮੁਕਾਬਲੇ ਮੇਰਾ ਇਹ ਨਿੱਕਾ ਜਿਹਾ ਕੰਮ ਹੀ ਹੈ। ਉਹ ਡਾ. ਜਗਤਾਰ, ਪਾਸ਼, ਹਰਜਿੰਦਰ ਬੱਲ ਦੀਆਂ ਲਿਖਤਾਂ ਦੀ ਕਦਰ ਕਰਦਾ ਹੈ। ਕਿਤਾਬਾਂ ਨੂੰ ਪੂਜਣ ਯੋਗ ਕਹਿੰਦਾ ਹੈ। ਮੈਂ ਉਸ ਨੂੰ ਆਪਣੀ ਕਾਵਿ ਕਿਤਾਬ ਭੇਂਟ ਕੀਤੀ ਤਾਂ ਉਸ ਨੇ ਮੱਥੇ 'ਤੇ ਲਾ ਲਈ। ਮੈਂ ਕਿਹਾ- "ਇਹ ਤਾਂ ਖੁੱਲ੍ਹੀਆਂ ਨਜ਼ਮਾਂ ਹਨ।" ਉਸ ਨੇ ਕਿਹਾ- "ਕੋਈ ਗੱਲ ਨਹੀਂ, ਇਨ੍ਹਾਂ ਵਿਚੋਂ ਵੀ ਮੈਂ ਚੰਗੇ ਵਿਚਾਰ ਲੈ ਸਕਦਾ ਹਾਂ।"

ਲੱਚਰ ਗਾਇਕੀ ਨੂੰ ਉਹ ਸਮਾਜਿਕ ਕੋਹੜ ਮੰਦਾ ਹੈ। ਉਸ ਨੇ ਮੁਹੱਬਤ ਦੇ ਗੀਤ ਵੀ ਗਾਏ ਹਨ ਪਰ ਉਹ ਵੀ ਟੱਬਰ ਵਿਚ ਬਹਿ ਕੇ ਸੁਣਨ ਵਾਲੇ ਹਨ। ਮਜ਼ਦੂਰਾਂ ਕਿਸਾਨਾਂ ਨੂੰ ਉਹ ਆਪਣਾ ਇਸ਼ਟ ਮੰਨਦਾ ਹੈ। ਉਸ ਦਾ ਇਕ ਗੀਤ 'ਸੁਣ ਚੌਕੀਦਾਰਾ ਵੀਰਾ ਤੇਰੇ ਕਰਜ਼ਾ ਸਿਰ 'ਤੇ ਭਾਰਾ' ਬੜਾ ਮਸ਼ਹੂਰ ਹੋਇਆ ਸੀ। ਉਸ ਨੇ ਇਹ ਗੀਤ ਬਹੁਤ ਸਾਰੇ ਲੋਕਾਂ ਦੀ ਫਰਮਾਇਸ਼ 'ਤੇ ਸੁਣਾਇਆ।

ਉਸ ਦੀ ਖੂਬੀ ਹੈ ਕਿ ਉਹ ਮਹਿਫਲਾਂ ਨੂੰ ਬੋਰ ਨਹੀਂ ਹੋਣ ਦਿੰਦਾ। ਵਿਚ-ਵਿਚਾਲੇ ਸ਼ਿਅਰੋ-ਸ਼ਾਇਰੀ ਵੀ ਕਰਦਾ ਹੈ। ਉਸ ਨੇ ਹੋਰ ਵੀ ਕਿੰਨੇ ਹੀ ਗੀਤਾਂ ਦੀ ਝੜੀ ਲਾਈ ਰੱਖੀ।

'ਸੁਣ ਪਿੰਡ ਦਿਆ ਚੌਕੀਦਾਰਾ', 'ਮੈਂ ਠੀਕ ਹਾਂ', 'ਵਣਜਾਰਾ ਕੁਝ ਲੈ ਕੇ ਜਾਣਾ', 'ਸਾਡੇ ਹੱਕਾਂ ਉਤੇ ਮਾਰਦੇ ਹੋ ਸ਼ਰੇਆਮ ਡਾਕੇ', 'ਸਾਡਾ ਨਿੱਕਾ ਜਿਹਾ ਕੰਮ ਸੰਵਾਰ ਕਿਉਂ ਨਹੀਂ ਦਿੰਦੇ', 'ਅੱਖੀਆਂ', 'ਐ ਮੁਲਕ ਮੇਰੇ ਐ ਜਾਨ ਮੇਰੀ' ਆਦਿ ਨਵੇਂ ਪੁਰਾਣੇ ਗੀਤਾਂ ਨਾਲ ਉਹਨੇ ਗਿਆਰਾਂ ਵਜੇ ਤੱਕ ਸਰੋਤਿਆਂ ਨੂੰ ਕੀਲੀ ਰੱਖਿਆ। 'ਵਣਜਾਰਾ' ਗੀਤ ਬਾਰੇ ਉਹਨੇ ਦੱਸਿਆ ਕਿ ਇਹ ਗੀਤ ਸੁਣਨ ਤੋਂ ਬਾਅਦ 'ਰਾਜ ਗਾਇਕ' ਹੰਸ ਰਾਜ ਹੰਸ ਉਸ ਨੂੰ ਵਧਾਈ ਦੇਣ ਉਸ ਦੇ ਘਰ ਆਇਆ। 'ਐ ਮੁਲਕ ਮੇਰੇ' ਗੀਤ ਬਾਰੇ ਉਹ ਦੱਸਦਾ ਹੈ ਕਿ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੀ ਬੜੀ ਤਾਰੀਫ ਕੀਤੀ। ਪੱਤਰਕਾਰ ਜਤਿੰਦਰ ਪੰਨੂੰ ਨੇ ਇਸ ਗੀਤ ਬਾਰੇ ਕਿਹਾ ਕਿ ਇਹੋ ਜਿਹਾ ਗੀਤ ਬਹੁਤ ਦੇਰ ਬਾਅਦ ਸੁਣਨ ਨੂੰ ਮਿਲਿਆ ਹੈ। ਉਸ ਨੇ ਇਸਾਈ ਧਰਮ ਬਾਰੇ ਵੀ ਗੀਤ ਲਿਖੇ ਅਤੇ ਗਾਏ ਹਨ। ਮੈਂ ਪੁੱਛਿਆ ਕਿ ਜਿਹੋ ਜਿਹੇ ਹਾਲਾਤ ਅੱਜ ਕੱਲ੍ਹ ਭਾਰਤ ਦੇ ਹਨ, ਕੀ ਤੁਹਾਨੂੰ ਭਗਵਿਆਂ ਵੱਲੋਂ ਕੋਈ ਧਮਕੀ ਤਾਂ ਨਹੀਂ ਮਿਲੀ ਕਿ ਇਸ ਤਰ੍ਹਾਂ ਦੇ ਬੇਬਾਕ ਗੀਤ ਕਿਉਂ ਗਾਉਂਦੇ ਹੋ ਤਾਂ ਹੱਸ ਪਿਆ; ਕਹਿੰਦਾ- "ਅਜੇ ਤੱਕ ਤਾਂ ਨਹੀਂ ਮਿਲੀ ਪਰ ਲੱਗਦੈ, ਉਹ ਇਸ ਦਾ ਵਿਰੋਧ ਕਰਨਗੇ ਪਰ ਮੈਂ ਇਸ ਦੀ ਪ੍ਰਵਾਹ ਨਹੀਂ ਕਰਦਾ।"

ਅੰਤ ਵਿਚ ਚੰਨ ਪਰਦੇਸੀ ਰੇਡੀਓ ਵਾਲੇ ਸਰਵਣ ਟਿਵਾਣਾ ਨੇ ਅਤੇ ਮੈਂ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਾਫ-ਸੁਥਰੀ ਗਾਇਕੀ ਨੂੰ ਤਰਜੀਹ ਦਿੱਤੀ ਅਤੇ ਠਰੰਮੇ ਨਾਲ ਸੁਣਿਆ।

***-ਰਿਪੋਰਟ: ਰਵਿੰਦਰ ਸਹਿਰਾਅ***
***ਫੋਨ: 717-575-7529***

## ਸੜਕ ਹਾਦਸੇ ਵਿਚ ਸਾਇਰਸ ਮਿਸਤਰੀ ਦੀ ਮੌਤ

**ਮੁੰਬਈ:** ਟਾਟਾ ਸੰਨਜ ਦੇ ਸਾਬਕਾ ਚੇਅਰਮੈਨ ਸਾਇਰਸ ਮਿਸਤਰੀ ਦੀ ਮੁੰਬਈ ਨਾਲ ਲੱਗਦੇ ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿਚ ਡਿਵਾਈਡਰ ਨਾਲ ਕਾਰ ਟਕਰਾਉਣ ਕਰਕੇ ਵਾਪਰੇ ਸੜਕ ਹਾਦਸੇ ਵਿਚ ਮੌਤ ਹੋ ਗਈ। ਮਿਸਤਰੀ (54) ਤੇ ਮਰਸਿਡੀਜ ਕਾਰ ਵਿਚ ਸਵਾਰ ਇਕ ਹੋਰ ਵਿਅਕਤੀ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਜਦੋਂਕਿ ਡਰਾਈਵਰ ਅਨਾਹਿਤਾ ਪਾਂਡੋਲੇ (55) ਤੇ ਉਸ ਦਾ ਪਤੀ ਡਾਰੀਅਸ ਪਾਂਡੋਲੇ (60) ਜ਼ਖਮੀ ਹੋ ਗਏ।



ਇਨ੍ਹਾਂ ਨੂੰ ਗੁਜਰਾਤ ਦੇ ਵਾਪੀ ਵਿਚ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਸਣੇ ਹੋਰਨਾਂ ਸਿਆਸੀ ਆਗੂਆਂ ਨੇ ਸਾਇਰਸ ਮਿਸਤਰੀ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਆਗੂਆਂ ਨੇ ਮਿਸਤਰੀ ਦੀ ਮੌਤ ਨੂੰ ਕਾਰੋਬਾਰੀ ਜਗਤ ਲਈ ਵੱਡਾ ਘਾਟਾ ਦੱਸਿਆ ਹੈ।

ਪਾਲਘਰ ਜ਼ਿਲ੍ਹੇ ਦੇ ਐਸ.ਪੀ. ਬਾਲਾ ਸਾਹਿਬ ਪਾਟਿਲ ਨੇ ਕਿਹਾ, "ਹਾਦਸਾ ਸ਼ਾਮੀਂ ਸਵਾ ਤਿੰਨ ਵਜੇ ਦੇ ਕਰੀਬ ਵਾਪਰਿਆ। ਮਿਸਤਰੀ ਉਦੋਂ ਅਹਿਮਦਾਬਾਦ ਤੋਂ ਮੁੰਬਈ ਪਰਤ ਰਹੇ ਸਨ। ਕਾਰ ਵਿਚ ਕੁੱਲ ਚਾਰ ਵਿਅਕਤੀ ਸਵਾਰ ਸਨ। ਹਾਦਸਾ ਸੂਰਿਆ ਨਦੀ 'ਤੇ ਬਣੇ ਪੁਲ ਉਤੇ ਹੋਇਆ। ਮਿਸਤਰੀ ਤੇ ਇਕ ਹੋਰ ਵਿਅਕਤੀ ਜਹਾਂਗੀਰ ਪਾਂਡੋਲੇ ਦੀ ਮੌਕੇ 'ਤੇ ਮੌਤ ਹੋ ਗਈ। ਪਹਿਲੀ ਨਜ਼ਰੇ ਇਹ ਹਾਦਸਾ ਹੀ ਜਾਪਦਾ ਹੈ।" ਕਾਸਾ ਪੁਲਿਸ ਸਟੇਸ਼ਨ ਦੇ ਅਧਿਕਾਰੀ ਨੇ ਕਿਹਾ ਕਿ ਹਾਦਸਾ ਸੂਰਿਆ ਨਦੀ ਦੇ ਪੁਲ 'ਤੇ ਚਾਰੋਟੀ ਨਾਕੇ 'ਤੇ ਹੋਇਆ, ਜਿੱਥੇ ਮਿਸਤਰੀ ਦੀ ਕਾਰ ਸੜਕ ਦੇ ਡਿਵਾਈਡਰ ਨਾਲ ਟਕਰਾਉਣ ਮਗਰੋਂ ਰੋਕ ਲਈ ਬਣੀ ਕੰਧ ਵਿਚ ਵੱਜੀ। ਟੱਕਰ ਇੰਨੀ ਜਬਰਦਸਤ ਸੀ ਕਿ ਮਿਸਤਰੀ ਤੇ ਜਹਾਂਗੀਰ ਪਾਂਡੋਲੇ ਦੀ ਮੌਕੇ 'ਤੇ ਹੀ ਮੌਤ ਹੋ ਗਈ।







# ਮੂਸੇਵਾਲਾ ਕਤਲ: ਪੁਲਿਸ ਦੀ ਢਿੱਲ ਨੇ ਸ਼ੂਟਰਾਂ ਨੂੰ ਭੱਜਣ ਦਾ ਮੌਕਾ ਦਿੱਤਾ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਕੇਸ ਕੁਝ ਹੀ ਘੰਟਿਆਂ ਦੇ ਅੰਦਰ ਸੁਲਝਾਇਆ ਜਾ ਸਕਦਾ ਸੀ ਪਰ ਪੁਲਿਸ ਦੀ ਢਿੱਲ ਨੇ ਸ਼ੂਟਰਾਂ ਨੂੰ ਭੱਜਣ ਦਾ ਮੌਕਾ ਦੇ ਦਿੱਤਾ। ਮੂਸੇਵਾਲਾ 'ਤੇ 29 ਮਈ ਦੀ ਸ਼ਾਮ ਨੂੰ ਹਮਲਾ ਕਰਨ ਮਗਰੋਂ ਛੇ ਦੇ ਚਾਰ ਸ਼ੂਟਰ ਖਿਆਲਾ ਪਿੰਡ ਦੇ ਖੇਤਾਂ 'ਚ ਲੁਕੇ ਰਹੇ ਸਨ। ਇਹ ਪਿੰਡ ਹਮਲੇ ਵਾਲੀ ਥਾਂ ਪਿੰਡ ਜਵਾਹਰਕੇ (ਮਾਨਸਾ ਜ਼ਿਲ੍ਹਾ) ਤੋਂ ਮਸਾਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਜਾਂਚ 'ਚ ਖੁਲਾਸਾ ਹੋਇਆ ਹੈ ਕਿ ਪੰਜਾਬ ਪੁਲਿਸ ਹਰਿਆਣਾ ਅਤੇ ਰਾਜਸਥਾਨ ਨਾਲ ਲੱਗਦੀਆਂ ਸਰਹੱਦਾਂ ਤੇਜੀ ਨਾਲ ਸੀਲ ਨਹੀਂ ਕਰ ਸਕੀ ਅਤੇ ਨਾ ਹੀ ਬੈਰੀਕੇਡ ਲਗਾਏ ਜਾ ਸਕੇ ਸਨ। ਸੂਤਰਾਂ ਮੁਤਾਬਕ ਲੋਕਾਂ ਨੇ ਜਦੋਂ ਪੁਲਿਸ ਨੂੰ ਕੁਝ ਸ਼ੱਕੀਆਂ ਦੇ ਪਿੰਡ ਦੇ ਬਾਹਰਵਾਰ ਛਿਪੇ ਹੋਣ ਦੀ ਸੂਚਨਾ ਦਿੱਤੀ ਤਾਂ ਪੁਲਿਸ ਟੀਮਾਂ ਖਿਆਲਾ ਪਿੰਡ ਵੱਲ ਰਵਾਨਾ ਕੀਤੀਆਂ ਗਈਆਂ ਸਨ। ਉਂਜ ਜ਼ਿਆਦਾਤਰ ਪੁਲਿਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਵੱਲ ਭੇਜਣਾ ਪਿਆ ਸੀ ਜਿਥੇ ਮੂਸੇਵਾਲਾ ਦੇ ਪ੍ਰਸ਼ੰਸਕ ਭੜਕੇ ਹੋਏ ਸਨ ਅਤੇ ਉਥੇ ਹਿੰਸਾ ਦਾ ਖਦਸ਼ਾ ਸੀ। ਇਸ ਤੋਂ ਇਲਾਵਾ ਹੱਤਿਆ ਵਾਲੀ ਥਾਂ ਅਤੇ ਗਾਇਕ ਦੇ ਪਿੰਡ ਮੂਸਾਵਾਲੇ ਘਰ ਕੋਲ ਜੁੜੀ ਭੀੜ ਨੂੰ ਸੰਭਾਲਣ ਲਈ ਵੀ ਪੁਲਿਸ ਦੀ ਲੋੜ ਸੀ। ਹੁਣ ਮੰਨਿਆ ਜਾ ਰਿਹਾ ਹੈ ਕਿ ਜਦੋਂ ਤੱਕ ਪੁਲਿਸ ਖਿਆਲਾ ਪਿੰਡ ਪਹੁੰਚੀ ਸੀ ਤਾਂ ਸ਼ੂਟਰ ਉਥੋਂ ਨਿਕਲ ਚੁੱਕੇ ਸਨ ਜਾਂ ਉਹ ਖੇਤਾਂ ਦੀ ਸਹੀ ਢੰਗ ਨਾਲ ਤਲਾਸ਼ੀ ਨਹੀਂ ਲੈ ਸਕੀ ਸੀ। ਮੂਸੇਵਾਲਾ ਦੀ ਹੱਤਿਆ ਮਗਰੋਂ ਗੈਂਗਸਟਰ ਜਗਰੂਪ ਰੂਪਾ ਅਤੇ ਮਨਪ੍ਰੀਤ ਮਨੂੰ ਆਲਟੋ ਕਾਰ ਖੋਹ ਕੇ ਬਰਨਾਲਾ ਵੱਲ ਨਿਕਲ ਗਏ ਸਨ। ਦੋਹਾਂ ਨੂੰ ਕਰੀਬ 50 ਦਿਨਾਂ ਮਗਰੋਂ ਤਰਨ ਤਾਰਨ 'ਚ ਹੋਏ ਪੁਲਿਸ ਮੁਕਾਬਲੇ ਦੌਰਾਨ ਮਾਰ ਦਿੱਤਾ ਗਿਆ ਸੀ। ਹੋਰ ਸ਼ੂਟਰ ਪ੍ਰਿਯਾਵ੍ਰਤ



ਫੌਜੀ, ਅੰਕਿਤ ਸੇਰਸਾ, ਕਸ਼ਿਸ਼ ਅਤੇ ਦੀਪਕ ਮੁੰਡੀ ਹਰਿਆਣਾ ਵੱਲ ਭੱਜੇ ਸਨ ਪਰ ਜਦੋਂ ਉਨ੍ਹਾਂ ਆਪਣੇ ਪਿੱਛੇ ਪੀ.ਸੀ.ਆਰ. ਕਾਰ ਦੇਖੀ ਤਾਂ ਉਹ ਪਿੰਡ ਖਿਆਲਾ ਵੱਲ ਮੁੜ ਗਏ ਜਿਥੇ ਬੋਲੇਰੋ ਕਾਰ ਫਸ ਗਈ ਸੀ। ਪੀ.ਸੀ.ਆਰ. ਵਾਹਨ ਉਨ੍ਹਾਂ ਨੂੰ ਰੋਕੇ ਬਿਨਾਂ ਕੋਲੋਂ ਦੀ ਲੰਘ ਗਈ ਅਤੇ ਸ਼ੂਟਰ ਖੇਤਾਂ 'ਚ ਛੁਪ ਗਏ ਸਨ। ਸ਼ੂਟਰਾਂ ਨੇ ਸਭ ਤੋਂ ਪਹਿਲਾਂ ਇਹ ਸਾਰਾ ਖੁਲਾਸਾ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਕੋਲ ਕੀਤਾ ਸੀ ਅਤੇ ਹੁਣ ਪੰਜਾਬ ਪੁਲਿਸ ਕੋਲ ਇਨ੍ਹਾਂ ਸ਼ੂਟਰਾਂ ਦੇ ਬਿਆਨ ਨਾਲ ਇਸ ਦੀ ਤਸਦੀਕ ਹੋਈ ਹੈ ਜਿਸ ਦਾ ਜ਼ਿਕਰ ਮਾਨਸਾ ਅਦਾਲਤ 'ਚ ਪੇਸ਼ ਚਾਰਜਸ਼ੀਟ 'ਚ ਵੀ ਕੀਤਾ ਗਿਆ ਹੈ। ਪੁਲਿਸ ਦੀ ਢਿੱਲ ਅਤੇ ਮੂਸੇਵਾਲਾ ਦੀ ਹੱਤਿਆ ਮਗਰੋਂ ਬੈਰੀਕੇਡ ਲਗਾਉਣ 'ਚ ਦੇਰੀ ਤੇ ਪੀ.ਸੀ.ਆਰ. ਵਾਹਨ ਵੱਲੋਂ ਬੋਲੇਰੋ ਨੂੰ ਨਾ ਰੋਕਣ ਸਬੰਧੀ ਅਜੇ ਕੋਈ ਜਾਂਚ ਨਹੀਂ ਕਰਵਾਈ ਗਈ ਹੈ।

## ਅਦਾਲਤ ਨੇ ਲਾਰੈਂਸ ਖਿਲਾਫ ਦਰਜ ਕੇਸਾਂ ਦੇ ਵੇਰਵੇ ਮੰਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਖਿਲਾਫ ਦਰਜ ਕੇਸਾਂ ਦੀ ਗਿਣਤੀ ਦੇ ਵੇਰਵੇ ਮੰਗੇ ਹਨ। ਜਸਟਿਸ ਅਜੇ ਰਸਤੋਗੀ ਅਤੇ ਬੀ.ਵੀ. ਨਾਗਰਤਨਾ ਦੇ ਬੈਂਚ ਨੇ ਪੰਜਾਬ ਪੁਲਿਸ ਨੂੰ ਲਾਰੈਂਸ ਖਿਲਾਫ ਦਰਜ ਐਫ.ਆਈ.ਆਰਜ. ਦੀ ਗਿਣਤੀ ਸਬੰਧੀ ਚਾਰਟ ਤਿਆਰ ਕਰਨ ਲਈ ਕਿਹਾ ਹੈ। ਲਾਰੈਂਸ ਬਿਸ਼ਨੋਈ ਦੇ ਪਿਤਾ ਵੱਲੋਂ ਦਾਖਲ ਅਰਜ਼ੀ 'ਤੇ ਸੁਣਵਾਈ ਦੌਰਾਨ ਬੈਂਚ ਨੇ ਕਿਹਾ,"ਜੇਕਰ ਲਾਰੈਂਸ ਨੇ ਕੁਝ ਗਲਤ ਕੀਤਾ ਹੈ ਤਾਂ ਉਸ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ।" ਗੈਂਗਸਟਰ ਦੇ ਪਿਤਾ ਨੇ ਪੰਜਾਬ ਪੁਲਸ ਨੂੰ ਲਾਰੈਂਸ ਦੇ ਦਿੱਤੇ ਗਏ ਟਰਾਂਜ਼ਿਟ ਰਿਮਾਂਡ ਨੂੰ ਚੁਣੌਤੀ ਦਿੱਤੀ ਹੈ।

# ਪੰਜਾਬ ਪੁਲਿਸ ਵੱਲੋਂ ਸਚਿਨ ਤੇ ਅਨਮੋਲ ਨੂੰ ਵਿਦੇਸ਼ੋਂ ਵਾਪਸ ਲਿਆਉਣ ਦੀ ਤਿਆਰੀ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਵਿਦੇਸ਼ 'ਤੋਂ ਗ੍ਰਿਫਤਾਰ ਕੀਤੇ ਗਏ ਗੈਂਗਸਟਰ ਸਚਿਨ ਥਾਪਨ ਤੇ ਅਨਮੋਲ ਬਿਸ਼ਨੋਈ ਨੂੰ ਪੰਜਾਬ ਪੁਲਿਸ ਨੇ ਵਾਪਸ ਲਿਆਉਣ ਦੀ ਤਿਆਰੀ ਖਿੱਚ ਲਈ ਹੈ। ਮਾਨਸਾ ਪੁਲਿਸ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨ ਵਿਚ ਜੁਟ ਗਈ ਹੈ।



ਮਾਨਸਾ ਦੇ ਐਸ.ਐਸ.ਪੀ. ਗੌਰਵ ਤੂਰਾ ਨੇ ਦੱਸਿਆ ਕਿ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਪੁਸ਼ਟੀ ਵਿਦੇਸ਼ ਮੰਤਰਾਲੇ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ, ਜਿਸ ਤਹਿਤ ਸਚਿਨ ਥਾਪਨ ਨੂੰ ਅਜ਼ਰਬਾਇਜਾਨ ਅਤੇ ਅਨਮੋਲ ਬਿਸ਼ਨੋਈ ਨੂੰ ਕੀਨੀਆ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦਾ ਵਿਦੇਸ਼ ਮੰਤਰਾਲਾ ਲਗਾਤਾਰ ਇਨ੍ਹਾਂ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਨਾਲ ਸੰਪਰਕ ਵਿਚ ਹੈ, ਜਿਸ ਲਈ ਲੋੜੀਂਦੇ ਦਸਤਾਵੇਜ਼ ਤਿਆਰ ਕੀਤੇ ਜਾ ਰਹੇ ਹਨ। ਸ੍ਰੀ ਤੂਰਾ ਨੇ ਕਿਹਾ ਕਿ ਇਨ੍ਹਾਂ ਗ੍ਰਿਫਤਾਰੀਆਂ ਤੋਂ ਪਹਿਲਾਂ ਜਦੋਂ ਮਾਨਸਾ ਪੁਲਿਸ ਦੇ ਨੋਟਿਸ ਵਿਚ ਮੂਸੇਵਾਲਾ ਦੇ ਕਤਲ ਵਾਸਤੇ ਇਨ੍ਹਾਂ ਦੋਵੇਂ ਜਣਿਆਂ ਸਣੇ ਹੋਰ ਦੋ ਗੈਂਗਸਟਰਾਂ ਦਾ ਨਾਂ ਸਾਹਮਣੇ ਆਇਆ ਸੀ ਤਾਂ ਪੰਜਾਬ ਪੁਲਿਸ ਵੱਲੋਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਗੱਲਬਾਤ ਕੀਤੀ ਗਈ ਸੀ, ਜਿਨ੍ਹਾਂ ਵੱਲੋਂ ਰੈੱਡ ਕਾਰਨਰ ਨੋਟਿਸ ਇੰਟਰਪੋਲ ਜ਼ਰੀਏ ਜਾਰੀ ਕੀਤੇ ਗਏ ਸਨ।

ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਮਾਪਿਆਂ ਸਣੇ ਹੋਰਨਾਂ ਲੋਕਾਂ ਨੂੰ ਗੈਂਗਸਟਰਾਂ ਵੱਲੋਂ ਭੇਜੀਆਂ ਜਾ ਰਹੀਆਂ ਈ-ਮੇਲਾਂ ਦੀ ਘੋਖ ਵੀ ਜਾਰੀ ਹੈ, ਪਰ ਸੁਰੱਖਿਆ ਕਾਰਨਾਂ ਕਰਕੇ ਹਾਲੇ ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆ ਕੇ ਨਵੇਂ ਸਿਰੇ ਤੋਂ ਚਾਰਜਸ਼ੀਟ ਪੇਸ਼ ਕੀਤੀ ਜਾਵੇਗੀ।

# ਲਾਰੈਂਸ, ਗੋਲਡੀ ਤੇ ਹੋਰਾਂ ਖਿਲਾਫ ਯੂ.ਏ.ਪੀ.ਏ. ਤਹਿਤ ਕੇਸ

**ਨਵੀਂ ਦਿੱਲੀ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਹੱਤਿਆ ਕਾਂਡ 'ਚ ਸ਼ਾਮਲ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਸਮੇਤ ਹੋਰ ਗੈਂਗਸਟਰਾਂ ਖਿਲਾਫ ਦਿੱਲੀ ਪੁਲਿਸ ਨੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਦੋ ਐਫ.ਆਈ.ਆਰਜ. ਦਰਜ ਕੀਤੀਆਂ ਹਨ। ਪੁਲਿਸ ਮੁਤਾਬਕ ਇਹ ਕਾਰਵਾਈ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਕੀਤੀ ਗਈ ਹੈ।

ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦਿੱਲੀ ਅਤੇ ਪੰਜਾਬ ਦੇ ਦੋ ਵੱਡੇ ਗਰੋਹਾਂ ਲਾਰੈਂਸ ਬਿਸ਼ਨੋਈ ਅਤੇ ਬੰਬੀਹਾ ਗੈਂਗ ਦੇ ਨੀਰਜ ਬਵਾਨਾ ਸਮੇਤ ਕਈ ਨਾਮੀ ਗੈਂਗਸਟਰਾਂ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ ਕਿਹਾ ਕਿ ਯੂ.ਏ.ਪੀ.ਏ. ਤਹਿਤ ਦੂਜੀ ਐਫ.ਆਈ.ਆਰ. ਕੁਸ਼ਲ ਚੌਧਰੀ, ਲੱਕੀ ਪਟਿਆਲਾ ਅਤੇ ਨੀਰਜ ਬਵਾਨਾ ਸਮੇਤ ਬੰਬੀਹਾ ਗੈਂਗ ਦੇ ਹੋਰ ਗੈਂਗਸਟਰਾਂ ਖਿਲਾਫ ਦਰਜ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੀ ਪੁਲਿਸ ਨੇ ਸਿੱਧੂ ਮੂਸੇਵਾਲਾ ਹੱਤਿਆ ਕਾਂਡ 'ਚ 34 ਵਿਅਕਤੀਆਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਮਾਨਸਾ ਦੇ ਐਸ.ਐਸ.ਪੀ. ਗੌਰਵ ਤੂਰ ਨੇ ਕਿਹਾ ਕਿ ਚਾਰ ਗੈਂਗਸਟਰ ਵਿਦੇਸ਼ 'ਚ ਹਨ ਜਦਕਿ 8 ਨੂੰ ਅਜੇ ਗ੍ਰਿਫਤਾਰ ਕਰਨਾ ਬਾਕੀ ਹੈ। ਉਨ੍ਹਾਂ ਦੱਸਿਆ ਕਿ



ਕੁੱਲ 122 ਵਿਅਕਤੀਆਂ ਨੇ ਗਵਾਹੀ ਦਿੱਤੀ ਹੈ। ਅਧਿਕਾਰੀ ਨੇ ਕਿਹਾ ਕਿ ਮੂਸੇਵਾਲਾ ਹੱਤਿਆ ਕੇਸ 'ਚ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ, ਸਤਵਿੰਦਰ, ਗੋਲਡੀ ਬਰਾੜ, ਸਚਿਨ ਥਾਪਨ, ਅਨਮੋਲ ਬਿਸ਼ਨੋਈ, ਲਿਪਿਨ ਨਹਿਰਾ ਦੇ ਨਾਮ ਵੀ ਸ਼ਾਮਲ ਹਨ। ਇਸ ਮਹੀਨੇ ਦੇ ਸ਼ੁਰੂ 'ਚ ਮਲੋਟ ਦੀ ਚੀਫ ਜੁਡੀਸ਼ਲ ਮੈਜਿਸਟਰੇਟ ਪ੍ਰੀਤੀ ਸੁਖੀਜਾ ਨੇ ਲਾਰੈਂਸ ਬਿਸ਼ਨੋਈ ਨੂੰ ਹੱਤਿਆ ਦੀ ਕੋਸ਼ਿਸ਼ ਦੇ ਕੇਸ 'ਚ ਉਸ ਦਾ ਪੁਲਿਸ ਨੂੰ 10 ਦਿਨ ਦਾ ਰਿਮਾਂਡ ਦਿੱਤਾ ਸੀ।

# ਜੰਮੂ ਕਸ਼ਮੀਰ ਪੁਲਿਸ ਵੱਲੋਂ ਪੰਜਾਬੀ ਜੋੜਾ ਸੱਤ ਕਿਲੋ ਹੈਰੋਇਨ ਸਣੇ ਕਾਬੂ

**ਜੰਮੂ:** ਪੁਲਿਸ ਨੇ ਪੰਜਾਬੀ ਜੋੜੇ ਨੂੰ ਊਧਮਪੁਰ ਜ਼ਿਲ੍ਹੇ ਵਿਚੋਂ ਸੱਤ ਕਿਲੋ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਜੰਮੂ ਦੇ ਏ.ਡੀ.ਜੀ.ਪੀ. ਮੁਕੇਸ਼ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਊਧਮਪੁਰ ਜ਼ਿਲ੍ਹੇ ਵਿਚ ਕਾਰ ਦੀ ਤਲਾਸ਼ੀ ਲਈ ਤਾਂ ਪਤੀ-ਪਤਨੀ ਕੋਲੋਂ ਹੈਰੋਇਨ ਬਰਾਮਦ ਹੋਈ। ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ ਵਾਸੀ ਲਵਪ੍ਰੀਤ ਸਿੰਘ ਤੇ ਉਸ ਦੇ ਪਤਨੀ ਮਨਦੀਪ ਕੌਰ ਵਜੋਂ ਹੋਈ ਹੈ। ਪੁਲਿਸ ਅਨੁਸਾਰ ਮੁੱਢਲੀ ਪੜਤਾਲ ਵਿਚ ਪਤਾ ਲੱਗਿਆ ਹੈ ਕਿ ਇਹ ਦੋਵੇਂ ਹੋਰ ਰਾਜਾਂ ਵਿਚ ਨਸ਼ਾ ਤਸਕਰੀ ਕਰਦੇ ਸਨ ਤੇ ਇਨ੍ਹਾਂ ਖਿਲਾਫ ਨਸ਼ਾ ਤਸਕਰੀ ਦੀਆਂ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ।

ਇਸੇ ਦੌਰਾਨ ਨਵਾਂਸ਼ਹਿਰ ਦੇ ਸੀ.ਆਈ.ਏ. ਨੇ 38 ਕਿੱਲੋ ਹੈਰੋਇਨ ਬਰਾਮਦਗੀ ਦੇ ਮਾਮਲੇ ਵਿਚ ਦੋ ਤਸਕਰਾਂ ਨੂੰ ਗੁਜਰਾਤ ਅਤੇ ਇਕ ਤਸਕਰ ਨੂੰ ਪਿੰਡ ਰੱਕੜਾਂ ਢਾਹਾਂ ਤੋਂ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਹੈਰੋਇਨ ਲਈ ਪੇਸ਼ਗੀ ਵਜੋਂ ਦਿੱਤੀ ਰਕਮ ਵਿਚੋਂ 77,000 ਰੁਪਏ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਐਸ.ਐਸ.ਪੀ. ਭਾਗੀਰਥ ਸਿੰਘ ਮੀਨਾ ਨੇ ਕਿਹਾ ਕਿ ਫੜੇ ਦੋ ਮੁੱਖ ਮੁਲਜ਼ਮਾਂ ਕੁਲਵਿੰਦਰ ਉਰਫ ਕਿੰਦਾ ਤੇ ਬਿੱਟੂ ਨੇ ਮੰਨਿਆ ਸੀ ਕਿ ਹੈਰੋਇਨ ਦੀ ਖੇਪ ਉਹ ਰਾਜੇਸ਼ ਕੁਮਾਰ ਉਰਫ ਸੋਨੂੰ ਖੱਤਰੀ ਵਾਸੀ ਰੱਕੜਾਂ ਢਾਹਾਂ ਦੇ ਕਹਿਣ 'ਤੇ ਭੁੱਜ (ਗੁਜਰਾਤ) ਤੋਂ ਲੈ ਕੇ ਆਏ ਸਨ। ਪੁਲਿਸ ਨੇ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਇਕ ਮੁਲਜ਼ਮ ਸੋਮਨਾਥ ਉਰਫ ਬਿੱਕੋ ਵਾਸੀ ਕਰਾਵਰ ਨੂੰ ਪਿੰਡ ਰੱਕੜਾ ਢਾਹਾਂ ਤੋਂ 29 ਅਗਸਤ ਨੂੰ ਕਾਬੂ ਕੀਤਾ ਸੀ।

# ਸੰਦੀਪ ਨੰਗਲ ਅੰਬੀਆਂ ਕਤਲ ਕੇਸ ਵਿਚ ਤਿੰਨ ਕਬੱਡੀ ਪਰਮੋਟਰ ਨਾਮਜ਼ਦ

**ਜਲੰਧਰ:** ਜ਼ਿਲ੍ਹੇ ਦੀ ਦਿਹਾਤੀ ਪੁਲਿਸ ਨੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਸਬੰਧੀ ਤਿੰਨ ਹੋਰ ਖੇਡ ਪਰਮੋਟਰਾਂ ਨੂੰ ਨਾਮਜ਼ਦ ਕੀਤਾ ਹੈ, ਜਿਨ੍ਹਾਂ ਵਿਚ ਨਾਰਥ ਇੰਡੀਆ ਸਰਕਲ ਸਟਾਈਲ ਕਬੱਡੀ ਐਸੋਸੀਏਸ਼ਨ ਦੇ ਚੇਅਰਮੈਨ ਸੁਰਜਨ ਸਿੰਘ ਚੱਠਾ ਵਾਸੀ ਮੁਹਾਲੀ, ਵਿਸ਼ਵ ਕਬੱਡੀ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਮਾਨ ਉਰਫ ਸੁੱਖਾ ਮਾਨ ਅਤੇ ਰਾਇਲ ਕਿੰਗਜ਼ ਕਬੱਡੀ ਦੇ ਮਾਲਕ ਸਰਬਜੀਤ ਸਿੰਘ ਸੱਤਾ ਦੇ ਨਾਂ ਸ਼ਾਮਲ ਹਨ।

ਇਨ੍ਹਾਂ ਤਿੰਨਾਂ ਨੂੰ ਥਾਣਾ ਨਕੋਦਰ ਵਿਚ ਦਰਜ ਐਫ.ਆਈ.ਆਰ. ਨੰਬਰ 42 ਵਿਚ ਨਾਮਜ਼ਦ ਕੀਤਾ ਗਿਆ ਹੈ। ਕਬੱਡੀ ਖਿਡਾਰੀ ਦੇ ਕਤਲ ਦੀ ਮੁੱਖ ਵਜ੍ਹਾ ਕਬੱਡੀ ਜਥੇਬੰਦੀਆਂ ਦੀ ਨਿੱਜੀ ਰੰਜਿਸ਼ ਮੰਨੀ ਜਾ ਰਹੀ ਹੈ। ਸੰਦੀਪ ਦੀ ਕਬੱਡੀ ਐਸੋਸੀਏਸ਼ਨ ਹੋਰਾਂ ਦੇ ਮੁਕਾਬਲੇ ਵੱਧ ਮਕਬੂਲ ਸੀ ਅਤੇ ਉਸ ਨਾਲ ਨਾਮਵਰ ਖਿਡਾਰੀ ਲਗਾਤਾਰ ਜੁੜਦੇ ਜਾ ਰਹੇ ਸਨ। ਸੰਦੀਪ ਸਿੰਘ ਨੰਗਲ ਅੰਬੀਆਂ ਦੇ ਭਰਾ ਨੇ ਦੱਸਿਆ ਕਿ ਉਹ ਲੰਬੇ



ਸਮੇਂ ਤੋਂ ਇਨ੍ਹਾਂ ਤਿੰਨੋਂ ਵਿਅਕਤੀਆਂ ਦੇ ਨਾਮ ਐਫ.ਆਈ.ਆਰ. ਵਿਚ ਸ਼ਾਮਲ ਕਰਨ ਦੀ ਮੰਗ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਕਿਸੇ ਨੇ ਇਨ੍ਹਾਂ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਬਾਰੇ ਸੂਚਨਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਜੁਲਾਈ ਦੇ ਸ਼ੁਰੂ ਵਿਚ ਨਾਮਜ਼ਦ ਕੀਤਾ ਗਿਆ ਸੀ ਪਰ ਪਰਿਵਾਰ ਨੂੰ ਇਸ ਬਾਰੇ ਬੀਤੇ ਦਿਨ ਜਾਣਕਾਰੀ ਮਿਲੀ ਸੀ। ਉਨ੍ਹਾਂ ਮੰਗ ਕੀਤੀ ਕਿ ਨਾਮਜ਼ਦ ਖੇਡ ਪਰਮੋਟਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਜਾਣਕਾਰੀ ਅਨੁਸਾਰ ਪਿੰਡ ਮੱਲੀਆਂ ਖੁਰਦ ਵਿਚ 14 ਮਾਰਚ ਨੂੰ ਕਬੱਡੀ ਟੂਰਨਾਮੈਂਟ ਦੌਰਾਨ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਮਾਮਲੇ ਸਬੰਧੀ ਹੁਣ ਤੱਕ ਨੌਂ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ।

# 'ਆਪ' ਆਗੂ ਰਾਘਵ ਚੱਢਾ ਨੇ ਰਾਸ਼ਟਰਪਤੀ ਅੱਗੇ ਪੰਜਾਬ ਦੇ ਮਸਲੇ ਚੁੱਕੇ

**ਚੰਡੀਗੜ੍ਹ:** 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਸ੍ਰੀ ਚੱਢਾ ਨੇ ਰਾਸ਼ਟਰਪਤੀ ਨਾਲ ਪੰਜਾਬ ਦੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ। ਦੇਸ਼ ਦੇ ਸਰਵਉੱਚ ਸੰਵਿਧਾਨਕ ਅਹੁਦੇ 'ਤੇ ਕਾਬਜ਼ ਰਾਸ਼ਟਰਪਤੀ ਮੁਰਮੂ ਨਾਲ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਇਹ ਪਹਿਲੀ ਸ਼ਿਸ਼ਟਾਚਾਰੀ ਮੁਲਾਕਾਤ ਸੀ। ਮੁਲਾਕਾਤ ਮੌਕੇ ਸਭ ਤੋਂ ਪਹਿਲਾਂ ਰਾਜ ਸਭਾ ਮੈਂਬਰ ਨੇ ਰਾਸ਼ਟਰਪਤੀ ਮੁਰਮੂ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਭੇਟ ਕੀਤਾ। ਮੀਟਿੰਗ ਦੌਰਾਨ ਰਾਘਵ ਚੱਢਾ ਨੇ ਰਾਸ਼ਟਰਪਤੀ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਜੁੜੇ ਮੁੱਦਿਆਂ ਸਮੇਤ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਦੇ ਮੁੱਦਿਆਂ 'ਤੇ ਚਰਚਾ ਕੀਤੀ।

# ਸ਼ਿਲੌਂਗ: ਪੰਜਾਬੀ ਲੇਨ 'ਚ ਰਹਿੰਦੇ 342 ਪਰਿਵਾਰ ਕੁਆਰਟਰਾਂ 'ਚ ਭੇਜਣ ਦਾ ਫੈਸਲਾ

**ਸ਼ਿਲੌਂਗ:** ਮੇਘਾਲਿਆ ਸਰਕਾਰ ਨੇ ਸ਼ਿਲੌਂਗ ਦੇ ਥੇਮ ਲਿਊ ਮਾਲੌਂਗ ਇਲਾਕੇ ਦੀ ਪੰਜਾਬੀ ਲੇਨ ਵਿਚ ਰਹਿੰਦੇ 342 ਪਰਿਵਾਰਾਂ ਨੂੰ ਸ਼ਿਲੌਂਗ ਮਿਊਂਸਪਲ ਬੋਰਡ ਦੇ ਸਰਕਾਰੀ ਕੁਆਰਟਰਾਂ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਐਸ.ਐਮ.ਬੀ. ਅਧਿਕਾਰੀਆਂ ਨੇ ਕਿਹਾ ਕਿ ਪੰਜਾਬੀ ਲੇਨ ਵਿਚਲੇ ਪੁਰਾਣੇ ਕੁਆਰਟਰਾਂ ਨੂੰ ਢਾਹ ਕੇ ਇਨ੍ਹਾਂ ਦੀ ਥਾਂ ਪੰਜ ਮੰਜ਼ਿਲਾ ਫਲੈਟਾਂ ਦੀ ਉਸਾਰੀ ਕੀਤੀ ਜਾਵੇਗੀ।

ਇਥੋਂ ਹਟਾਏ ਲੋਕਾਂ ਨੂੰ ਮੁੜ ਇਨ੍ਹਾਂ ਫਲੈਟਾਂ ਵਿਚ ਆਬਾਦ ਕੀਤਾ ਜਾਵੇਗਾ। ਉਪ ਮੁੱਖ ਮੰਤਰੀ ਪ੍ਰੈਸਟਨ ਟਾਇਸੌਂਗ ਨੇ ਕਿਹਾ ਕਿ ਉਪਰੋਕਤ ਪਰਿਵਾਰਾਂ ਨੂੰ ਸਰਕਾਰੀ ਕੁਆਰਟਰਾਂ 'ਚ ਤਬਦੀਲ ਕਰਨ ਦਾ ਫੈਸਲਾ ਸ਼ਹਿਰੀ ਮਾਮਲੇ ਵਿਭਾਗ ਦੇ ਮੰਤਰੀ ਐੱਸ.ਧਰ ਤੇ ਹੋਰਨਾਂ ਸੀਨੀਅਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਲਿਆ ਗਿਆ ਹੈ। ਟਾਇਸੌਂਗ ਨੇ ਪੱਤਰਕਾਰਾਂ ਨੂੰ ਦੱਸਿਆ, "ਸਾਰੇ ਮੁੱਦਿਆਂ ਤੇ ਪਹਿਲੂਆਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਥੇਮ ਲਿਊ ਮਾਲੌਂਗ ਇਲਾਕੇ ਵਿਚ ਰਹਿੰਦੇ ਸਫਾਈ ਕਰਮੀਆਂ ਦੇ 342 ਪਰਿਵਾਰਾਂ ਨੂੰ ਵਿਰੋਧੀ ਧਿਰਾਂ ਦੇ ਲੀਡਰਾਂ ਲਈ ਬਣੇ ਕੁਆਰਟਰਾਂ ਦੇ ਸਾਹਮਣੇ ਸ਼ਿਲੌਂਗ ਮਿਊਂਸਪਲ ਬੋਰਡ ਦੇ ਮੌਜੂਦਾ ਕੁਆਰਟਰਾਂ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।" ਉਪ ਮੁੱਖ ਮੰਤਰੀ



ਨੇ ਕਿਹਾ, "ਪੰਜਾਬੀ ਲੇਨ ਵਿਚਲੇ ਪੁਰਾਣੇ ਕੁਆਰਟਰਾਂ ਨੂੰ ਢਾਹ ਕੇ, 342 ਪਰਿਵਾਰਾਂ ਨੂੰ ਆਬਾਦ ਕਰਨ ਲਈ ਢਾਈ ਏਕੜ 12 ਬਲਾਕਾਂ ਵਾਲਾ ਫਲੈਟ ਸਿਸਟਮ ਉਸਾਰਿਆ ਜਾਵੇਗਾ। ਸ਼ਹਿਰੀ ਮਾਮਲੇ ਵਿਭਾਗ ਨੂੰ ਡੇਢ ਮਹੀਨੇ ਅੰਦਰ ਤਫਸੀਲੀ ਰਿਪੋਰਟ ਤਿਆਰ ਕਰਨ ਲਈ ਆਖ ਦਿੱਤਾ ਹੈ।" ਟਾਇਸੌਂਗ ਨੇ ਕਿਹਾ ਕਿ ਜਲਦੀ ਹੀ ਮੀਟਿੰਗ ਸੱਦ ਕੇ ਹਰੀਜਨ ਪੰਚਾਇਤ ਕਮੇਟੀ (ਐਚ.ਪੀ.ਸੀ.) ਨੂੰ ਇਸ ਫੈਸਲੇ ਬਾਰੇ ਦੱਸ ਦਿੱਤਾ ਜਾਵੇਗਾ। ਉਪ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ 342 ਪਰਿਵਾਰਾਂ ਦੇ ਰਹਿਣ ਲਈ ਹੀ ਪ੍ਰਬੰਧ ਕਰੇਗੀ ਤੇ ਇਨ੍ਹਾਂ ਪਰਿਵਾਰਾਂ ਦੀ ਇਕ ਸੂਚੀ ਮੇਘਾਲਿਆ ਹਾਈ ਕੋਰਟ ਨੂੰ ਸੌਂਪ ਦਿੱਤੀ ਗਈ ਹੈ। ਕੋਰਟ ਅਬਾਦਕਾਰਾਂ ਤੇ ਸੂਬਾ ਸਰਕਾਰ ਦਰਮਿਆਨ ਕੋਰਟ ਤੋਂ ਬਾਹਰ ਹੀ ਕੋਈ ਸਮਝੌਤਾ ਸਿਰੇ ਚੜ੍ਹਨ ਦੀ ਉਡੀਕ ਵਿਚ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਸਤੰਬਰ 2022*

## ਜ਼ਹਿਰੀਲੀ ਸਿਆਸਤ ਦਾ ਅਸਰ

ਦੁਬਈ ਵਿਚ ਖੇਡੇ ਏਸ਼ੀਆ ਕ੍ਰਿਕਟ ਕੱਪ ਦੇ ਸੁਪਰ-4 ਮੁਕਾਬਲੇ ਵਿਚ ਪਾਕਿਸਤਾਨ ਅਤੇ ਭਾਰਤ ਵਿਚਕਾਰ ਹੋਏ ਮੈਚ ਤੋਂ ਬਾਅਦ ਭਾਰਤੀ ਖਿਡਾਰੀ ਅਰਸ਼ਦੀਪ ਸਿੰਘ ਦੇ ਹਵਾਲੇ ਨਾਲ ਜੋ ਚਰਚਾ ਛਿੜੀ, ਉਸ ਨੇ ਅੱਜ ਦੀ ਜ਼ਹਿਰੀਲੀ ਸਿਆਸਤ ਦਾ ਸਿਆਹ ਰੰਗ ਉਜਾਗਰ ਕਰ ਦਿੱਤਾ ਹੈ। ਇਸ ਮੈਚ ਵਿਚ ਵਿਚ ਪਾਕਿਸਤਾਨ ਨੇ ਭਾਰਤ ਨੇ ਆਖਰੀ ਓਵਰ ਵਿਚ ਹਰਾ ਦਿੱਤਾ। ਇਸ ਮੈਚ ਵਿਚ ਭਾਰਤੀ ਗੇਂਦਬਾਜ਼ ਅਰਸ਼ਦੀਪ ਸਿੰਘ ਦੇ ਹੱਥੋਂ ਪਾਕਿਸਤਾਨੀ ਬੱਲੇਬਾਜ਼ ਆਸਿਫ਼ ਅਲੀ ਦਾ ਕੈਚ ਛੁੱਟਣ ਕਾਰਨ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਉਸ ਨੂੰ ਨਿਸ਼ਾਨਾ ਬਣਾਇਆ। ਅਰਸ਼ਦੀਪ 'ਤੇ ਦੋ ਤਰ੍ਹਾਂ ਦੇ ਲੋਕਾਂ ਨੇ ਨਿਸ਼ਾਨਾ ਸਾਧਿਆ ਹੈ: ਪਹਿਲਾ, ਭਾਰਤ ਦੇ ਅੰਧ-ਰਾਸ਼ਟਰਵਾਦੀਆਂ ਨੇ ਅਤੇ ਦੂਸਰਾ, ਪਾਕਿਸਤਾਨੀਆਂ ਨੇ। ਭਾਰਤ ਦੇ ਅੰਧ-ਰਾਸ਼ਟਰਵਾਦੀ ਹਰ ਖੇਡ ਵਿਚ ਹਮੇਸ਼ਾ ਜਿੱਤ ਪ੍ਰਾਪਤ ਕਰਨੀ ਚਾਹੁੰਦੇ ਹਨ, ਭਾਵੇਂ ਖੇਡਾਂ ਦੇ ਖੇਤਰ ਵਿਚ ਭਾਰਤ ਬਾਕੀ ਦੇਸ਼ਾਂ ਤੋਂ ਕਾਫ਼ੀ ਪਿੱਛੇ ਹੈ। ਇਤਿਹਾਸਕ ਕਾਰਨਾਂ ਕਰ ਕੇ ਕ੍ਰਿਕਟ ਭਾਰਤ ਦੀ ਹਰਮਨਪਿਆਰੀ ਖੇਡ ਹੈ। ਅੰਧ-ਰਾਸ਼ਟਰਵਾਦ ਅਤੇ ਵਪਾਰਕ ਦਖ਼ਲ ਨੇ ਇਸ ਦੀ ਲੋਕਪ੍ਰਿਯਤਾ ਨੂੰ ਨਵੇਂ ਪਸਾਰ ਦੇ ਕੇ ਲੋਕਾਂ ਦੀ ਇਸ ਨਾਲ ਜੁੜੀ ਹੋਈ ਮਾਨਸਿਕਤਾ ਨੂੰ ਮਾਨਸਿਕ ਬਿਮਾਰੀ ਦੀ ਹੱਦ ਤਕ ਪਹੁੰਚਾ ਦਿੱਤਾ ਹੈ। ਸਮਝਿਆ ਜਾਂਦਾ ਹੈ ਕਿ ਭਾਰਤ ਨੇ ਹਰ ਕ੍ਰਿਕਟ ਮੈਚ ਵਿਚ ਪਾਕਿਸਤਾਨ ਨੂੰ ਹਰਾਉਣਾ ਹੀ ਹਰਾਉਣਾ ਹੈ। ਯਾਦ ਰਹੇ ਕਿ ਭਾਰਤ ਅਤੇ ਪਾਕਿਸਤਾਨ ਬਹੁਤ ਦੇਰ ਤੋਂ ਆਪਸ ਵਿਚ ਕ੍ਰਿਕਟ ਅਤੇ ਹੋਰ ਖੇਡਾਂ ਨਹੀਂ ਖੇਡ ਰਹੇ; ਦੋਹਾਂ ਦੇਸ਼ਾਂ ਦਾ ਮੁਕਾਬਲਾ ਸਿਰਫ਼ ਕੌਮਾਂਤਰੀ ਟੂਰਨਾਮੈਂਟਾਂ ਵਿਚ ਹੀ ਹੁੰਦਾ ਹੈ। 20 ਓਵਰਾਂ ਵਾਲੇ ਕੌਮਾਂਤਰੀ ਮੈਚਾਂ ਵਿਚ ਬਹੁਤੀ ਵਾਰ ਭਾਰਤ ਨੇ ਜਿੱਤ ਪ੍ਰਾਪਤ ਕੀਤੀ ਹੈ। 2007 ਵਿਚ ਆਈ.ਸੀ.ਸੀ. ਟੀ.-ਟਵੰਟੀ ਸੰਸਾਰ ਮੁਕਾਬਲੇ ਦੇ ਫਾਈਨਲ ਵਿਚ ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਚੈਂਪੀਅਨਸ਼ਿਪ ਜਿੱਤੀ ਸੀ। 2012 ਅਤੇ 2016 ਦੇ ਸੰਸਾਰ ਪੱਧਰ ਦੇ ਮੁਕਾਬਲਿਆਂ ਵਿਚ ਵੀ ਭਾਰਤ ਨੇ ਪਾਕਿਸਤਾਨ ਨੂੰ ਹਰਾਇਆ ਪਰ ਪਿਛਲੇ ਸਾਲ ਦੁਬਈ ਵਿਚ ਟੀ.-ਟਵੰਟੀ ਵਿਸ਼ਵ ਕੱਪ ਦੇ ਇਕ ਮੈਚ ਦੌਰਾਨ ਪਾਕਿਸਤਾਨ ਨੇ ਭਾਰਤ ਨੂੰ ਦਸ ਵਿਕਟਾਂ ਨਾਲ ਹਰਾ ਦਿੱਤਾ। ਹੁਣ ਦੁਬਈ ਵਿਚ ਹੋ ਰਹੇ ਏਸ਼ੀਆ ਕੱਪ ਵਿਚ ਵੀ ਪਹਿਲਾਂ ਭਾਰਤ ਨੇ ਪਾਕਿਸਤਾਨ ਨੂੰ ਹਰਾਇਆ ਪਰ ਐਤਵਾਰ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਪਾਕਿਸਤਾਨ ਵਿਚ ਕੁਝ ਲੋਕਾਂ ਨੇ ਅਰਸ਼ਦੀਪ ਸਿੰਘ ਨੂੰ 'ਖ਼ਾਲਿਸਤਾਨੀ' ਕਿਹਾ ਅਤੇ ਕੁਝ ਸ਼ਰਾਰਤੀ ਅਨਸਰਾਂ ਨੇ ਵਿਕੀਪੀਡੀਆ 'ਤੇ ਅਰਸ਼ਦੀਪ ਦੇ ਪੇਜ 'ਤੇ ਉਸ ਨੂੰ 'ਵੱਖਵਾਦੀ ਖ਼ਾਲਿਸਤਾਨੀ ਲਹਿਰ' ਨਾਲ ਸਬੰਧਿਤ ਦੱਸਿਆ। ਵਿਕੀਪੀਡੀਆ ਫਾਊਂਡੇਸ਼ਨ ਅਨੁਸਾਰ ਉਨ੍ਹਾਂ ਦੀ ਟੀਮ ਨੇ ਗ਼ਲਤ ਜਾਣਕਾਰੀ ਕੁਝ ਮਿੰਟਾਂ ਬਾਅਦ ਹੀ ਹਟਾ ਦਿੱਤੀ ਸੀ। ਇਹ ਵਰਤਾਰਾ ਦੋ ਰੁਝਾਨਾਂ ਨੂੰ ਸਪੱਸ਼ਟ ਕਰਦਾ ਹੈ: ਪਹਿਲਾ ਇਹ ਕਿ ਅੰਧ-ਰਾਸ਼ਟਰਵਾਦੀ ਭਾਰਤ ਦੀ ਹਾਰ ਲਈ ਕਿਸੇ ਇਕ ਖਿਡਾਰੀ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ 'ਤੇ ਆਪਣਾ ਗੁੱਸਾ ਕੱਢਣਾ ਅਤੇ ਬਿਮਾਰ ਮਾਨਸਿਕਤਾ ਤੋਂ ਉਪਜੀ ਨਫ਼ਰਤ ਦਾ ਜ਼ਹਿਰ ਉਗਲਣਾ ਚਾਹੁੰਦੇ ਹਨ; ਦੂਸਰਾ ਤੇ ਜ਼ਿਆਦਾ ਖ਼ਤਰਨਾਕ ਪਹਿਲੂ ਇਹ ਹੈ ਕਿ ਪਾਕਿਸਤਾਨੀ ਅਤੇ ਹੋਰ ਭਾਰਤ-ਵਿਰੋਧੀ ਜਾਣਦੇ ਹਨ ਕਿ ਭਾਰਤ ਦੇ ਅੰਧ-ਰਾਸ਼ਟਰਵਾਦੀ ਕਿਵੇਂ ਭਾਈਚਾਰਕ ਨਫ਼ਰਤ ਨੂੰ ਸਵੀਕਾਰ ਤੇ ਉਸ ਦਾ ਪ੍ਰਚਾਰ ਕਰਦੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਿਵੇਂ ਭੜਕਾਇਆ ਜਾ ਸਕਦਾ ਹੈ। ਪੰਜਾਬ ਦੇ ਖਿਡਾਰੀਆਂ ਨੇ ਦੇਸ਼ ਲਈ ਵੱਡੀ ਪੱਧਰ 'ਤੇ ਮਾਣ-ਸਨਮਾਨ ਪ੍ਰਾਪਤ ਕੀਤਾ ਤੇ ਅਣਗਿਣਤ ਮੈਚ ਤੇ ਮੈਡਲ ਜਿੱਤੇ ਹਨ। ਇਹ ਗੱਲ ਹੋਰ ਸੂਬਿਆਂ ਤੇ ਫ਼ਿਰਕਿਆਂ ਨਾਲ ਸਬੰਧਿਤ ਖਿਡਾਰੀਆਂ 'ਤੇ ਵੀ ਲਾਗੂ ਹੁੰਦੀ ਹੈ। ਕਿਸੇ ਖਿਡਾਰੀ ਨੂੰ ਉਸ ਦੇ ਧਰਮ ਜਾਂ ਸੂਬੇ ਦੇ ਆਧਾਰ 'ਤੇ ਨਿਸ਼ਾਨਾ ਬਣਾਉਣਾ ਘਿਨਾਉਣਾ ਅਪਰਾਧ ਤੇ ਅਨੈਤਿਕ ਕਾਰਵਾਈ ਹੈ।

ਅਸਲ ਵਿਚ ਅਰਸ਼ਦੀਪ ਦੇ ਹਵਾਲੇ ਨਾਲ ਜੋ ਚਰਚਾ ਸ਼ੁਰੂ ਹੋਈ ਹੈ, ਉਹ ਪਿਛਲੇ ਅੱਠ ਸਾਲਾਂ ਦੌਰਾਨ ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵੱਲੋਂ ਕੀਤੇ ਜਾ ਰਹੇ ਨਫਰਤੀ ਪ੍ਰਚਾਰ ਦਾ ਹੀ ਸਿੱਟਾ ਹੈ। ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਘੱਟ ਗਿਣਤੀਆਂ ਦੇ ਖਿਲਾਫ ਭੁਗਤਦੀ ਹੈ। ਪਹਿਲਾਂ ਜਦੋਂ 1990ਵਿਆਂ ਵਿਚ ਭਾਰਤੀ ਜਨਤਾ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਬਣੀ ਸੀ ਤਾਂ ਇਸ ਕੋਲ ਪੂਰਨ ਬਹੁਮਤ ਨਹੀਂ ਸੀ। ਜਦੋਂ 2014 ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਂਦ ਵਿਚ ਆਈ ਤਾਂ ਇਸ ਕੋਲ ਪੂਰਨ ਬਹੁਮਤ ਸੀ। ਇਸ ਨੇ ਭਾਵੇਂ ਐਨ.ਡੀ.ਏ. ਗੱਠਜੋੜ ਤਾਂ ਕਾਇਮ ਰੱਖਿਆ ਪਰ ਤਾਕਤਾਂ ਦਾ ਕੇਂਦਰੀਕਰਨ ਇਸ ਹਿਸਾਬ ਨਾਲ ਕਰ ਦਿੱਤਾ ਕਿ ਮੋਦੀ ਦੀ ਆਗਿਆ ਤੋਂ ਬਗੈਰ ਸਰਕਾਰ ਅੰਦਰ ਪੱਤਾ ਵੀ ਨਹੀਂ ਹਿੱਲਦਾ। ਇਉਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਨੇ ਹੌਲੀ-ਹੌਲੀ ਆਪਣਾ ਫਿਰਕੂ ਏਜੰਡਾ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਇਸ ਨੇ ਸਮਾਜ ਨੂੰ ਫਿਰਕੂ ਆਧਾਰ ਉਤੇ ਬਹੁਤ ਬੁਰੀ ਤਰ੍ਹਾਂ ਵੰਡ ਦਿੱਤਾ। ਇਸੇ ਦਾ ਨਤੀਜਾ ਹੈ ਕਿ ਹੁਣ ਅਰਸ਼ਦੀਪ ਸਿੰਘ ਵਰਗੇ ਮਾਮਲੇ ਸਾਹਮਣੇ ਆ ਰਹੇ ਹਨ। 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਬ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਤੋਂ ਬਾਅਦ ਆਸ ਬਣੀ ਸੀ ਕਿ ਹੁਣ ਦੋਹਾਂ ਮੁਲਕਾਂ ਵਿਚ ਸੁਖਾਵੇਂ ਸਬੰਧ ਬਣ ਜਾਣਗੇ ਪਰ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਸਮੁੱਚੀ ਚੋਣ ਸਿਆਸਤ ਕਿਉਂਕਿ ਪਾਕਿਸਤਾਨ ਦੇ ਵਿਰੋਧ ਵਿਚੋਂ ਹੀ ਨਿਕਲਦੀ ਹੈ, ਇਸ ਲਈ ਦੋਹਾਂ ਮੁਲਕਾਂ ਵਿਚ ਤਣਾਅ ਦਾ ਬਹਾਨਾ ਬਣਾ ਕੇ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਸਬੰਧ ਕੁਝ ਸੁਖਾਵੇਂ ਹੋਣ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘਾ ਦੁਬਾਰਾ ਸ਼ੁਰੂ ਤਾਂ ਕੀਤਾ ਗਿਆ ਪਰ ਦੋਹਾਂ ਮੁਲਕਾਂ ਵਿਚਕਾਰ ਸਬੰਧ ਉਸ ਪੱਧਰ ਉਤੇ ਸੁਖਾਵੇਂ ਨਹੀਂ ਹੋ ਸਕੇ ਕਿ ਇਸ ਲਾਂਘੇ ਨੂੰ ਅਗਾਂਹ ਸਬੰਧ ਬਣਾਉਣ ਦਾ ਰਾਹ ਬਣਾਇਆ ਜਾ ਸਕੇ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਅਤੇ ਅਤੇ ਆਰ.ਐਸ.ਐਸ. ਭਾਰਤ ਵਿਚ ਵੱਸਦੀਆਂ ਘੱਟ ਗਿਣਤੀਆਂ ਨੂੰ ਸਦਾ ਨਿਸ਼ਾਨੇ ਉਤੇ ਰੱਖਦੀ ਹੈ। ਇਸ ਜ਼ਹਿਰੀਲੀ ਸਿਆਸਤ ਦਾ ਹੀ ਅਸਰ ਹੈ ਕਿ ਸਮੁੱਚਾ ਭਾਰਤੀ ਸਮਾਜ ਵੰਡਿਆ ਗਿਆ ਹੈ। ਹੁਣ ਸੰਜੀਦਾ ਲੋਕਾਂ ਨੂੰ ਇਸ ਜ਼ਹਿਰੀਲੀ ਸਿਆਸਤ ਖਿਲਾਫ ਨਿੱਤਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਵਾਂ ਦੀ 'ਕਾਂ-ਕਾਂ' ਕਿਉਂ ?*

ਬਣ ਕੇ ਮੰਤਰੀ ਰਿਸ਼ਵਤਾਂ ਖਾਣ ਲੱਗਦੇ, ਲੋਕ-ਰਾਜ ਫਿਰ ਲੋਕਾਂ ਲਈ ਫਿੱਕ ਹੁੰਦਾ।
'ਬੋਲੀ' ਲੱਗਣ ਦੀ ਕਈਆਂ ਨੂੰ ਤਾਂਘ ਹੁੰਦੀ, ਕਿੰਨੇ 'ਮੁੱਲ' ਵਿਚ ਆਖਰ ਨੂੰ ਵਿਕ ਹੁੰਦਾ।
ਫਿਰਦਾ 'ਚੋਣ-ਪ੍ਰਚਾਰ' ਵਿਚ ਸਾਨ੍ਹ ਵਾਂਗੂੰ, ਫੜਿਆ ਜਾਣ 'ਤੇ ਝੱਟ ਹੀ 'ਸਿੱਕ' ਹੁੰਦਾ।
ਭੱਜਾ ਜਾਏ ਜ਼ਮਾਨਤ ਲਈ 'ਕੋਰਟਾਂ' ਨੂੰ, ਵਿਜੀਲੈਂਸ ਤੋਂ ਜਿਹੜਾ ਵੀ 'ਟਿੱਕ' ਹੁੰਦਾ।
ਖਿੱਲੀ ਖੂਬ ਉਡਾਉਂਦੇ ਨੇ ਲੋਕ ਉਹਦੀ, ਫਸੇ ਆਗੂ ਦਾ ਨਾਮ ਜੋ 'ਨਿੱਕ' ਹੁੰਦਾ।
ਸਾਰੇ ਆਣ ਕੇ 'ਕਾਂ ਕਾਂ' ਨੇ ਕਰੀ ਜਾਂਦੇ, ਕਾਉਂ 'ਮਾਰ' ਕੇ ਟੰਗਿਆ 'ਇਕ' ਹੁੰਦਾ!

# ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਅਤੇ ਜੇਲ੍ਹ ਪ੍ਰਬੰਧ

***ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਚਿਰਾਂ ਤੋਂ ਚਰਚਾ ਵਿਚ ਹੈ। ਇਹ ਮਸਲਾ ਹੁਣ ਇਕ ਵਾਰ ਫਿਰ ਭਖਿਆ ਹੈ। ਇਹ ਮਸਲਾ ਹੁਣ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਉਠਾਇਆ ਹੈ ਪਰ ਹਕੀਕਤ ਇਹ ਹੈ ਕਿ ਇਹ ਪਾਰਟੀ ਅੱਜ ਕੱਲ੍ਹ ਆਪਣੀ ਗੁਆਚੀ ਸਾਖ ਦੀ ਬਹਾਲੀ ਲਈ ਅਜਿਹੇ ਹੱਥ-ਪੈਰ ਮਾਰ ਰਹੀ ਹੈ। ਨਵਕਿਰਨ ਸਿੰਘ ਪੱਤੀ ਨੇ ਇਸ ਮਸਲੇ ਨਾਲ ਜੁੜੇ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪੰਜਾਬ ਵਿਚ ਇਨ੍ਹੀਂ ਦਿਨੀਂ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਮੁੜ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਗੁਰਬਖਸ਼ ਸਿੰਘ ਖਾਲਸਾ ਅਤੇ ਸੂਰਤ ਸਿੰਘ ਖਾਲਸਾ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਵੱਖੋ-ਵੱਖ ਤੌਰ 'ਤੇ ਕੀਤੀ ਭੁੱਖ ਹੜਤਾਲ ਨਾਲ ਵੀ ਇਹ ਮਸਲਾ ਸੁਰਖੀਆਂ ਵਿਚ ਆਇਆ ਸੀ। ਹੁਣ ਇਸ ਮਸਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਵੀ ਲਿਖੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਮਸਲੇ 'ਤੇ ਸੰਘਰਸ਼ ਕਰਨ ਦੇ ਰੌਂਅ ਵਿਚ ਹਨ ਪਰ ਪਹਿਲਾਂ ਵੀ ਕਈ ਵਾਰ ਸੰਘਰਸ਼ ਦੇ ਬਾਵਜੂਦ ਭਾਰਤ ਦੀਆਂ ਜੇਲ੍ਹਾਂ ਵਿਚ ਸਜ਼ਾ ਪੂਰੀ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦਾ ਮਸਲਾ ਹੱਲ ਨਹੀਂ ਹੋਇਆ ਹੈ। ਸ਼ਾਇਦ ਇਸ ਮਸਲੇ 'ਤੇ ਪੰਜਾਬੀਆਂ/ਸਿੱਖਾਂ ਵੱਲੋਂ ਇੱਕਜੁਟਤਾ ਨਾਲ ਸੰਘਰਸ਼ ਨਹੀਂ ਕੀਤਾ ਗਿਆ। ਸੱਚ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਮਸਲੇ ਨੂੰ ਉਸ ਸਮੇਂ ਹੀ ਉਭਾਰਦਾ ਹੈ ਜਦ ਉਹ 'ਸੱਤਾ' ਤੋਂ ਬਾਹਰ ਹੁੰਦਾ ਹੈ। ਇਹ ਤੱਥ ਹੈ ਕਿ ਸਜ਼ਾ ਮੁਆਫੀ ਦਾ ਮਾਮਲਾ ਕਾਫੀ ਹੱਦ ਤੱਕ ਸੂਬਾ ਸਰਕਾਰ ਦੇ ਹੱਥ ਹੁੰਦਾ ਹੈ। ਜਦ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਸੀ ਤੇ ਕੇਂਦਰ ਵਿਚ ਵੀ ਭਾਜਪਾ ਦੀ ਸਰਕਾਰ ਸੀ, ਉਸ ਸਮੇਂ ਸੂਬਾ ਸਰਕਾਰ ਚਾਹੁੰਦੀ ਤਾਂ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿਚ ਕੋਈ ਠੋਸ ਕਦਮ ਉਠਾ ਸਕਦੀ ਸੀ ਪਰ ਇਹ ਸੱਚ ਹੈ ਕਿ ਬਾਦਲ ਪਰਿਵਾਰ ਸਮੇਤ ਅਕਾਲੀ ਆਗੂਆਂ ਨੇ ਉਸ ਸਮੇਂ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਗੰਭੀਰਤਾ ਨਾਲ ਨਹੀਂ ਉਠਾਇਆ ਅਤੇ ਹੁਣ ਆਪਣੀ ਸਿਆਸੀ ਜ਼ਮੀਨ ਬਚਾਉਣ ਖਾਤਰ ਅਕਾਲੀ ਦਲ ਇਹ ਮਸਲਾ ਉਠਾ ਰਿਹਾ ਹੈ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail. com

ਅਕਾਲੀ ਦਲ ਨੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਇਸ ਮਸਲੇ ਨੂੰ ਉਭਾਰ ਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਤਾਮਿਲਨਾਡੂ ਸਰਕਾਰ ਨੇ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਸਾਰੇ ਦੋਸ਼ੀਆਂ ਨੂੰ ਅਗਾਊਂ ਰਿਹਾਅ ਕਰਨ ਸਬੰਧੀ ਸਿਫਾਰਸ਼ ਰਾਜਪਾਲ ਨੂੰ ਭੇਜੀ ਅਤੇ ਇਸ ਪੂਰੇ ਮਾਮਲੇ ਦੀ ਉੱਚ ਅਦਾਲਤ ਤੱਕ ਪੈਰਵਾਈ ਕਰਕੇ ਰਿਹਾਈ ਯਕੀਨੀ ਬਣਾਈ ਪਰ ਇਹ ਸਭ ਅਕਾਲੀ ਸਰਕਾਰ ਨਹੀਂ ਕਰ ਸਕੀ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਬਿਨਾ ਇਸ ਮਸਲੇ ਲਈ ਸੁਹਿਰਦਤਾ ਨਾਲ ਸੰਘਰਸ਼ ਕਰਨ ਵਾਲੀਆਂ ਧਿਰਾਂ/ਸਿੱਖ ਜੱਥੇਬੰਦੀਆਂ ਵੱਲੋਂ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਤਾਂ ਜ਼ੋਰ-ਸ਼ੋਰ ਨਾਲ ਉਠਾਉਣਾ ਹੀ ਚਾਹੀਦਾ ਹੈ ਸਗੋਂ ਇਸ ਦੇ ਨਾਲ-ਨਾਲ ਬਾਕੀ ਘੱਟਗਿਣਤੀਆਂ, ਗਰੀਬਾਂ, ਦਲਿਤਾਂ, ਆਦਿਵਾਸੀਆਂ ਦੀ ਰਿਹਾਈ ਦੀ ਮੰਗ ਨਾਲ ਇਸ ਮਸਲੇ ਨੂੰ ਵਿਸ਼ਾਲ ਰੂਪ ਦੇਣਾ ਚਾਹੀਦਾ ਹੈ ਕਿਉਂਕਿ ਭਾਰਤੀ ਸਟੇਟ ਆਮ ਲੋਕਾਂ, ਖਾਸਕਰ ਗਰੀਬਾਂ, ਦਲਿਤਾਂ, ਘੱਟਗਿਣਤੀਆਂ, ਕੌਮੀਅਤਾਂ ਅਤੇ ਇਨਕਲਾਬੀਆਂ ਨੂੰ ਰਾਜਤੰਤਰ ਰਾਹੀਂ ਕੁਚਲਣ ਵਾਲੇ ਮੁਲਕਾਂ ਵਾਲੇ ਮੋਹਰੀ ਮੁਲਕ ਵਜੋਂ ਜਾਣਿਆ ਜਾਂਦਾ ਹੈ, ਜਿੱਥੇ ਨਾ ਸਿਰਫ ਬੇਕਸੂਰ ਲੋਕ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ ਸਗੋਂ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਦੀ ਥਾਂ ਸਾਲਾਂ ਬੱਧੀ ਜੇਲ੍ਹਾਂ ਵਿਚ ਡੱਕ ਕੇ ਮਾਨਸਿਕ, ਸਮਾਜਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਸੰਵਿਧਾਨਕ ਅਤੇ ਮਨੁੱਖੀ ਆਧਾਰ 'ਤੇ ਇਹ ਹੋਣਾ ਚਾਹੀਦਾ ਹੈ ਕਿ ਸਜ਼ਾ ਪੂਰੀ ਹੋਣ 'ਤੇ ਕੈਦੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਪਰ ਭਾਰਤ ਵਿਚ ਸਾਰੇ ਕੈਦੀਆਂ ਲਈ ਬਰਾਬਰ ਮਾਪਦੰਡ ਨਜ਼ਰ ਨਹੀਂ ਆ ਰਹੇ। ਇੱਕ ਪਾਸੇ ਤਾਂ ਰਸੂਖਵਾਨ ਲੋਕ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਹੀ ਰਿਹਾਅ ਕਰ ਦਿੱਤੇ ਜਾਂਦੇ ਹਨ, ਦੂਜੇ ਪਾਸੇ ਧਾਰਮਿਕ ਘੱਟਗਿਣਤੀਆਂ, ਦਲਿਤਾਂ, ਆਦਿਵਾਸੀਆਂ, ਇਨਕਲਾਬੀ ਜਮਹੂਰੀ ਕਾਰਕੁਨਾ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਪ੍ਰਬੰਧ ਵਿਚ ਸਭਨਾਂ ਲਈ ਇੱਕਸਾਰ ਨਿਯਮ ਲਾਗੂ ਨਾ ਹੋਣ ਕਾਰਨ ਆਰਥਿਕ ਅਤੇ ਰਾਜਨੀਤਕ ਪੱਖੋਂ ਪਹੁੰਚ ਵਾਲੇ ਲੋਕ ਆਪਣੇ ਸਿਆਸੀ ਅਸਰ-ਰਸੂਖ ਦੇ ਜ਼ੋਰ ਮੁਕੱਦਮੇ ਦਰਜ ਹੋਣ ਅਤੇ ਸਜ਼ਾਵਾਂ ਤੋਂ ਬਚ ਨਿਕਲਦੇ ਹਨ; ਜੇ ਸਜ਼ਾ ਹੋ ਵੀ ਜਾਵੇ ਤਾਂ ਕਦੇ ਵੀ ਪੂਰੀਆਂ ਸਜ਼ਾਵਾਂ ਜੇਲ੍ਹਾਂ ਵਿਚ ਨਹੀਂ ਕੱਟਦੇ ਸਗੋਂ ਅਕਸਰ ਹੀ ਆਪਣੀਆਂ ਸਜ਼ਾਵਾਂ ਮੁਆਫ ਕਰਵਾ ਲੈਂਦੇ ਹਨ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਜੁੜੇ ਡੇਰਾ ਪ੍ਰੇਮੀਆਂ ਦਾ ਸਿਆਸੀ ਲਾਹਾ ਲੈਣ ਲਈ ਗੰਭੀਰ ਦੋਸ਼ਾਂ ਵਿਚ ਸਜ਼ਾਯਾਫਤਾ ਹੋਣ ਦੇ ਬਾਵਜੂਦ ਉਸ ਨੂੰ ਦੋ ਵਾਰ ਪੈਰੋਲ ਦਿੱਤੀ ਗਈ।

ਗੁਜਰਾਤ ਸਰਕਾਰ ਨੇ 15 ਅਗਸਤ ਮੌਕੇ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਕੇਸ ਦੇ ਸਾਰੇ ਦੋਸ਼ੀਆਂ ਦੀ ਸਜ਼ਾ ਮੁਆਫ ਕਰਕੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਬਿਲਕੀਸ ਬਾਨੋ ਦੀਆਂ ਅੱਖਾਂ ਸਾਹਮਣੇ ਉਸ ਦੀ ਮਾਸੂਮ ਧੀ ਸਮੇਤ ਦਰਜਨਾਂ ਪਰਿਵਾਰਕ ਜੀਆਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਉਸ ਨੇ ਤੰਗੀਆਂ-ਤੁਰਸ਼ੀਆਂ ਨਾਲ ਜੂਝਦਿਆਂ ਦਹਾਕਿਆਂ ਬੱਧੀ ਕਾਨੂੰਨੀ ਲੜਾਈ ਲੜ ਕੇ ਦੋਸ਼ੀਆਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਬੰਦ ਕਰਵਾਇਆ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਹੁਣ ਸਰਕਾਰਾਂ ਦਾ ਕਿਰਦਾਰ ਇਹ ਬਣ ਗਿਆ ਹੈ ਕਿ ਇਹ ਬਲਾਤਕਾਰੀਆਂ ਨੂੰ ਤਾਂ ਰਿਹਾਅ ਕਰ ਸਕਦੀਆਂ ਹਨ ਪਰ ਸਿਆਸੀ ਕਾਰਕੁਨਾਂ ਨੂੰ ਦਹਾਕਿਆਂ ਬੱਧੀ ਜੇਲ੍ਹਾਂ ਵਿਚ ਸਾੜਨਾ ਚਾਹੁੰਦੀਆਂ ਹਨ। ਭਾਰਤ ਵਿਚ ਉਮਰ ਕੈਦ ਦੀ ਪਰਿਭਾਸ਼ਾ ਇੰਡੀਅਨ ਪੀਨਲ ਕੋਡ ਦੀ ਧਾਰਾ 57 ਮੁਤਾਬਿਕ 20 ਸਾਲ ਦੀ ਸਜ਼ਾ ਹੈ ਅਤੇ ਸਰਕਾਰਾਂ ਕੋਲ ਇਹ ਅਖਤਿਆਰ ਹੈ ਕਿ ਉਹ 20 ਸਾਲ ਤੋਂ ਪਹਿਲਾਂ ਵੀ ਕੈਦ ਵਿਚ ਛੋਟ, ਮੁਆਫੀ ਜਾਂ ਸਜ਼ਾ ਬਦਲ ਕੇ ਰਿਹਾਅ ਕਰ ਸਕਦੀਆਂ ਹਨ। ਇਸ ਮਸਲੇ ਵਿਚ ਫਾਇਦਾ ਰਸੂਖਵਾਨਾਂ ਦਾ ਹੀ ਹੋਇਆ ਹੈ। ਚਰਚਿਤ ਪੁਲਿਸ ਕੈਟ ਪਿੰਕੀ ਦੀ ਉਮਰ ਕੈਦ ਦੀ ਸਜ਼ਾ ਸਰਕਾਰ ਦੀ ਸਿਫਾਰਸ਼ 'ਤੇ ਰਾਜਪਾਲ ਨੇ ਮੁਆਫ ਕਰ ਦਿੱਤੀ ਸੀ ਅਤੇ ਉਸ ਨੂੰ ਸਿਰਫ 7 ਸਾਲ 7 ਮਹੀਨੇ ਅਤੇ 14 ਦਿਨ ਦੀ ਕੈਦ ਹੀ ਕੱਟਣੀ ਪਈ ਸੀ।

ਇੱਕ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਵੱਲੋਂ 2019 ਵਿਚ ਕਰਵਾਏ ਸਰਵੇਖਣ ਅਤੇ ਜੇਲ੍ਹ ਸਟੈਟਿਸਟਿਕਸ ਇੰਡੀਆ-2019 ਅਨੁਸਾਰ ਭਾਰਤੀ ਜੇਲ੍ਹਾਂ 'ਚ ਲੱਗਭੱਗ 4.78 ਲੱਖ ਕੈਦੀ ਸਨ ਜੋ ਜੇਲ੍ਹਾਂ ਦੀ ਸਮਰੱਥਾ ਤੋਂ 18.5 ਫੀਸਦ ਜ਼ਿਆਦਾ ਸਨ। ਇਨ੍ਹਾਂ ਵਿਚ ਲੱਗਭੱਗ 68 ਪ੍ਰਤੀਸ਼ਤ ਕੈਦੀ (ਭਾਵ ਅੱਧਿਓਂ ਵੱਧ) ਵਿਚਾਰ ਅਧੀਨ ਹਨ ਜਿਨ੍ਹਾਂ ਨੂੰ ਸਜ਼ਾ ਨਹੀਂ ਹੋਈ ਤੇ ਉਹ ਜੇਲ੍ਹਾਂ ਵਿਚ ਆਪਣਾ ਮੁਕੱਦਮਾ ਪੂਰਾ ਹੋਣ ਦੀ ਉਡੀਕ ਕਰ ਰਹੇ ਹਨ। ਕੁਝ ਸਾਲ ਪਹਿਲਾਂ ਭਾਰਤ ਦੇ ਸਾਬਕਾ ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨ ਨੇ ਕਿਹਾ ਸੀ ਕਿ 'ਜੇਲ੍ਹਾਂ ਸਜ਼ਾਯਾਫਤਾ ਕੈਦੀਆਂ ਲਈ ਹਨ, ਵਿਚਾਰ-ਅਧੀਨ ਕੈਦੀਆਂ ਲਈ ਨਹੀਂ'; ਫਿਰ ਵੀ ਬਿਨਾ ਵਜ੍ਹਾ ਇਨ੍ਹਾਂ ਕੈਦੀਆਂ ਨੂੰ ਜੇਲ੍ਹਾਂ ਵਿਚ ਰੱਖਿਆ ਹੋਇਆ ਹੈ।

ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ ਜੇ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧਤ ਕੈਦੀਆਂ ਦੀ ਫੀਸਦ ਦੇਖਣੀ ਹੋਵੇ ਤਾਂ ਇਹ ਆਬਾਦੀ ਵਿਚ ਹਿੱਸੇਦਾਰੀ ਤੋਂ ਜ਼ਿਆਦਾ ਹੈ। 31 ਦਸੰਬਰ 2020 ਦੇ ਅੰਕੜਿਆਂ ਅਨੁਸਾਰ ਜੇਲ੍ਹਾਂ ਵਿਚ ਮੁਸਲਮਾਨ ਭਾਈਚਾਰੇ ਨਾਲ ਸਬੰਧਤ 19.5 ਫੀਸਦ ਕੈਦੀ ਵਿਚਾਰ-ਅਧੀਨ ਸਨ ਜਦਕਿ 2011 ਦੀ ਜਨਗਣਨਾ ਅਨੁਸਾਰ ਮੁਸਲਮਾਨ ਭਾਈਚਾਰੇ ਦੀ ਆਬਾਦੀ 14.2 ਫੀਸਦ ਹੈ। ਇਸੇ ਦਿਨ ਤੱਕ ਭਾਰਤੀ ਜੇਲ੍ਹਾਂ ਵਿਚ 3.5 ਫੀਸਦ ਸਿੱਖ ਕੈਦੀ ਵਿਚਾਰ-ਅਧੀਨ ਸਨ ਜਦਕਿ 2011 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਸਿੱਖਾਂ ਦੀ ਆਬਾਦੀ 1.72 ਫੀਸਦ ਹੈ। ਇਸੇ ਤਰ੍ਹਾਂ ਦੇ ਅੰਕੜੇ ਦਲਿਤ ਭਾਈਚਾਰੇ ਨਾਲ ਸਬੰਧਤ ਹਨ। ਸਾਮਰਾਜੀ ਨੀਤੀਆਂ ਲਾਗੂ ਕਰਦਿਆਂ ਭਾਰਤ ਸਰਕਾਰ ਨੇ ਅਣ-ਐਲਾਨੀ ਐਮਰਜੈਂਸੀ ਥੋਪੀ ਹੋਈ ਹੈ ਜਿੱਥੇ ਜਬਰ ਰਾਹੀਂ ਲੋਕਾਂ ਨੂੰ ਦਹਿਸ਼ਤਜ਼ਦਾ ਕਰਦਿਆਂ ਜੇਲ੍ਹੀਂ ਡੱਕਿਆ ਜਾ ਰਿਹਾ ਹੈ।

ਅਸਲ ਵਿਚ, ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਅੰਗਰੇਜ਼ਾਂ ਦੇ ਜ਼ਮਾਨੇ ਵਾਲੀ ਹੈ ਜੋ ਉਨ੍ਹਾਂ ਨੇ ਆਪਣੇ ਧਾੜਵੀ ਰਾਜ ਦੀ ਸਲਾਮਤੀ ਲਈ ਬਣਾਈ ਸੀ। ਉਸ ਸਮੇਂ ਵੀ ਰਿਹਾਈ ਅੰਗਰੇਜ਼ਾਂ ਦੇ ਪਿੰਡਾਂ ਸ਼ਹਿਰਾਂ ਵਿਚ ਬੈਠੇ ਨੁਮਾਇੰਦਿਆਂ ਰਾਹੀਂ ਹੁੰਦੀ ਸੀ ਤੇ ਅੱਜ ਵੀ ਇਸ ਪ੍ਰਕਿਰਿਆ ਅਨੁਸਾਰ ਸਜ਼ਾ ਪੂਰੀ ਕਰ ਚੁੱਕੇ ਕੈਦੀ ਨੂੰ ਆਪਣੀ ਰਿਹਾਈ ਲਈ ਪ੍ਰਸ਼ਾਸਨ ਤੋਂ ਕਲੀਨ ਚਿੱਟ ਲੈਣੀ ਪੈਂਦੀ ਹੈ। ਇਸ ਪ੍ਰਬੰਧ ਦਾ ਇਹ ਪੱਖਪਾਤੀ ਰਵੱਈਆ ਹੀ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ, ਗੁਜਰਾਤ ਦੇ ਦੰਗਿਆਂ ਦੇ ਗੁਨਾਹਗਾਰ, ਗੋਧਰਾ ਕਾਂਡ ਦੇ ਜ਼ਿੰਮੇਵਾਰ, ਬਿਲਕਿਸ ਬਾਨੋ ਦੇ ਬਲਾਤਕਾਰੀ ਬਾਹਰ ਘੁੰਮ ਰਹੇ ਹਨ; ਦੂਜੇ ਪਾਸੇ ਜ਼ਿਆਦਾਤਰ ਲੋਕ ਸਾਧਨਾਂ ਅਤੇ ਸ੍ਰੋਤਾਂ ਦੀ ਘਾਟ ਕਾਰਨ ਜੇਲ੍ਹਾਂ ਵਿਚ ਹਨ। ਕੁਝ ਲੋਕ ਸਥਾਪਤੀ ਵਿਰੋਧੀ ਵਿਚਾਰਾਂ ਕਰਕੇ ਜੇਲ੍ਹਾਂ ਵਿਚ ਹਨ। ਫਰਵਰੀ 2011 ਵਿਚ ਸੁਪਰੀਮ ਕੋਰਟ ਦੇ ਜਸਟਿਸ ਮਾਰਕੰਡੇ ਕਾਟਜੂ ਆਧਾਰਿਤ ਬੈਂਚ ਨੇ ਇੱਕ ਕੇਸ ਦਾ ਫੈਸਲਾ ਦਿੰਦਿਆਂ ਕਿਹਾ ਕਿ ਵਿਚਾਰਾਂ ਦੇ ਆਧਾਰ 'ਤੇ ਕਿਸੇ ਨੂੰ ਕੈਦ ਨਹੀਂ ਕੀਤਾ ਜਾ ਸਕਦਾ, ਭਾਵੇਂ ਉਹ ਕਿਸੇ ਪਾਬੰਦੀਸ਼ੁਦਾ ਸੰਗਠਨ ਦਾ ਕਾਰਕੁਨ ਕਿਉਂ ਨਾ ਹੋਵੇ; ਫਿਰ ਵੀ ਹਜ਼ਾਰਾਂ ਲੋਕ ਇਸੇ ਵਜ੍ਹਾ ਕਰਕੇ ਰਿਹਾਅ ਨਹੀਂ ਕੀਤੇ ਜਾ ਰਹੇ ਕਿ ਉਹ ਸਰਕਾਰ ਵਿਰੋਧੀ ਵਿਚਾਰਾਂ ਵਾਲੇ ਹਨ।


ਭੀਮਾ ਕੋਰੇਗਾਓਂ ਮਾਮਲੇ ਵਿਚ ਦਲਿਤ ਕਾਰਕੁਨਾਂ, ਖੱਬੇ ਪੱਖੀ ਵਿਚਾਰਧਾਰਾ ਵਾਲੇ ਬੁੱਧੀਜੀਵੀਆਂ, ਵਕੀਲ, ਕਵੀ, ਪਾਦਰੀ, ਲੇਖਕ, ਪ੍ਰੋਫੈਸਰ ਅਤੇ ਮਾਨਵੀ ਹੱਕਾਂ ਦੇ ਰਾਖੇ ਸਿਰਫ ਉਨ੍ਹਾਂ ਦੇ ਹਕੂਮਤ ਵਿਰੋਧੀ ਵਿਚਾਰਾਂ ਕਾਰਨ ਕੇਸ ਵਿਚ ਸ਼ਾਮਲ ਕੀਤੇ ਗਏ। ਇਸ ਦੌਰਾਨ ਯੂ.ਏ.ਪੀ.ਏ. ਤਹਿਤ ਜੇਲ੍ਹ ਵਿਚ ਬੰਦ 84 ਸਾਲਾ ਪਾਦਰੀ ਸਟੇਨ ਸਵਾਮੀ ਦੀ ਮੌਤ ਹੋ ਗਈ। 80 ਫੀਸਦ ਅਪਾਹਜ ਦਿੱਲੀ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਤੇ ਜਮਹੂਰੀ ਹੱਕਾਂ ਦਾ ਘੁਲਾਟੀਆ ਡਾ. ਜੀ.ਐੱਨ. ਸਾਈਬਾਬਾ ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ ਤਹਿਤ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ।

ਅੱਜ ਜਦ ਸਰਕਾਰ ਲੋਕਾਂ ਦੇ ਜਮਹੂਰੀ ਹੱਕ ਕੁਚਲ ਰਹੀ ਹੈ ਅਤੇ ਵਿਰੋਧੀ ਵਿਚਾਰ ਪ੍ਰਗਟਾਉਣ ਵਾਲੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਡੱਕ ਰਹੀ ਹੈ ਤਾਂ ਅਜਿਹੇ ਹਾਲਾਤ ਵਿਚ ਅਕਾਲੀ ਦਲ (ਬਾਦਲ) ਵਰਗੀ ਪਾਰਟੀ ਤੋਂ ਕੋਈ ਆਸ ਛੱਡ ਕੇ ਜੇਲ੍ਹਾਂ ਵਿਚ ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਦੀ ਰਿਹਾਈ ਦਾ ਮਸਲਾ ਉਭਾਰਨਾ ਚਾਹੀਦਾ ਹੈ।

# ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦਾ ਘਾਣ

## ਐਮਨੈਸਟੀ ਇੰਟਰਨੈਸ਼ਨਲ ਦੀ ਜੰਮੂ ਕਸ਼ਮੀਰ ਬਾਰੇ ਤਾਜ਼ਾ ਰਿਪੋਰਟ ਜਾਰੀ

***ਮੋਦੀ ਸਰਕਾਰ ਨੇ ਅਗਸਤ 2019 ਵਿਚ ਜੰਮੂ ਕਸ਼ਮੀਰ ਵਿਚ ਧਾਰਾ 370 ਤੋੜ ਕੇ ਇਸ ਦਾ ਰਿਆਸਤੀ ਦਰਜਾ ਵੀ ਖੋਹ ਲਿਆ ਸੀ ਅਤੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਇਸ ਦਾ ਕੰਟਰੋਲ ਸਿੱਧਾ ਆਪਣੇ ਹੱਥਾਂ ਵਿਚ ਲੈ ਲਿਆ। ਇਸ ਤੋਂ ਬਾਅਦ ਸਰਕਾਰ ਬਥੇਰੇ ਦਾਅਵੇ ਕਰ ਰਹੀ ਹੈ ਕਿ ਜੰਮੂ ਕਸ਼ਮੀਰ ਵਿਚ 'ਸਭ ਅੱਛਾ' ਹੈ ਪਰ ਹਾਲਾਤ ਦੱਸਦੇ ਹਨ ਕਿ ਉਥੇ ਕਿਸ ਤਰ੍ਹਾਂ ਵੱਖ-ਵੱਖ ਬਹਾਨੇ ਬਣਾ ਕੇ ਆਮ ਲੋਕਾਂ ਦਾ ਜੀਣਾ ਵੀ ਮੁਸ਼ਕਿਲ ਕੀਤਾ ਹੋਇਆ ਹੈ। ਇਨ੍ਹਾਂ ਮੁਸ਼ਕਿਲਾਂ ਦਾ ਜ਼ਿਕਰ ਕੌਮਾਂਤਰੀ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਨੇ ਹਾਲ ਹੀ ਵਿਚ ਜਾਰੀ ਆਪਣੀ ਰਿਪੋਰਟ ਵਿਚ ਕੀਤਾ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਜੰਮੂ ਕਸ਼ਮੀਰ ਦੇ ਅੱਜ ਦੇ ਹਾਲਾਤ ਅਤੇ ਐਮਨੈਸਟੀ ਇੰਟਰਨੈਸ਼ਨਲ ਦੀ ਤਾਜ਼ਾ ਰਿਪੋਰਟ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***



*ਕਸ਼ਮੀਰ ਦੇ ਚੱਪੇ-ਚੱਪੇ ਉਤੇ ਤਾਇਨਾਤ ਸੁਰੱਖਿਆ ਬਲਾਂ ਦੀ ਇਕ ਝਲਕ।*

ਹਾਲ ਹੀ ਵਿਚ ਐਮਨੈਸਟੀ ਇੰਟਰਨੈਸ਼ਨਲ ਨੇ ਜੰਮੂ ਕਸ਼ਮੀਰ ਬਾਰੇ ਆਪਣੀ ਰਿਪੋਰਟ 'ਵੀ ਆਰ ਬੀਇੰਗ ਪਨਿਸ਼ਡ ਬਾਇ ਦਿ ਲਾਅ' ਜਾਰੀ ਕੀਤੀ ਹੈ। ਇਸ ਵਿਚ 5 ਅਗਸਤ 2019 ਤੋਂ ਲੈ ਕੇ ਕਸ਼ਮੀਰੀ ਅਵਾਮ ਉੱਪਰ ਭਾਰਤੀ ਸਟੇਟ ਵੱਲੋਂ ਢਾਹੇ ਜਾ ਰਹੇ ਤਸ਼ੱਦਦ ਵਿਚ ਆਈ ਤੇਜ਼ੀ ਦੇ ਹਾਲਾਤ ਬਿਆਨ ਕੀਤੇ ਗਏ ਹਨ। ਰਿਪੋਰਟ ਦਾ ਨਿਚੋੜ ਇਹ ਹੈ ਕਿ ਭਾਰਤੀ ਹਕੂਮਤ ਦਾ ਜੰਮੂ ਕਸ਼ਮੀਰ ਦੇ ਨਾਗਰਿਕ ਸਮਾਜ ਅਤੇ ਮੀਡੀਆ ਉੱਪਰ ਦੁਸ਼ਟ ਹਮਲਾ ਜ਼ੋਰਾਂ 'ਤੇ ਹੈ। ਹਕੂਮਤ ਕਾਲੇ ਕਾਨੂੰਨਾਂ, ਜਾਬਰ ਨੀਤੀਆਂ ਅਤੇ ਗੈਰ-ਕਾਨੂੰਨੀ ਅਮਲਾਂ ਸਮੇਤ ਹਰ ਜਾਬਰ ਤਰੀਕਾ ਵਰਤ ਕੇ ਜਮਹੂਰੀ ਵਿਰੋਧ ਨੂੰ ਕੁਚਲਣ 'ਤੇ ਉੱਤਰੀ ਹੋਈ ਹੈ। ਭਾਰਤੀ ਸਟੇਟ ਦੀਆਂ ਨੀਤੀਆਂ ਅਤੇ ਤਾਨਾਸ਼ਾਹ ਸ਼ਾਸਨ ਦੀਆਂ ਆਲੋਚਕ ਆਵਾਜ਼ਾਂ ਨੂੰ ਤੰਗ-ਪ੍ਰੇਸ਼ਾਨ ਕਰਕੇ ਅਤੇ ਉਨ੍ਹਾਂ ਦੀ ਬਾਂਹ ਮਰੋੜ ਕੇ ਭਾਰਤੀ ਅਧਿਕਾਰੀ ਜੰਮੂ ਕਸ਼ਮੀਰ ਦੇ ਅੰਦਰ ਅਤੇ ਇਸ ਦੇ ਬਾਰੇ ਜਾਣਕਾਰੀ ਦੇ ਕੁਲ ਭਰੋਸੇਯੋਗ, ਸੁਤੰਤਰ ਸਰੋਤਾਂ ਨੂੰ ਨਿਸ਼ਾਨਾ ਬਣਾ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਰਹੇ ਹਨ। ਬੇਕਿਰਕ ਤਸ਼ੱਦਦ ਨਾਲ ਹਰ ਅਸਹਿਮਤੀ ਨੂੰ ਖ਼ਾਮੋਸ਼ ਕਰ ਦਿੱਤਾ ਗਿਆ ਹੈ ਜਿਸ ਨਾਲ ਖੇਤਰ ਵਿਚ ਭੈਅ ਅਤੇ ਬੇਯਕੀਨੀ ਦਾ ਆਲਮ ਛਾਇਆ ਹੋਇਆ ਹੈ।

ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਤਿੰਨ ਸਾਲਾਂ 'ਚ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਸਮੇਤ ਕਸ਼ਮੀਰੀ ਲੋਕਾਂ ਉੱਪਰ ਜਬਰ 'ਚ ਖ਼ਾਸ ਤੌਰ 'ਤੇ ਤੇਜ਼ੀ ਆਈ ਹੈ। ਆਮ ਰੂਪ 'ਚ ਸਿਵਲ ਸੁਸਾਇਟੀ ਅਤੇ ਖ਼ਾਸ ਕਰਕੇ ਪੱਤਰਕਾਰਾਂ, ਵਕੀਲਾਂ, ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ ਥਾਣਿਆਂ/ਵਿਸ਼ੇਸ਼ ਤਸੀਹਾ ਕੇਂਦਰਾਂ 'ਚ ਵਾਰ-ਵਾਰ ਬੁਲਾ ਕੇ ਇੰਟੈਰੋਗੇਟ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਵਿਦੇਸ਼ ਜਾਣ ਉੱਪਰ ਪਾਬੰਦੀਆਂ, ਗ੍ਰਿਫ਼ਤਾਰੀਆਂ/ਨਜ਼ਰਬੰਦੀਆਂ, ਦਮਨਕਾਰੀ ਮੀਡੀਆ ਨੀਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਸ਼ਮੀਰੀਆਂ ਨੂੰ ਆਪਣੇ ਨਾਲ ਹੋ ਰਹੇ ਧੱਕੇ ਅਤੇ ਅਨਿਆਂ ਬਾਰੇ ਅਦਾਲਤਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਤੱਕ ਪਹੁੰਚ ਕਰਨ ਤੋਂ ਵੀ ਰੋਕਿਆ ਜਾ ਰਿਹਾ ਹੈ। ਭਾਰਤੀ ਰਾਜ ਦੇ ਅਧਿਕਾਰੀਆਂ ਨੂੰ ਕਿਸੇ ਕਾਨੂੰਨ ਦੀ ਪ੍ਰਵਾਹ ਨਹੀਂ ਹੈ ਅਤੇ ਉਹ ਹਰ ਹਰਬਾ ਵਰਤ ਕੇ ਕਸ਼ਮੀਰੀਆਂ ਦੇ ਵਿਚਾਰ ਪ੍ਰਗਟਾਵੇ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ, ਵਿਅਕਤੀ ਦੀ ਆਜ਼ਾਦੀ ਅਤੇ ਸੁਰੱਖਿਆ ਦੇ ਹੱਕ, ਨਿੱਜਤਾ ਦੇ ਹੱਕ, ਨਿਆਂ ਦੇ ਉਪਾਅ ਅਤੇ ਪਹੁੰਚ ਦੇ ਹੱਕ ਦਾ ਬੇਕਿਰਕੀ ਨਾਲ ਘਾਣ ਕਰ ਰਹੇ ਹਨ।

ਐਮਨੈਸਟੀ ਨੇ ਇੰਟਰਵਿਊਆਂ ਕਰਕੇ ਅਤੇ ਮੀਡੀਆ ਸਰੋਤਾਂ ਦਾ ਅਧਿਐਨ ਕਰਕੇ ਐਸੀਆਂ ਘੱਟੋ-ਘੱਟ 60 ਮਿਸਾਲਾਂ ਦੇ ਵੇਰਵੇ ਦਰਜ ਕੀਤੇ ਹਨ ਜਿਨ੍ਹਾਂ ਵਿਚ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਰਾਖਿਆਂ ਨੂੰ ਇੰਟੈਰੋਗੇਸ਼ਨ, ਅਪਰਾਧਿਕ ਤਫ਼ਤੀਸ਼ਾਂ, ਮਨਮਾਨੀਆਂ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਅਤੇ ਖ਼ੁਫ਼ੀਆ ਏਜੰਸੀਆਂ ਦੀ ਸਖ਼ਤ ਨਿਗਰਾਨੀ ਦਾ ਸੰਤਾਪ ਝੱਲਣਾ ਪਿਆ ਹੈ। ਡਰਾਉਣ-ਧਮਕਾਉਣ ਦੀਆਂ ਹੋਰ ਚਾਲਾਂ ਵਿਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੁਆਰਾ ਮੰਦਭਾਵਨਾ ਨਾਲ ਜਾਂਚ ਅਤੇ ਛਾਪੇ ਮਾਰਨਾ ਸ਼ਾਮਿਲ ਹਨ। 2020 'ਚ ਐਨ.ਆਈ.ਏ. ਨੇ ਮਨੁੱਖੀ ਹੱਕਾਂ ਦੇ ਉੱਘੇ ਪਹਿਰੇਦਾਰਾਂ ਖ਼ੁਰਮ ਪਰਵੇਜ਼, ਉਸ ਦੇ ਤਿੰਨ ਸਾਥੀਆਂ ਅਤੇ ਕਾਰਕੁਨ ਪਰਵੀਨਾ ਅਹੰਗਰ ਵਰਗਿਆਂ ਦੇ ਘਰਾਂ ਅਤੇ ਦਫਤਰਾਂ 'ਤੇ ਵਾਰ-ਵਾਰ ਛਾਪੇ ਮਾਰੇ। ਅਖ਼ਬਾਰ ਕਸ਼ਮੀਰ ਟਾਈਮਜ਼, ਐਨ.ਜੀ.ਓ. ਅਥਰੂਟ ਅਤੇ ਜੀ.ਕੇ. ਟਰੱਸਟ ਦੇ ਦਫ਼ਤਰਾਂ ਅਤੇ ਏਜੰਸੀ ਫਰਾਂਸ-ਪ੍ਰੈੱਸ ਦੇ ਕਸ਼ਮੀਰ ਪੱਤਰਕਾਰ ਪਰਵੇਜ਼ ਬੁਖ਼ਾਰੀ ਦੇ ਘਰ ਵੀ ਛਾਪੇ ਮਾਰੇ ਗਏ।

ਖ਼ੁਰਮ ਪਰਵੇਜ਼ ਦੀ ਪਤਨੀ ਸਮੀਨਾ ਨੇ ਐਮਨੈਸਟੀ ਨੂੰ ਦੱਸਿਆ, "ਐਨ.ਆਈ.ਏ. ਅਧਿਕਾਰੀਆਂ ਨੇ ਸਾਡੇ ਘਰੇਲੂ ਨੌਕਰ ਸਮੇਤ ਦਫ਼ਤਰ ਦੇ ਲੈਪਟਾਪਾਂ ਸਮੇਤ ਸਾਡੇ ਸਾਂਝੇ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਨਿੱਜੀ ਫੋਨ ਤੱਕ ਜ਼ਬਤ ਕਰ ਲਏ। ਕੁੱਲ ਮਿਲਾ ਕੇ 21 ਡਿਵਾਈਸ; ਉਹ ਉਸ ਦੀ ਪੁਰਾਣੀ ਡਾਇਰੀ ਅਤੇ ਵਿਜ਼ਟਿੰਗ ਕਾਰਡਾਂ ਵਿਚੋਂ ਕੁਝ ਨਾਂ ਪੁੱਛਦੇ ਰਹੇ। ਇਸ ਦੀ ਵਰਤੋਂ ਖ਼ੁਰਮ ਉੱਪਰ ਭਾਰਤ ਦੇ ਦਹਿਸ਼ਤਵਾਦ ਵਿਰੋਧੀ ਕਾਨੂੰਨ ਤਹਿਤ ਅਤੇ ਮੁਲਕ ਦੇ ਖ਼ਿਲਾਫ਼ ਜੰਗ ਛੇੜਨ ਦਾ ਦੋਸ਼ ਲਗਾਉਣ ਲਈ ਕਿਵੇਂ ਕੀਤੀ ਜਾ ਸਕਦੀ ਹੈ?" ਦਰਅਸਲ, ਇਹ ਭਾਰਤੀ ਏਜੰਸੀਆਂ ਦੀ ਹੱਕਾਂ ਦੇ ਸਮੂਹ ਪਹਿਰੇਦਾਰਾਂ ਨੂੰ ਭੈਭੀਤ ਕਰਨ ਲਈ ਚਿਤਾਵਨੀਨੁਮਾ ਕਾਰਵਾਈ ਸੀ।

ਇਕ ਪ੍ਰਮੁੱਖ ਅਖ਼ਬਾਰ ਦੇ ਸੀਨੀਅਰ ਸੰਪਾਦਕ ਨੇ ਦੱਸਿਆ, "ਜਦੋਂ ਐਨ.ਆਈ.ਏ. ਕਿਸੇ ਪੱਤਰਕਾਰ ਦੇ ਘਰ ਛਾਪਾ ਮਾਰਦੀ ਹੈ ਜਾਂ ਐਨਫੋਰਸਮੈਂਟ ਡਾਇਰੈਕਟੋਰੇਟ ਸੰਪਾਦਕ ਨੂੰ ਝੂਠੇ ਕੇਸਾਂ ਦੀ ਧਮਕੀ ਦਿੰਦਾ ਹੈ ਤਾਂ ਇਸ ਦਾ ਅਸਰ ਸਿਰਫ਼ ਪੱਤਰਕਾਰ ਜਾਂ ਸੰਪਾਦਕ ਉੱਪਰ ਹੀ ਨਹੀਂ ਸਗੋਂ ਪੂਰੇ ਸਮਾਜ ਉੱਪਰ ਪੈਂਦਾ ਹੈ। ਉਹ ਡਰਦੇ ਹਨ ਕਿ ਅਗਲਾ ਨਿਸ਼ਾਨਾ ਉਨ੍ਹਾਂ ਨੂੰ ਬਣਾਇਆ ਜਾ ਸਕਦਾ ਹੈ। ਪੱਤਰਕਾਰਾਂ ਲਈ ਆਪਣਾ ਕੰਮ ਸੁਤੰਤਰ ਤੌਰ 'ਤੇ ਜਾਰੀ ਰੱਖਣਾ ਅਸੰਭਵ ਹੋ ਗਿਆ ਹੈ।" ਨਾਗਰਿਕ ਅਤੇ ਸਿਆਸੀ ਹੱਕਾਂ ਬਾਰੇ ਕੌਮਾਂਤਰੀ ਇਕਰਾਰਨਾਮੇ ਵਿਚ ਦਰਜ ਹੈ ਕਿ ਕਾਨੂੰਨੀ ਆਧਾਰ ਤੋਂ ਬਿਨਾਂ ਛਾਪਾ ਮਾਰਨਾ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਸਪੱਸ਼ਟ ਉਲੰਘਣਾ ਹੈ ਪਰ ਭਾਰਤੀ ਹਕੂਮਤ ਇਸ ਨੂੰ ਟਿੱਚ ਸਮਝਦੀ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਨੋਟ ਕੀਤਾ ਕਿ ਪਿਛਲੇ ਤਿੰਨ ਸਾਲਾਂ ਵਿਚ ਘੱਟੋ-ਘੱਟ ਛੇ ਵਿਅਕਤੀਆਂ ਜਿਨ੍ਹਾਂ ਵਿਚ ਪੱਤਰਕਾਰ, ਮਨੁੱਖੀ ਹੱਕਾਂ ਦੇ ਕਾਰਕੁਨ ਅਤੇ ਅਕਾਦਮਿਕ ਸ਼ਾਮਿਲ ਹਨ, ਨੂੰ ਮਨਮਾਨੀਆਂ ਸਰਕਾਰੀ ਕਾਰਵਾਈਆਂ ਰਾਹੀਂ ਉਨ੍ਹਾਂ ਦੀ ਘੁੰਮਣ-ਫਿਰਨ ਦੀ ਆਜ਼ਾਦੀ ਦੀ ਉਲੰਘਣਾ ਕਰਕੇ ਵਿਦੇਸ਼ ਜਾਣ ਤੋਂ ਰੋਕਿਆ ਗਿਆ ਹਾਲਾਂਕਿ ਉਨ੍ਹਾਂ ਕੋਲ ਲੋੜੀਂਦੇ ਸਫ਼ਰ ਦਸਤਾਵੇਜ਼ ਸਨ। ਉਨ੍ਹਾਂ ਨੂੰ ਕੋਈ ਅਦਾਲਤੀ ਹੁਕਮ ਜਾਂ ਵਾਰੰਟ ਵੀ ਨਹੀਂ ਦਿਖਾਇਆ ਗਿਆ ਨਾ ਹੀ ਕੋਈ ਲਿਖਤੀ ਸਪੱਸ਼ਟੀਕਰਨ ਦਿੱਤਾ ਗਿਆ।

'ਸੋਧੀ ਹੋਈ ਮੀਡੀਆ ਨੀਤੀ-2020' ਅਤੇ 'ਫਿਲਮ ਨੀਤੀ-2021' ਵਰਗੀਆਂ ਰੋਕ ਲਾਊ ਮੀਡੀਆ ਨੀਤੀਆਂ ਪਾਸ ਕਰਕੇ ਭਾਰਤ ਸਰਕਾਰ ਨੇ ਖੇਤਰ ਵਿਚੋਂ ਬਾਹਰ ਆਉਣ ਵਾਲੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਕੰਟਰੋਲ 'ਚ ਕਰ ਲਿਆ ਹੈ। ਪਹਿਲੇ ਛੇ ਮਹੀਨੇ ਇੰਟਰਨੈੱਟ ਬੰਦ ਰੱਖਣ ਤੋਂ ਬਾਦ ਭਾਰਤੀ ਅਧਿਕਾਰੀ ਅਕਸਰ ਬਿਨਾ ਕਿਸੇ ਅਗਾਊਂ ਸੂਚਨਾ ਦੇ ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚ ਇੰਟਰਨੈੱਟ ਸੇਵਾਵਾਂ ਨੂੰ ਅਚਾਨਕ ਮੁਅੱਤਲ ਕਰ ਦਿੰਦੇ ਹਨ। ਇਸ ਤੋਂ ਇਲਾਵਾ, 2022 'ਚ ਭਾਰਤ ਸਰਕਾਰ ਵੱਲੋਂ ਕਸ਼ਮੀਰ ਪ੍ਰੈਸ ਕਲੱਬ ਨੂੰ ਅਚਾਨਕ ਬੰਦ ਕਰਨਾ ਪਹਿਲਾਂ ਹੀ ਤਹਿਸ-ਨਹਿਸ ਹੋ ਰਹੇ ਖ਼ਬਰਾਂ ਦੇ ਆਦਾਨ-ਪ੍ਰਦਾਨ ਲਈ ਵੱਡੀ ਸੱਟ ਸੀ।

ਐਮਨੈਸਟੀ ਇੰਟਰਨੈਸ਼ਨਲ ਦੁਆਰਾ ਜੁਟਾਏ ਅੰਕੜਿਆਂ ਅਨੁਸਾਰ 5 ਅਗਸਤ 2019 ਤੋਂ ਭਾਰਤੀ ਅਥਾਰਟੀਜ਼ ਵੱਲੋਂ ਘੱਟੋ-ਘੱਟ 27 ਪੱਤਰਕਾਰਾਂ ਨੂੰ ਗ੍ਰਿਫ਼ਤਾਰ ਅਤੇ ਨਜ਼ਰਬੰਦ ਕੀਤਾ ਗਿਆ ਹੈ। ਫ਼ਹਦ ਸ਼ਾਹ, ਆਸਿਫ਼ ਸੁਲਤਾਨ ਅਤੇ ਸੱਜਾਦ ਗੁਲ ਸਮੇਤ ਕਈ ਪੱਤਰਕਾਰਾਂ ਨੂੰ ਗਿਣੇ-ਮਿੱਥੇ ਤਰੀਕੇ ਨਾਲ ਸੀਖਾਂ ਪਿੱਛੇ ਡੱਕਿਆ ਗਿਆ ਹੈ। ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀ ਦਾ ਤੈਅਸ਼ੁਦਾ ਤਰੀਕਾ ਹੈ। ਉਨ੍ਹਾਂ ਨੂੰ ਇਕ ਕਾਨੂੰਨ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ, ਅਦਾਲਤ ਵੱਲੋਂ ਜ਼ਮਾਨਤ ਦਿੱਤੀ ਗਈ ਅਤੇ ਤਕਰੀਬਨ ਤੁਰੰਤ ਹੀ ਗ਼ੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ (ਯੂ.ਏ.ਪੀ.ਏ.) ਤਹਿਤ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। ਅਜਿਹੇ ਕੇਸਾਂ ਨਾਲ ਨਜਿੱਠਣ ਵਾਲੇ ਇਕ ਵਕੀਲ ਨੇ ਐਮਨੈਸਟੀ ਨੂੰ ਦੱਸਿਆ, "2016 ਤੋਂ ਲੈ ਕੇ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਵਧਦੀ ਦੁਰਵਰਤੋਂ ਨੇ ਲੋਕਾਂ ਲਈ ਜ਼ਮਾਨਤ ਲੈਣਾ ਮੁਸ਼ਕਿਲ ਬਣਾ ਦਿੱਤਾ ਹੈ। ਇਹ ਪੁਲਿਸ ਨੂੰ ਉਨ੍ਹਾਂ ਨੂੰ ਮੁਕੱਦਮੇ ਤੋਂ ਪਹਿਲਾਂ 180 ਦਿਨਾਂ ਲਈ ਹਿਰਾਸਤ ਵਿਚ ਰੱਖਣ ਲਈ ਵਧੇਰੇ ਲਚਕਤਾ ਪ੍ਰਦਾਨ ਕਰਦਾ ਹੈ, ਭਾਵੇਂ ਪੁਲਿਸ ਦੁਆਰਾ ਦਾਇਰ ਕੀਤੀ ਗਈ ਚਾਰਜਸ਼ੀਟ ਕਾਲਪਨਿਕ ਕਹਾਣੀ ਜਾਂ ਨਾਵਲ ਤੋਂ ਘੱਟ ਨਹੀਂ ਹੁੰਦੀ।"

> ***ਐਮਨੈਸਟੀ ਇੰਟਰਨੈਸ਼ਨਲ ਵੱਲੋਂ ਜੰਮੂ ਕਸ਼ਮੀਰ ਹਾਈ ਕੋਰਟ ਦੀ ਵੈੱਬਸਾਈਟ ਉੱਪਰ ਉਪਲਬਦ 1346 ਕੇਸਾਂ ਦੀ ਸਮੀਖਿਆ ਕੀਤੀ ਗਈ। ਇਹ ਦੇਖਿਆ ਗਿਆ ਕਿ 1 ਅਗਸਤ 2022 ਤੱਕ ਰਿੱਟ ਪਟੀਸ਼ਨਾਂ ਦੀ ਗਿਣਤੀ ਵਿਚ 32% ਦਾ ਵਾਧਾ ਹੋਇਆ ਹੈ ਜੋ ਪਿਛਲੇ ਤਿੰਨ ਸਾਲਾਂ ਵਿਚ .ਗੈਰ-ਕਾਨੂੰਨੀ ਨਜ਼ਰਬੰਦੀ ਵਿਚ ਵਾਧੇ ਨੂੰ ਦਰਸਾਉਂਦਾ ਹੈ।... ਅੰਕੜਿਆਂ ਅਨੁਸਾਰ 5 ਅਗਸਤ 2019 ਤੋਂ ਭਾਰਤੀ ਅਥਾਰਟੀਜ਼ ਵੱਲੋਂ ਘੱਟੋ-ਘੱਟ 27 ਪੱਤਰਕਾਰਾਂ ਨੂੰ ਗ੍ਰਿਫ਼ਤਾਰ ਅਤੇ ਨਜ਼ਰਬੰਦ ਕੀਤਾ ਗਿਆ ਹੈ।***

ਐਮਨੈਸਟੀ ਇੰਟਰਨੈਸ਼ਨਲ ਵੱਲੋਂ ਜੰਮੂ ਕਸ਼ਮੀਰ ਹਾਈ ਕੋਰਟ ਦੀ ਵੈੱਬਸਾਈਟ ਉੱਪਰ ਉਪਲਬਦ 1346 ਕੇਸਾਂ ਦੀ ਸਮੀਖਿਆ ਕੀਤੀ ਗਈ। ਇਹ ਦੇਖਿਆ ਗਿਆ ਕਿ 1 ਅਗਸਤ 2022 ਤੱਕ ਰਿੱਟ ਪਟੀਸ਼ਨਾਂ ਦੀ ਗਿਣਤੀ ਵਿਚ 32% ਦਾ ਵਾਧਾ ਹੋਇਆ ਹੈ ਜੋ ਪਿਛਲੇ ਤਿੰਨ ਸਾਲਾਂ ਵਿਚ ਗ਼ੈਰ-ਕਾਨੂੰਨੀ ਨਜ਼ਰਬੰਦੀ ਵਿਚ ਵਾਧੇ ਨੂੰ ਦਰਸਾਉਂਦਾ ਹੈ। ਐਮਨੈਸਟੀ ਨੇ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੁਆਰਾ ਪ੍ਰਕਾਸ਼ਿਤ ਅੰਕੜਿਆਂ ਦੀ ਵੀ ਸਮੀਖਿਆ ਕੀਤੀ ਅਤੇ ਦੇਖਿਆ ਕਿ 2019 ਤੋਂ ਜੰਮੂ ਕਸ਼ਮੀਰ ਵਿਚ ਯੂ.ਏ.ਪੀ.ਏ. ਦੀ ਵਰਤੋਂ ਵਿਚ 12% ਦਾ ਵਾਧਾ ਹੋਇਆ ਹੈ। ਇਸ ਜਾਣਕਾਰੀ ਦੇ ਵਿਸ਼ਲੇਸ਼ਣ ਤੋਂ ਵੀ ਇਹ ਸਾਬਤ ਹੁੰਦਾ ਹੈ ਕਿ ਪਬਲਿਕ ਸਕਿਉਰਿਟੀ ਐਕਟ ਦੇ ਨਾਲ-ਨਾਲ ਕਾਲਾ ਕਾਨੂੰਨ ਯੂ.ਏ.ਪੀ.ਏ. ਲਗਾਉਣ ਦਾ ਰੁਝਾਨ ਜ਼ੋਰਾਂ 'ਤੇ ਹੈ।

ਇਕ ਸੀਨੀਅਰ ਪੱਤਰਕਾਰ ਜਿਸ ਨੂੰ ਭਾਰਤੀ ਅਥਾਰਟੀਜ਼ ਨੇ ਬੇਹੱਦ ਤੰਗ-ਪ੍ਰੇਸ਼ਾਨ ਕੀਤਾ, ਨੇ ਐਮਨੈਸਟੀ ਨੂੰ ਦੱਸਿਆ ਕਿ ਸਭ ਤੋਂ ਵੱਧ ਤਾਕਤਵਰ ਲੋਕਾਂ ਸਮੇਤ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਨੂੰ ਬੇਹੱਦ ਸ਼ੱਕੀ ਨਜ਼ਰ ਨਾਲ ਦੇਖਿਆ ਜਾਂਦਾ ਹੈ- ਭਾਵੇਂ ਉਹ ਨੌਕਰਸ਼ਾਹੀ ਹੋਵੇ, ਸਿਆਸਤਦਾਨ, ਬੁੱਧੀਜੀਵੀ ਜਾਂ ਮੀਡੀਆ ਵਾਲੇ ਹੋਣ। ਹਰ ਕਿਸੇ ਨਾਲ ਇਉਂ ਵਿਹਾਰ ਕੀਤਾ ਜਾਂਦਾ ਹੈ ਜਿਸ ਨੂੰ ਦਬਾ ਕੇ ਰੱਖਣਾ ਜਾਂ ਸਹੀ ਰਸਤਾ ਦਿਖਾਉਣਾ ਜ਼ਰੂਰੀ ਹੋਵੇ।

ਰਿਪੋਰਟ ਕਹਿੰਦੀ ਹੈ ਕਿ ਭਾਰਤ ਸਰਕਾਰ ਦਾ ਦਾਅਵਾ ਹੈ ਕਿ ਉਸ ਦੀਆਂ ਕਾਰਵਾਈਆਂ 'ਦਹਿਸ਼ਤਵਾਦ' ਦਾ ਜਾਇਜ਼ ਜਵਾਬ ਹਨ। ਹਾਲਾਂਕਿ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਦਹਿਸ਼ਤਵਾਦ ਦੇ ਕਥਿਤ ਖ਼ਤਰੇ ਲਈ ਅਨੁਪਾਤਕ ਪ੍ਰਤੀਕਰਮ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਲਈ ਇਹ ਮਨੁੱਖੀ ਹੱਕਾਂ ਦਾ ਘਾਣ ਬਣਦਾ ਹੈ। ਭਾਵੇਂ ਕੌਮਾਂਤਰੀ ਮਨੁੱਖੀ ਹੱਕ ਕਾਨੂੰਨ ਵੱਲੋਂ ਕੌਮੀ ਸੁਰੱਖਿਆ ਨੂੰ ਕੁਝ ਮਨੁੱਖੀ ਹੱਕਾਂ ਉੱਪਰ ਰੋਕ ਲਾਉਣ ਲਈ ਉਚਿਤ ਵਾਜਬੀਅਤ ਮੰਨਿਆ ਜਾਂਦਾ ਹੈ, ਅਜਿਹੀਆਂ ਰੋਕਾਂ ਸਖ਼ਤੀ ਨਾਲ ਸੀਮਤ ਹਨ। ਐਮਨੈਸਟੀ ਦਾ ਮੰਨਣਾ ਹੈ ਕਿ ਕੌਮੀ ਸੁਰੱਖਿਆ ਨੂੰ ਅਸਪੱਸ਼ਟ ਜਾਂ ਮਨਮਾਨੀਆਂ ਸੀਮਾਵਾਂ ਲਗਾਉਣ ਦੇ ਬਹਾਨੇ ਵਜੋਂ ਨਹੀਂ ਵਰਤਿਆ ਜਾ ਸਕਦਾ ਅਤੇ ਇਨ੍ਹਾਂ ਨੂੰ ਸਿਰਫ਼ ਤਾਂ ਹੀ ਲਾਗੂ ਕੀਤਾ ਜਾ ਸਕਦਾ ਹੈ ਜੇਕਰ ਉਲੰਘਣਾ ਨੂੰ ਰੋਕਣ ਲਈ ਢੁੱਕਵੇਂ ਸੁਰੱਖਿਆ ਅਤੇ ਪ੍ਰਭਾਵੀ ਉਪਾਅ ਮੌਜੂਦ ਹੋਣ।

ਐਮਨੈਸਟੀ ਨੇ ਇਹ ਵੀ ਨੋਟਿਸ ਲਿਆ ਕਿ ਹਥਿਆਰਬੰਦ ਸਮੂਹਾਂ ਦੁਆਰਾ ਜੰਮੂ ਕਸ਼ਮੀਰ ਦੇ ਲੋਕਾਂ, ਖ਼ਾਸ ਕਰਕੇ ਹਿੰਦੂ ਘੱਟਗਿਣਤੀ ਭਾਈਚਾਰੇ ਦੇ ਗ਼ੈਰ-ਕਾਨੂੰਨੀ ਕਤਲਾਂ ਦਾ ਵਰਤਾਰਾ ਹਾਲ ਹੀ 'ਚ ਵਧਿਆ ਹੈ। ਨਾਗਰਿਕਾਂ ਦੀ ਸੁਰੱਖਿਆ ਲਈ ਕਦਮ ਚੁੱਕਣਾ ਅਤੇ ਮੌਤ ਦੀ ਸਜ਼ਾ ਦਾ ਸਹਾਰਾ ਲਏ ਬਿਨਾ ਅਜਿਹੇ ਹਮਲਿਆਂ ਜਾਂ ਕਤਲਾਂ ਦੇ ਆਦੇਸ਼ ਦੇਣ, ਯੋਜਨਾ ਬਣਾਉਣ ਅਤੇ ਅੰਜਾਮ ਦੇਣ ਵਾਲਿਆਂ ਵਿਰੁੱਧ ਨਿਰਪੱਖ ਮੁਕੱਦਮੇ ਚਲਾਉਣਾ ਕੌਮਾਂਤਰੀ ਕਾਨੂੰਨ ਦੇ ਤਹਿਤ ਸਰਕਾਰ ਦਾ ਫਰਜ਼ ਹੈ।

ਰਿਪੋਰਟ ਜ਼ੋਰ ਦਿੰਦੀ ਹੈ ਕਿ ਜੰਮੂ ਕਸ਼ਮੀਰ 'ਚ ਕੌਮਾਂਤਰੀ ਮਨੁੱਖੀ ਹੱਕ ਕਾਨੂੰਨ ਦੀ ਜ਼ਾਹਰਾ ਉਲੰਘਣਾ ਹੋ ਰਹੀ ਹੈ। ਇਸ ਦੇ ਮੱਦੇਨਜ਼ਰ ਕੌਮਾਂਤਰੀ ਭਾਈਚਾਰੇ ਨੂੰ ਇਸ ਉਲੰਘਣਾ ਲਈ ਭਾਰਤ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਸਰਕਾਰ ਵੱਲੋਂ ਖ਼ਿੱਤੇ ਅੰਦਰ ਵੱਖ-ਵੱਖ ਹੱਕਾਂ ਉੱਪਰ ਰੋਕਾਂ ਲਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਅਤੇ ਨਜਾਇਜ਼ ਰੋਕਾਂ ਦੀ ਵਰਤੋਂ ਬਿਨਾ ਕਿਸੇ ਦੇਰੀ ਦੇ ਬੰਦ ਕੀਤੀ ਜਾਣੀ ਚਾਹੀਦੀ ਹੈ। ਜੰਮੂ ਕਸ਼ਮੀਰ ਵਿਚ ਲੰਮੇ ਸਮੇਂ ਤੋਂ ਚੱਲ ਰਿਹਾ ਜਬਰ ਤੁਰੰਤ ਖ਼ਤਮ ਹੋਣਾ ਚਾਹੀਦਾ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਭਾਰਤ ਸਰਕਾਰ ਨੂੰ ਇਹਤਿਹਾਤੀ ਨਜ਼ਰਬੰਦੀ ਅਤੇ ਹੋਰ ਦਮਨਕਾਰੀ ਕਾਨੂੰਨਾਂ ਤਹਿਤ ਮਨਮਾਨੇ ਤਰੀਕੇ ਨਾਲ ਨਜ਼ਰਬੰਦ ਕੀਤੇ ਗਏ ਲੋਕਾਂ ਨੂੰ ਤੁਰੰਤ ਰਿਹਾਅ ਕਰਨ ਅਤੇ ਉਨ੍ਹਾਂ 'ਤੇ ਨਿਯਮਤ ਅਦਾਲਤ ਵਿਚ ਤੁਰੰਤ ਅਤੇ ਨਿਰਪੱਖ ਢੰਗ ਨਾਲ ਮੁਕੱਦਮੇ ਚਲਾਏ ਜਾਣਾ ਯਕੀਨੀ ਬਣਾਉਣ ਦੀ ਮੰਗ ਵੀ ਕੀਤੀ ਹੈ। ਸਰਕਾਰ ਨੂੰ ਉਨ੍ਹਾਂ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਦੇ ਖ਼ਿਲਾਫ਼ ਸਿਆਸੀ ਤੌਰ 'ਤੇ ਪ੍ਰੇਰਿਤ ਸਾਰੇ ਦੋਸ਼ਾਂ ਨੂੰ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਵਰਤੋਂ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਜੰਮੂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਮਨ ਦੀ ਗੱਲ ਆਜ਼ਾਦੀ ਨਾਲ ਕਹਿਣ ਤੋਂ ਰੋਕਣ ਲਈ ਉਨ੍ਹਾਂ ਉੱਪਰ ਥੋਪੀਆਂ ਨਹੱਕੀਆਂ ਰੋਕਾਂ ਤੁਰੰਤ ਹਟਾਉਣ ਅਤੇ ਉਨ੍ਹਾਂ ਨੂੰ ਕਾਨੂੰਨੀ ਉਪਾਵਾਂ ਅਤੇ ਨਿਆਂ ਤੱਕ ਸਾਰਥਕ ਪਹੁੰਚ ਮੁਹੱਈਆ ਕਰਵਾਉਣ ਦੀ ਮੰਗ ਵੀ ਕੀਤੀ ਗਈ ਹੈ। ਐਮਨੈਸਟੀ ਨੇ ਭਾਰਤ ਸਰਕਾਰ ਨੂੰ ਫ਼ੈਸਲੇ ਲੈਣ ਦੇ ਅਮਲ 'ਚ ਜੰਮੂ ਕਸ਼ਮੀਰ ਦੇ ਲੋਕਾਂ ਦੀ ਨੁਮਾਇੰਦਗੀ ਅਤੇ ਹਿੱਸੇਦਾਰੀ ਨੂੰ ਵਧਾਉਣ ਲਈ ਕਦਮ ਚੁੱਕਣ ਲਈ ਵੀ ਕਿਹਾ ਹੈ।

ਇਹ ਰਿਪੋਰਟ ਦਰਸਾਉਂਦੀ ਹੈ ਕਿ ਜੰਮੂ ਕਸ਼ਮੀਰ ਦੇ ਹਾਲਾਤ ਕਿਸ ਕਦਰ ਬਦਤਰ ਹੋ ਚੁੱਕੇ ਹਨ ਅਤੇ ਦੁਨੀਆ ਭਰ ਦੇ ਨਿਆਂਪਸੰਦਾਂ ਲਈ ਕਸ਼ਮੀਰੀ ਅਵਾਮ ਦੇ ਹੱਕਾਂ ਦੀ ਰਾਖੀ ਲਈ ਡੱਟਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

# ਢੁੱਡੀਕੇ ਦੇ ਉੱਘੇ ਖਿਡਾਰੀ: ਗੁਰਚਰਨ ਸਿੰਘ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਾਸਟਰ ਗੁਰਚਰਨ ਸਿੰਘ ਢੁੱਡੀਕੇ ਆਰਾਮ ਨਾਲ ਬਹਿਣ ਵਾਲਾ ਮਾਸਟਰ ਨਹੀਂ। ਸਰਕਾਰੀ ਸਰਵਿਸ ਤੋਂ ਰਿਟਾਇਰ ਹੋ ਕੇ ਉਹ ਸਗੋਂ ਹੋਰ ਵੀ ਸਰਗਰਮ ਹੋ ਗਿਆ ਹੈ। ਏਨਾ ਸਰਗਰਮ ਕਿ ਲੋਕ ਸੇਵਾ ਦੀ ਲਗਨ ਨਾ ਉਹਨੂੰ ਆਪ ਨੂੰ ਟਿਕਣ ਦਿੰਦੀ ਹੈ, ਨਾ ਉਹ ਪਿੰਡ ਦੇ ਲੋਕ ਸੇਵੀ ਦੋਸਤਾਂ ਮਿੱਤਰਾਂ ਨੂੰ ਟਿਕਣ ਦਿੰਦੈ। ਉਹ ਕਦੇ ਲੋੜਵੰਦ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਪੜ੍ਹਾਉਂਦਾ, ਉਨ੍ਹਾਂ ਨੂੰ ਹਾਕੀ ਖੇਡਣੀ ਸਿਖਾਉਂਦਾ, ਟੀਮਾਂ ਲੈ ਕੇ ਟੂਰਨਾਮੈਂਟਾਂ 'ਚ ਜਾਂਦਾ, ਕਦੇ ਪਿੰਡ ਦੇ ਸਾਂਝੇ ਕਾਰਜ ਕਰਦਾ ਕਰਾਉਂਦਾ, ਚਲਦੇ ਕਾਰਜਾਂ ਲਈ ਪਿੰਡ ਵਾਸੀਆਂ ਤੇ ਪਰਵਾਸੀਆਂ ਤੋਂ ਫੰਡ 'ਕੱਠਾ ਕਰਦਾ ਕਰਵਾਉਂਦਾ ਤੇ ਫਿਰ ਸਾਰੀ ਜਾਣਕਾਰੀ ਫੇਸਬੁੱਕ 'ਤੇ ਪਾਉਂਦਾ ਢੁੱਡੀਕੇ ਦੀ ਮਸ਼ਹੂਰੀ ਕਰਦਾ ਰਹਿੰਦਾ ਹੈ। ਉਹਦੀ ਆਪਣੀ ਮਸ਼ਹੂਰੀ ਤਾਂ ਫਿਰ ਆਪੇ ਹੀ ਹੋਣੀ ਹੋਈ। ਮੈਂ ਜਦੋਂ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਉਹ ਪੰਜ ਸਾਲ ਦਾ ਬੱਚਾ ਸੀ ਜੋ ਕਾਲਜ ਦੇ ਖਿਡਾਰੀਆਂ ਨੂੰ ਖੇਡਦੇ ਵੇਖਦਾ ਸੀ। ਅੱਜ-ਕੱਲ੍ਹ ਉਹ ਲਾਲਾ ਲਾਜਪਤ ਰਾਏ ਸਰਕਾਰੀ ਕਾਲਜ ਢੁੱਡੀਕੇ ਦੇ ਦੇਸ਼ ਭਗਤ ਸਟੇਡੀਅਮ ਵਿਚ ਸਰਕਾਰ ਵੱਲੋਂ ਬਣਾਏ ਹਾਕੀ ਆਸਟਰੋਟਰਫ ਫੀਲਡ ਨੂੰ ਵਰਤੋਂ ਵਿਚ ਲਿਆਉਣ ਦੇ ਸਰਕਾਰੀ ਚੱਕਰਾਂ 'ਚ ਪਿਆ ਹੋਇਐ। ਨਾ ਉਹਨੂੰ ਸਰਕਾਰ ਡਾਹੀ ਦਿੰਦੀ ਹੈ, ਨਾ ਉਹ ਸਰਕਾਰ ਦਾ ਖਹਿੜਾ ਛੱਡਦੈ।

28 ਜਨਵਰੀ 2015 ਨੂੰ ਲਾਲਾ ਲਾਜਪਤ ਰਾਏ ਦੇ 150ਵੇਂ ਜਨਮ ਦਿਵਸ 'ਤੇ ਸਰਕਾਰ ਵੱਲੋਂ ਢੁੱਡੀਕੇ ਵਿਖੇ ਹਾਕੀ ਆਸਟਰੋਟਰਫ ਲਾਉਣ ਦੇ ਕੀਤੇ ਐਲਾਨ ਤੋਂ ਲੈ ਕੇ 7 ਸਾਲਾਂ 'ਚ ਤਿਆਰ ਹੋਇਆ ਇਹ ਆਸਟਰੋਟਰਫ ਮੈਦਾਨ ਅਜੇ ਵੀ ਅਣਵਰਤਿਆ ਪਿਐ! ਆਖ਼ਰ ਕਦੋਂ ਹੋਵੇਗਾ ਇਹਦਾ ਉਦਘਾਟਨ ਤੇ ਕਦੋਂ ਵਰਤੋਂ 'ਚ ਲਿਆਂਦਾ ਜਾਵੇਗਾ ਇਹ ਪੰਜ ਕਰੋੜੀ ਪ੍ਰੋਜੈਕਟ? ਹੁਣ ਜਦੋਂ 'ਖੇਡਾਂ ਵਤਨ ਪੰਜਾਬ ਦੀਆਂ' ਹੋ ਰਹੀਆਂ, ਜਿਨ੍ਹਾਂ 'ਚ ਹਜ਼ਾਰਾਂ ਖਿਡਾਰੀ ਭਾਗ ਲੈ ਰਹੇ ਨੇ ਤਾਂ ਸਰਕਾਰੀ ਕਾਲਜ ਢੁੱਡੀਕੇ ਦਾ ਸਰਕਾਰੀ ਆਸਟਰੋਟਰਫ ਵੀ ਸਰਕਾਰ ਨੂੰ ਵਰਤੋਂ 'ਚ ਲੈ ਆਉਣਾ ਚਾਹੀਦੈ। ਇੰਜ ਕਰਨ ਨਾਲ ਇਹਦਾ 'ਉਦਘਾਟਨ' ਵੀ ਹੋ ਜਾਵੇਗਾ। ਇਹਦੇ ਨਾਲ ਸ਼ਾਇਦ ਸਰਕਾਰੀ ਕਾਲਜ ਦੇ ਭਾਗ ਵੀ ਜਾਗ ਪੈਣ!

ਗੁਰਚਰਨ ਸਿੰਘ ਖ਼ੁਦ ਖਿਡਾਰੀ ਰਿਹਾ, ਅਧਿਆਪਕ ਰਿਹਾ, ਹਾਕੀ ਕੋਚ ਰਿਹਾ, ਦੇਸ਼ ਭਗਤ ਸਪੋਰਟਸ ਕਲੱਬ ਢੁੱਡੀਕੇ ਦਾ ਜਨਰਲ ਸਕੱਤਰ ਤੇ ਪ੍ਰਧਾਨ ਰਿਹਾ। ਉਹ ਢੁੱਡੀਕੇ ਸਾਹਿਤ ਮੰਚ ਦਾ ਪਹਿਲਾਂ ਜਨਰਲ ਸਕੱਤਰ ਫਿਰ ਪ੍ਰਧਾਨ, ਲਾਲਾ ਲਾਜਪਤ ਰਾਏ ਯਾਦਗਾਰ ਕਮੇਟੀ ਦਾ ਸੇਵਕ ਤੇ ਸਲਾਹਕਾਰ, ਲਾਜਪਤ ਰਾਏ ਖੇਡ ਮੇਲੇ ਦਾ ਸਕੱਤਰ ਤੇ ਬੁਲਾਰਾ, ਦੇਸ਼ ਭਗਤ ਗਦਰੀ ਬਾਬੇ ਯਾਦਗਾਰ ਕਮੇਟੀ ਦਾ ਸਕੱਤਰ, ਢੁੱਡੀਕੇ ਦੇ ਹਾਕੀ ਕਲੱਬ ਦਾ ਖ਼ਜ਼ਾਨਚੀ ਤੇ ਹੋਰ ਵੀ ਕਈ ਸਭਾ ਸੁਸਾਇਟੀਆਂ ਦਾ ਅਹੁਦੇਦਾਰ ਹੈ। ਪਰ ਜਿਵੇਂ ਜੋਗੀ ਜੋਗੜੇ ਵਾਲੀ ਅਖਾਣ ਹੋਰਨਾਂ ਬਹੁਤ ਸਾਰਿਆਂ 'ਤੇ ਢੁੱਕਦੀ ਹੈ ਉਵੇਂ ਪਿੰਡ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ ਵਾਲੀ ਕਹਾਵਤ ਉਹਦੇ 'ਤੇ ਵੀ ਢੁੱਕਦੀ ਹੈ। ਉਹਦਾ ਜਨਮ 11 ਦਸੰਬਰ 1961 ਨੂੰ ਸ. ਮੁਖਤਿਆਰ ਸਿੰਘ ਦੇ ਘਰ ਮਾਤਾ ਅਮਰ ਕੌਰ ਦੀ ਕੁੱਖੋਂ ਢੁੱਡੀਕੇ 'ਚ ਹੋਇਆ। ਪਿੰਡੋਂ ਹਾਇਰ ਸੈਕੰਡਰੀ ਤੇ ਮੋਗੇ ਤੋਂ ਬੀਐੱਸਸੀ ਬੀਐੱਡ ਕਰ ਕੇ ਪਹਿਲਾਂ ਉਸ ਨੇ ਲੁਧਿਆਣੇ, ਫਿਰ ਅਜੀਤਵਾਲ, ਕੁੱਸੇ ਤੇ ਢੁੱਡੀਕੇ ਮਾਸਟਰੀ ਕੀਤੀ। 2021 ਵਿਚ ਉਹ 'ਇਲਾਕਾ ਢੁੱਡੀਕੇ ਦੇ ਉੱਘੇ ਖਿਡਾਰੀ' ਕਿਤਾਬ ਛਪਵਾ ਕੇ ਖੇਡ ਪ੍ਰਮੋਟਰ ਹੋਣ ਨਾਲ ਖੇਡ ਲੇਖਕ ਵੀ ਬਣ ਗਿਐ।

ਜਿਵੇਂ ਸੰਸਾਰਪੁਰ ਨੂੰ ਹਾਕੀ ਖਿਡਾਰੀਆਂ ਦਾ ਪਿੰਡ ਕਿਹਾ ਜਾਂਦੈ ਉਵੇਂ ਢੁੱਡੀਕੇ ਨੂੰ ਲਿਖਾਰੀਆਂ ਦਾ ਪਿੰਡ ਕਿਹਾ ਜਾ ਸਕਦੈ। ਇਸ ਪਿੰਡ ਨਾਲ ਸੰਬੰਧਤ ਦਰਜਨ ਤੋਂ ਵੱਧ ਲੇਖਕ ਹਨ ਜਿਨ੍ਹਾਂ ਦੀਆਂ ਦਰਜਨਾਂ ਕਿਤਾਬਾਂ ਛਪ ਚੁੱਕੀਆਂ ਹਨ। ਸੌ ਕੁ ਕਿਤਾਬਾਂ ਤਾਂ 'ਕੱਲੇ ਕੰਵਲ ਦੀਆਂ ਹੀ ਹਨ ਤੇ ਚਾਲੀਆਂ ਤੋਂ ਉਤੇ ਮੇਰੀਆਂ ਪਹੁੰਚ ਚੁੱਕੀਆਂ ਹਨ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਕਰਕੇ ਮੈਨੂੰ ਵੀ ਢੁੱਡੀਕੇ ਦਾ ਹੀ ਸਮਝ ਲਿਆ ਜਾਂਦੈ। ਮੇਰੀਆਂ ਲਿਖਤਾਂ ਉਤੇ ਢੁੱਡੀਕੇ ਦੇ ਮਾਹੌਲ ਦਾ ਕਾਫੀ ਪ੍ਰਭਾਵ ਹੈ। ਐਨ ਉਵੇਂ ਜਿਵੇਂ ਰਾਮਪੁਰੀ ਸ਼ਾਇਰਾਂ 'ਤੇ ਨਹਿਰ ਸਰਹੰਦ ਦੇ ਪਾਣੀ ਦਾ ਪ੍ਰਭਾਵ ਹੈ। ਕਹਿੰਦੇ ਹਨ ਜਿਹੜਾ ਰਾਮਪੁਰ ਨਾਲ ਵਗਦੀ ਨਹਿਰ ਦਾ ਪਾਣੀ ਪੀ ਲਵੇ ਉਹ ਸ਼ਾਇਰ ਬਣ ਈ ਜਾਂਦੈ। ਇਵੇਂ ਕਹਿ ਸਕਦੇ ਆਂ ਜਿਹੜਾ ਢੁੱਡੀਕੇ ਦੀ ਆਬੋ-ਹਵਾ 'ਚ ਸਾਹ ਲੈ ਲਵੇ ਉਹ ਲੇਖਕ ਬਣ ਈ ਜਾਂਦੈ।

ਡਾ. ਜਸਵੰਤ ਸਿੰਘ ਕੰਵਲ ਤੋਂ ਬਿਨਾਂ ਡਾ. ਜਸਵੰਤ ਗਿੱਲ, ਡਾ. ਦਰਸ਼ਨ ਗਿੱਲ, ਡਾ. ਅਜੀਤ ਸਿੰਘ, ਡਾ. ਜੋਗਿੰਦਰ ਨਹਿਰੂ, ਹਰੀ ਸਿੰਘ ਢੁੱਡੀਕੇ, ਨਰਿੰਦਰਪਾਲ ਸ਼ਰਮਾ, ਕੰਵਲਜੀਤ ਸਿੰਘ, ਮਾਸਟਰ ਗੁਰਚਰਨ ਸਿੰਘ, ਅੱਛਰ ਸਿੰਘ, ਅਮਰਜੀਤ ਸਿੰਘ, ਬੇਅੰਤ ਬਾਵਾ, ਬੀਬੀ ਰਮਨਦੀਪ ਕੌਰ, ਬੀਬੀ ਲਖਵਿੰਦਰ ਗਿੱਲ, ਕੰਵਲ ਦੀ ਭਤੀਜੀ ਪਰਵਿੰਦਰ ਗੋਗੀ ਤੇ ਸਤਨਾਮ ਸੰਦੇਸ਼ੀ ਸਭ ਢੁੱਡੀਕੇ ਦੇ ਹਨ। 'ਢੁੱਡੀਕੇ ਦੇ ਗਦਰੀ ਬਾਬੇ' ਪੁਸਤਕ ਲਿਖਣ ਵਾਲੇ ਪ੍ਰਿੰ. ਧਰਮ ਸਿੰਘ ਸਹੋਤਾ ਤੇ ਮਾਰਕਸਵਾਦੀ ਲੇਖਕ ਗੁਰਮੀਤ ਸਿੰਘ ਟਿਵਾਣਾ ਵੀ ਢੁੱਡੀਕੇ ਦੇ ਸਮਝੇ ਜਾਂਦੇ ਹਨ। ਕਹਾਣੀਕਾਰ ਸੁਜਾਨ ਸਿੰਘ ਵੀ ਢੁੱਡੀਕੇ ਕਾਲਜ ਦੇ ਪ੍ਰਿੰਸੀਪਲ ਰਹੇ ਸਨ। ਉਨ੍ਹਾਂ ਦੇ ਵੇਲੇ ਢੁੱਡੀਕੇ 'ਚ ਲੇਖਕਾਂ ਦਾ ਆਉਣ-ਜਾਣ ਹੋਰ ਵੀ ਵਧ ਗਿਆ ਸੀ। ਅਜੀਤ ਪੱਤੋ ਤੇ ਸੰਤੋਖ ਸਿੰਘ ਧੀਰ ਤੋਂ ਲੈ ਕੇ ਜਗਜੀਤ ਸਿੰਘ ਅਨੰਦ ਤੇ ਪ੍ਰੋ. ਕਿਸ਼ਨ ਸਿੰਘ ਤਕ ਸਭ ਆਉਂਦੇ ਜਾਂਦੇ ਸਨ। ਗੁਰਸ਼ਰਨ ਸਿੰਘ ਨੇ ਬਥੇਰੇ ਨਾਟਕ ਢੁੱਡੀਕੇ 'ਚ ਸਟੇਜ ਕੀਤੇ। ਉਥੇ ਕਵੀ ਦਰਬਾਰ ਤੇ ਸੈਮੀਨਾਰ ਹੁੰਦੇ। ਕਹਿੰਦੇ ਕਹਾਉਂਦੇ ਲੇਖਕ ਤੇ ਪ੍ਰਕਾਸ਼ਕ ਕੰਵਲ ਨੂੰ ਮਿਲਣ ਆਉਂਦੇ। ਜਦੋਂ ਆਤਮ ਹਮਰਾਹੀ ਨੱਥੂਵਾਲੇ ਰਹਿੰਦਾ ਸੀ ਤਾਂ ਢੁੱਡੀਕੇ ਉਹਦਾ ਪੱਕਾ ਅੱਡਾ ਸੀ। ਮੈਨੂੰ ਉਹ ਗੋਲ ਮੋਲ ਜੁੱਸੇ ਤੇ ਗੋਲ ਮੋਲ ਲੱਤਾਂ ਨਾਲ ਤੇਜ਼ ਤੇਜ਼ ਤੁਰਦਾ ਪਹੀਏ ਵਾਂਗ ਰੁੜ੍ਹਦਾ ਲੱਗਦਾ ਸੀ। ਇਹੋ ਭੁਲੇਖਾ ਕੁਲਬੀਰ ਕਾਂਗ ਦਾ ਪੈਂਦਾ ਸੀ। ਦੇਸ ਰਾਜ ਮੋਗੇ ਦੀ ਲਿਖਾਰੀ ਸਭਾ ਦੇ ਮੈਂਬਰ ਲਿਆਉਂਦਾ। ਜਗਰਾਓਂ ਤੋਂ ਕੇਸਰ ਨੀਰ ਤੇ ਸ਼ੇਖ ਦੌਲਤ ਤੋਂ ਦਿਓਲ ਹੋਰੀਂ ਆਉਂਦੇ। ਕਰਮਜੀਤ ਕੁੱਸਾ, ਢੁੱਡੀਕੇ ਦੇ ਵਾਰ-ਵਾਰ ਗੇੜੇ ਮਾਰਦਾ। ਜਗਤਾਰ ਪਪੀਹਾ, ਸ਼ਿਵ ਕੁਮਾਰ, ਤਰਸੇਮ ਪੁਰੇਵਾਲ, ਸ਼ੇਰ ਜੰਗ ਜਾਂਗਲੀ, ਨਿਰੰਜਣ ਤਸਨੀਮ, ਗੁਰਭਜਨ ਗਿੱਲ, ਸ਼ਮਸ਼ੇਰ ਸੰਧੂ ਤੇ ਹਰ ਵੇਲੇ ਇਕ ਅੱਖ ਮੀਚੀ ਰੱਖਣ ਵਾਲਾ ਫੋਟੋਗਰਾਫਰ ਹਰਭਜਨ ਬਟਾਲਵੀ, ਸਭ ਧਾਅ ਕੇ ਕੰਵਲ ਨੂੰ ਮਿਲਣ ਆਉਂਦੇ। ਬਲਰਾਜ ਸਾਹਨੀ ਬੰਬਈ ਤੋਂ ਢੁੱਡੀਕੇ ਦੇ ਅਮਲੀਆਂ ਦੀਆਂ ਗੱਲਾਂ ਸੁਣਨ, ਕਮਾਦ ਦੇ ਗੰਨੇ ਚੂਪਣ ਤੇ ਘੁਲਾੜੀਆਂ ਦਾ ਤੱਤਾ ਗੁੜ ਖਾਣ ਆਉਂਦਾ। ਕੰਵਲ ਕਰਕੇ ਢੁੱਡੀਕੇ ਸਾਹਿਤਕ ਸਰਗਰਮੀਆਂ ਦਾ ਗੜ੍ਹ ਸੀ ਜਿਥੋਂ ਨਵੇਂ ਲੇਖਕਾਂ ਨੂੰ ਕਾਫੀ ਕੁਝ ਸਿੱਖਣ ਦਾ ਮੌਕਾ ਮਿਲਦਾ।

ਗੁਰਚਰਨ ਸਿੰਘ ਨੇ ਢੁੱਡੀਕੇ ਵਿਖੇ ਹਾਕੀ ਦੇ ਬਾਨੀ ਹੈੱਡਮਾਸਟਰ ਅਜਾਇਬ ਸਿੰਘ ਹਾਂਸ, ਏਸ਼ੀਆ ਦੇ ਗੋਲਡ ਮੈਡਲਿਸਟ ਜਸਵੀਰ ਸਿੰਘ ਗਿੱਲ, ਮਹਿੰਦਰ ਸਿੰਘ ਮਿੰਦ੍ਹੀ, ਕੁਲਵੰਤ ਪਨੂੰ, ਮਾਸਟਰ ਪਰਮਜੀਤ ਸਿੰਘ ਤਖਾਣਵੱਧ, ਮਾਸਟਰ ਮੋਹਨ ਸਿੰਘ ਦੌਧਰ, ਹਰਭਜਨ ਭਜੀ ਲੋਪੋਂ, ਗੁਰਵਿੰਦਰ ਸੋਨੂੰ ਚਕਰ, ਪਰਮਿੰਦਰ ਪੰਮਾ ਬੁੱਟਰ, ਰਵੀ ਤਖਾਣਵੱਧ, ਅਮਨਦੀਪ ਕੌਰ, ਜਗਜੀਤ ਜੱਗਾ, ਬਲਦੀਪ ਧੂੜਕੋਟ, ਅਮਿੰਦਰ ਨਿਊਜ਼ੀਲੈਂਡ, ਅਵਤਾਰ ਦੌਧਰ, ਕਰਮਾ ਕੈਨੇਡਾ, ਧੀਰਾ ਪਨੂੰ, ਹਰਜੀਤ ਘਾਲੀ, ਅਮਨਦੀਪ ਗੋਲਡੀ, ਤਜਿੰਦਰ ਬਲੌਰੀ, ਚਰਨਜੀਤ ਦੌਧਰ, ਸੁਰਜੀਤ ਲੋਪੋਂ ਤੇ ਕਰਮਜੀਤ ਆਦਿ, ਰੋਇੰਗ ਦੀ ਤਰਨਜੀਤ ਕੌਰ ਢੁੱਡੀਕੇ, ਡਿਕੈਥਲਨ ਦਾ ਨੈਸ਼ਨਲ ਚੈਂਪੀਅਨ ਪ੍ਰੋ. ਜਗਵਿੰਦਰ ਸਿੰਘ, ਫੁੱਟਬਾਲਰ ਗਗਨਾ ਅਜੀਤਵਾਲ, ਅਜੈਦੀਪ ਕੋਕਰੀ, ਜੜੂਕਾ ਰਮਨ ਕਾਟਲ ਤੇ ਸੰਦੀਪ ਕੌਰ, ਕਬੱਡੀ ਖਿਡਾਰੀ ਮੀਤੋ ਢੁੱਡੀਕੇ, ਮੱਲ ਮੱਦੋਕੇ, ਗੈਸ ਮੱਲੇਆਣੀਆਂ, ਆਤਮਾ ਬੁੱਟਰ, ਬਿੱਲੂ ਰਾਜੇਆਣੀਆ, ਨੰਜੀ ਵੈਰੋਕੇ, ਬੰਤ ਗੋਲੂ, ਅਰਜਨ ਕੌਂਕੇ, ਲਾਲੀ ਚੂਹੜਚੱਕ, ਮੋਹਲਾ ਮੱਦੋਕੇ, ਬਿੰਦੀ, ਗੁੱਗੂ, ਇਕਬਾਲ, ਬਾਜ ਕੌਂਕੇ, ਸਵਰਨਾ ਵੈਲੀ, ਮੰਦਰ ਲੰਡੇਕੇ ਤੇ ਦਰਸ਼ਨ ਕੋਕਰੀ ਆਦਿ ਸੌ ਦੇ ਕਰੀਬ ਖਿਡਾਰੀਆਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਅਮਾਮ ਬਖ਼ਸ਼ ਦਾ ਜੋੜ ਪਹਿਲਵਾਨ ਗੁਰਬਖ਼ਸ਼ ਦੌਧਰੀਆ ਪਤਾ ਨਹੀਂ ਗੁਰਚਰਨ ਨੂੰ ਕਿਵੇਂ ਭੁੱਲ ਗਿਆ? ਉਮੀਦ ਹੈ ਅਗਲੀ ਐਡੀਸ਼ਨ 'ਚ ਉਹ ਇਲਾਕੇ ਦੇ ਹੋਰ ਖਿਡਾਰੀਆਂ ਦੀ ਜਾਣਕਾਰੀ ਵੀ ਕਿਤਾਬ ਵਿਚ ਦੇਵੇਗਾ।

### ਮੇਰਾ ਢੁੱਡੀਕੇ ਨਾਲ ਰਿਸ਼ਤਾ

1950ਵਿਆਂ 'ਚ ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸੀ ਤਾਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸ਼ੀ' ਪੜ੍ਹ ਬੈਠਾ। ਉਸ ਨੇ ਮੈਨੂੰ ਪੱਟ ਲਿਆ ਤੇ ਮੈਂ ਉਹਦੇ ਮਗਰ ਲੱਗ ਗਿਆ। ਲਾਹੌਰ ਦੀ ਪੜ੍ਹੀ ਡਾ. ਜਸਵੰਤ ਗਿੱਲ ਐਵੇਂ ਨਹੀਂ ਸੀ ਕੰਵਲ ਨੂੰ ਚਿੱਠੀਆਂ ਲਿਖਣ ਲੱਗੀ। ਅਸੀਂ ਫਾਜ਼ਿਲਕਾ ਕਾਲਜ ਵਿਚ ਕਵੀ ਦਰਬਾਰ ਰੱਖਿਆ ਤਾਂ ਕੰਵਲ ਨੂੰ ਪ੍ਰਧਾਨਗੀ ਲਈ ਸੱਦਾ ਦੇਣ ਗਏ। ਮੇਰਾ ਪਿੰਡ ਚਕਰ, ਢੁੱਡੀਕੇ ਦੇ ਨੇੜੇ ਹੋਣ ਕਾਰਨ ਚੰਗੀ ਸਿਆਣ ਗਿਆਣ ਹੋ ਗਈ। ਫਿਰ 'ਰਾਤ ਬਾਕੀ ਹੈ' ਪੜ੍ਹਿਆ ਤਾਂ ਕੰਵਲ ਦਾ ਜਾਦੂ ਸਿਰ ਚੜ੍ਹ ਕੇ ਬੋਲਿਆ। ਕਿਹਾ ਜਾਂਦੈ, ਜਿੰਨੇ ਮੁੰਡੇ ਉਸ ਨਾਵਲ ਨੇ ਕਾਮਰੇਡ ਬਣਾਏ ਉਨੇ ਸ਼ਾਇਦ ਪਾਰਟੀ ਨੇ ਵੀ ਨਾ ਬਣਾਏ ਹੋਣ।



*ਲੇਖਕ ਮਾਸਟਰ ਗੁਰਚਰਨ ਸਿੰਘ*




*ਪੁਸਤਕ 'ਇਲਾਕਾ ਢੁੱਡੀਕੇ ਦੇ ਉੱਘੇ ਖਿਡਾਰੀ' ਦਾ ਸਰਵਰਕ*

1967 ਵਿਚ ਢੁੱਡੀਕੇ ਕਾਲਜ ਬਣਿਆ ਤਾਂ ਪ੍ਰੋ. ਪ੍ਰੀਤਮ ਸਿੰਘ ਨੇ ਕੰਵਲ ਹੋਰਾਂ ਨੂੰ ਸਲਾਹ ਦਿੱਤੀ, ਪੇਂਡੂ ਪਿਛੋਕੜ ਦੇ ਪ੍ਰੋਫ਼ੈਸਰ ਰੱਖਿਓ ਕਿਉਂਕਿ ਸ਼ਹਿਰੀਆਂ ਨੇ ਮੌਕਾ ਮਿਲਣ 'ਤੇ ਦੌੜ ਜਾਣਾ। ਢੁੱਡੀਕੇ ਦਾ ਕਵੀ ਦਰਸ਼ਨ ਗਿੱਲ ਉਦੋਂ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਦਾ ਲੈਕਚਰਾਰ ਸੀ। ਉਸ ਨੂੰ ਪਿੰਡ ਦੇ ਕਾਲਜ ਵਿਚ ਲੱਗਣ ਲਈ ਕਿਹਾ ਗਿਆ। ਪਹਿਲਾਂ ਉਹ ਮੰਨ ਗਿਆ ਪਰ ਜਦੋਂ ਉਹਦੇ ਘਰ ਵਾਲੀ ਨਾ ਮੰਨੀ ਤਾਂ ਉਸ ਨੂੰ ਨਾਂਹ ਕਰਨੀ ਪਈ। ਦਿੱਲੀ ਪੜ੍ਹਾਉਂਦੇ ਢੁੱਡੀਕੇ ਦੇ ਅਜੀਤ ਸਿੰਘ ਨੇ ਕੰਵਲ ਕੋਲ ਮੇਰਾ ਨਾਂ ਲੈ ਦਿੱਤਾ ਕਿ ਉਹਨੂੰ ਦਿੱਲੀ ਤੋਂ ਢੁੱਡੀਕੇ ਲੈ ਆਓ। ਪਹਿਲਾਂ ਅਜੀਤ ਆਪਣੇ ਨਾਂ ਨਾਲ 'ਪੰਛੀ' ਲਾਉਂਦਾ ਸੀ। ਪੀਐਚਡੀ ਕਰਨ ਪਿੱਛੋਂ ਪੰਛੀ ਉਡਾ ਦਿੱਤਾ ਤੇ ਡਾ. ਅਜੀਤ ਸਿੰਘ ਲਿਖਣ ਲੱਗ ਪਿਆ। ਉਹਦੇ ਨਾਲ ਮੈਂ ਕੰਵਲ ਨੂੰ ਮਿਲਿਆ ਤਾਂ ਕੰਵਲ ਨੇ ਮੈਥੋਂ ਢੁੱਡੀਕੇ ਦੇ ਕਾਲਜ 'ਚ ਆਉਣ ਲਈ 'ਹਾਂ' ਕਰਵਾ ਲਈ। ਜਦੋਂ ਮੈਂ ਖ਼ਾਲਸਾ ਕਾਲਜ ਦਿੱਲੀ ਦੇ ਪ੍ਰਿੰ. ਗੁਰਬਚਨ ਸਿੰਘ ਬੱਲ ਨੂੰ ਅਸਤੀਫ਼ਾ ਦੇਣ ਗਿਆ ਤਾਂ ਉਸ ਨੇ ਮੈਨੂੰ ਰੋਕਿਆ, "ਤੂੰ ਅਜੇ ਨਿਆਣੈਂ। ਤੈਨੂੰ ਨਹੀਂ ਪਤਾ ਇਸ ਕਾਲਜ ਦੀ ਰੈਗੂਲਰ ਪੋਸਟ ਤੈਨੂੰ ਕਿਵੇਂ ਮਿਲੀ ਐ? ਮੁੜ ਕੇ ਪਿੰਡ ਚਲਾ ਗਿਆ ਤਾਂ ਸਾਰੀ ਉਮਰ ਪਛਤਾਏਂਗਾ।" ਪਰ ਮੈਂ ਇਹੋ ਕਹੀ ਗਿਆ ਕਿ ਮੈਂ ਢੁੱਡੀਕੇ ਕੰਵਲ ਹੋਰਾਂ ਨੂੰ 'ਹਾਂ' ਕਹਿ ਆਇਆਂ।

ਅਖ਼ੀਰ ਪ੍ਰਿੰਸੀਪਲ ਬੱਲ ਨੇ ਮੇਰੀ ਹੂੜ੍ਹਮੱਤ ਬਾਰੇ ਕਿਹਾ, "ਓਨਲੀ ਏ ਜਾਟ ਅਰ ਏ ਫੂਲ ਕੈਨ ਡੂ ਦਿੱਸ।" ਮੈਂ ਆਖਿਆ, "ਸਰ, ਤੁਹਾਡਾ ਅੱਧਾ ਫਿਕਰਾ ਬਿਲਕੁਲ ਸਹੀ ਐ।" ਤੇ ਮੈਂ ਦਿੱਲੀ ਨੂੰ ਫਤਿਹ ਬੁਲਾ ਕੇ ਢੁੱਡੀਕੇ ਆ ਮੋਰਚਾ ਮੱਲਿਆ। ਫਿਰ 1967 ਤੋਂ 1996 ਤਕ ਢੁੱਡੀਕੇ ਹੀ ਰਿਹਾ। ਹਾਕੀ ਪ੍ਰੇਮੀ ਪ੍ਰੋ. ਗੁਰਸੇਵਕ ਸਿੰਘ, ਕਾਲਜਾਂ ਦੇ ਡੀਪੀਆਈ ਬਣੇ ਤਾਂ ਉਨ੍ਹਾਂ ਦੇ ਕਹਿਣ 'ਤੇ ਵੀ ਸਪੋਰਟਸ ਕਾਲਜ ਜਲੰਧਰ ਜਾਂ ਮਹਿੰਦਰਾ ਕਾਲਜ ਪਟਿਆਲੇ ਦੀ ਬਦਲੀ ਨਾ ਕਰਵਾਈ। ਸਰਕਾਰੀ ਨੌਕਰੀ ਦੇ ਆਖ਼ਰੀ ਸਾਲਾਂ 'ਚ ਕੰਵਲ ਦੀ ਸਲਾਹ ਨਾਲ ਹੀ ਡਾ. ਸਰਦਾਰਾ ਸਿੰਘ ਜੌਹਲ ਦੇ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣਨ 'ਤੇ ਢੁੱਡੀਕੇ ਦਾ ਤਖਤ ਹਜ਼ਾਰਾ ਛੱਡਿਆ।

ਲਾਜਪਤ ਰਾਏ ਕਾਲਜ ਢੁੱਡੀਕੇ ਪਹਿਲਾਂ ਪ੍ਰਾਈਵੇਟ ਐਫਿਲੀਏਟਿਡ ਕਾਲਜ ਸੀ। ਭਿੰਦਰ ਸਿੰਘ ਸੋਹੀ ਬੜਾ ਮਿਹਨਤੀ ਡੀਪੀਈ ਸੀ। ਅਸੀਂ ਪੰਜਾਬ ਯੂਨੀਵਰਸਿਟੀ ਦੀਆਂ ਹਾਕੀ ਤੇ ਕਬੱਡੀ ਦੀਆਂ ਟਰਾਫੀਆਂ ਜਿੱਤਣ ਲੱਗੇ। ਉਦੋਂ ਦੇ ਖਿਡਾਰੀ ਜਸਵੰਤ ਜਮਨਾ, ਗੁਰਮੇਲ ਜੈਲੋ, ਦਰਸ਼ੀ, ਸੁੱਖੀ, ਸੀਤਾ, ਸਤਪਾਲ, ਇਕਬਾਲ ਇੰਦਰ, ਗੁਰਮੇਲ ਚੂਹੜਚੱਕ, ਦਰਸ਼ਨ ਤੇ ਬਿੰਦਰ ਬਿਲਾਸਪੁਰ, ਬਲਜੀਤ ਚੁਗਾਵਾਂ, ਜਗਜੀਤ ਮੱਦੋਕੇ, ਜਸਵੰਤ ਭੋਲਾ, ਹਾਕਮ ਦੌਧਰ ਤੇ ਦਰਜਨਾਂ ਹੋਰ ਖਿਡਾਰੀ ਯਾਦ ਆ ਰਹੇ ਨੇ। 1975 'ਚ ਕਾਲਜ ਸਰਕਾਰੀ ਹੋ ਗਿਆ ਤਾਂ ਬਹੁਤੇ ਲੈਕਚਰਾਰ ਸ਼ਹਿਰੀ ਕਾਲਜਾਂ 'ਚ ਬਦਲੀਆਂ ਕਰਾ ਗਏ। ਪਿੱਛੋਂ ਕਾਲਜ ਦਾ ਹਾਲ ਪੰਜਾਬ ਰੋਡਵੇਜ਼ ਦੀ ਉਸ ਬੱਸ ਵਰਗਾ ਹੁੰਦਾ ਗਿਆ ਜਿਸ ਬਾਰੇ ਕਿਸੇ ਅਮਲੀ ਨੇ ਕਿਹਾ ਸੀ, "ਸ਼ੁਕਰ ਕਰੋ, ਇਹ ਤਾਂ ਪਹੀਏ ਲੱਗੇ ਕਰਕੇ ਮਾੜੀ ਮੋਟੀ ਰੁੜ੍ਹੀ ਫਿਰਦੀ ਐ, ਨਹੀਂ ਤਾਂ ਕਦੋਂ ਦੀ ਖਾਧੀ ਪੀਤੀ ਜਾਂਦੀ!"

ਜਿਸ ਪੇਂਡੂ ਕਾਲਜ ਲਈ ਮੈਂ ਦਿੱਲੀ ਦਾ ਕਾਲਜ ਤਿਆਗ ਆਇਆ ਸੀ ਹੁਣ ਉਥੇ ਇਕ ਵੀ ਰੈਗੂਲਰ ਲੈਕਚਰਾਰ ਨਹੀਂ ਤੇ ਨਾ ਹੀ ਕੋਈ ਪ੍ਰਿੰਸੀਪਲ। ਇਕ ਸਮਾਂ ਸੀ ਜਦੋਂ ਢੁੱਡੀਕੇ ਦੇ ਸਕੂਲ ਤੇ ਕਾਲਜ ਵਿਚ ਹਾਕੀ ਤੇ ਅਥਲੈਟਿਕਸ ਦੇ ਸਪੋਰਟਸ ਵਿੰਗ ਸਨ, ਹੁਣ ਕੁਝ ਵੀ ਨਹੀਂ। ਸੁੱਤਾ ਢੁੱਡੀਕੇ ਵੀ ਪਿਆ ਹੈ, ਜਾਗਦੀ ਸਰਕਾਰ ਵੀ ਨਹੀਂ।

### ਲਾਜਪਤ ਰਾਏ ਖੇਡ ਮੇਲਾ

ਢੁੱਡੀਕੇ ਦੀ ਮਸ਼ਹੂਰੀ ਦੇਸ਼ ਭਗਤਾਂ, ਗਦਰੀ ਬਾਬਿਆਂ, ਲੇਖਕਾਂ, ਖਿਡਾਰੀਆਂ ਤੇ ਲਾਜਪਤ ਰਾਏ ਖੇਡ ਮੇਲੇ ਵਾਲੇ ਪਿੰਡ ਵਜੋਂ ਹੋਈ ਹੈ। ਜੇ ਲਾਲਾ ਮੋਹਨ ਲਾਲ ਨਾ ਹੁੰਦਾ ਤਾਂ ਢੁੱਡੀਕੇ 'ਚ ਲਾਲਾ ਲਾਜਪਤ ਰਾਏ ਕਾਲਜ ਹੋਂਦ ਵਿਚ ਨਾ ਆਉਂਦਾ। ਪਹਿਲਾਂ ਪ੍ਰਚਾਰਿਆ ਗਿਆ ਸੀ ਕਿ ਲਾਲਾ ਲਾਜਪਤ ਰਾਏ ਦਾ ਜਨਮ ਜਗਰਾਓਂ 'ਚ ਹੋਇਆ ਕਿਉਂਕਿ ਉਥੇ ਉਨ੍ਹਾਂ ਦੇ ਪਿਤਾ ਰਾਧਾ ਕਿਸ਼ਨ ਅਧਿਆਪਕ ਸਨ। ਪਰ ਲਾਲਾ ਜੀ ਦੇ ਸਾਥੀ ਰਹੇ ਮੋਹਨ ਲਾਲ ਐੱਮਐੱਲਸੀ ਨੇ ਸਿੱਧ ਕੀਤਾ ਕਿ ਲਾਜਪਤ ਰਾਏ ਦਾ ਜਨਮ ਉਹਦੇ ਨਾਨਕੇ ਪਿੰਡ ਢੁੱਡੀਕੇ ਦੇ ਕੱਚੇ ਕੋਠੇ ਵਿਚ 28 ਜਨਵਰੀ, 1865 ਨੂੰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਹੋਇਆ ਸੀ। ਇਸ ਤੱਥ ਦਾ ਪਤਾ ਲੱਗਣ ਪਿੱਛੋਂ ਸਰਪੰਚ ਰਾਮ ਸਿੰਘ ਤੇ ਜਸਵੰਤ ਸਿੰਘ ਕੰਵਲ ਹੋਰਾਂ ਨੇ ਇਲਾਕੇ ਦੇ ਸਹਿਯੋਗ ਨਾਲ ਲਾਲਾ ਜੀ ਦੇ ਨਾਂ ਉਤੇ 28 ਜਨਵਰੀ 1956 ਨੂੰ ਪਹਿਲਾ ਖੇਡ ਮੇਲਾ ਸ਼ੁਰੂ ਕੀਤਾ ਜੋ ਹਰ ਸਾਲ 26 ਤੋਂ 28 ਜਨਵਰੀ ਤਕ ਭਰਦਾ ਆ ਰਿਹੈ। ਇਹ ਚੋਟੀ ਦਾ ਖੇਡ ਮੇਲਾ ਮੰਨਿਆ ਜਾਂਦੈ ਜਿੱਥੇ 1973 ਵਿਚ ਇੰਗਲੈਂਡ ਬਨਾਮ ਮਾਲਵਾ ਕਬੱਡੀ ਮੈਚ ਹੋਇਆ ਤੇ ਫਿਰ ਵਰਲਡ ਕਬੱਡੀ ਕੱਪ ਦੇ ਮੈਚ ਹੋਏ। 1967-68 ਵਿਚ ਪਹਿਲਵਾਨ ਦਾਰਾ ਸਿੰਘ ਨੇ ਢੁੱਡੀਕੇ ਦੇ ਕਾਲਜ ਨਮਿਤ ਮੋਗੇ ਤੇ ਫਿਰੋਜ਼ਪੁਰ ਦੋ ਕੁਸ਼ਤੀਆਂ ਵਿਖਾਈਆਂ।

ਜੁਲਾਈ 1959 ਵਿਚ ਲਾਲ ਬਹਾਦਰ ਸ਼ਾਸ਼ਤਰੀ ਪਹਿਲੀ ਵਾਰ ਢੁੱਡੀਕੇ ਆਏ। ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਲਾਲਾ ਜੀ ਦੇ ਜਨਮ ਸਥਾਨ ਮੈਮੋਰੀਅਲ ਦੀ ਬੁਨਿਆਦ ਰੱਖੀ। ਲਾਲਾ ਜੀ ਦੀ ਪਹਿਲੀ ਜਨਮ ਸ਼ਤਾਬਦੀ ਮੌਕੇ 28 ਜਨਵਰੀ 1965 ਨੂੰ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਮੈਮੋਰੀਅਲ ਦਾ ਉਦਘਾਟਨ ਕੀਤਾ। ਉਸੇ ਦਿਨ ਲਾਜਪਤ ਰਾਏ ਸੈਂਟੇਨਰੀ ਕਾਲਜ ਢੁੱਡੀਕੇ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਦੇ ਕਰ ਕਮਲਾਂ ਨਾਲ ਰੱਖਿਆ ਗਿਆ। ਦੱਸਦੇ ਹਨ ਸ਼ਾਸ਼ਤਰੀ ਜੀ ਦੀ ਉਂਗਲ 'ਤੇ ਝਰੀਟ ਆ ਗਈ ਜਿਸ ਨਾਲ ਖ਼ੂਨ ਦੀਆਂ ਕੁਝ ਬੂੰਦਾਂ ਨੀਂਹ ਵਿਚ ਪੈ ਗਈਆਂ। ਵਰਣਨਯੋਗ ਹੈ ਕਿ ਕਾਲਜ ਲਈ ਜ਼ਮੀਨ ਕੌਲੂ ਪੱਤੀ ਦੇ ਕਿਸਾਨ ਬਚਨ ਸਿੰਘ ਨੇ ਇਹ ਕਹਿ ਕੇ ਦਿੱਤੀ ਸੀ ਕਿ ਮੈਂ ਤਾਂ ਸਕੂਲ ਦਾ ਮੂੰਹ ਵੀ ਨਹੀਂ ਦੇਖ ਸਕਿਆ। ਚਲੋ 'ਗਾਂਹਾਂ ਦੀਆਂ ਪੀੜ੍ਹੀਆਂ ਤਾਂ ਕਾਲਜ ਦਾ ਮੂੰਹ ਦੇਖ ਲੈਣਗੀਆਂ।

ਕਾਲਜ ਬਣਨ ਪਿੱਛੋਂ ਮੈਂ ਖੇਤ 'ਚ ਕੰਮ ਕਰਦੇ ਬਚਨ ਸਿੰਘ ਨੂੰ ਨੰਗੇ ਧੜ, ਤੇੜ ਪਰਨਾ ਬੰਨ੍ਹੀ ਵੇਖਦਾ। ਉਹ ਮੁੜ੍ਹਕੋ ਮੁੜ੍ਹਕੀ ਹੋਇਆ ਹੁੰਦਾ ਤੇ ਉਹਦਾ ਤੇਲੀਆ ਪਿੰਡਾ ਤਾਂਬੇ ਦੇ ਬੁੱਤ ਵਾਂਗ ਚਮਕਦਾ। ਬਾਅਦ ਵਿਚ ਸਟੇਡੀਅਮ ਲਈ ਨਾਲ ਲੱਗਦੀ ਕੁਝ ਹੋਰ ਜ਼ਮੀਨ ਚਾਹੀਦੀ ਸੀ। ਮੈਂ ਉਦੋਂ ਕਾਰਜਕਾਰੀ ਪ੍ਰਿੰਸੀਪਲ ਸਾਂ। ਮੇਰੀ ਬੇਨਤੀ 'ਤੇ ਉਹ ਵੀ ਉਹਨੇ ਖੁੱਲ੍ਹੇ ਦਿਲ ਨਾਲ ਦੇ ਦਿੱਤੀ ਤੇ ਸਟੇਡੀਅਮ ਦੀਆਂ ਪੌੜੀਆਂ ਲਈ ਆਪਣੇ ਖੇਤ 'ਚੋਂ ਮਿੱਟੀ ਚੁਕਾ ਕੇ ਭਰਤ ਵੀ ਪੁਆ ਦਿੱਤਾ। ਮੈਂ ਕਈ ਵਾਰ ਸੋਚਦਾਂ, ਸਾਡੇ ਕਿਸਾਨਾਂ ਦੇ ਦਿਲ ਕਿੰਨੇ ਖੁੱਲ੍ਹੇ ਹੁੰਦੇ ਨੇ! ਬੇਸ਼ੱਕ ਬਾਅਦ ਵਿਚ ਪਿੰਡ ਵਾਲਿਆਂ ਨੇ ਉਸ ਨੂੰ ਪੰਚਾਇਤੀ ਜ਼ਮੀਨ 'ਚੋਂ ਇਵਜ਼ਾਨਾ ਦੇ ਦਿੱਤਾ ਪਰ ਗੱਲ ਤਾਂ ਉਸ ਦਿਨ ਦੀ ਸੀ ਜਿੱਦਣ ਕੈਰੋਂ ਸਰਕਾਰ ਦੇ ਸਿੱਖਿਆ ਮੰਤਰੀ ਪ੍ਰਬੋਧ ਚੰਦਰ ਨੇ ਕਿਹਾ ਸੀ, "ਪਹਿਲਾਂ ਜ਼ਮੀਨ ਦਿਓ, ਫਿਰ ਕਾਲਜ ਬਣੇਗਾ।"

ਇਕੱਠ 'ਚ ਬੈਠੇ ਬਚਨ ਸਿੰਘ ਨੇ ਹਿੱਕ ਥਾਪੜੀ ਸੀ, "ਮੇਰੀ ਜ਼ਮੀਨ ਹਾਜ਼ਰ ਐ।" ਫਿਰ ਪ੍ਰਬੋਧ ਚੰਦਰ ਨੇ ਆਖਿਆ ਸੀ, "ਕਾਲਜ ਬਣਾਉਣ ਦਾ ਐਲਾਨ ਮੈਂ ਮੁੱਖ ਮੰਤਰੀ ਜੀ ਨੂੰ ਪੁੱਛ ਕੇ ਕਰਾਂਗਾ।" ਬਚਨ ਸਿੰਘ ਦਾ ਕਹਿਣਾ ਸੀ, "ਮੈਂ ਕਿਹੜਾ ਘਰ ਆਲੀ ਨੂੰ ਪੁੱਛਿਆ? ਜਿਵੇਂ ਮੈਂ ਜ਼ਮੀਨ ਦੇਣ ਦਾ ਅਲਾਣ ਕੀਤਾ ਓਵੇਂ ਤੂੰ ਵੀ ਕਾਲਜ ਬਣਾਉਣ ਦਾ ਅਲਾਣ ਕਰ।" ਤੇ ਸਿੱਖਿਆ ਮੰਤਰੀ ਨੂੰ ਖੜ੍ਹੇ ਪੈਰ ਕਾਲਜ ਬਣਾਉਣ ਦਾ ਐਲਾਨ ਕਰਨਾ ਪਿਆ ਸੀ। ਸੁਰਗਾਂ ਵਿਚ ਵਾਸਾ ਹੋਵੇ ਉਸ ਸਿੱਧੇ ਸਾਦੇ ਖੁੱਲ੍ਹ-ਦਿਲੇ ਕਿਸਾਨ ਦਾ। ਬਚਨ ਸਿੰਘ ਦੇ ਨਾਂ ਦਾ ਕੋਈ ਪੱਥਰ ਅਜੇ ਤਕ ਕਾਲਜ ਜਾਂ ਸਟੇਡੀਅਮ ਦੀ ਕਿਸੇ ਕੰਧ 'ਤੇ ਨਹੀਂ ਲੱਗਾ। ਜੇਕਰ ਉਹ ਮੌਕੇ 'ਤੇ ਜ਼ਮੀਨ ਨਾ ਦਿੰਦਾ ਤਾਂ ਸੰਭਵ ਸੀ ਢੁੱਡੀਕੇ ਦਾ ਕਾਲਜ ਬੜਾ ਪਛੜ ਕੇ ਹੋਂਦ ਵਿਚ ਆਉਂਦਾ। ਇਹ ਵੀ ਸੰਭਵ ਸੀ ਤਦ ਤਕ ਮੈਂ ਪੱਕਾ ਦਿੱਲੀ ਵਾਲਾ ਬਣ ਗਿਆ ਹੁੰਦਾ ਤੇ ਮੇਰੇ ਨਾਂ ਨਾਲ ਢੁੱਡੀਕੇ ਨਾ ਜੁੜਦਾ। ਪੇਸ਼ ਹੈ ਪੁਸਤਕ 'ਚੋਂ ਇਕ ਲੇਖ:

### ਢੁੱਡੀਕੇ ਦਾ ਮਾਣ ਮਿੰਦ੍ਹੀ ਭਾਜੀ

ਪਿੰਡ ਢੁੱਡੀਕੇ ਦਾ ਨਾਮ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ 'ਚ ਲਿਖਿਆ ਹੋਇਆ ਹੈ। ਚਾਹੇ ਗੱਲ ਗਦਰੀ ਬਾਬਿਆਂ ਦੀ ਹੋਵੇ, ਚਾਹੇ ਸੁਤੰਤਰਤਾ ਸੰਗਰਾਮੀਆਂ ਦੀ ਹੋਵੇ, ਚਾਹੇ ਲੇਖਕਾਂ ਦੀ ਹੋਵੇ, ਢੁੱਡੀਕੇ ਦਾ ਨਾਮ ਹਮੇਸ਼ਾਂ ਮੂਹਰੇ ਰਿਹਾ ਹੈ। ਇਸ ਪਿੰਡ 'ਚ ਬਾਬਾ ਈਸ਼ਰ ਸਿੰਘ ਤੇ ਬਾਬਾ ਪਾਖਰ ਸਿੰਘ ਵਰਗੇ ਗਦਰੀ ਯੋਧੇ, ਲਾਲਾ ਲਾਜਪਤ ਰਾਏ ਵਰਗੇ ਆਜ਼ਾਦੀ ਘੁਲਾਟੀਏ, ਜਸਵੰਤ ਸਿੰਘ ਕੰਵਲ ਵਰਗੇ ਨਾਵਲਕਾਰ ਤੇ ਮੀਤੋ ਮੱਲ ਵਰਗੇ ਕਬੱਡੀ ਖਿਡਾਰੀ ਪੈਦਾ ਹੋਏ ਹਨ। ਇਸੇ ਪਿੰਡ 'ਚ ਪੈਦਾ ਹੋਇਆ ਸੂਬੇਦਾਰ ਮਹਿਮਾ ਸਿੰਘ ਗਿੱਲ ਦਾ ਪੋਤਰਾ, ਦਲਜੀਤ ਸਿੰਘ ਤੇ ਮਾਤਾ ਗਿਆਨ ਕੌਰ ਦਾ ਪੁੱਤਰ, ਮਹਿੰਦਰ ਸਿੰਘ ਗਿੱਲ ਜੋ ਹਾਕੀ ਜਗਤ 'ਚ 'ਮਿੰਦੀ ਭਾਜੀ' ਦੇ ਨਾਂ ਨਾਲ ਮਸ਼ਹੂਰ ਹੋਇਆ। ਕੁਝ ਇਨਸਾਨ ਇਸ ਦੁਨੀਆਂ 'ਚ ਐਸੇ ਆਉਂਦੇ ਨੇ ਤੇ ਚਲੇ ਜਾਂਦੇ ਨੇ, ਜਿਨ੍ਹਾਂ ਦਾ ਇਸ ਦੁਨੀਆਂ 'ਚ ਹੋ ਰਹੇ ਕੰਮਾਂ ਕਾਰਾਂ ਨਾਲ ਨਿੱਜ ਤੋਂ ਵੱਧ ਕੋਈ ਸਰੋਕਾਰ ਨਹੀਂ ਹੁੰਦਾ। ਪਰ ਕੁਝ ਇਨਸਾਨਾਂ 'ਚ ਆਪਣੇ ਨਿੱਜ ਲਈ ਘੱਟ ਤੇ ਦੂਸਰਿਆਂ ਲਈ ਜ਼ਿਆਦਾ ਕਰਨ ਦਾ ਚਾਅ ਹੁੰਦਾ ਹੈ। ਉਨ੍ਹਾਂ ਵਿਚ ਹੀ ਨਾਮ ਆਉਂਦਾ ਹੈ ਮਿੰਦ੍ਹੀ ਭਾਜੀ ਦਾ।

(ਬਾਕੀ ਸਫਾ 19 'ਤੇ)

# ਯੂਨੀਵਰਸਿਟੀ ਦੀਆਂ ਯਾਦਾਂ 'ਚ ਪਿਘਲਦਿਆਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੀ ਪੰਜਾਬ ਯਾਤਰਾ ਦੌਰਾਨ ਪੁਰਾਣੇ ਦਿਨਾਂ ਨੂੰ ਤਰੋ-ਤਾਜ਼ਾ ਕਰਨ ਲਈ ਪੰਜਾਬੀ ਯੂਨੀਵਰਸਿਟੀ ਵਿਚ ਆਪਣੇ ਦੋਸਤਾਂ ਮਿੱਤਰਾਂ ਨਾਲ ਗੁਜ਼ਾਰੇ ਖੂਬਸੂਰਤ ਪਲਾਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ।***

ਯਾਦਾਂ ਸਾਡੀ ਜ਼ਿੰਦਗੀ ਦਾ ਸਭ ਤੋਂ ਉਤਮ ਸਰਮਾਇਆ। ਇਨ੍ਹਾਂ ਸਹਾਰੇ ਹੀ ਅਸੀਂ ਜ਼ਿੰਦਗੀ ਦੀ ਅਜੇਹੀ ਕਲਾਨਿਕਾਸ਼ੀ ਕਰਦੇ ਹਾਂ ਜੋ ਸਾਡੇ ਟੁੱਟਦੇ ਸਾਹਾਂ ਨੂੰ ਜੋੜਦੀ ਹੈ ਅਤੇ ਢਲਦੇ ਪ੍ਰਛਾਵਿਆਂ ਵੇਲੇ ਚੜ੍ਹਦੇ ਦਿਨ ਵਰਗਾ ਅਹਿਸਾਸ ਮਨ ਵਿਚ ਪੈਦਾ ਕਰਦੀ ਹੈ।

ਕੁਝ ਯਾਦਾਂ ਅਜਿਹੀਆਂ ਹੁੰਦੀਆਂ ਜਿਨ੍ਹਾਂ ਨੂੰ ਅਸੀਂ ਮੁੜ-ਮੁੜ ਜਿਊਣਾ ਚਾਹੁੰਦੇ ਹਾਂ। ਕੁਝ ਪਲ ਅਜਿਹੇ ਹੁੰਦੇ ਜਿਨ੍ਹਾਂ ਨੇ ਤੁਹਾਡੇ ਜੀਵਨ ਨੂੰ ਤਰਾਸ਼ਿਆ ਹੋਵੇ, ਸੰਵੇਦਨਾ ਨੂੰ ਮਨ ਦੀ ਬੀਹੀ ਵਿਚ ਉਗਾਇਆ ਹੋਵੇ ਅਤੇ ਸਾਡੇ ਸੁਪਨਿਆਂ ਨੂੰ ਅਜਿਹੀ ਪ੍ਰਵਾਜ਼ ਦਿਤੀ ਹੁੰਦੀ ਹੈ ਕਿ ਅਸੀਂ ਸਾਰੀ ਉਮਰ ਉਸ ਪ੍ਰਵਾਜ਼ ਵਿਚ ਰਹਿੰਦੇ, ਸੁਪਨੇ ਦੀ ਪੂਰਨਤਾ ਨੂੰ ਆਪਣਾ ਕਰਮ-ਧਰਮ ਬਣਾ ਲੈਂਦੇ ਹਾਂ।

ਯਾਦਾਂ ਬਚਪਨ ਦੀਆਂ ਵੀ ਹੁੰਦੀਆਂ ਅਤੇ ਜਵਾਨੀ ਦੀਆਂ ਵੀ। ਸਕੂਲ ਦੀਆਂ ਵੀ ਮਾਸੂਮ ਜਿਹੀਆਂ ਯਾਦਾਂ ਹੁੰਦੀਆਂ। ਕਾਲਜ ਦੀਆਂ ਲੜਕਪਣ ਨਾਲ ਭਰੀਆਂ ਯਾਦਾਂ ਹੁੰਦੀਆਂ। ਸਭ ਤੋਂ ਅਨਮੋਲ ਹੁੰਦੀਆਂ ਨੇ ਯੂਨੀਵਰਸਿਟੀ ਦੀਆਂ ਯਾਦਾਂ ਜਦ ਮਨ ਵਿਚ ਚਾਵਾਂ ਨਾਲ ਭਰੇ ਸੁਪਨੇ ਮਚਲਦੇ। ਇਨ੍ਹਾਂ ਚਾਵਾਂ ਨੂੰ ਪੂਰਿਆਂ ਕਰਨ ਲਈ ਯੂਨੀਵਰਸਿਟੀ ਦਾ ਮਾਹੌਲ ਵੀ ਸਾਜ਼ਗਾਰ ਹੁੰਦੈ। ਪਿਆਰੇ ਮਿੱਤਰਾਂ ਅਤੇ ਸਹਿਪਾਠੀਆਂ ਦਾ ਮੋਹਵੰਤਾ ਸਾਥ ਵੀ ਹੁੰਦਾ। ਕੁਝ ਨਰੋਇਆ ਅਤੇ ਵਿਲੱਖਣ ਕਰਨ ਦਾ ਜ਼ਜਬਾ ਅਤੇ ਜਨੂੰਨ ਵੀ ਹੁੰਦਾ। ਖਾਸ ਕਰਕੇ ਸਾਡੇ ਵਰਗਿਆਂ ਲਈ ਨਿੱਕੇ-ਨਿੱਕੇ ਪਿੰਡਾਂ ਵਿਚੋਂ ਆ ਕੇ ਯੂਨੀਵਰਸਿਟੀ ਵਿਚ ਪੜ੍ਹਨਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਯੂਨੀਵਰਸਿਟੀ ਦੇ ਮਾਹੌਲ ਨੂੰ ਸਮਝਣਾ, ਇਸਨੂੰ ਮਾਨਣਾ ਅਤੇ ਆਪਣੀ ਜ਼ਿੰਦਗੀ ਨੂੰ ਇਸਦੇ ਚੌਗਿਰਦੇ ਅਨੁਸਾਰ ਢਾਲਣਾ। ਅਤੇ ਸਭ ਤੋਂ ਅਹਿਮ ਸੀ ਉਨ੍ਹਾਂ ਸੁਪਨਿਆਂ ਦੀ ਤਾਮੀਰਦਾਰੀ ਵਿਚ ਖੁਦ ਨੂੰ ਅਰਪਿਤ ਕਰਨਾ ਜਿਹੜੇ ਸੁਪਨੇ ਸਾਡੇ ਮਾਪਿਆਂ ਨੇ ਸਾਡੇ ਦੀਦਿਆਂ ਵਿਚ ਧਰ ਕੇ ਸਾਨੂੰ ਯੂਨੀਵਰਸਿਟੀ ਨੂੰ ਤੋਰਿਆ ਸੀ।

ਅਮਰੀਕਾ ਤੋਂ ਪੰਜਾਬ ਆਏ ਨੂੰ ਮਹੀਨਾ ਹੋ ਚੱਲਿਆ ਸੀ। ਮੇਰੇ ਪਰਮ ਮਿੱਤਰ, ਹਮਜਮਾਤੀ, ਸਹਿਕਰਮੀ ਅਤੇ ਗਰਾਈਂ ਪ੍ਰੋ. ਕੁਲਵੰਤ ਸਿੰਘ ਔਜਲਾ ਦਾ ਮੁਹੱਬਤੀ ਹੁਕਮ ਸੀ ਕਿ ਪੰਜਾਬੀ ਯੂਨੀਵਰਸਿਟੀ ਜਾਣਾ ਹੈ। ਰਾਤ ਰਹਿ ਕੇ ਆਉਣਾ ਹੈ। ਪੁਰਾਣੇ ਦੋਸਤਾਂ ਮਿੱਤਰਾਂ ਨੂੰ ਮਿਲ ਕੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨਾ ਹੈ ਕਿਉਂਕਿ ਹੁਣ ਸਾਰੇ ਦੋਸਤ ਸੇਵਾ-ਮੁਕਤ ਹੋ ਚੁੱਕੇ ਸਨ। ਉਹ ਵਾਰ-ਵਾਰ ਤਾਕੀਦ ਕਰ ਰਹੇ ਸਨ ਕਿ ਆਪਾਂ ਮਿਲਣ ਦਾ ਸਬੱਬ ਤਾਂ ਬਣਾਈਏ ਤਾਂ ਕਿ ਬੀਤੇ ਨੂੰ ਫਿਰ ਤੋਂ ਪੁਨਰਸੰਜੀਵ ਕੀਤਾ ਜਾ ਸਕੇ।

ਕਪੂਰਥਲੇ ਤੋਂ ਸਵੇਰੇ ਸੁਵੱਖਤੇ ਚੱਲ ਕੇ ਦਸ ਕੁ ਵਜੇ ਪਟਿਆਲੇ ਪਹੁੰਚ ਗਏ। ਸਾਡੇ ਨਾਲ ਪ੍ਰੋ. ਬਖਤੌਰ ਧਾਲੀਵਾਲ ਅਤੇ ਡਾ. ਗੋਪਾਲ ਬੁੱਟਰ ਨੇ ਸਾਰੇ ਰਾਹ ਵਿਚ ਗੱਲਾਂ-ਬਾਤਾਂ ਨਾਲ ਚੰਗੀ ਰੌਣਕ ਲਾਈ ਰੱਖੀ। ਪ੍ਰੋ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਦੇ ਘਰ ਬ੍ਰੇਕਫਾਸਟ ਕੀਤਾ। ਇਸ ਮੋਹਵੰਤੀ ਜੋੜੀ ਦਾ ਪਿਆਰ ਅਤੇ ਪ੍ਰਸੰਨਤਾ ਡੁੱਲ-ਡੁੱਲ ਪੈਂਦੀ ਸੀ। ਇਸ ਅਦਬੀ ਜੋੜੇ ਨੇ ਅਕਾਦਮਿਕ ਖੇਤਰਾਂ ਵਿਚ ਕੀਤੀਆਂ ਪ੍ਰਾਪਤੀਆਂ ਨਾਲ ਬਹੁਤ ਵੱਡਾ ਨਾਮਣਾ ਖੱਟਿਆ ਹੈ ਜਿਸ 'ਤੇ ਸਾਨੂੰ ਸਾਰਿਆਂ ਨੂੰ ਬਹੁਤ ਨਾਜ਼ ਏ। ਯਾਦ ਆਇਆ ਕਿ 1975 ਤੋਂ 1977 ਤੀਕ ਐਮ.ਐਸ.ਸੀ. ਕਰਦਿਆਂ, ਪ੍ਰੋ. ਕੁਲਵੰਤ ਔਜਲਾ, ਡਾ. ਜਸਵਿੰਦਰ ਸਿੰਘ, ਡਾ. ਸਤੀਸ਼ ਵਰਮਾ, ਪ੍ਰੋ. ਰਣਜੀਤ ਰਣੀਆ, ਡਾ. ਮੱਖਣ ਸਿੰਘ ਅਤੇ ਪ੍ਰੋ. ਬਲਵਿੰਦਰ ਧਾਲੀਵਾਲ ਅਕਸਰ ਹੀ ਰਾਤ ਨੂੰ ਰੋਟੀ ਖਾਣ ਤੋਂ ਬਾਅਦ ਮੇਰੇ ਕਮਰੇ ਹੋਮੀ ਭਾਬਾ ਹੋਸਟਲ ਵਿਚ ਆ ਕੇ ਕਵਿਤਾਵਾਂ ਅਤੇ ਚੁਟਕਲਿਆਂ ਦੀਆਂ ਮਹਿਫ਼ਲਾਂ ਸਜਾਉਂਦੇ ਹੁੰਦੇ ਸਨ। ਪੰਜਾਬੀ ਅਦਬ ਨਾਲ ਮੇਰੇ ਪ੍ਰੇਮ ਦਾ ਇਕ ਕਾਰਨ ਮੇਰੇ ਕਮਰੇ ਵਿਚ ਅੱਧੀ ਅੱਧੀ ਰਾਤ ਤੀਕ ਸਜੀਆਂ ਉਨ੍ਹਾਂ ਮਿੱਤਰ-ਮਹਿਫਲ਼ਾਂ ਦਾ ਵੀ ਅਚੇਤ ਰੂਪ ਵਿਚ ਬਹੁਤ ਵੱਡਾ ਯੋਗਦਾਨ ਹੈ।

ਭਾਸ਼ਾ ਵਿਭਾਗ, ਪੰਜਾਬ ਦੀ ਡਾਇਰੈਕਟਰ ਡਾ. ਵੀਰਪਾਲ ਕੌਰ ਜੀ ਨੂੰ ਉਸਦੇ ਦਫ਼ਤਰ ਵਿਚ ਮਿਲਣ ਤੋਂ ਬਾਅਦ ਜਦ ਡਾ. ਸਤੀਸ਼ ਵਰਮਾ ਨੂੰ ਫੋਨ ਕੀਤਾ ਤਾਂ ਉਸਦਾ ਕਹਿਣਾ ਸੀ ਕਿ ਘਰ ਹੀ ਆ ਜਾਵੋ। ਦੁਪਹਿਰਾ ਮੇਰੇ ਘਰ ਕੱਟੋ। ਇਸ ਦੌਰਾਨ ਉਥੇ ਕਹਾਣੀਕਾਰ ਕਿਰਪਾਲ ਕਜ਼ਾਕ ਵੀ ਡਾ. ਵਰਮਾ ਦੇ ਘਰ ਪਹੁੰਚ ਗਏ। 2-3 ਘੰਟੇ ਚੱਲੀ ਇਸ ਮਿੱਤਰ-ਮਿਲਣੀ ਵਿਚ ਜਿਥੇ ਪੁਰਾਣੀਆਂ ਯਾਦਾਂ ਨੂੰ ਤਰੋਤਾਜ਼ਾ ਕੀਤਾ ਗਿਆ ਉਥੇ ਪੰਜਾਬੀ ਦੇ ਇਨ੍ਹਾਂ ਉਘੇ ਵਿਦਵਾਨਾਂ ਨੇ ਪੰਜਾਬੀ ਸਾਹਿਤ ਦੇ ਅਜੋਕੇ ਹਾਲਾਤ, ਇਸਦੇ ਸੰਭਾਵੀ ਵਿਸਥਾਰ ਤੇ ਵਰਤਾਰੇ, ਇਸਦੀ ਵਿਲੱਖਣਤਾ ਨੂੰ ਲੱਗ ਰਹੇ ਖੋਰੇ ਅਤੇ ਇਸ ਵਿਚ ਪੈਦਾ ਹੋ ਰਹੇ ਨਵੇਂ ਰੁਝਾਨਾਂ ਬਾਰੇ ਵੀ ਚਰਚਾ ਚੱਲਦੀ ਰਹੀ। ਇਸ ਦੌਰਾਨ ਨਿੱਕੇ ਨਿੱਕੇ ਟੋਟਕੇ, ਇਕ ਦੂਜੇ ਨੂੰ ਮਿੱਠੀਆਂ ਟਕੋਰਾਂ ਅਤੇ



ਆਪਣੇ ਰੁਤਬਿਆਂ ਤੇ ਅਹੁਦਿਆਂ ਨੂੰ ਸਿਰਾਂ ਤੋਂ ਲਾਹ ਕੇ, ਬੀਤੇ ਵਿਚ ਪਰਤਣਾ ਬਹੁਤ ਹੀ ਚੰਗਾ ਲੱਗਦਾ। ਇਥੇ ਹੀ ਗਰੈਸੀਅਸ ਪਬਲਿਸ਼ਰਜ਼, ਪਟਿਆਲਾ ਵਲੋਂ ਮੇਰੀ ਨਵ-ਪ੍ਰਕਾਸ਼ਿਤ ਪੁਸਤਕ 'ਦੀਵਿਆਂ ਦੀ ਡਾਰ' ਡਾ. ਸਤੀਸ਼ ਵਰਮਾ ਦੇ ਘਰ ਵਿਚ ਪੁਰ-ਖਲੂਸ, ਪਰ ਨਿਰ-ਉਚੇਚ ਮਹਿਫ਼ਲ ਵਿਚ ਮਿੱਤਰ-ਪਿਆਰਿਆਂ ਵਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਨੇ ਇਕ ਹੋਰ ਯਾਦ ਪੁਰਾਣੀਆਂ ਯਾਦਾਂ ਵਿਚ ਰਲਾ ਕੇ ਸਾਡੀ ਇਸ ਮਿਲਣੀ ਨੂੰ ਯਾਦਗਾਰੀ ਬਣਾ ਦਿੱਤਾ।

ਅਸੀਂ ਰਾਤ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਕੱਟਣ ਦਾ ਸੋਚ ਕੇ ਆਏ ਸਾਂ ਤਾਂ ਕਿ ਵਿਦਿਆਰਥੀ ਜੀਵਨ ਦੇ ਬੀਤੇ ਹੋਏ ਪਲਾਂ ਨੂੰ ਮੁੜ ਤੋਂ ਜੀਵਿਆ ਜਾਵੇ। ਢਾ. ਜਸਵਿੰਦਰ ਸਿੰਘ ਦਾ ਸਾਰਾ ਦਿਨ ਦਾ ਇਹ ਕੇਹਾ ਮੋਹਭਿੱਜਾ ਸਾਥ ਸੀ ਕਿ ਪਤਾ ਹੀ ਨਹੀਂ ਲੱਗਾ ਕਦੋਂ ਰਾਤ ਦੇ ਦਸ ਵੱਜ ਗਏ। ਪੁਰਾਣੇ ਸਾਥੀਆਂ ਨਾਲ ਬਿਤਾਏ ਇਹ ਪਲ ਵਿਦਿਆਰਥੀ ਜੀਵਨ ਦੇ ਰਾਂਗਲੇ ਵਕਤ ਨੂੰ ਦੀਦਿਆਂ ਵਿਚ ਸੰਜੀਵ ਕਰ ਗਏ ਜੋ ਕਦੇ ਚੇਤਿਆਂ ਵਿਚ ਕੁਝ ਕੁ ਧੁੰਧਲਕੇ ਦਾ ਰੂਪ ਧਾਰਨ ਲੱਗੇ ਸਨ। ਇਸ ਰਾਤਰੀ ਮਹਿਫ਼ਲ ਵਿਚ ਡਾ. ਗੁਰਸੇਵਕ ਸਿੰਘ ਲੰਬੀ, ਡਾ. ਗੋਪਾਲ ਬੁੱਟਰ, ਪ੍ਰੋ. ਪ੍ਰੀਤਮ ਭੰਗੂ, ਡਾ. ਜਸਵਿੰਦਰ ਸਿੰਘ, ਪ੍ਰੋ. ਕੁਲਵੰਤ ਔਜਲਾ ਅਤੇ ਪ੍ਰੋ. ਬਖਤਾਵਰ ਧਾਲੀਵਾਲ ਦੀ ਭਰਪੂਰ ਹਾਜ਼ਰੀ ਨੇ ਇਸਦੀ ਰੰਗਤ ਨੂੰ ਹੋਰ ਵੀ ਗੂੜ੍ਹਾ ਕਰ ਦਿੱਤਾ। ਠਹਾਕਿਆਂ ਅਤੇ ਮੋਹਭਿੱਜੀ ਚੂੰਝ ਚਰਚਾ ਦੌਰਾਨ ਪਤਾ ਹੀ ਨਾ ਲੱਗਾ ਕਿ ਕਦੋਂ ਰਾਤ ਦੇ ਦਸ ਵੱਜ ਗਏ। ਖਾਣੇ ਤੋਂ ਬਾਅਦ ਡਾ. ਜਸਵਿੰਦਰ ਸਿੰਘ ਨੂੰ ਉਸਦੇ ਘਰ ਪਟਿਆਲਾ ਛੱਡ ਕੇ ਜਦ ਵਾਪਸ ਪਰਤੇ ਤਾਂ ਮੈਂ ਤੇ ਪ੍ਰੋ. ਔਜਲਾ ਬੀਤੇ ਦੀਆਂ ਪਰਤਾਂ ਵਿਚੋਂ ਜ਼ਿੰਦਗੀ ਦੀਆਂ ਉਨ੍ਹਾਂ ਪਰਤਾਂ ਨੂੰ ਫਰੋਲਣ ਲੱਗੇ ਜਿਹੜੀਆਂ ਪਰਤਾਂ ਵਿਚੋਂ ਚਾਨਣ-ਝੀਤਾਂ ਨੇ ਸਾਡੇ ਜੀਵਨ-ਬੂਹੇ 'ਤੇ ਦਸਤਕ ਦਿੱਤੀ ਸੀ।

ਕੁਦਰਤ ਦੀ ਆਗੋਸ਼ ਵਿਚ ਹਰਿਆਵਲ ਨਾਲ ਭਰੀ ਯੂਨੀਵਰਸਿਟੀ ਦੀ ਸਵੇਰ ਨੇ ਉਨ੍ਹਾਂ ਯਾਦਾਂ ਨੂੰ ਮੁੜ ਤੋਂ ਨਵਿਆ ਦਿਤਾ ਜਦ ਵਿਦਿਆਰਥੀ ਹੁੰਦਿਆਂ, ਸਵੇਰੇ-ਸਵੇਰੇ ਆਪੋ-ਆਪਣੇ ਡਿਪਾਰਟਮੈਂਟਾਂ ਵਿਚ ਕਲਾਸਾਂ ਲਾਉਣ ਦੀ ਕਾਹਲ ਹੁੰਦੀ ਸੀ। ਫਿਜ਼ਿਕਸ ਵਿਭਾਗ ਦਾ ਮੁਹਾਂਦਰਾ ਭਾਵੇਂ ਹੁਣ ਬਦਲ ਚੁੱਕਾ ਏ ਪਰ ਇਸਦੀ ਨੁਹਾਰ ਵਿਚੋਂ ਬੀਤੇ ਹੋਏ ਨਕਸ਼ਾਂ ਨੂੰ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਏ।

ਮੈਂ ਤੇ ਪ੍ਰੋ. ਔਜਲਾ ਕੈਂਪਸ ਦਾ ਗੇੜਾ ਲਾਉਣ ਅਤੇ ਇਸਦੀ ਸਵੇਰ ਵਿਚ ਖੁਦ ਨੂੰ ਤਰੋਤਾਜ਼ਾ ਕਰਨ ਅਤੇ ਆਪਣੇ ਪੁਰਾਣੇ ਦਿਨਾਂ ਨੂੰ ਜਿਊਣ ਲਈ, ਸੈਰ ਕਰਨ ਵਾਸਤੇ ਗੈਸਟ ਹਾਊਸ ਵਿਚੋਂ ਬਾਹਰ ਨਿਕਲੇ। ਬਹੁਤ ਵਿਰਲੇ ਹੀ ਲੋਕ ਸਨ ਜੋ ਸਿਹਤਯਾਬੀ ਲਈ ਸੈਰ ਦਾ ਲੁਤਫ਼ ਮਾਣ ਰਹੇ ਸਨ। ਅਜੋਕੀ ਜੀਵਨ-ਸ਼ੈਲੀ ਨੇ ਮਨੁੱਖ ਨੂੰ ਖੁਦ ਪ੍ਰਤੀ ਲਾਪ੍ਰਵਾਹ ਜਿਊਣ ਦੀ ਜਾਚ ਦਿੱਤੀ ਹੈ। ਛੋਟੀਆਂ ਛੋਟੀਆਂ ਗੱਲਾਂ ਕਰਦਿਆਂ, ਮੈਂ ਪ੍ਰੋ. ਔਜਲਾ ਜੀ ਨੂੰ ਕਿਹਾ ਕਿ ਕਿ ਜੇਕਰ ਆਪਣੇ ਘਰਾਂ ਦੇ ਹਾਲਾਤ ਸਾਜ਼ਗਾਰ ਹੁੰਦੇ ਤਾਂ ਆਪਾਂ ਵੀ ਆਪਣੇ ਜਮਾਤੀਆਂ ਵਾਂਗ ਯੂਨੀਵਰਸਿਟੀ ਵਿਚ ਹੀ ਰਹਿ ਸਕਦੇ ਸੀ ਅਤੇ ਪੀਐਚਡੀ ਕਰਕੇ ਇੱਥੇ ਹੀ ਪੜ੍ਹਾਉਂਦੇ। ਆਪਣੇ ਮਿੱਤਰਾਂ ਡਾ. ਜਸਵਿੰਦਰ ਸਿੰਘ ਤੇ ਡਾ. ਸਤੀਸ਼ ਵਰਮਾ ਵਾਂਗ ਉਚੀਆਂ ਅਕਾਦਮਿਕ ਪ੍ਰਾਪਤੀਆਂ ਕਰ ਸਕਦੇ ਸਾਂ ਅਤੇ ਅਕਾਦਮਿਕ ਹਲਕਿਆਂ ਵਿਚ ਵਿਕਲੋਤਰਾ ਨਾਮ ਬਣਾ ਸਕਦੇ ਸੀ। ਪ੍ਰੋ. ਔਜਲਾ ਕਹਿਣ ਲੱਗੇ ਕਿ ਆਪਾਂ ਦੋਵੇਂ ਪਰਿਵਾਰ ਵਲੋਂ ਮਿਲਣ ਵਾਲੇ ਸਹਿਯੋਗ ਦੀ ਅਣਹੋਂਦ ਅਤੇ ਆਰਥਿਕ ਤੰਗੀ ਕਾਰਨ ਯੂਨੀਵਰਸਿਟੀ ਵਿਚ ਹੋਰ ਉਚੇਰੀ ਪੜ੍ਹਾਈ ਕਰਨ ਤੋਂ ਤਾਂ ਖੁੰਝ ਗਏ ਸਾਂ। ਵੈਸੇ ਆਪਾਂ ਇਨ੍ਹਾਂ ਤੋਂ ਜ਼ਿਆਦਾ ਲਾਇਕ ਸਾਂ। ਪਰ ਆਪਾਂ ਸ਼ੁਕਰਗੁਜ਼ਾਰ ਹਾਂ ਆਪਣੇ ਮਾਪਿਆਂ ਦੇ ਕਿ ਉਨ੍ਹਾਂ ਨੇ ਸਾਨੂੰ ਯੂਨੀਵਰਸਿਟੀ ਤੀਕ ਪੜ੍ਹਾਇਆ। ਆਪਾਂ ਕਾਲਜ ਵਿਚ ਪੜ੍ਹਾਉਂਦਿਆਂ ਵੀ ਬਹੁਤ ਮਾਣ-ਸਤਿਕਾਰ, ਆਪੋ-ਆਪਣੇ ਖੇਤਰਾਂ ਵਿਚ ਪ੍ਰਾਪਤ ਕੀਤਾ ਹੈ।

ਦਰਅਸਲ ਉਨ੍ਹਾਂ ਸਮਿਆਂ ਵਿਚ ਆਪਣੇ ਲਈ ਹਾਲਾਤ ਸਾਜ਼ਗਾਰ ਨਹੀਂ ਸਨ ਕਿਉਂਕਿ ਛੋਟੇ ਕਿਰਸਾਨੀ ਪਰਿਵਾਰ ਦੇ ਬੱਚਿਆਂ ਲਈ ਇਹ ਹੀ ਗਨੀਮਤ ਸੀ ਕਿ ਅਸੀਂ ਯੂਨੀਵਰਸਿਟੀ ਵਿਚ ਪੜ੍ਹ ਸਕੇ।

ਉਸ ਵਕਤ ਯਾਦ ਆਇਆ ਕਿ ਕਿਵੇਂ ਬੀਐਸਸੀ ਕਰਨ ਤੋਂ ਬਾਅਦ ਜ਼ਿਆਦਾਤਰ ਸਬੰਧੀਆਂ ਅਤੇ ਜਾਣਕਾਰਾਂ ਦੀ ਮੱਤ ਸੀ ਕਿ ਬੀਐਡ ਕਰ ਕੇ ਸਕੂਲ ਟੀਚਰ ਬਣ ਕੇ ਕਮਾਈ ਦਾ ਜੁਗਾੜ ਕੀਤਾ ਜਾਵੇ। ਇਹ ਤਾਂ ਕੁਦਰਤ ਦੀ ਅਨਾਇਤ ਸੀ ਕਿ ਮੈਂ ਅੱਗੇ ਪੜ੍ਹਨ ਦਾ ਫੈਸਲਾ ਕੀਤਾ ਜਿਸ ਵਿਚ ਘਰਦਿਆਂ ਦੀ ਸਹਿਮਤੀ ਸ਼ਾਮਲ ਸੀ। ਮੈਰਿਟ ਸਕਾਲਰਸ਼ਿਪ ਮਿਲਣ ਕਰਕੇ ਘਰਦਿਆਂ ਲਈ ਵੱਡੀ ਆਰਥਿਕ ਰਾਹਤ ਸੀ ਕਿ ਪੜ੍ਹਾਈ ਦੇ ਖਰਚੇ ਦਾ ਵੱਡਾ ਹਿੱਸਾ ਸਕਾਲਰਸ਼ਿਪ ਨਾਲ ਹੀ ਪੂਰਾ ਹੋ ਜਾਂਦਾ ਸੀ। ਪੇਂਡੂਆਂ ਵਾਲੇ ਸੰਜਮੀ ਸੁਭਾਅ ਕਰਕੇ ਆਪਣੀਆਂ ਲੋੜਾਂ ਨੂੰ ਸੀਮਤ ਕਰ ਕੇ ਆਪਣੀ ਪੜ੍ਹਾਈ ਨੂੰ ਪੂਰੀ ਕਰਨ ਦੀ ਧਾਰਨਾ ਮਨ ਵਿਚ ਸੀ। ਸਾਨੂੰ ਪਤਾ ਹੁੰਦਾ ਸੀ ਕਿ ਸਾਡੇ ਮਾਪਿਆਂ ਦੀ ਆਰਥਿਕ ਸਥਿਤੀ ਕੀ ਹੈ?

ਐਮਐਸ ਸੀ ਕਰਦਿਆਂ ਇਕ ਜਨੂੰਨ ਹੁੰਦਾ ਸੀ ਪੜ੍ਹਨ ਦਾ ਅਤੇ ਉਚੀ ਅਕਾਦਮਿਕ ਪ੍ਰਾਪਤੀ ਦਾ। ਇਸ ਲਈ ਸਾਡੇ ਵਰਗਿਆਂ ਲਈ ਯੂਨੀਵਰਸਿਟੀ ਵਿਚ ਜਾਣ ਦਾ ਮਤਲਬ ਐਸ਼ ਕਰਨਾ ਨਹੀਂ ਸਗੋਂ ਬਾਪ ਦੇ ਉਸ ਸੁਪਨੇ ਦੀ ਪੂਰਤੀ ਦਾ ਸਵਾਲ ਸੀ ਜਿਹੜਾ ਸੁਪਨਾ ਤੋੜਨ ਲਈ ਮੈਂ ਹੀ ਕਸੂਰਵਾਰ ਸਾਂ ਜਦ ਮੈਂ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ ਸੀ। ਜਦ ਤੁਸੀਂ ਸੁਪਨੇ ਦੀ ਅੱਖ ਵਿਚ ਅੱਖ ਪਾ ਕੇ ਇਸਨੂੰ ਜਾਗਦਿਆਂ ਸੌਂਦਿਆਂ ਚਿਤਾਰਦੇ ਹੋ ਤਾਂ ਸੁਪਨੇ ਦਾ ਸੱਚ ਤੁਹਾਡੇ ਜੀਵਨ ਦੀ ਸੰਦਲੀ ਦਸਤਕ ਬਣਨ ਲਈ ਕਾਹਲਾ ਹੁੰਦਾ ਏ।

ਮੈਨੂੰ ਤਾਂ ਹੁਣ ਤੀਕ ਚੇਤੇ ਆ ਕਿ ਜਦ ਮੈਂ ਐਮਐਸਸੀ ਕਰਨ ਤੋਂ ਬਾਅਦ ਡਾ. ਖੁਰਾਨਾ ਜੀ ਨੂੰ ਮਿਲਿਆ ਤਾਂ ਉਸ ਨੇ ਬਹੁਤ ਜ਼ੋਰ ਲਾਇਆ ਕਿ ਪੀਐਚਡੀ ਸ਼ੁਰੂ ਕਰ ਲਵਾਂ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਐਮਐਸ ਸੀ ਵਿਚ ਯੂਨਵਿਰਸਿਟੀ ਵਿਚੋਂ ਪਹਿਲੇ ਨੰਬਰ 'ਤੇ ਆਉਂਦਾ ਆਉਂਦਾ, ਦੂਸਰੇ ਨੰਬਰ 'ਤੇ ਆਇਆ ਸਾਂ। ਇਸਦਾ ਕਾਰਨ ਸਾਲਾਨਾ ਫੇਅਰਵੈਲ ਪਾਰਟੀ 'ਤੇ ਬੋਲੀ ਗਈ ਇਹ ਕਵਿਤਾ ਸੀ (ਉਸ ਸਮੇਂ ਐਮਰਜੈਂਸੀ ਦੇ ਦਿਨ ਸਨ);

ਹਵਾ ਬੰਦ ਹੈ
ਦਰਖਤਾਂ ਦੇ ਪੱਤੇ ਨਹੀਂ ਹਿਲਦੇ
ਪਹਿਆਂ ਵਿਚੋਂ ਘੱਟਾ ਨਹੀਂ ਉਡਦਾ
ਇਸਦਾ ਇਹ ਮਤਲਬ ਨਹੀਂ
ਕਿ
ਹਵਾ ਮਰ ਚੁੱਕੀ ਹੈ
ਇਹ ਤਾਂ
ਸਗੋਂ ਸਮੋਸੂਚਕ ਹੈ
ਆਉਣ ਵਾਲੇ
ਕਿਸੇ ਭਾਰੀ ਤੂਫ਼ਾਨ ਦੀ।

ਪਰ ਮੈਂ ਘਰ ਦੇ ਹਾਲਾਤ ਨੂੰ ਸਮਝਦਿਆਂ ਪੀਐਚਡੀ ਕਰਨ ਤੋਂ ਅਸਮਰੱਥਾ ਪ੍ਰਗਟਾਈ ਸੀ। ਘਰ ਵਾਲੇ ਚਾਹੁੰਦੇ ਸਨ ਕਿ ਮੈਂ ਜਲਦੀ ਤੋਂ ਜਲਦੀ ਕਮਾਊ ਪੁੱਤ ਬਣਾਂ। ਇਥੋਂ ਤੀਕ ਕਿ ਮੈਂ ਸਪੇਸ ਸਾਇੰਸ ਵਿਚ ਇਕ ਸਾਲ ਦੇ ਡਿਪਲੋਮੇ ਵਿਚ ਵੀ ਅਪਲਾਈ ਕਰ ਦਿੱਤਾ ਜਿੱਥੋਂ ਫੈਲੋਸ਼ਿਪ ਮਿਲਣੀ ਸੀ। ਇਸ ਅਰਜ਼ੀ ਦੇ ਸਬੰਧ ਵਿਚ ਡਾ. ਗੁਰਮ ਦਾ ਪੱਤਰ ਆਇਆ ਕਿ ਮੈਂ ਚਾਹੁੰਦਾ ਹਾਂ ਕਿ ਤੂੰ ਇਸ ਕੋਰਸ ਵਿਚ ਦਾਖਲ ਹੋਵੇਂ। ਪਰ ਮੈਨੂੰ ਪਤਾ ਹੈ ਕਿ ਤੂੰ ਇਸ ਕੋਰਸ ਵਿਚ ਦਾਖਲ ਨਹੀਂ ਹੋਣਾ। ਇਹੀ ਸੱਚ ਸੀ ਕਿਉਂਕਿ ਮੈਂ ਆਰਜ਼ੀ ਤੌਰ 'ਤੇ ਕਾਲਜ ਵਿਚ ਪੜ੍ਹਾਉਣ ਲੱਗ ਪਿਆ ਸੀ।

ਇਨ੍ਹਾਂ ਯਾਦਾਂ ਵਿਚ ਡੁੱਬਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਅਸੀਂ ਵੱਖ ਵੱਖ ਬਲਾਕਾਂ ਦੀ ਪ੍ਰਕਰਮਾ ਕਰਦਿਆਂ, ਵਾਪਸ ਗੈਸਟ ਹਾਊਸ ਪਰਤ ਆਏ। ਕਪੂਰਥਲਾ ਨੂੰ ਵਾਪਸ ਤੁਰਨ ਤੋਂ ਪਹਿਲਾਂ ਪ੍ਰੋ.ਜਗਬੀਰ ਸਿੰਘ, ਡਾ. ਭੀਮਇੰਦਰ, ਡਾ. ਸੁਰਜੀਤ ਸਿੰਘ ਭੱਟੀ, ਸੱਤਪਾਲ ਭੀਖੀ ਆਦਿ ਮਿੱਤਰਾਂ ਨੂੰ ਮਿਲ ਕੇ, ਪੁਰਾਣੀਆਂ ਯਾਦਾਂ ਨੂੰ ਨਵਿਆ ਕੇ ਅਤੇ ਨਵੀਆਂ ਯਾਦਾਂ ਦਾ ਸ਼ਗੂਫ਼ਾ ਲੈ ਕੇ ਚਾਲੇ ਪਾ ਦਿੱਤੇ।

ਅਜਿਹੀਆਂ ਮਿਲਣੀਆਂ ਤੁਹਾਨੂੰ ਜੀਵਨ ਲਈ ਊਰਜਾ ਦਿੰਦੀਆਂ ਨੇ ਅਤੇ ਤੁਸੀਂ ਊਰਜਾਵਾਨ ਹੋ ਕੇ ਨਵੀਆਂ ਪੇਸ਼ਬੰਦੀਆਂ ਅਤੇ ਪਹਿਲਾਂ ਵਿਚੋਂ ਜ਼ਿੰਦਗੀ ਨੂੰ ਨਵੇਂ ਨਜ਼ਰੀਏ ਤੋਂ ਦੇਖਣ, ਸਮਝਣ ਦੇ ਕਾਬਲ ਹੁੰਦੇ ਹੋ। ਇਸ ਦੀਆਂ ਉਨ੍ਹਾਂ ਪਰਤਾਂ ਵਿਚੋਂ ਜ਼ਿੰਦਗੀ ਦੇ ਸੂਹੇ ਸਵੇਰੇ ਨੂੰ ਮਾਨਣ ਦਾ ਅਹਿਦ ਕਰਦੇ ਹੋ ਜੋ ਤੁਹਾਡੇ ਚੇਤਿਆਂ ਦੀਆਂ ਵਿਰਲਾਂ ਵਿਚੋਂ ਕਿਰਿਆ ਹੁੰਦਾ ਹੈ। ਇਹ ਮਿੱਤਰ ਹੀ ਹੁੰਦੇ ਨੇ ਜਿਨ੍ਹਾਂ ਨਾਲ ਦਿਲ ਖੋਲ੍ਹ ਕੇ ਅਤੇ ਮਨ ਦੀਆਂ ਭਾਵਨਾਵਾਂ ਨੂੰ ਸਾਂਝੀਆਂ ਕਰ ਕੇ, ਨਵੇਂ ਸਿਰਿਉਂ, ਨਵੇਂ ਜੋਸ਼, ਨਵੀਂ ਆਸ ਅਤੇ ਨਰੋਏ ਹੁਲਾਸ ਨਾਲ ਸਾਹਾਂ ਦੀ ਸਾਰਥਿਕਤਾ ਨੂੰ ਆਪਣੀ ਸੰਜੀਦਗੀ ਅਤੇ ਸਮਰਪਿਤਾ ਬਣਾਉਂਦੇ ਹੋ।

ਕਦੇ ਕਦਾਈਂ ਆਪਣੇ ਮਿੱਤਰਾਂ ਨੂੰ ਮਿਲਦੇ ਰਹੋ ਤਾਂ ਮਿੱਤਰ-ਮੋਹ ਤੁਹਾਡੇ ਲਈ ਦੁਆਵਾਂ ਬਣ ਕੇ ਤੁਹਾਡੇ ਸਾਹਾਂ ਨੂੰ ਸੰਗੀਤਕ-ਵਰਦਾਨ ਦਿੰਦਾ ਹੈ। ਮੈਂ ਪਿੰਡ ਜਾਵਾਂ ਤਾਂ ਆਪਣੇ ਸਕੂਲ ਦੇ ਜਮਾਤੀਆਂ ਨੂੰ ਮਿਲ ਕੇ ਕੱਚੀ ਪੱਕੀ ਦੇ ਦਿਨਾਂ ਦਾ ਚੇਤਾ, ਬੋਰੀ ਵਿਛਾ ਕੇ ਪੜ੍ਹਾਈ ਕਰਨਾ, ਛੱਪੜ ਦੇ ਕੰਢੇ ਬੈਠ ਕੇ ਪੋਚੀਆਂ ਫੱਟੀਆਂ ਅਤੇ ਅੱਧੀ ਛੁੱਟੀ ਵੇਲੇ ਭੁੰਨਾਏ ਦਾਣੇ ਅਤੇ ਇਨ੍ਹਾਂ ਨੂੰ ਲੁਕਾ ਕੇ ਚੱਬਣ ਵਾਲੇ ਪਿਆਰੇ ਅਤੇ ਮਾਸੂਮ ਜਿਹੇ ਦਿਨਾਂ ਨੂੰ ਚੇਤੇ ਕਰ, ਆਪਣੀ ਵਰਤਮਾਨ ਜ਼ਿੰਦਗੀ ਵਿਚ ਪਰਤਦਾ ਹਾਂ।

ਪੰਜਾਬੀ ਯੂਨੀਵਰਸਿਟੀ ਦੀ ਇਹ ਯਾਦਗਾਰੀ ਯਾਤਰਾ ਉਸ ਤੀਰਥ ਅਸਥਾਨ ਦੀ ਅਕੀਦਤ ਸੀ ਜਿਸਨੇ ਸਾਡੇ ਮਸਤਕਾਂ ਵਿਚ ਗਿਆਨ ਦਾ ਦੀਪਕ ਧਰਿਆ ਸੀ। ਉਹ ਚਾਨਣ-ਕਾਤਰਾਂ ਨੂੰ ਵੰਡਦਿਆਂ ਹੁਣ 45 ਸਾਲ ਹੋ ਚੁਕੇ ਹਨ ਅਤੇ ਆਸ ਹੈ ਕਿ ਚਾਨਣ ਵੰਡਣ ਦਾ ਕਰਮ-ਧਰਮ ਆਖਰੀ ਸਾਹ ਤੀਕ ਪਾਲਦੇ ਰਹਾਂਗੇ। ਜਿਉਂਦੇ ਰਹਿਣ ਮਿੱਤਰ ਪਿਆਰੇ ਅਤੇ ਚਿਰੰਜੀਵ ਰਹਿਣ ਉਮਰ ਭਰ ਦੀਆਂ ਦੋਸਤੀਆਂ।

# ਹਾਕਮ ਜਮਾਤ ਅਤੇ ਆਮ ਲੋਕ

***ਉਘੇ ਲਿਖਾਰੀ ਮਨਮੋਹਨ ਬਾਵਾ ਨੇ ਆਪਣੀਆਂ ਰਚਨਾਵਾਂ ਵਿਚ ਮਿਥਿਹਾਸ ਅਤੇ ਇਤਿਹਾਸ ਨਾਲ ਜੁੜੀਆਂ ਕਥਾਵਾਂ ਜਿਸ ਢੰਗ ਨਾਲ ਪੇਸ਼ ਕੀਤੀਆਂ ਹਨ, ਉਹ ਕਿਸੇ ਹੋਰ ਪੰਜਾਬੀ ਸਾਹਿਤਕਾਰ ਦੇ ਹਿੱਸੇ ਨਹੀਂ ਆਇਆ ਹੈ। ਇਸ ਚਰਨਾ ਵਿਚ ਉਨ੍ਹਾਂ ਨਿਰੋਲ ਸਿਆਸਤ ਅਤੇ ਸ਼ਾਸਕਾਂ ਬਾਰੇ ਗੱਲਾਂ ਕੀਤੀਆਂ ਹਨ ਜੋ ਭਾਰਤ ਦੇ ਅੱਜ ਦੇ ਲੀਡਰਾਂ ਉਤੇ ਬੜੀ ਤਿੱਖੀ ਚੋਟ ਕਰਦੀਆਂ ਹਨ।***

ਮਨੁੱਖ ਦੇ ਅਨੇਕਾਂ ਸਮਾਜਿਕ ਅਤੇ ਨੈਤਿਕ ਵਰਤਾਰਿਆਂ 'ਚੋਂ ਸ਼ਕਤੀ/ਸੱਤਾ ਦਾ ਵਿਸ਼ਾ ਸਭ ਤੋਂ ਪੁਰਾਣਾ ਅਤੇ ਮਹੱਤਵਪੂਰਨ ਹੈ-ਜਿੰਨਾ ਕਦੀਮ, ਓਨਾ ਹੀ ਗੁੰਝਲਦਾਰ। ਇਸ ਨੂੰ ਸਪਸ਼ਟ ਅਰਥਾਂ 'ਚ ਪਰਿਭਾਸ਼ਤ ਕਰਨਾ ਵੀ ਓਨਾ ਹੀ ਕਠਿਨ ਹੈ। ਇਹ ਤਾਕਤ ਚਾਹੇ ਰਾਜਸੀ ਹੋਵੇ, ਚਾਹੇ ਧਨ-ਦੌਲਤ ਰਾਹੀਂ, ਚਾਹੇ ਨੇਤਾਗਿਰੀ ਜਾਂ ਧਰਮ-ਸ਼ਾਸਤਰ ਰਾਹੀਂ; ਇਸ ਸ਼ਕਤੀ ਦੀ ਇੱਛਾ ਦਾ ਵਕਾਰ/ਕਲੰਕ ਸਿਰਫ ਸਰੀਰਕ ਨਹੀਂ ਹੁੰਦਾ; ਨਾ ਹੀ ਇਸ ਦੀ ਕੋਈ ਸੀਮਾ ਹੁੰਦੀ ਹੈ। ਮਨੁੱਖ ਦੇ ਦਿਲੋ-ਦਿਮਾਗ 'ਤੇ ਇਸ ਦਾ ਸ਼ਿਕੰਜਾ ਬੇਹੱਦ ਮਜ਼ਬੂਤ ਹੁੰਦਾ ਹੈ- ਨਾ ਉਤਰਨ ਵਾਲੇ ਕਿਸੇ ਨਸ਼ੇ ਵਾਂਗ। ਵਿਡੰਬਨਾ ਇਹ ਕਿ ਮਨੁੱਖ ਜਿੰਨੀ ਸ਼ਕਤੀ ਹਾਸਲ ਕਰਦਾ ਜਾਂਦਾ ਹੈ, ਇਸ ਦੀ ਭੁੱਖ ਵਧਦੀ ਜਾਂਦੀ ਹੈ। ਇਸ ਅਕਾਂਖਿਆ ਨੂੰ ਨਾ ਤਾਂ ਮਨੁੱਖ ਦੀ ਸਰੀਰਕ ਬਿਮਾਰੀ ਰੋਕ ਸਕਦੀ ਹੈ, ਨਾ ਥਕਾਵਟ, ਨਾ ਬੁਢਾਪਾ। ਇਸ ਦਾ ਇੱਛੁਕ ਆਪਣੇ ਰਸਤੇ 'ਚ ਆਈ ਹਰ ਹਦਬੰਦੀ ਤੋੜਦਾ, ਹਰ ਰੁਕਾਵਟ ਪਾਰ ਕਰਦਾ ਤੁਰਿਆ ਜਾਂਦਾ ਹੈ।



ਦੇਖਦੇ ਹਾਂ ਕਿ ਸ਼ਕਤੀ ਦੇ ਇਨ੍ਹਾਂ ਪੁਜਾਰੀਆਂ 'ਚ ਕਿਸ-ਕਿਸ ਤਰ੍ਹਾਂ ਅਤੇ ਕਿਸ-ਕਿਸ ਵਰਗ ਦੇ ਲੋਕ ਸ਼ਾਮਲ ਹਨ? ਇੱਥੇ ਮੈਂ ਕਿਸੇ ਚੰਗੇਜ਼ ਖਾਨ, ਨਿਪੋਲੀਅਨ, ਸਿਕੰਦਰ

**ਮਨਮੋਹਨ ਬਾਵਾ**


ਵਰਗਿਆਂ ਦੀ ਗੱਲ ਨਹੀਂ ਕਰ ਰਿਹਾ, ਚਾਹੇ ਇਨ੍ਹਾਂ ਦੀ ਸ਼੍ਰੇਣੀ ਨੂੰ ਵੀ ਬਿਨਾ ਝਿਜਕ ਇਸ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਅੱਜ ਦੇ ਸਮੇਂ 'ਚ ਚਾਹੇ ਉਹ ਲੋਕਤੰਤਰ ਹੋਵੇ, ਚਾਹੇ ਸਮਾਜਵਾਦ (ਕਮਿਊਨਿਜ਼ਮ); ਇਸ ਦਾ ਹਰ ਲੀਡਰ- ਪ੍ਰਧਾਨ ਮੰਤਰੀ, ਮੰਤਰੀ ਇਸ ਸ਼ਕਤੀ ਦੇਵੀ ਦਾ ਪੁਜਾਰੀ ਹੈ। ਇਸ 'ਚ ਦੌਲਤਮੰਦ ਵਰਗ ਨੂੰ ਵੀ ਬਿਨਾ ਝਿਜਕ ਸ਼ਾਮਲ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਅੰਬਾਨੀ, ਅਦਾਨੀ, ਟਾਟਾ, ਬਿਰਲਾ ਜਾਂ ਇਨ੍ਹਾਂ ਵਰਗੇ ਹੋਰ ਬਹੁਤ ਸਾਰੇ ਧਨਾਢ ਜੋ ਅੱਜ ਦੀ ਸ਼ਬਦਾਵਲੀ 'ਚ ਕਾਰਪੋਰੇਟ ਸੈਕਟਰ ਦਾ ਨਾਮ ਨਾਲ ਜਾਣੇ ਜਾਂਦੇ ਹਨ। ਇਹ ਦੋਵੇਂ ਸ਼੍ਰੇਣੀਆਂ, ਭਾਵ ਰਾਜ ਸੱਤਾ ਅਤੇ ਕਾਰਪੋਰੇਟ ਸੈਕਟਰ, ਅੰਦਰੋਂ ਬਾਹਰੋਂ ਪੂਰਨ ਤੌਰ 'ਤੇ ਮਿਲੇ ਹੋਏ ਹਨ।

ਸਾਡੀ ਸਭਿਅਕ ਸੁਸਾਇਟੀ ਦੀ ਦੁਨੀਆ ਦੀ ਖਸਲਤ ਹੀ ਐਸੀ ਹੈ ਕਿ ਮਨੁੱਖ ਆਪ ਵੀ ਇਸ ਸਮਾਜਿਕ, ਮਾਇਕ, ਰਾਜਨੀਤਕ ਪੱਧਰ 'ਤੇ ਜਿੰਨਾ ਉੱਪਰ ਚੜ੍ਹਦਾ ਹੈ, ਓਨੇ ਹੀ ਉਸ ਦੀ ਤਾਕਤ ਦੇ ਇਸਤੇਮਾਲ ਕਰਨ ਦੇ ਸਾਧਨ ਅਤੇ ਮੌਕੇ ਵਧਦੇ ਜਾਂਦੇ ਹਨ। ਇਸ ਪ੍ਰਸੰਗ 'ਚ ਪੁਰਾਣੇ ਬਾਦਸ਼ਾਹਾਂ (ਬਦਸ਼ਾਹਾਂ) ਅਤੇ ਅੱਜ ਦੇ ਨੇਤਾਵਾਂ (ਅਨੇਤਾਵਾਂ) 'ਚ ਕੋਈ ਬਹੁਤਾ ਅੰਤਰ ਨਹੀਂ। ਜੇ ਕੋਈ ਅੰਤਰ ਹੈ ਤਾਂ ਤੌਰ ਤਰੀਕਿਆਂ ਦਾ। ਇਸ ਵਰਗ 'ਚ ਜੇ ਚੋਰ-ਡਾਕੂਆਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਅਨੁਚਿਤ ਨਹੀਂ ਹੋਵੇਗਾ। ਫਰਕ ਐਨਾ ਕੁ ਹੈ ਕਿ ਬਾਦਸ਼ਾਹ ਛੋਟੇ ਰਾਜਾਂ 'ਤੇ ਹਮਲਾ ਕਰਕੇ ਖੁੱਲ-ਮ-ਖੁੱਲ੍ਹਾ ਲੁੱਟਦੇ, ਰਾਜਸੀ ਸ਼ਕਤੀ ਵਧਾਉਂਦੇ, ਆਪਣੇ ਲਈ ਐਸ਼-ਓ-ਇਸ਼ਰਤ ਦੇ ਸਾਧਨ ਮੁਹੱਈਆ ਕਰਦੇ, ਮਾਹੌਲ ਉਸਾਰਦੇ ਸਨ; ਹੁਣ ਇਹੀ ਕੰਮ ਸਾਡੇ ਲੀਡਰ ਕਰਦੇ ਹਨ। ਮੰਤਰੀ, ਮੁੱਖ ਮੰਤਰੀ ਬਣਨ ਤੋਂ ਬਾਅਦ ਕੁਝ ਹੀ ਵਰ੍ਹਿਆਂ ਵਿਚ ਉਨ੍ਹਾਂ ਦੀ ਦੌਲਤ, ਜਾਇਦਾਦ ਅਤੇ ਉਨ੍ਹਾਂ ਦੀਆਂ ਤੀਵੀਆਂ ਦੇ ਜ਼ੇਵਰਾਤ 'ਚ ਕਈ ਗੁਣਾ ਵਾਧਾ ਹੋ ਜਾਂਦਾ ਹੈ। ਆਮ ਲੋਕਾਂ ਦੀ ਕਮਜ਼ੋਰੀ ਅਤੇ ਨਾਸਮਝੀ ਇਹ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਅਸੀਂ ਇਨ੍ਹਾਂ ਬੁਰਾਈਆਂ, ਰਿਸ਼ਵਤਖੋਰੀਆਂ ਦੇ ਘਟੀਆ ਨਮੂਨਿਆਂ ਨੂੰ ਉਚੇ ਸਟੇਜਾਂ 'ਤੇ ਬਿਠਾ ਕੇ ਇੱਜ਼ਤ-ਮਾਣ ਦਿੰਦੇ ਹਾਂ ਅਤੇ ਇਨ੍ਹਾਂ ਨਾਲ ਹੱਥ ਮਿਲਾ ਕੇ ਫਖਰ ਮਹਿਸੂਸ ਸਮਝਦੇ ਹਾਂ।

ਇਸ ਪ੍ਰਸੰਗ 'ਚ ਇਹ ਧਨਾਢ ਬੰਦੇ ਕਿਸੇ ਵਿਭਚਾਰੀ ਤੋਂ ਵੀ ਬਦਤਰ ਹਨ। ਕੋਈ ਵਿਭਚਾਰੀ ਆਪਣੀ ਉਮਰ ਵਧਣ ਨਾਲ ਆਪਣੀਆਂ ਨੀਚ ਕਰਤੂਤਾਂ ਛੱਡ ਦਿੰਦਾ ਹੈ ਪਰ ਰਾਜਸੀ ਸ਼ਕਤੀ ਜਾਂ ਧਨ ਦੇ ਲਾਲਚ 'ਚ ਫਸੇ ਆਦਮੀ ਨੂੰ ਨਾ ਤਾਂ ਇੱਛਾਵਾਂ ਛੱਡਦੀਆਂ ਹਨ, ਨਾ ਹੀ ਉਹ ਆਪ ਇਨ੍ਹਾਂ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ; ਬਲਕਿ ਵਸੀਲੇ ਵਧਣ ਅਤੇ ਧੀਆਂ ਪੁੱਤਰਾਂ ਦੀ ਸਹਾਇਤਾ ਪ੍ਰਾਪਤ ਹੋਣ ਨਾਲ ਉਹ ਪਹਿਲਾਂ ਤੋਂ ਜ਼ਿਆਦਾ ਮਿਕਦਾਰ 'ਚ ਉਹੀ ਕੁਝ ਕਰਨ ਲੱਗਦਾ ਹੈ। ਕਿਸੇ ਦਾਨਿਸ਼ਵਰ ਨੇ ਆਖਿਆ ਹੈ: ਸਾਰੇ ਵੱਡੇ ਆਦਮੀ ਬੁਰੇ ਹੁੰਦੇ ਹਨ (ਆਲ ਜੈਂਟਲਮੈਨ ਆਰ ਬੈਡ)। ਇਹ ਚਾਹੇ ਅਤਿਕਥਨੀ ਹੈ ਪਰ ਇਸ ਪਿੱਛੇ ਲੁਕੀ ਸਚਾਈ ਵੀ ਹੈ। ਅਸੀਂ ਪ੍ਰਤੱਖ ਤੌਰ 'ਤੇ ਦੇਖ ਸਕਦੇ ਹਾਂ- ਸਾਡੇ ਲੀਡਰਾਂ ਦੀਆਂ ਸਾਰੀਆਂ ਰਾਜਨੀਤਕ ਗਤੀਵਿਧੀਆਂ ਪਿੱਛੇ ਜਨਤਾ ਦੀ ਭਲਾਈ ਦੀ ਥਾਂ ਆਪਣਾ ਨਿੱਜੀ ਲਾਭ, ਧਨ ਅਤੇ ਤਾਕਤ ਦੀ ਲਾਲਸਾ ਹੀ ਲੁਕੀ ਹੁੰਦੀ ਹੈ। ਇਹ ਵੀ ਦੇਖਣ 'ਚ ਆਇਆ ਹੈ ਕਿ ਉਪਰਲੇ ਵਰਗ ਦੇ ਇਹ ਲੋਕ ਉਚਾਈ 'ਤੇ ਪਹੁੰਚਾਉਣ ਵਾਲੀਆਂ ਪੌੜੀਆਂ ਚੜ੍ਹਦਿਆਂ ਕਿੰਨਿਆਂ ਦੀਆਂ ਲੱਤਾਂ ਘਸੀਟਦੇ ਅਤੇ ਕਿੰਨਿਆਂ ਨੂੰ ਆਪਣੇ ਪੈਰਾਂ ਥੱਲੇ ਮਧੋਲਦੇ ਹਨ।

ਹਰ ਤਾਨਾਸ਼ਾਹ, ਬਾਦਸ਼ਾਹ, ਪ੍ਰਧਾਨ ਮੰਤਰੀ ਹਮੇਸ਼ਾ ਆਪਣੇ ਅਧੀਨ ਵਫਾਦਾਰ ਕਿਸਮ ਦੇ ਆਦਮੀਆਂ ਨੂੰ ਰੱਖਦੇ ਹਨ ਜੋ ਉਨ੍ਹਾਂ ਦੇ ਜਾਇਜ਼-ਨਾਜਾਇਜ਼ ਅਖਤਿਆਰਾਂ, ਪ੍ਰਭੁਤਾ ਦੀ ਪ੍ਰਮਾਣਿਕਤਾ 'ਚ ਯਕੀਨ ਰੱਖਦੇ ਹੋਣ। ਇਹ ਵਫਾਦਾਰ ਆਮ ਕਰਕੇ ਹੱਦ ਦਰਜੇ ਦੇ ਚਾਪਲੂਸ ਅਤੇ ਨੀਵੀਂ ਮਾਨਸਿਕਤਾ ਵਾਲੇ, ਉਨ੍ਹਾਂ ਦੀ ਤਾਕਤ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੁੰਦੇ ਹਨ। ਕਈ ਵਾਰੀ ਇਹ ਵੀ ਦੇਖਣ 'ਚ ਆਇਆ ਹੈ ਕਿ ਕੋਈ ਨੇਕ ਦਿਲ ਵਿਅਕਤੀ ਉਨ੍ਹਾਂ ਦੇ ਨੀਚ ਇਰਾਦਿਆਂ, ਨੀਚ ਕੰਮਾਂ ਨੂੰ ਦੇਖਦਿਆਂ-ਸਮਝਦਿਆਂ ਹੋਇਆਂ ਵੀ ਆਪਣੀ ਜ਼ਮੀਰ ਵੇਚ ਕੇ ਉਨ੍ਹਾਂ ਦਾ ਹੁਕਮ ਬਜਾ ਲਿਆਉਂਦਾ ਹੈ ਕਿਉਂਕਿ ਉਨ੍ਹਾਂ ਦੇ ਮਨ ਵਿਚ ਵੀ ਕੁਝ ਬਣੇ ਰਹਿਣ ਜਾਂ ਕੁਝ ਪ੍ਰਾਪਤ ਕਰਦੇ ਰਹਿਣ ਦੀ ਇੱਛਾ ਲੁਕੀ ਹੁੰਦੀ ਹੈ।



*ਸ਼ਿਕਾਰ 'ਤੇ ਜਾ ਰਹੇ ਇਕ ਸ਼ਾਸਕ ਦਾ ਚਿੱਤਰ।*

ਆਪਣੇ ਇਸ ਵਿਸ਼ਾ-ਵਸਤੂ ਜਾਂ ਦਲੀਲ ਨੂੰ ਸਹੀ ਸਿੱਧ ਕਰਨ ਲਈ ਉਂਝ ਕੋਈ ਉਦਾਹਰਨ ਦੇਣ ਦੀ ਲੋੜ ਨਹੀਂ। ਹਰ ਕੋਈ ਆਪਣੇ ਆਲੇ-ਦੁਆਲੇ ਦਫਤਰਾਂ, ਮਹਿਕਮਿਆਂ, ਸਰਕਾਰੀ ਜਾਂ ਗੈਰ-ਸਰਕਾਰੀ ਜਥੇਬੰਦੀਆਂ 'ਚ ਦੇਖ ਸਕਦਾ ਹੈ। ਫਿਰ ਵੀ ਕੁਝ ਉਦਾਹਰਨਾਂ ਵੱਲ ਇਸ਼ਾਰਾ ਕਰਦਿਆਂ ਕਹਿ ਸਕਦਾ ਹਾਂ ਕਿ ਅੰਗਰੇਜ਼ਾਂ ਦੀ ਤਾਕਤ ਦਾ ਸਭ ਤੋਂ ਵੱਡਾ ਸੋਮਾ ਇਸੇ ਤਰ੍ਹਾਂ ਦੇ ਲੋਕ ਸਨ। ਹਿਟਲਰ ਨੇ ਵੀ ਅਜਿਹੇ ਲੋਕਾਂ ਦੀ ਪੂਰੀ ਜਮਾਤ ਆਪਣੇ ਦੁਆਲੇ ਇਕੱਠੀ ਕਰ ਲਈ ਸੀ ਅਤੇ ਭਾਰਤ ਵਿਚ ਅਜਿਹੀ ਮਿਸਾਲ ਇੰਦਰਾ ਗਾਂਧੀ ਦੀ (ਹੁਣ ਨਰਿੰਦਰ ਮੋਦੀ ਵੀ ਇਸ ਵਿਚ ਸ਼ਾਮਿਲ ਹੋ ਗਿਆ ਹੈ)।

ਮੈਂ ਇਸ ਤੱਥ ਵੱਲ ਪਾਠਕਾਂ ਦਾ ਧਿਆਨ ਵਿਸ਼ੇਸ਼ ਤੌਰ 'ਤੇ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਜਮਾਤ ਦੇ ਲੋਕ ਕਾਫੀ ਦਿਮਾਗਦਾਰ, ਪੜ੍ਹੇ-ਲਿਖੇ ਬੇਸ਼ੱਕ ਹੁੰਦੇ ਹਨ ਪਰ ਬੁੱਧੀਜੀਵੀ ਬਿਲਕੁਲ ਨਹੀਂ ਹੁੰਦੇ। ਜੇ ਕਿਸੇ ਕੋਲ ਇਹ ਸਭ ਕੁਝ ਹੋਣ ਦੇ ਬਾਵਜੂਦ ਖੁੱਦਾਰੀ ਦੇ ਨਾਲ-ਨਾਲ ਨੈਤਿਕਤਾ, ਸਦਭਾਵਨਾ, ਚਿੰਤਨ ਦੀ ਕੁਸ਼ਲਤਾ, ਦੂਜਿਆਂ ਲਈ ਹਮਦਰਦੀ ਨਾ ਹੋਵੇ ਤਾਂ ਉਨ੍ਹਾਂ ਦੇ ਗੁਣ ਵੀ ਔਗੁਣਾਂ 'ਚ ਤਬਦੀਲ ਹੋ ਜਾਂਦੇ ਹਨ। ਇੰਦਰਾ ਗਾਂਧੀ ਦੇ ਕਾਲ 'ਚ ਮੈਂ ਤਥਾਕਥਿਤ ਬੁੱਧੀਜੀਵੀਆਂ, ਉੱਚੇ ਤੋਂ ਉੱਚੇ ਅਫਸਰਾਂ, ਲੀਡਰਾਂ ਨੂੰ ਅਤਿ-ਨੀਚਤਾ ਦੀ ਪੱਧਰ 'ਤੇ ਉੱਤਰ ਕੇ ਕੁਕਰਮ ਕਰਦੇ ਦੇਖਿਆ ਹੈ। ਇਸ ਤਰ੍ਹਾਂ ਉਹ ਕੇਵਲ ਕਿਸੇ ਡਰ ਜਾਂ ਲਾਲਚ ਖਾਤਰ ਹੀ ਨਹੀਂ ਕਰਦੇ ਰਹੇ ਬਲਕਿ ਇਸ ਵਰਗ ਦੇ ਬੰਦਿਆਂ ਲਈ ਇਹ ਕੁਝ ਕਰਦੇ ਰਹਿਣਾ ਨਿਯਮ, ਆਦਤ ਬਣ ਗਿਆ ਹੁੰਦਾ ਹੈ। ਉਹ ਆਪਣੇ ਤੋਂ ਉਪਰਲੇ, ਤਾਕਤਵਰ ਦੇ ਵਿਰੋਧ 'ਚ ਨਾ ਖੜ੍ਹੇ ਹੋ ਸਕਦੇ ਹਨ, ਨਾ ਉਸ ਦਾ ਸਾਥ ਛੱਡ ਸਕਦੇ ਹਨ ਕਿਉਂਕਿ ਮਾਨਸਿਕ ਪੱਧਰ 'ਤੇ ਉਹ ਇਸੇ ਵਰਗ ਦੇ ਮੈਂਬਰ ਹਨ।

ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਹਾਕਮ ਜਮਾਤ ਲਈ ਕੰਮ ਕਰਨ ਵਾਲੀ ਸਾਰੀ ਅਫਸਰਸ਼ਾਹੀ ਭ੍ਰਿਸ਼ਟ ਅਤੇ ਬੇਈਮਾਨ ਹੋਵੇ ਪਰ ਨੌਕਰਸ਼ਾਹੀ ਦਾ ਸਭ ਤੋਂ ਮਹੱਤਵਪੂਰਨ ਅਸੂਲ ਉਪਰਲਿਆਂ ਦੇ ਹੁਕਮ ਅਨੁਸਾਰ ਚੱਲਣਾ ਹੁੰਦਾ ਹੈ- ਗਲਤ ਹੋਵੇ ਜਾਂ ਠੀਕ। ਨੌਕਰਸ਼ਾਹੀ 'ਚ ਦਾਖਲ ਹੁੰਦਿਆਂ ਪਹਿਲਾਂ ਉਹ ਆਪਣੀ ਜ਼ਮੀਰ, ਆਪਣੀ ਮੌਲਿਕ ਬੌਧਿਕਤਾ ਅਨੁਸਾਰ ਸੋਚਦਾ ਹੈ ਕਿ ਕਿਸੇ ਵੇਲੇ ਹਾਕਮ ਦੇ ਅਨੁਚਿਤ ਜਾਂ ਆਮ ਲੋਕਾਂ ਲਈ ਪੂਰੀ ਤਰ੍ਹਾਂ ਹਾਨੀਕਾਰਕ ਹੁਕਮ ਨੂੰ ਮੰਨੇ ਜਾਂ ਨਾ ਮੰਨੇ? ਪਰ ਆਪਣੀ ਨੌਕਰੀ ਕਾਇਮ ਰੱਖਣ ਬਾਰੇ ਸੋਚਦਿਆਂ ਉਸ ਦੇ ਅੰਦਰ ਦੀ ਆਵਾਜ਼ ਮੱਧਮ ਪੈਂਦੀ-ਪੈਂਦੀ ਬਿਲਕੁਲ ਮਰ ਜਾਂਦੀ ਹੈ। ਹਾਕਮ ਇਨ੍ਹਾਂ ਦੇ ਜ਼ਰੀਏ ਆਪਣੇ ਭੰਡਾਰ ਭਰਦਾ ਹੈ। ਫਿਰ ਨੌਕਰਸ਼ਾਹੀ ਵੀ ਸੋਚਣ ਲੱਗਦੀ ਹੈ ਕਿ ਉਹ ਆਪਣਾ ਜੀਵਨ ਮੰਦਹਾਲੀ 'ਚ ਕਿਉਂ ਬਤੀਤ ਕਰੇ? ਫਿਰ ਉਹ ਵੀ ਪਹਿਲਾਂ ਝਿਜਕਦਿਆਂ, ਫਿਰ ਪੂਰੇ ਮਨ ਨਾਲ ਇਸ ਲੁੱਟ-ਮਾਰ 'ਚ ਸ਼ਾਮਿਲ ਹੋ ਜਾਂਦਾ ਹੈ।

ਅਜੇ ਤੱਕ ਕਿਸੇ ਫਿਲਾਸਫਰ ਜਾਂ ਚਿੰਤਕ ਨੇ ਕੋਈ ਐਸਾ ਅਟੁੱਟ, ਸੰਪੂਰਨ ਤਰੀਕਾ, ਫਾਰਮੂਲਾ ਨਹੀਂ ਦੱਸਿਆ ਜਿਸ ਦੁਆਰਾ ਮਨੁੱਖ ਦੀ ਤਾਕਤ ਦੀ ਇਹ ਭੁੱਖ, ਲਾਲਸਾ 'ਤੇ ਲਗਾਮ ਲਾਈ ਜਾ ਸਕੇ। ਇਤਿਹਾਸ 'ਚ ਦੇਖਿਆ ਗਿਆ ਹੈ ਕਿ ਕਿਸੇ 'ਤਾਕਤ' ਦਾ ਖਾਤਮਾ ਕਿਸੇ ਦੂਸਰੀ ਵੱਡੀ ਤਾਕਤ ਨਾਲ ਟਕਰਾਅ ਨਾਲ ਹੁੰਦਾ ਹੈ, ਜਾਂ ਉਸ ਦੇ ਅੰਦਰੋਂ ਹੀ ਕੋਈ ਬੰਦਾ ਛੜਯੰਤਰ ਰਚਾ ਕੇ ਉਸ ਦੀ ਥਾਂ ਮੱਲ ਲੈਂਦਾ ਹੈ ਪਰ ਹਾਕਮ ਤਬਕੇ ਦੀ ਤਾਕਤ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ। ਇਸ ਜ਼ਾਲਮ ਦੀ ਥਾਂ ਕੋਈ ਦੂਸਰਾ ਜ਼ਾਲਮ ਲੈ ਲੈਂਦਾ ਹੈ।

ਰੂਸ ਅਤੇ ਦੂਸਰੇ ਸਮਾਜਵਾਦੀ ਮੁਲਕਾਂ 'ਚ ਮਾਰਕਸਵਾਦ ਦੇ ਉੱਚੇ ਉਪਦੇਸ਼ਾਂ, ਅਸੂਲਾਂ ਦੇ ਹੁੰਦਿਆਂ ਵੀ ਸਮਾਜਵਾਦ ਦੀ ਅਸਫਲਤਾ ਦਾ ਵੱਡਾ ਕਾਰਨ ਹਾਕਮ ਜਮਾਤ ਦੀ 'ਤਾਕਤ' ਧਨ/ਸੁਵਿਧਾਵਾਂ ਦੀ ਪ੍ਰਾਪਤੀ ਦੀ ਮਹੱਤਵਾਕਾਂਖਿਆ ਹੀ ਸੀ। ਤਾਕਤ ਦੀ ਭੁੱਖ ਦਾ ਸਬੰਧ ਮਨੁੱਖ ਦੀ ਵਿਅਕਤੀਗਤ ਮਾਨਸਿਕਤਾ ਨਾਲ ਹੈ। ਇਸ ਮਾਨਸਿਕਤਾ ਦਾ ਮਨੁੱਖੀ ਚੇਤਨਾ 'ਚੋਂ ਲੋਪ ਹੋ ਜਾਣਾ ਕਠਿਨ ਵੀ ਹੈ ਅਤੇ ਅਸੰਭਵ ਵੀ। ਜੇ ਕੋਈ ਵਰਗ ਇਸ ਤਰ੍ਹਾਂ ਦੀਆਂ ਤਾਕਤਾਂ, ਰੁਝਾਨਾਂ ਨੂੰ ਕੰਟਰੋਲ 'ਚ ਰੱਖਣ ਲਈ ਕੋਈ ਨਿਯਮ ਬਣਾ ਕੇ ਉਨ੍ਹਾਂ ਨੂੰ ਲਾਗੂ ਕਰ ਵੀ ਲਵੇ ਤਾਂ ਪਹਿਲਾਂ ਤਾਂ ਲਾਗੂ ਕਰਨਾ ਹੀ ਮੁਸ਼ਕਿਲ ਹੈ; ਫਿਰ ਉਸ ਨੂੰ ਜਾਰੀ ਰੱਖਣਾ ਅਸੰਭਵ ਹੈ ਕਿਉਂਕਿ ਨਿਯਮ ਲਾਗੂ ਕਰਨ ਵਾਲੇ ਕੁਝ ਚਿਰ ਬਾਅਦ ਉਸੇ ਭ੍ਰਿਸ਼ਟ ਤਾਕਤ ਦਾ ਹਿੱਸਾ ਬਣ ਜਾਂਦੇ ਹਨ।

ਵਿਡੰਬਨਾ ਇਹ ਹੈ ਕਿ ਆਮ ਆਦਮੀ ਅਤੇ ਕਈ ਵਾਰੀ ਲੇਖਕ, ਬੁੱਧੀਜੀਵੀ ਜਾਣਦਿਆਂ ਹੋਇਆ ਵੀ ਇਸ ਭ੍ਰਿਸ਼ਟ ਵਰਗ ਨਾਲ ਜੁੜੇ ਲੀਡਰਾਂ, ਪੂੰਜੀਪਤੀਆਂ ਨੂੰ ਸਟੇਜਾਂ 'ਤੇ ਬਿਠਾ ਕੇ ਉਨ੍ਹਾਂ ਦੇ ਗਲਾਂ 'ਚ ਫੁੱਲਾਂ ਦੇ ਹਾਰ ਪਾਉਂਦੇ, ਸਨਮਾਨ ਕਰਦੇ ਹਨ। ਹੋਣਾ ਇਹ ਚਾਹੀਦਾ ਹੈ ਕਿ ਅਜਿਹੀ ਸੱਤਾ ਨਾਲ ਜੁੜੇ ਕਿਸੇ ਭ੍ਰਿਸ਼ਟ ਵਿਅਕਤੀ ਦੇ ਸਟੇਜ 'ਤੇ ਆ ਕੇ ਬੈਠਦਿਆਂ ਹੀ ਆਮ ਆਦਮੀ ਉੱਥੋਂ ਉੱਠ ਕੇ ਚਲੇ ਜਾਣ, ਹਾਲ ਖਾਲੀ ਕਰ ਦੇਣ। ਇਸ ਤਰ੍ਹਾਂ ਨਾ ਕਰਨ ਨਾਲ ਅਸੀਂ ਵੀ ਉਸ ਭ੍ਰਿਸ਼ਟ ਸ਼੍ਰੇਣੀ ਨੂੰ ਸ਼ਹਿ ਦਿੰਦੇ ਹਾਂ ਅਤੇ ਉਸ ਦਾ ਭਾਗ ਬਣ ਜਾਂਦੇ ਹਾਂ।

ਦੁਨੀਆ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਦਾ ਕੰਟਰੋਲ ਆਮ ਕਰਕੇ ਬੜੇ ਹੁਸ਼ਿਆਰ ਪਰ ਛੋਟੀ ਮਾਨਸਿਕਤਾ ਵਾਲੇ ਲੋਕਾਂ ਦੇ ਹੱਥ 'ਚ ਹੈ। ਇਹ ਮਨ ਦੇ ਕਠੋਰ, ਲਚਕਹੀਣ ਹੁੰਦੇ ਹਨ ਜੋ ਉਸ ਸੰਸਥਾ ਦੇ ਮੂਲ ਮੁੱਦਿਆਂ, ਅਸੂਲਾਂ ਦੇ ਪ੍ਰਸੰਗ 'ਚ ਇਮਾਨਦਾਰ ਨਹੀਂ ਹੁੰਦੇ। ਇਨ੍ਹਾਂ ਦੀ ਨਜ਼ਰ ਆਪਣੀ ਕੁਰਸੀ ਅਤੇ ਕੁਰਸੀ ਤੋਂ ਪ੍ਰਾਪਤ ਹੋਣ ਵਾਲੇ ਨਿੱਜੀ ਫਾਇਦਿਆਂ ਵੱਲ ਹੁੰਦੀ ਹੈ। ਇਹ ਆਪਣੀਆਂ ਲੱਛੇਦਾਰ ਗੱਲਾਂ, ਭਾਸ਼ਣਾਂ, ਵਾਰਤਾਲਾਪਾਂ ਆਦਿ ਦੁਆਰਾ ਉਪਰਲੇ ਸਮਾਜਿਕ ਹਲਕੇ ਨੂੰ ਪ੍ਰਭਾਵਿਤ ਕਰਦੇ ਹਨ। ਇਹੀ ਕਾਰਨ ਹੈ ਕਿ ਨੀਵੀਂ ਮਾਨਸਿਕਤਾ ਅਤੇ ਸੁਹਿਰਦਤਾ-ਹੀਣ ਇਨ੍ਹਾਂ ਲੋਕਾਂ ਦੀ ਧੱਕੇਸ਼ਾਹੀ ਦੀ ਹੀ ਸਾਰੀ ਦੁਨੀਆ 'ਚ ਚੌਧਰ ਹੈ। ਇਹ ਕੇਵਲ ਕੁਝ ਵੱਡੀਆਂ ਸੰਸਥਾਵਾਂ ਤੱਕ ਹੀ ਸੀਮਤ ਨਹੀਂ; ਸਾਡੇ ਆਲੇ-ਦੁਆਲੇ ਦੀਆਂ ਹੋਰ ਛੋਟੀਆਂ ਸੰਸਥਾਵਾਂ, ਸਰਕਾਰੀ ਮਹਿਕਮਿਆਂ, ਧਾਰਮਿਕ ਸੰਸਥਾਵਾਂ 'ਚ ਇਸੇ ਵਰਗ 'ਚ ਅਖਬਾਰਾਂ ਅਤੇ ਟੀ.ਵੀ. ਦੇ ਸੰਚਾਲਕਾਂ, ਪ੍ਰਬੰਧਕਾਂ, ਐਡੀਟਰਾਂ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ ਬਲਕਿ ਹਾਕਮ/ਕਾਰਪੋਰੇਟ ਜਮਾਤ ਲਈ ਇਹ ਸਭ ਤੋਂ ਵੱਧ ਲਾਹੇਵੰਦ ਹਨ। ਇਹ ਇਸ ਜਮਾਤ ਦੇ ਨੁਮਾਇੰਦੇ ਹੁੰਦੇ ਹਨ।

ਉੱਪਰਲੀ ਅਮੀਰ ਸ਼੍ਰੇਣੀ ਦੇ ਇਹ ਲੋਕ ਜੋ ਸ਼ਾਨਦਾਰ ਮਕਾਨਾਂ 'ਚ ਰਹਿੰਦੇ ਹਨ, ਵੱਡੀਆਂ ਤੇ ਮਹਿੰਗੀਆਂ ਏ.ਸੀ. ਕਾਰਾਂ 'ਚ ਸਫਰ ਕਰਦੇ, ਜਿਮਖਾਨਾ ਕਲੱਬਾਂ ਤੇ ਹੈਬੀਟੈਟ ਸੈਂਟਰਾਂ ਵਰਗੀਆਂ ਸੰਸਥਾਵਾਂ ਦੇ ਮੈਂਬਰ, ਲਿਸ਼ਕਾਂ ਮਾਰਦੇ ਵਸਤਰ ਹੰਢਾਉਂਦੇ, ਵੱਡੀਆਂ-ਵੱਡੀਆਂ ਸੰਸਥਾਵਾਂ ਦੇ ਚੇਅਰਮੈਨ, ਅਮਰੀਕਾ-ਇੰਗਲੈਂਡ ਦੀਆਂ ਯੂਨੀਵਰਸਿਟੀਆਂ 'ਚ ਡਾਕਟਰੇਟ ਦੀਆਂ ਡਿਗਰੀਆਂ ਹਾਸਲ ਕਰਦੇ, ਪਰਚਿਆਂ/ਅਖਬਾਰਾਂ 'ਚ ਕਿਸੇ 'ਮਹੱਤਵਪੂਰਨ' ਸਟੋਰੀ ਨੂੰ ਪ੍ਰਕਾਸ਼ਤ ਕਰਦਿਆਂ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦਾ ਸਭ ਤੋਂ ਵੱਡਾ ਕਰਤੱਵ ਮਨੁੱਖਤਾ ਹੈ, ਆਮ ਆਦਮੀ ਲਈ ਸੁਹਿਰਦਤਾ ਹੈ। ਉਨ੍ਹਾਂ ਦੇ ਮਨ ਮਸਤਕ 'ਚ ਇਹ ਵਿਚਾਰ ਰੱਤੀ ਮਾਤਰ ਨਹੀਂ ਆਉਂਦਾ ਕਿ ਉਹ ਵਰਗ- ਕਲਰਕ, ਸਫਾਈ ਕਰਮਚਾਰੀ, ਰਿਕਸ਼ਾ ਚਾਲਕ, ਮਜ਼ਦੂਰ ਜਾਂ ਘਰਾਂ 'ਚ ਕੰਮ ਕਰਨ ਵਾਲੇ ਵੀ, ਜਿਨ੍ਹਾਂ ਦੀ ਮਿਹਨਤ ਨਾਲ ਉਹ ਸੁੱਖ ਦਾ ਜੀਵਨ ਬਤੀਤ ਕਰ ਰਹੇ ਹਨ, ਉਹ ਵੀ ਥੋੜ੍ਹੇ ਬਹੁਤ ਇੱਜ਼ਤ-ਮਾਣ, ਸਹੂਲਤਾਂ ਜਾਂ ਧੰਨਵਾਦ ਦੇ ਹੱਕਦਾਰ ਹਨ।

ਜੇ ਮਾਨਵਤਾ ਕਾਇਮ ਹੈ ਤਾਂ ਸੈਨਿਕ ਸ਼ਕਤੀਆਂ ਜਾਂ ਮੁਲਕਾਂ ਦੇ ਪ੍ਰਧਾਨਾਂ, ਮੁੱਖ ਮੰਤਰੀਆਂ ਕਾਰਨ ਨਹੀਂ ਬਲਕਿ ਸੁਹਿਰਦਤਾ ਵਾਲੇ ਆਮ ਆਦਮੀਆਂ ਕਾਰਨ ਹੈ ਜੋ ਤਕਰੀਬਨ ਹਰ ਦੇਸ਼ 'ਚ ਖਾਮੋਸ਼ੀ ਨਾਲ ਕੰਮ ਕਰਦੇ ਹਨ। ਇਹ ਕਹਿਣਾ ਕਿ ਜੀਵਨ ਨੂੰ ਸੌਖਾ ਬਣਾਉਣ ਵਾਲੀਆਂ ਐਨੀਆਂ ਈਜ਼ਾਦਾਂ ਨਾਲ ਦੁਨੀਆ ਸੁਖੀ ਹੋ ਗਈ ਹੈ ਅਤੇ ਆਦਮੀ ਰੋਸ਼ਨ-ਖਿਆਲ ਹੋ ਗਿਆ ਹੈ, ਅਗਿਆਨਤਾ ਹੀ ਹੋਵੇਗੀ। ਇਹ ਰੋਸ਼ਨ-ਖਿਆਲੀ ਸਿਰਫ ਲਫਜ਼ੀ ਹੈ, ਸਚਮੁੱਚ ਦੀ ਨਹੀਂ। ਜੇ ਕਿਤੇ ਰੋਸ਼ਨ-ਖਿਆਲੀ ਹੈ ਤਾਂ ਉਹ ਸਿਰਫ ਕਿਤਾਬਾਂ, ਗ੍ਰੰਥਾਂ 'ਚ ਬੰਦ ਹੋ ਕੇ ਰਹਿ ਗਈ ਹੈ। ਗਰੀਬ ਹੋਰ ਗਰੀਬ ਹੋ ਰਿਹਾ ਹੈ। ਅੰਨ ਉਗਾਉਣ ਵਾਲਾ ਭੁੱਖਾ ਮਰ ਰਿਹਾ ਹੈ। ਔਰਤਾਂ ਨਾਲ ਪਹਿਲਾਂ ਤੋਂ ਕਿਤੇ ਵੱਧ ਵਧੀਕੀਆਂ ਹੋ ਰਹੀਆਂ ਹਨ।

---

### ਭਾਰਤ ਦੇ ਪ੍ਰਸੰਗ ਵਿਚ

ਮਹਾਤਮਾ ਬੁੱਧ ਤੋਂ ਪਹਿਲਾਂ, ਭਾਵ ਛੇਵੀਂ ਪੂਰਵ ਸ਼ਤਾਬਦੀ ਤੋਂ ਪਹਿਲਾਂ ਗੀਤਾ ਜਾਂ ਕਿਸੇ ਹੋਰ ਹਿੰਦੂ ਗ੍ਰੰਥ 'ਚ ਕਿਤੇ ਵੀ ਰਾਜ ਸੱਤਾ ਦੁਆਰਾ ਆਮ ਲੋਕਾਂ ਦੀ ਭਲਾਈ ਜਾਂ ਕਰਤੱਵਾਂ ਬਾਰੇ ਸਿੱਧੇ ਤੌਰ 'ਤੇ ਲਿਖਿਆ ਨਹੀਂ ਮਿਲਦਾ। ਇਨ੍ਹਾਂ ਗ੍ਰੰਥਾਂ, ਰਚਨਾਵਾਂ ਦਾ ਸਾਰਾ ਕੇਂਦਰ ਮਨੁੱਖ ਦੀ ਵਿਅਕਤਿਤਵ ਆਤਮਿਕ ਮੁਕਤੀ, ਬੌਧਿਕ ਗਿਆਨ, ਦੁਨੀਆਵੀ ਦੁੱਖਾਂ ਤੋਂ ਨਿਜਾਤ ਹਾਸਲ ਕਰਨ, ਚੇਤਨ-ਅਵਚੇਤਨ, ਆਤਮ-ਅਨਾਤਮਾ ਵਰਗੀਆਂ ਸੂਖਮ-ਅਮੂਰਤ ਫਿਲਾਸਫੀਆਂ ਵੱਲ ਹੀ ਸੀ। ਇੱਕ ਰਾਜੇ ਦੇ ਕਰਤੱਵਾਂ ਨੂੰ ਬਹੁਤ ਕਰਕੇ 'ਧਰਮ' ਦੀ ਰੱਖਿਆ ਦੀ ਸੰਗਿਆ ਦਿੱਤੀ ਗਈ ਹੈ। ਇਸ 'ਧਰਮ' ਦੀ ਰੱਖਿਆ ਦਾ ਭਾਵ ਸਭ ਤੋਂ ਪਹਿਲਾਂ ਆਪਣੇ ਰਾਜ, ਆਪਣੀ ਸੰਪਤੀ, ਆਪਣੀ ਰਾਜ ਸੱਤਾ ਅਤੇ ਆਪਣੇ ਅਧਿਕਾਰ ਥੱਲੇ ਆਏ ਖੇਤਰ ਦੀ ਰੱਖਿਆ ਕਰਨਾ ਹੈ। ਸਭ ਤੋਂ ਮਹੱਤਵਪੂਰਨ ਗ੍ਰੰਥ 'ਗੀਤਾ' ਵਿਚ ਵੀ ਪਰਮਸ਼ਾਂਤੀ, ਨਿਸ਼ਕਾਮ ਕਰਮ, ਰਾਜ ਧਰਮ, ਯੋਗ, ਭਗਤੀ, ਇੱਛਾ-ਅਣਇੱਛਾ, ਆਤਮਾ-ਪਰਮਾਤਮਾ, ਉਚਿਤ-ਅਨੁਚਿਤ ਬ੍ਰਹਮ-ਈਸ਼ਵਰ ਵਰਗੇ ਅਮੂਰਤ, ਅਸਪਸ਼ਟ ਵਿਸ਼ਿਆਂ ਬਾਰੇ ਗੱਲ ਕੀਤੀ ਗਈ ਹੈ ਪਰ ਇਹ ਤਥਾਕਥਿਤ ਰਾਜ ਧਰਮ 'ਚ ਰਾਜੇ ਦਾ ਆਮ ਲੋਕਾਂ ਪ੍ਰਤੀ ਕੀ ਕਰਤੱਵ ਹੈ? ਇਸ ਬਾਰੇ ਇੱਕ ਸ਼ਬਦ ਵੀ ਨਹੀਂ। ਇਹ ਵੀ ਸਮਝਿਆ ਜਾ ਸਕਦਾ ਹੈ ਕਿ 'ਧਰਮ ਦੀ ਰੱਖਿਆ' ਲਈ 'ਸ਼ੰਬਕ' ਦਾ ਕਤਲ ਕਰਨਾ ਹੈ: ਕਿਉਂਕਿ ਉਹ ਸ਼ੂਦਰ ਹੁੰਦਿਆਂ ਹੋਇਆ ਤਪੱਸਿਆ ਜਾਂ ਸ਼ਾਸਤਰ ਅਧਿਐਨ ਕਰ ਰਿਹਾ ਸੀ ਜਾਂ ਫਿਰ ਯੁਧਿਸ਼ਟਰ ਦੁਆਰਾ ਦ੍ਰੋਪਦੀ ਨੂੰ ਜੂਏ 'ਚ ਹਰ ਜਾਣਾ ਅਤੇ ਜੂਏ ਜਾਂ ਦਾਸਤਾ (ਆਪਣੇ ਆਪ ਨੂੰ ਹਾਰ ਜਾਣ) ਦੀਆਂ ਸ਼ਰਤਾਂ ਅਨੁਸਾਰ ਚੁੱਪ ਕਰਕੇ ਬੈਠਿਆਂ ਆਪਣੀ ਪਤਨੀ ਨੂੰ ਨਿਰਵਸਤਰ ਹੁੰਦਿਆਂ ਦੇਖਦਿਆਂ ਰਹਿਣਾ ਹੈ, ਜਾਂ ਆਪਣੀ ਰਾਜ ਸੱਤਾ ਦੀ ਖਾਤਰ, ਬਦਲੇ ਦੀ ਭਾਵਨਾ ਖਾਤਰ ਆਪਣੀਆਂ ਰਿਸ਼ਤੇਦਾਰਾਂ, ਗੁਰੂਆਂ ਨਾਲ ਯੁੱਧ ਕਰਨਾ...।

ਆਮ ਲੋਕਾਂ ਦੀ ਗਿਣਤੀ ਵਿਚ ਦਾਸ ਸਨ, ਅਣਆਰੀਆ ਲੋਕ ਸਨ, ਖੇਤੀਹਾਰ ਸਨ ਕਿਉਂਕਿ ਉਸ ਸਮੇਂ ਦੇ ਨਿਯਮਾਂ ਅਨੁਸਾਰ ਸਾਰੀ ਜ਼ਮੀਨ ਦਾ ਮਾਲਕ ਰਾਜਾ ਹੀ ਹੁੰਦਾ ਸੀ, ਸਾਰੇ ਕਾਸ਼ਤਕਾਰਾਂ ਦੀ ਗਿਣਤੀ ਦਾਸਾਂ 'ਚ ਹੀ ਆਉਂਦੀ ਸੀ ਜਿਸ ਦੇ ਆਪਣੇ ਕੋਈ ਅਧਿਕਾਰ ਨਹੀਂ ਸਨ। ਉਹ ਰਾਜ ਸੱਤਾ ਦੇ ਰਹਿਮ 'ਤੇ ਹੀ ਜਿਊਂਦਾ ਸੀ। ਜੇ ਵਿਅਕਤਿਤਵ ਪੱਧਰ 'ਤੇ ਰਾਜਾ ਨੇਕ ਦਿਲ ਹੋਵੇ ਤਾਂ ਘੱਟ ਦੁਖੀ; ਨਹੀਂ ਤਾਂ ਦੁੱਖ ਹੀ ਦੁੱਖ।

ਮਨੂ ਸਿਮ੍ਰਤੀ 'ਚ ਰਾਜ ਸੱਤਾ ਦੇ ਜੋ-ਜੋ ਕਰਤੱਵਾਂ ਦੀ ਗੱਲ ਲਿਖੀ ਗਈ ਹੈ, ਉਹ ਹਨ: ਆਸ਼ਰਮ ਧਰਮ, ਵਰਣ ਧਰਮ, ਇਸਤਰੀ ਧਰਮ, ਦੰਪਤੀ ਧਰਮ, ਆਪਤ ਧਰਮ। ਮਹਾਭਾਰਤ ਦੇ ਅਖੀਰਲੇ ਕਾਂਡ ਜਿਸ ਨੂੰ ਸ਼ਾਂਤੀ ਪਰਵ ਕਿਹਾ ਜਾਂਦਾ ਹੈ, ਤੀਰਾਂ ਦੀ ਸੇਜ 'ਤੇ ਲੰਮਾ ਪਿਆ ਭੀਸ਼ਮ ਪਿਤਾਮਾ ਪਾਂਡੂਆਂ ਨੂੰ ਰਾਜੇ ਦੇ ਇਖਲਾਕੀ ਫਰਜ਼/ਨੈਤਿਕ ਕਰਤੱਵ, ਜ਼ਿੰਮੇਵਾਰੀਆਂ ਬਾਰੇ ਉਪਦੇਸ਼ ਦਿੰਦਾ ਹੈ। ਉਨ੍ਹਾਂ ਉਪਦੇਸ਼ਾਂ 'ਚ ਵਰਣ ਧਰਮ ਦੀ ਮਹੱਤਤਾ ਹੈ; ਭਾਵ ਇਹ ਦੇਖਣਾ ਕਿ ਚਾਰੇ ਵਰਣ ਆਪੋ-ਆਪਣੇ ਧਰਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ। ਇਸ ਦੇ ਨਾਲ-ਨਾਲ ਇਹ ਕਿ ਆਪਣੇ ਰਾਜ ਦੀ ਰੱਖਿਆ ਕਿਵੇਂ, ਕਿਨ੍ਹਾਂ-ਕਿਨ੍ਹਾਂ ਤਰੀਕਿਆਂ ਨਾਲ ਕੀਤੀ ਜਾਵੇ। ਉਨ੍ਹਾਂ ਨੇਮਾਂ 'ਚ ਸਾਧਾਰਨ ਨਾਗਰਿਕ, ਮਜ਼ਦੂਰ, ਦਾਸ ਜਾਂ ਕਿਸਾਨ ਦੀ ਭਲਾਈ ਬਾਰੇ ਇੱਕ ਵੀ ਸ਼ਬਦ ਨਹੀਂ ਉਚਰਿਆ ਗਿਆ; ਸ਼ੂਦਰਾਂ ਦੀ ਗੱਲ ਤਾਂ ਬਹੁਤ ਦੂਰ ਦੀ ਹੈ।

ਸੱਤਾਧਾਰੀ ਵਰਗ ਦਾ ਸਿੱਧਾ ਸਬੰਧ ਵਰਣ ਵਿਵਸਥਾ ਨਾਲ ਜੁੜਿਆ ਹੋਇਆ ਸੀ (ਤੇ ਕਾਫੀ ਹੱਦ ਤੱਕ ਹੁਣ ਵੀ ਹੈ)। ਉਪਰਲੀ ਜਾਤੀ ਦਾ ਵਰਗ, ਭਾਵ ਕਸ਼ੱਤਰੀ ਤੇ ਬ੍ਰਾਹਮਣ ਆਪਣੇ ਰਿਜ਼ਕ-ਰੁਜ਼ਗਾਰ ਲਈ ਆਪਣੇ ਹੱਥੀਂ ਕੋਈ ਕੰਮ ਨਹੀਂ ਸੀ ਕਰਦਾ। ਵਿਚਕਾਰਲੇ ਵੈਸ਼ ਵਰਗ ਦੀ ਗਿਣਤੀ ਪ੍ਰਾਚੀਨ ਕਾਲ 'ਚ ਬਹੁਤ ਘੱਟ ਰਹੀ ਹੈ। ਉਂਝ ਵੀ ਉਹ ਆਪਣੇ ਵਣਜ ਵਪਾਰ ਰਾਹੀਂ ਕੁਝ ਨਾ ਕੁਝ ਕੰਮ ਕਰਦਾ ਹੀ ਸੀ। ਅਸਲ ਵਿਚ ਸਾਰੇ ਰਾਜ ਦੇ ਧਨ-ਸੰਪਤੀ, ਖਜ਼ਾਨੇ ਦਾ ਦਾਰੋਮਦਾਰ ਖੇਤੀ ਪੈਦਾਵਾਰ 'ਤੇ ਨਿਰਭਰ ਕਰਦਾ ਸੀ। ਬੁੱਧ ਕਾਲ ਤੋਂ ਲੈ ਕੇ ਤਕਰੀਬਨ ਗੁਪਤ ਕਾਲ ਤੱਕ ਕਿਸਾਨਾਂ ਦਾ ਦਰਜਾ 'ਵੈਸ਼' ਵਾਲਾ ਸੀ ਪਰ ਗੁਪਤ ਕਾਲ ਤੱਕ ਪਹੁੰਚਦਿਆਂ-ਪਹੁੰਚਦਿਆਂ ਜਾਂ ਉਸ ਤੋਂ ਬਾਅਦ ਕਿਸਾਨਾਂ ਨੂੰ ਸ਼ੂਦਰ ਦੇ ਦਰਜੇ 'ਚ ਤਬਦੀਲ ਕਰ ਦਿੱਤਾ ਗਿਆ ਜਿਵੇਂ ਅੱਜ ਦਾ ਉਦਯੋਗਪਤੀ ਕਰਦਾ ਹੈ। ਉਪਰਲੇ ਵਰਗ ਜਿਨ੍ਹਾਂ ਵਿਚ ਬ੍ਰਾਹਮਣ, ਕਸ਼ੱਤਰੀ ਸਾਮੰਤ ਅਤੇ ਰਾਜਾ ਸ਼ਾਮਲ ਸਨ, ਨੇ

*(ਬਾਕੀ ਅਗਲੇ ਸਫੇ 'ਤੇ)*

# ਅੱਜ ਦੇ ਭਾਰਤ ਵਿਚ ਘੱਟਗਿਣਤੀ ਹੋਣ ਦਾ ਦਰਦ

**ਕੇ.ਕੇ.ਐਨ ਦਾਰੂਵਾਲਾ**

ਕੀ ਘੱਟਗਿਣਤੀ ਭਾਈਚਾਰਿਆਂ ਦੇ ਲੋਕ ਆਪਣੇ ਆਪ ਬਾਰੇ ਜਾਣਦੇ ਹਨ? ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਕਿਸੇ ਵੀ ਦੇਸ਼ ਅੰਦਰ ਕੀ ਉਹ ਸਬਰ-ਸਬੂਰੀ ਵਾਲੀ ਜ਼ਿੰਦਗੀ ਬਿਤਾਉਂਦੇ ਹਨ? ਅਸੀਂ ਉਸ ਕਿਆਮਤ ਦੀ ਗੱਲ ਨਹੀਂ ਕਰ ਰਹੇ ਜਿਵੇਂ ਨਾਜ਼ੀਆਂ ਦੇ ਸਮੇਂ ਜਰਮਨੀ ਵਿਚ ਯਹੂਦੀਆਂ ਨੂੰ ਝੱਲਣੀ ਪਈ ਸੀ। ਕਿਸੇ ਘੱਟਗਿਣਤੀ ਭਾਈਚਾਰੇ ਦੇ ਸ਼ਖਸ ਨੂੰ ਉਸ ਦੇ ਕੱਪੜਿਆਂ, ਖਾਣੇ, ਰਸਮੋ-ਰਿਵਾਜ਼, ਵਿਸ਼ਵਾਸਾਂ ਅਤੇ ਧਰਮ ਗ੍ਰੰਥਾਂ ਤੋਂ ਪਛਾਣਿਆ ਜਾ ਸਕਦਾ ਹੈ। ਸਭ ਦੇ ਵੱਖੋ-ਵੱਖਰੇ ਸਵਰਗ ਤੇ ਦੋਜ਼ਖ ਹੁੰਦੇ ਹਨ- ਸਾਰੇ ਝੂਠੇ-ਮੂਠੇ। ਜੇ ਤੁਸੀਂ ਕਿਸੇ ਛੋਟੀ ਜਿਹੀ ਘੱਟਗਿਣਤੀ (ਪਾਰਸੀ) ਨਾਲ ਜੁੜੇ ਹੋ ਤਾਂ ਤੁਹਾਡੇ ਅਤੇ ਤੁਹਾਡੇ ਮੰਦਰਾਂ ਤੇ ਉਨ੍ਹਾਂ ਮੀਨਾਰਾਂ ਜਿੱਥੇ ਤੁਸੀਂ ਆਪਣੇ ਮੁਰਦਿਆਂ ਦਾ ਕੀ ਕਰਦੇ ਹੋ- ਇਸ ਬਾਰੇ ਜਗਿਆਸਾ ਉਠਦੀ ਹੈ।

ਜਦੋਂ ਤੋਂ ਭਾਰਤ ਦਾ ਲੋਕਰਾਜ ਵੋਟਾਂ ਦੀ ਖੇਡ ਬਣ ਕੇ ਰਹਿ ਗਿਆ ਹੈ ਤੇ ਨਾਲ ਹੀ ਥੋਕ ਵਿਚ ਦਲਬਦਲੀਆਂ ਦਾ ਦੌਰ ਸ਼ੁਰੂ ਹੋਇਆ ਹੈ (ਬਸ਼ਰਤੇ ਤੁਹਾਡੇ ਕੋਲ ਕਾਫੀ ਸਾਰਾ ਧਨ ਹੋਵੇ), ਵਿਰੋਧੀਆਂ ਨੂੰ ਅਯੋਗ ਕਰਾਰ ਦਿੱਤਾ ਜਾਣ ਲੱਗਿਆ ਹੈ (ਬਸ਼ਰਤੇ ਤੁਹਾਡੇ ਕੋਲ ਢੁਕਵਾਂ ਸਪੀਕਰ ਹੋਵੇ) ਅਤੇ ਜੇ ਤੁਸੀਂ 'ਮੰਤਵ' ਤਿਆਰ ਕਰ ਸਕਦੇ ਹੋ ਤੇ ਨਾਅਰਾ ਘੜ ਸਕਦੇ ਹੋ ਤਾਂ ਤੁਸੀਂ ਸਰਕਾਰ ਬਣਾ ਸਕਦੇ ਹੋ। ਮਲਾਈਦਾਰ ਕੁਰਸੀਆਂ ਲਈ ਮਾਰੋ-ਮਾਰ ਚੱਲ ਰਹੀ ਹੈ ਤੇ ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕਿਸ ਕੁਰਸੀ 'ਤੇ ਕਿਹੋ ਜਿਹਾ ਬੰਦਾ ਬਿਠਾਉਣਾ ਸਹੀ ਰਹੇਗਾ।

ਇਹ ਕੰਮ ਕਾਫੀ ਔਖਾ ਹੁੰਦਾ ਹੈ ਪਰ ਇਕੇਰਾਂ ਜਦੋਂ ਪੂਰ ਚੜ੍ਹ ਗਿਆ ਤਾਂ ਤੁਹਾਡੇ ਕੋਲ ਰਣਖੇਤਰ 'ਚ ਇਹ ਦੇਖਣ ਦਾ ਕਾਫੀ ਸਮਾਂ ਹੁੰਦਾ ਹੈ ਕਿ ਪਿਛਾਂਹ ਕਿੰਨੇ ਬੰਦਿਆਂ, ਅਸੂਲਾਂ ਤੇ ਵਿਚਾਰਧਾਰਾਵਾਂ ਦੀਆਂ ਲਾਸ਼ਾਂ ਵਿਛ ਗਈਆਂ ਹਨ ਤੇ ਫਿਰ ਤੁਸੀਂ ਆਰਾਮ ਨਾਲ ਚਾਹ ਦਾ ਆਨੰਦ ਮਾਣ ਸਕਦੇ ਹੋ। ਦੱਖਣੀ ਏਸ਼ੀਆ ਦੀਆਂ ਚੂਲਾਂ ਹਿੱਲ ਰਹੀਆਂ ਹਨ- ਸ੍ਰੀਲੰਕਾ ਖਿੰਡ ਰਿਹਾ ਹੈ, ਮਿਆਂਮਾਰ ਇਕ ਵਾਰ ਫਿਰ ਬੇਕਿਰਕ ਫੌਜ ਦੇ ਚੁੰਗਲ ਵਿਚ ਫਸ ਗਿਆ ਹੈ ਅਤੇ ਪਾਕਿਸਤਾਨ ਵਿਚ ਇਮਰਾਨ ਖਾਨ ਦੀ ਸੱਤਾ ਪਲਟ ਦਿੱਤੀ ਗਈ ਹੈ। ਖੈਰ, ਬਤੌਰ ਪ੍ਰਧਾਨ ਮੰਤਰੀ ਉਨ੍ਹਾਂ ਆਪਣੀਆਂ ਇਨਸਵਿੰਗ ਗੇਂਦਾਂ ਬਹੁਤੇ ਸਹੀ ਢੰਗ ਨਾਲ ਨਹੀਂ ਪਾਈਆਂ ਸਨ। ਬਸ ਬੰਗਲਾਦੇਸ਼ ਅਤੇ ਭਾਰਤ ਹੀ ਬਚੇ ਹਨ ਜੋ ਸਥਿਰ ਨਜ਼ਰ ਆ ਰਹੇ ਹਨ। ਉਂਝ ਇਹ ਗੱਲ ਵੱਖਰੀ ਹੈ ਕਿ ਸਾਡੇ ਦੇਸ਼ ਅੰਦਰ ਸਿਰ ਕਲਮ ਦੀਆਂ ਜੋ ਘਟਨਾਵਾਂ ਦੇਖਣ ਸੁਣਨ ਵਿਚ ਆ ਰਹੀਆਂ ਹਨ, ਇਹ ਕੁਝ ਵੱਖਰਾ ਜਿਹਾ ਵਰਤਾਰਾ ਹੈ।

ਇਸ ਸਭ ਕਾਸੇ ਦੇ ਪਿੱਛੇ ਸਿਆਸਤਦਾਨਾਂ, ਉਸ਼ਟੰਡਬਾਜ਼ਾਂ ਅਤੇ ਉਨ੍ਹਾਂ ਲੋਕਾਂ ਦਾ ਹੱਥ ਹੈ ਜੋ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਦੂਜਿਆਂ 'ਤੇ ਹੁਕਮ ਚਲਾਉਣ ਦਾ ਖਾਸ ਹੱਕ ਹਾਸਲ ਹੈ, ਫਿਰ ਉਹ ਭਾਵੇਂ ਕਿਸੇ ਸਿਆਸੀ ਖਾਨਦਾਨ ਨਾਲ ਜੁੜੇ ਹੋਣ ਜਾਂ ਨਾ। ਇਨ੍ਹਾਂ ਦੀ ਭਾਸ਼ਾ ਆਪਣੀ ਹੀ ਤਰ੍ਹਾਂ ਦਾ ਹਥਿਆਰ ਹੁੰਦੀ ਹੈ। ਲਾਲ ਕ੍ਰਿਸ਼ਨ ਅਡਵਾਨੀ ਸਿਆਸੀ ਅਖਾੜੇ ਵਿਚ ਤੁਸ਼ਟੀਕਰਨ (ਅਪੀਜ਼ਮੈਂਟ) ਦਾ ਸ਼ਬਦ ਲੈ ਕੇ ਆਏ ਸਨ। ਉਨ੍ਹਾਂ ਨੂੰ ਡਰ ਸੀ ਕਿ ਨਹਿਰੂ ਅਤੇ ਉਨ੍ਹਾਂ ਦੀ ਧੀ (ਇੰਦਰਾ ਗਾਂਧੀ) ਸਾਰੀਆਂ ਬਰਕਤਾਂ ਮੁਸਲਮਾਨਾਂ ਨੂੰ ਵੰਡ ਦੇਣਗੇ। ਇਹ ਇਕ ਕਿਸਮ ਦਾ ਹਊਆ ਹੁੰਦਾ ਹੈ ਪਰ ਸਾਡੀ ਪੀੜ੍ਹੀ ਨੂੰ ਤੁਸ਼ਟੀਕਰਨ ਦਾ ਭਰਵਾਂ ਖਤਰਾ ਜੰਗ ਤੋਂ ਪਹਿਲਾਂ ਬਰਤਾਨਵੀ ਪ੍ਰਧਾਨ ਮੰਤਰੀ ਨੈਵਿਲੇ ਚੈਂਬਰਲੇਨ ਦੇ ਵਿਰੋਧੀਆਂ ਅਤੇ ਉਸ ਦੀ ਨਾਜ਼ੀਆਂ ਦੇ ਤੁਸ਼ਟੀਕਰਨ ਤੋਂ ਮਿਲਿਆ ਸੀ। ਇਕ ਉਨ੍ਹਾਂ ਦਾ ਫਿਕਰਾ 'ਸਾਡੇ ਸਮਿਆਂ ਵਿਚ ਅਮਨ' ਅਤੇ ਦੂਜੀ ਉਨ੍ਹਾਂ ਦੀ ਛਤਰੀ ਕਾਰਟੂਨਿਸਟਾਂ ਦਾ ਪਸੰਦੀਦਾ ਖਿਡੌਣਾ ਬਣ ਗਏ ਸਨ। ਇਹ ਮਿਊਨਿਖ ਕਾਨਫਰੰਸ (1938) ਵਿਚ ਅਮਲ ਵਿਚ ਆਇਆ ਸੀ ਜਦੋਂ ਚੈਕਸਲੋਵਾਕੀਆ ਦਾ ਇਕ ਹਿੱਸਾ ਕੱਟ ਕੇ ਨਾਜ਼ੀ ਜਰਮਨੀ ਦੀ ਝੋਲੀ ਵਿਚ ਪਾ ਦਿੱਤਾ ਗਿਆ ਸੀ। ਵਿੰਸਟਨ ਚਰਚਿਲ ਨੇ ਆਖਿਆ ਸੀ: 'ਬਰਤਾਨੀਆ ਅਤੇ ਫਰਾਂਸ ਨੂੰ ਜੰਗ ਅਤੇ ਬੇਇੱਜ਼ਤੀ 'ਚੋਂ ਕਿਸੇ ਇਕ ਦੀ ਚੋਣ ਕਰਨੀ ਪਵੇਗੀ। ਉਨ੍ਹਾਂ ਨੇ ਬੇਇੱਜ਼ਤੀ ਦੀ ਚੋਣ ਕੀਤੀ ਤੇ ਫਿਰ ਉਨ੍ਹਾਂ ਨੂੰ ਜੰਗ ਲੜਨੀ ਪਵੇਗੀ।' ਇਸ ਕੱਟੜ ਟੋਰੀ (ਕਨਜ਼ਰਵੇਟਿਵ) ਆਗੂ ਦੀ ਭਵਿੱਖਬਾਣੀ ਸੱਚ ਸਾਬਿਤ ਹੋਈ। ਸਾਨੂੰ ਦੱਸਿਆ ਜਾਂਦਾ ਹੈ ਕਿ 'ਅਪੀਜ਼ਮੈਂਟ' (ਤੁਸ਼ਟੀਕਰਨ) ਦਾ ਸ਼ਬਦ 'ਲੰਡਨ ਟਾਈਮਜ਼' ਵਿਚ ਹੈਨਰੀ ਕੇਰ ਦੇ ਖਤ ਵਿਚ ਆਇਆ ਸੀ ਜਿਸ ਨੇ ਸਿਆਸੀ ਤੁਸ਼ਟੀਕਰਨ ਦੀਆਂ ਮਜਬੂਰੀਆਂ 'ਤੇ ਇਤਰਾਜ਼ ਜਤਾਇਆ ਸੀ।




ਅਸੀਂ ਬਹੁਭਾਂਤਾ ਸਮਾਜ ਹਾਂ ਜਿਸ ਵਿਚ ਬਹੁਤ ਸਾਰੇ ਕਬੀਲੇ, ਅਕੀਦੇ, ਪਾਕ ਤੇ ਨਾਪਾਕ ਚੀਜ਼ਾਂ 'ਤੇ ਹੁੰਦੀਆਂ ਲੜਾਈਆਂ ਅਤੇ ਪਖੰਡੀ ਆਗੂ (ਜਿਨ੍ਹਾਂ 'ਚੋਂ ਕੁਝ ਭਾਸ਼ਣਬਾਜ਼ੀ ਕਰਨਾ ਜਾਣਦੇ ਹਨ ਪਰ ਉਨ੍ਹਾਂ ਦੀਆਂ ਨਾਸਾਂ 'ਚੋਂ ਬਦਬੂ ਉੱਠਦੀ ਰਹਿੰਦੀ ਹੈ) ਮੌਜੂਦ ਹਨ। ਫਿਰ ਅਚਨਚੇਤ ਸਿਗਾਰ ਦੇ ਕਸ਼ ਲਾਉਂਦੀ ਕਾਲੀ ਮੰਚ 'ਤੇ ਪ੍ਰਗਟ ਹੁੰਦੀ ਹੈ ਅਤੇ ਹਜ਼ਾਰਾਂ ਲੋਕ ਆਪਣੀਆਂ ਭਾਵਨਾਵਾਂ ਆਹਤ ਹੋਣ ਦਾ ਦਾਅਵਾ ਕਰਦੇ ਹਨ। ਪਤਾ ਨਹੀਂ ਇਹ ਭਾਵਨਾਵਾਂ ਉਦੋਂ ਕਿੱਥੇ ਚਲੀਆਂ ਜਾਂਦੀਆਂ ਹਨ ਜਦੋਂ ਉਹ ਦੂਜੇ ਧਰਮਾਂ ਦੇ ਲੋਕਾਂ ਦੀ ਕੁੱਟਮਾਰ ਕਰਦੇ ਹਨ।

ਸਮੂਹਾਂ ਦੀਆਂ ਪਛਾਣਾਂ ਬਹੁਤ ਮਜ਼ਬੂਤ ਹੁੰਦੀਆਂ ਹਨ ਅਤੇ ਇਹ ਛੇਤੀ ਕੀਤਿਆਂ ਨਹੀਂ ਮਿਟਦੀਆਂ। ਵੱਖੋ-ਵੱਖਰੇ ਧਰਮਾਂ, ਭਾਸ਼ਾਵਾਂ, ਦੇਵਤਿਆਂ ਤੇ ਵਿਸ਼ਵਾਸਾਂ ਦੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਇਕੱਠਿਆਂ ਰੱਖਣ ਲਈ ਕੇਂਦਰਵਾਦੀ ਸ਼ਾਸਨ ਪ੍ਰਣਾਲੀ ਵਧੀਆ ਸਾਬਿਤ ਨਹੀਂ ਹੁੰਦੀ। ਕੀ ਹਿੰਦੀ, ਹਿੰਦੂ ਤੇ ਹਿੰਦੋਸਤਾਨ ਦਾ ਨਾਅਰਾ ਸਾਡੀਆਂ ਸਮੱਸਿਆਵਾਂ ਦਾ ਸਹੀ ਹੱਲ ਪੇਸ਼ ਕਰਦਾ ਹੈ? ਕੀ ਭਾਰਤੀ ਸ਼ਾਸਨ ਪ੍ਰਬੰਧ ਗਲਤ ਪਟੇ 'ਤੇ ਚੜ੍ਹ ਗਿਆ ਹੈ? ਇਹ ਪ੍ਰੋਟੈਸਟਵਾਦ ਸੀ ਜਿਸ ਨੇ ਯੂਰਪ ਵਿਚ ਚਰਚ ਤੋਂ ਕਿਨਾਰਾ ਕਰ ਕੇ ਧਰਮਨਿਰਲੇਪਤਾ ਅਤੇ ਆਧੁਨਿਕੀਕਰਨ ਦਾ ਮਾਰਗ ਪੱਧਰਾ ਕੀਤਾ ਸੀ। ਮਾਰਟਿਨ ਲੂਥਰ ਨੇ ਬਹੁਤ ਹੀ ਟਿਕਾ ਕੇ ਵਿਟਨਬਰਗ ਦੇ ਚਰਚ 'ਤੇ ਪਚੰਨਵੇਂ ਲੇਖ ਲਿਖ ਕੇ ਇਸਾਈਅਤ ਦੇ ਭਵਿੱਖ 'ਤੇ ਦੂਰਰਸੀ ਪ੍ਰਭਾਵ ਪਾਇਆ ਸੀ। ਹੌਲੀ-ਹੌਲੀ ਇਹ ਤੈਅ ਹੋ ਗਿਆ ਕਿ ਚਰਚ ਨੂੰ ਸਟੇਟ/ਰਾਜ ਤੋਂ ਦੋਇਮ ਦਰਜੇ ਦੀ ਭੂਮਿਕਾ ਅਪਣਾਉਣੀ ਪਵੇਗੀ। ਇਸ ਸਬੰਧ ਵਿਚ ਨੀਰਾ ਚੰਢੋਕ ਨੇ ਲਿਖਿਆ ਹੈ: 'ਜੇ ਧਰਮਨਿਰਲੇਪਤਾ ਲਈ ਕਿਸੇ ਤਰਤੀਬਬੱਧ ਅਗਾਊਂ ਸ਼ਰਤ ਦੀ ਲੋੜ ਹੈ ਤਾਂ ਉਹ ਇਹ ਹੈ ਕਿ ਚਰਚ ਦੀ ਸ਼ਕਤੀ ਘਟਾਈ ਜਾਵੇ ਅਤੇ ਸੀਮਤ ਕੀਤੀ ਜਾਵੇ।' ਯੂਰਪ ਵਿਚ ਹੁਣ ਸਟੇਟ ਬਨਾਮ ਚਰਚ ਦਾ ਮੁੱਦਾ ਗੌਣ ਹੋ ਗਿਆ ਹੈ। ਪਾਦਰੀ ਅਤੇ ਪੋਪ ਸਿਆਸਤ ਤੋਂ ਦੂਰ ਰਹਿੰਦੇ ਹਨ। ਪਿਛਲੇ ਅੱਠ ਕੁ ਸਾਲਾਂ ਤੋਂ ਭਾਰਤ ਵਿਚ ਸਾਡੇ ਆਗੂ ਆਪਣੀਆਂ ਧਾਰਮਿਕ ਯਾਤਰਾਵਾਂ ਨੂੰ ਕੁਝ ਜ਼ਿਆਦਾ ਹੀ ਅਹਿਮੀਅਤ ਦੇਣ ਲੱਗ ਪਏ ਹਨ, ਕੋਈ ਕੇਦਾਰਨਾਥ ਨੇੜੇ ਕਿਸੇ ਗੁਫਾ ਵਿਚ ਬਹਿ ਕੇ ਧਿਆਨ ਮਗਨ ਹੁੰਦਾ ਹੈ, ਕਦੇ ਵਾਰਾਣਸੀ ਦੇ ਕਿਸੇ ਮੰਦਰ ਦਾ ਰਾਹ ਸਾਫ ਕਰਵਾਇਆ ਜਾਂਦਾ ਹੈ ਅਤੇ ਇਹ ਸਭ ਕੁਝ ਘੰਟਿਆਂਬੱਧੀ ਟੈਲੀਵਿਜ਼ਨ 'ਤੇ ਦਿਖਾਇਆ ਜਾਂਦਾ ਹੈ। ਸਟੇਟ ਆਪਣੇ ਝੁਕਾਅ 'ਚ ਕੋਈ ਲੁਕੋ ਨਹੀਂ ਵਰਤ ਰਿਹਾ। ਨਹੀਂ ਤਾਂ ਸੱਤਾਧਾਰੀ ਪਾਰਟੀ ਦੀ ਕਿਸੇ ਤਰਜ਼ਮਾਨ ਦੀ ਇਸਲਾਮ ਦੇ ਪੈਗੰਬਰ ਖਿਲਾਫ ਅਪਸ਼ਬਦ ਬੋਲਣ ਦੀ ਹਿੰਮਤ ਕਿਵੇਂ ਪੈ ਸਕਦੀ ਹੈ; ਤੇ ਹਾਲੇ ਵੀ ਉਸ ਨੂੰ ਮਹਿਜ਼ ਮੁਅੱਤਲ ਕੀਤਾ ਗਿਆ ਹੈ, ਪਾਰਟੀ ਤੋਂ ਬਰਤਰਫ ਨਹੀਂ ਕੀਤਾ ਗਿਆ।

ਘੱਟਗਿਣਤੀਆਂ ਅਤੇ ਉਨ੍ਹਾਂ ਦੇ ਮਨੋਵਿਗਿਆਨ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ। ਆਗੂਆਂ ਲਈ ਇਹ ਜ਼ਰੂਰੀ ਹੈ ਕਿ ਉਹ ਇਹ ਸਮਝਣ ਕਿ ਕਿਸੇ ਘੱਟਗਿਣਤੀ ਦਾ ਮੈਂਬਰ ਦੁਨੀਆ ਅਤੇ ਆਪਣੀਆਂ ਕਮਜ਼ੋਰੀਆਂ- ਹਕੀਕੀ ਤੇ ਫਰਜ਼ੀ, ਦੋਵਾਂ ਨੂੰ ਕਿਵੇਂ ਦੇਖਦਾ ਹੈ। ਘੱਟਗਿਣਤੀਵਾਦ ਮਨ ਦੀ ਇਕ ਅਵਸਥਾ ਵੀ ਹੈ ਜਿਸ ਦੇ ਹਾਸ਼ੀਏ 'ਤੇ ਪੀੜਤ ਹੋਣ ਦਾ ਅਹਿਸਾਸ ਵਸਦਾ ਹੈ। ਘੱਟਗਿਣਤੀਆਂ ਕੋਈ ਖਾਨਾ ਜਾਂ ਬਰਫ ਦੀਆਂ ਟੁਕੜੀਆਂ ਜਮਾਉਣ ਵਾਲੀ ਟਰੇਅ ਨਹੀਂ ਹੁੰਦੀਆਂ। ਰਾਸ਼ਟਰ ਨਿਰਮਾਣ ਦਾ ਹਰਗਿਜ਼ ਮਤਲਬ ਨਹੀਂ ਹੁੰਦਾ ਕਿ ਘੱਟਗਿਣਤੀ ਅਤੇ ਕਬਾਇਲੀ ਸਰੋਕਾਰਾਂ ਨੂੰ ਅਣਡਿੱਠ ਕੀਤਾ ਜਾਵੇ। ਭਾਰਤੀ ਅਵਾਮ ਇੰਨੇ ਕੁ ਅਕਲਮੰਦ ਹਨ ਕਿ ਇਹ ਕਿਸੇ ਸੰਕੇਤਵਾਦ ਦਾ ਸ਼ਿਕਾਰ ਨਹੀਂ ਹੋਣਗੇ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੇ ਰਾਸ਼ਟਰਪਤੀ ਕਬਾਇਲੀ ਪਿਛੋਕੜ ਤੋਂ ਹਨ। ਸਾਨੂੰ ਆਸ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਦਾ ਸ਼ਾਸਨ ਪ੍ਰਣਾਲੀ 'ਤੇ ਪ੍ਰਭਾਵ ਪਵੇਗਾ।

ਸਾਨੂੰ ਇਸ ਅਹਿਸਾਸ ਦੀ ਲੋੜ ਹੈ ਕਿ ਹਾਸ਼ੀਏ 'ਤੇ ਰਹਿਣ ਵਾਲੇ ਵੀ ਲੋਕ ਹੀ ਹੁੰਦੇ ਹਨ। 15 ਕਰੋੜ ਦੀ ਆਬਾਦੀ ਵਾਲੇ ਮੁਸਲਮਾਨ ਦੁਨੀਆ ਦੀ ਸਭ ਤੋਂ ਵੱਡੀ ਘੱਟਗਿਣਤੀ ਹਨ। ਸੰਸਦ ਵਿਚ ਭਾਜਪਾ ਦੀ ਤਰਫੋਂ ਉਨ੍ਹਾਂ ਦਾ ਇਕ ਵੀ ਮੈਂਬਰ ਨਹੀਂ ਹੈ। ਧਰਮ ਨਿਰਪੇਖਤਾ ਨੂੰ ਵਰਜਿਤ ਸ਼ਬਦ ਬਣਾਉਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ ਹਾਲਾਂਕਿ ਧਰਮਨਿਰਪੇਖਤਾ ਬਹੁਵਾਦ ਦਾ ਹੀ ਸਮਾਨਾਰਥੀ ਸ਼ਬਦ ਹੈ। ਸਾਨੂੰ ਸਮਝਣਾ ਪਵੇਗਾ ਕਿ ਘੱਟਗਿਣਤੀ ਲੋਕ ਕਿਸੇ ਦੇ ਤਰਸ ਦੇ ਪਾਤਰ ਨਹੀਂ ਹਨ ਸਗੋਂ ਉਨ੍ਹਾਂ ਨੂੰ ਇੱਥੇ ਰਹਿਣ ਦਾ ਪੂਰਾ ਦਾ ਹੱਕ ਹੈ।

ਕੀ ਸਾਨੂੰ ਧਾਰਮਿਕ ਸੰਸਥਾਵਾਂ ਤੋਂ ਕੋਈ ਧਰਵਾਸ ਜਾਂ ਸਹਾਰਾ ਮਿਲ ਸਕੇਗਾ? ਧਰਮਨਿਰਪੇਖਤਾਵਾਦ ਸਰਕਾਰੀ ਧਰਮ ਨੂੰ ਪ੍ਰਵਾਨ ਨਹੀਂ ਕਰਦਾ ਅਤੇ ਕਿਸੇ ਖਾਸ ਧਰਮ ਦੇ ਪੈਰੋਕਾਰਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦੀ ਮੁਖਾਲਫਤ ਕਰਦਾ ਹੈ। ਧਾਰਮਿਕ ਸੰਸਥਾਵਾਂ ਦੇ ਸਮੂਹ ਅੰਦਰ ਧਰਮਨਿਰਪੇਖਤਾ ਦੇ ਸਿਧਾਂਤ ਦਾ ਇਕਬਾਲ ਬੁਲੰਦ ਕਰਨਾ ਕੋਈ ਖਾਲਾਜੀ ਦਾ ਵਾੜਾ ਨਹੀਂ ਹੈ ਅਤੇ ਇਸ ਮੁਤੱਲਕ ਨਿਆਂਪਾਲਿਕਾ ਨੂੰ ਮੁਸਤੈਦ ਰਹਿਣ ਦੀ ਲੋੜ ਹੁੰਦੀ ਹੈ। ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿਚ ਭਾਰਤ ਦਾ ਰਿਕਾਰਡ ਬਿਹਤਰ ਸੀ ਤੇ ਉਦੋਂ ਸਾਡਾ ਸਾਹਮਣਾ ਮੁਸਲਿਮ ਰਾਸ਼ਟਰਵਾਦ ਨਾਲ ਸੀ ਜਿਸ ਦਾ ਇਕ ਹੀ ਰਾਜ ਸੀ ਤੇ ਇਕ ਹੀ ਧਰਮ ਸੀ। ਅਸੀਂ ਜਿਨਾਹ ਦਾ ਟਾਕਰਾ ਧਰਮਨਿਰਪੇਖਤਾ ਨਾਲ ਕੀਤਾ ਸੀ, ਨਾ ਕਿ ਅਜਿਹੇ ਸਟੇਟ/ਰਾਜ ਨਾਲ ਜੋ ਹਿੰਦੂਤਵ ਦੇ ਨਾਅਰੇ ਪ੍ਰਤੀ ਵਫਾਦਾਰੀ ਦਿਖਾਉਂਦਾ ਹੋਵੇ।

# ਹਾਕਮ ਜਮਾਤ ਅਤੇ ਆਮ ਲੋਕ

*(ਪਿਛਲੇ ਸਫੇ ਦੀ ਬਾਕੀ)*

ਕਿਸਾਨਾਂ ਤੋਂ ਜਬਰਨ ਤੇ ਜ਼ਿਆਦਾ ਤੋਂ ਜ਼ਿਆਦਾ ਲਗਾਨ ਜਾਂ ਉਤਪਾਦਨ ਦਾ ਜ਼ਿਆਦਾ ਭਾਗ ਵਸੂਲ ਕਰਨਾ ਆਰੰਭ ਕਰ ਦਿੱਤਾ ਸੀ। ਇਸ ਅਤੇ ਇਸ ਵਰਗੇ ਹੋਰ ਅਨੇਕਾਂ ਅਤਿਆਚਾਰਾਂ ਵਿਰੁੱਧ ਛੋਟੀਆਂ-ਛੋਟੀਆਂ ਬਗ਼ਾਵਤਾਂ ਵੀ ਹੋਈਆਂ। ਨਿਮਨ ਵਰਗ, ਵਿਸ਼ੇਸ਼ ਕਰਕੇ ਸ਼ੂਦਰ ਅਤੇ ਕਿਤੇ-ਕਿਤੇ ਵੈਸ਼ ਨੇ ਆਪੋ-ਆਪਣੇ 'ਧਰਮਾਂ', ਭਾਵ ਸ਼ਾਸਤਰਾਂ 'ਚ ਲਿਖੇ ਗਏ ਕਰਮਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸੰਕਟ ਦੇ ਨਿਵਾਰਨ ਲਈ ਸਮਕਾਲੀਨ ਸ਼ਾਸਤਰਾਂ ਵਿਚ ਦੋ ਉਪਾਅ ਸੁਝਾਏ ਗਏ। ਇੱਕ ਸੀ ਸਖਤ ਦੰਡ ਦਾ ਪ੍ਰਯੋਗ ਅਤੇ ਦੂਸਰਾ 'ਧਰਮ' ਦੀ ਪੁਨਰ-ਪ੍ਰਤਿਸ਼ਠਾ। ਸ਼ਾਸਤਰਾਂ 'ਚ ਇਸ ਤਰ੍ਹਾਂ ਦੇ ਦੰਡ ਦਾ ਭਰਪੂਰ ਗੁਣ-ਗਾਣ ਕੀਤਾ ਗਿਆ ਹੈ।

---

### ਮਹਾਤਮਾ ਬੁੱਧ ਦੀ ਭੂਮਿਕਾ

ਆਮ ਕਰਕੇ ਅਸੀਂ ਮਹਾਤਮਾ ਬੁੱਧ ਜਾਂ ਉਸ ਦੇ ਉਪਦੇਸ਼ਾਂ ਨੂੰ ਅਹਿੰਸਾ ਅਤੇ ਪ੍ਰਾਚੀਨ ਸਮਿਆਂ ਤੋਂ ਚੱਲਦੇ ਆ ਰਹੇ ਬ੍ਰਾਹਮਣਵਾਦ ਦੇ ਟਕਰਾਉ ਜਾਂ ਵਿਰੋਧ ਤੱਕ ਸੀਮਤ ਕਰ ਦਿੰਦੇ ਹਾਂ। ਮਹਾਤਮਾ ਬੁੱਧ ਦੁਆਰਾ ਆਪਣੀਆਂ ਸਭਾਵਾਂ ਵਿਚ ਦਿੱਤੇ ਪ੍ਰਵਚਨਾਂ ਵੱਲ ਧਿਆਨ ਮਾਰਦਿਆਂ ਦੇਖਦੇ ਹਾਂ ਕਿ ਅੱਜ ਤੋਂ 2600 ਸਾਲ ਪਹਿਲਾਂ ਦੇ ਹਿਸਾਬ ਨਾਲ ਉਨ੍ਹਾਂ ਦੇ ਵਿਚਾਰ ਬੇਹੱਦ ਅਸਾਧਾਰਨ, ਅਨੂਠੇ ਅਤੇ ਕ੍ਰਾਂਤੀਕਾਰੀ ਸਨ। ਉਸ ਨੇ ਰਾਜ ਵਿਵਸਥਾ ਦੇ ਪ੍ਰਸੰਗ ਵਿਚ ਉਨ੍ਹਾਂ ਨਿਯਮਾਂ ਦਾ ਪ੍ਰਚਾਰ ਕੀਤਾ ਜਿਸ ਨੂੰ ਅੱਜ ਦੇ ਸ਼ਬਦਾਂ 'ਚ ਰੁਕ ਕਲਿਆਣਕਾਰੀ ਅਰਥਚਾਰਾ, ਕਲਿਆਣਕਾਰੀ ਰਾਜ ਆਮ ਲੋਕਾਂ ਦੀ ਭਲਾਈ ਅਤੇ ਪ੍ਰਗਤੀ ਲਈ ਅਰਥ ਪ੍ਰਬੰਧ, ਰਾਜ ਪ੍ਰਬੰਧ ਕਿਹਾ ਜਾ ਸਕਦਾ ਹੈ। ਉਸ ਨੇ ਸਭ ਤੋਂ ਵੱਧ ਤਰਜੀਹ ਪੈਦਾਵਾਰ ਕਰਨ ਵਾਲੇ ਕਿਸਾਨਾਂ ਨੂੰ ਦਿੱਤੀ ਜਿਨ੍ਹਾਂ ਨੂੰ ਪਾਲੀ ਭਾਸ਼ਾ ਵਿਚ 'ਗ੍ਰਹਿਪਤੀ' ਆਖਿਆ ਗਿਆ ਹੈ। ਉਸ ਨੇ ਆਖਿਆ ਕਿ ਹਕੂਮਤ ਦੇ ਜਾਂ ਹਕੂਮਤ ਨਾਲ ਜੁੜੇ ਹੋਏ ਹਰ ਅਫਸਰ, ਪੂੰਜੀਪਤੀ ਦੇ ਮੁਲਾਜ਼ਮਾਂ ਨੂੰ ਵਾਜਬ ਵੇਤਨ ਪ੍ਰਾਪਤ ਹੋਵੇ, ਉਸ ਦੇ ਦਵਾ ਦਾਰੂ ਦਾ ਪ੍ਰਬੰਧ ਹੋਵੇ, ਇੱਥੋਂ ਤੱਕ ਕਿ ਉਸ ਨੂੰ ਆਪਣੇ ਕੰਮ ਤੋਂ ਛੁੱਟੀਆਂ ਵੀ ਮਿਲਣ। ਪੁਰਾਣੇ ਸਮਿਆਂ 'ਚ ਸਾਰੀ ਜ਼ਮੀਨ ਦਾ ਮਾਲਕ ਰਾਜਾ ਨੂੰ ਮੰਨਿਆ ਜਾਂਦਾ ਸੀ। ਹਲ ਵਾਹ ਕੇ ਉਪਜ ਪੈਦਾ ਕਰਨ ਵਾਲੇ ਆਪਣਾ ਢਿੱਡ ਭਰਨ ਲਈ ਥੋੜ੍ਹਾ ਜਿਹਾ ਆਨਾਜ ਰੱਖ ਕੇ ਬਾਕੀ ਦਾ ਸਾਰਾ ਹਕੂਮਤ ਜਾਂ ਹਕੂਮਤ ਦੇ ਸਾਮੰਤਾਂ ਨੂੰ ਲਗਾਨ ਰੂਪ 'ਚ ਦੇ ਦੇਣ ਦੇ ਪਾਬੰਦ ਸਨ।

ਇਨ੍ਹਾਂ ਆਤਮ-ਕੇਂਦਰਤ, ਮਹੱਤਵਾਕਾਂਖੀ ਵਰਗ ਦੀ ਗੱਲ ਕਰਦਿਆਂ ਅੰਬੇਦਕਰ ਨੇ ਮਹਾਤਮਾ ਬੁੱਧ ਅਤੇ ਕਾਰਲ ਮਾਰਕਸ ਦੇ ਕਾਂਡ 'ਚ ਬੁੱਧ ਦੇ ਇਸ ਭਲਾਈ ਰਾਜ (ਵੈਲਫੇਅਰ ਸਟੇਟ) ਬਾਰੇ ਚਰਚਾ ਕਰਦਿਆਂ ਆਖਿਆ ਹੈ ਕਿ ਨੈਤਿਕ ਨਿਯਮ ਜਿਵੇਂ ਆਮ ਲੋਕਾਂ ਲਈ ਜ਼ਰੂਰੀ ਹਨ, ਓਨੇ ਹੀ ਸੱਤਾਧਾਰੀ ਵਰਗ, ਹਕੂਮਤ ਲਈ ਵੀ ਪਰ ਅੱਜ ਦੇ ਸਮੇਂ ਹੋ ਇਸ ਦੇ ਉਲਟ ਰਿਹਾ ਹੈ। ਆਮ ਲੋਕਾਂ ਨੂੰ ਸੰਵਿਧਾਨ, ਕਾਨੂੰਨ ਦੇ ਦਾਇਰੇ 'ਚ ਰਹਿਣ ਲਈ ਕਿਹਾ ਜਾਂਦਾ ਹੈ ਅਤੇ ਆਪ ਇਹ ਲੋਕ ਸਦਾਚਾਰ, ਨੈਤਿਕਤਾ ਦੇ ਸਾਰੇ ਨਿਯਮਾਂ ਨੂੰ ਤੋੜਦਿਆਂ-ਮਰੋੜਦਿਆਂ ਲੁੱਟ-ਮਾਰ ਕਰਦੇ ਅਤੇ ਆਪਣੇ ਖਜ਼ਾਨੇ ਭਰਦੇ ਹਨ।

ਬਹੁਤ ਸਾਰੇ ਇਤਿਹਾਸਕਾਰ ਗੁਪਤ ਕਾਲ ਨੂੰ (ਚੌਥੀ ਪੰਜਵੀਂ ਸਦੀ ਤੋਂ ਛੇਵੀਂ ਸੱਤਵੀਂ ਸਦੀ) ਸਵਰਨ ਕਾਲ ਦੀ ਸੰਗਿਆ ਦਿੰਦੇ ਹਨ। ਉਨ੍ਹਾਂ ਨੂੰ ਇਹ ਦਿਸਦਾ ਹੈ ਕਿ ਕਾਲੀਦਾਸ, ਭਾਸ ਵਰਗੇ ਅਨੇਕਾਂ ਨਾਟਕਕਾਰ, ਕਵੀ ਇਸ ਕਾਲ 'ਚ ਪੈਦਾ ਹੋਏ; ਨ੍ਰਿਤ ਅਤੇ ਗਾਇਨ ਦੇ ਖੇਤਰ 'ਚ ਤਰੱਕੀ ਹੋਈ ਅਤੇ ਸ਼ਾਨਦਾਰ ਮੰਦਰਾਂ ਦਾ ਨਿਰਮਾਣ ਹੋਇਆ। ਮੂਰਤੀ ਕਲਾ ਨੇ ਉਚਾਈਆਂ ਛੋਹੀਆਂ। ਇਸ ਸਭ 'ਤੇ ਹਰ ਭਾਰਤੀ ਨੂੰ ਮਾਣ ਅਨੁਭਵ ਹੋ ਸਕਦਾ ਹੈ ਪਰ ਇਸ ਤਸਵੀਰ ਦਾ ਦੂਜਾ ਪਾਸਾ ਵੀ ਹੈ? ਉਪਰਲੇ ਵਰਗ ਅਤੇ ਨਿਮਨ ਜਾਤੀਆਂ ਵਿਚਕਾਰ ਕਿੰਨੀ ਅਸਮਾਨਤਾ ਸੀ? ਇਸ ਪਾਸੇ ਅਸੀਂ ਧਿਆਨ ਨਹੀਂ ਦਿੰਦੇ।

ਮਹਾਤਮਾ ਬੁੱਧ ਤੋਂ ਬਾਅਦ ਦੇ ਰਾਜਿਆਂ, ਸੱਤਾਧਾਰੀ ਵਰਗ 'ਚ ਕੁਝ ਤਬਦੀਲੀਆਂ ਆਉਣੀਆਂ ਸ਼ੁਰੂ ਹੋਈਆਂ ਅਤੇ ਉਨ੍ਹਾਂ ਆਮ ਲੋਕਾਂ/ਪਰਜਾ ਦੀ ਭਲਾਈ ਵੱਲ ਥੋੜ੍ਹਾ ਬਹੁਤ ਧਿਆਨ ਦੇਣਾ ਸ਼ੁਰੂ ਕੀਤਾ। ਇਸ ਦੀ ਸਭ ਤੋਂ ਮਹੱਤਵਪੂਰਨ ਉਦਾਹਰਨ ਮਹਾਤਮਾ ਬੁੱਧ ਦੀ ਮ੍ਰਿਤੂ ਦੇ ਤਿੰਨ ਕੁ ਸੌ ਸਾਲ ਬਾਅਦ ਸਮਰਾਟ ਅਸ਼ੋਕ ਦੇ ਰਾਜ ਸਮੇਂ ਦੇਖੀ ਜਾ ਸਕਦੀ ਹੈ।

---

### ਪੰਜਾਬ ਅਤੇ ਅੱਜ ਦੇ ਪ੍ਰਸੰਗ

ਨੇੜਲੇ ਸਮੇਂ ਅਤੇ ਪੰਜਾਬ ਦੇ ਪ੍ਰਸੰਗ 'ਚ ਪਹਿਲਾਂ ਤਾਂ ਇਹ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਨਾਲ ਗੱਦਾਰੀਆਂ ਦੀਆਂ ਜੋ ਵੀ ਉਦਾਹਰਨਾਂ ਮਿਲਦੀਆਂ ਹਨ, ਉਨ੍ਹਾਂ 'ਚ ਅਸੀਂ ਸੱਤਾ ਨਾਲ ਜੁੜੇ ਹੋਏ ਲੋਕਾਂ ਨੂੰ ਹੀ ਦੇਖਦੇ ਹਾਂ। ਆਮ ਸਿੱਖ ਸਿਪਾਹੀ ਬਹਾਦਰੀ ਨਾਲ ਲੜਦਾ ਮਰਦਾ ਰਿਹਾ ਅਤੇ ਉਪਰਲਾ ਵਰਗ ਗੱਦਾਰੀਆਂ ਕਰਦਾ ਰਿਹਾ। ਜਿਨ੍ਹਾਂ-ਜਿਨ੍ਹਾਂ ਪਰਿਵਾਰਾਂ, ਤਥਾਕਥਿਤ ਪਤਵੰਤਿਆਂ ਨੇ ਫਿਰੰਗੀਆਂ ਦੁਆਰਾ ਸਿੱਖ ਰਾਜ ਨੂੰ ਖਤਮ ਕਰਨ ਅਤੇ ਉਸ ਤੋਂ ਬਾਅਦ 1857 ਦੇ ਸੁਤੰਤਰਤਾ ਸੰਗਰਾਮ ਵਿਚ ਫਿਰੰਗੀਆਂ ਦੀ ਜਾਨ ਅਤੇ ਮਾਲ ਨਾਲ ਸਹਾਇਤਾ ਕੀਤੀ, ਉਨ੍ਹਾਂ ਨੂੰ ਸਰਦਾਰ ਬਹਾਦੁਰ, ਖਾਨ ਬਹਾਦੁਰ ਅਤੇ ਰਾਏ ਬਹਾਦੁਰ ਵਰਗੇ ਖਿਤਾਬ ਪ੍ਰਾਪਤ ਹੋਏ।

ਸੱਤਾ ਦੀਆਂ ਵੀ ਅਜੋਕੇ ਸਮੇਂ 'ਚ ਕਈ ਸਟੇਜਾਂ, ਕਈ ਗੜ੍ਹ ਹਨ ਜਿਨ੍ਹਾਂ ਨੂੰ ਅਸੀਂ ਮੋਟੇ ਤੌਰ 'ਤੇ ਕੁਰਸੀਆਂ (ਜਾਂ ਪਦਵੀਆਂ) ਦਾ ਨਾਮ ਦੇ ਸਕਦੇ ਹਾਂ। ਸਿੱਧੇ ਤੌਰ 'ਤੇ ਹਕੂਮਤ ਨਾਲ ਨਾਂ ਜੁੜਿਆ ਹੋਇਆ ਵੀ ਇਹ ਛੋਟੇ ਪੱਧਰ 'ਤੇ ਸੱਤਾ ਦੇ ਕੇਂਦਰ ਪਹੁੰਚੇ ਹਨ। ਪਾਠਕ ਆਪਣੇ ਅਨੁਭਵ ਅਤੇ ਸਮਝ ਅਨੁਸਾਰ ਇਸ ਭ੍ਰਿਸ਼ਟ ਸ਼੍ਰੇਣੀ 'ਚ ਅਨੇਕਾਂ ਨਾਮ ਜੋੜ ਸਕਦੇ ਹਨ; ਜਿਵੇਂ ਗਾਲਿਬ ਕਹਿ ਗਿਆ ਹੈ:

ਦੁਨੀਆ ਮੇਂ ਬੇਵਕੂਫੋਂ ਕੀ ਕਮੀ ਨਹੀਂ ਗਾਲਿਬ
ਏਕ ਢੂੰਡੋ ਤੋ ਹਜ਼ਾਰ ਮਿਲਤੇ ਹੈਂ।

ਇਤਿਹਾਸਕਾਰਾਂ ਦੀ ਮਾਨਸਿਕਤਾ ਵੀ ਹਾਕਮਾਂ ਦੀ ਜਮਾਤ ਤੋਂ ਵੱਖਰੀ ਨਹੀਂ ਹੁੰਦੀ। ਇਸੇ ਲਈ ਉਹ ਸਿਕੰਦਰ ਅਤੇ ਅਕਬਰ ਵਰਗੇ ਬਾਦਸ਼ਾਹ ਨੂੰ ਹੀ ਮਹਾਨ ਗਿਣਦੇ ਹਨ। ਇਨ੍ਹਾਂ ਦੇ ਵਿਚਾਰ ਅਨੁਸਾਰ ਉਹੀ ਮਹਾਨ ਬਾਦਸ਼ਾਹ ਜਿਸ ਨੇ ਬਹੁਤ ਲੜਾਈਆਂ ਲੜੀਆਂ ਅਤੇ ਧਰਤੀ ਦਾ ਬਹੁਤ ਵੱਡਾ ਭਾਗ ਆਪਣੇ ਅਧੀਨ ਕੀਤਾ। ਹਿੰਦੁਸਤਾਨ ਦੇ ਮਹਾਰਾਜਿਆਂ, ਬਾਦਸ਼ਾਹਾਂ 'ਚੋਂ ਸਮਰਾਟ ਅਸ਼ੋਕ ਤੋਂ ਇਲਾਵਾ ਅਫਗਾਨ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਹੀ ਐਸਾ ਬਾਦਸ਼ਾਹ ਸੀ ਜਿਸ ਨੇ ਆਮ ਲੋਕਾਂ ਦੀ ਭਲਾਈ ਅਤੇ ਇਨਸਾਫ ਨੂੰ ਆਪਣੀ ਹਕੂਮਤ ਦਾ ਮਕਸਦ ਬਣਾਇਆ। ਬਾਕੀਆਂ ਦਾ ਸਾਰਾ ਜ਼ੋਰ ਮੰਦਿਰ, ਮਸਜਿਦਾਂ ਜਾਂ ਆਲੀਸ਼ਾਨ ਮਕਬਰੇ, ਮਾਹੌਲ ਬਣਾਉਣ, ਆਪਣੇ ਰਾਜ ਦਾ ਵਿਸਤਾਰ ਕਰਨ ਅਤੇ ਲੜਾਈਆਂ ਲੜਨ ਵੱਲ ਹੀ ਹੁੰਦਾ ਆਇਆ ਹੈ।

ਸ਼ਾਸਕ ਜਾਂ ਸੱਤਾਧਾਰੀ ਵਰਗ ਦੇ ਹਿੰਦੂ, ਮੁਸਲਮਾਨ ਜਾਂ ਸਿੱਖ ਹੁਣ ਨਾਲ ਕੋਈ ਫਰਕ ਨਹੀਂ ਪੈਂਦਾ। ਇਸ ਨਾਲ ਆਮ ਲੋਕਾਂ ਦੇ ਜੀਵਨ 'ਚ ਕੋਈ ਸਕਾਰਾਤਮਕ ਅੰਤਰ ਨਹੀਂ ਆਉਂਦਾ। ਆਮ ਲੋਕ ਉਸੇ ਤਰ੍ਹਾਂ ਉਪਰਲੇ ਵਰਗ ਦੁਆਰਾ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ ਅਤੇ ਰਹਿਣਗੇ।

ਹਾਕਮਾਂ ਦੇ ਉਪਰਲੇ ਵਰਗ ਅਧੀਨ ਕੰਮ ਕਰਨ ਵਾਲਾ ਵਰਗ (ਭਾਵ ਹਰ ਸਰਕਾਰੀ ਅਦਾਰਾ) ਆਪੋ-ਆਪਣੇ ਢੰਗ ਨਾਲ ਉਪਰਲੇ ਵਰਗ ਦੀ ਹੀ ਨਕਲ ਕਰਦਾ ਹੈ। ਅਜੋਕੇ ਸਮੇਂ ਅਤੇ ਹਾਲਾਤ ਵੱਲ ਨਜ਼ਰ ਮਾਰਦਿਆਂ ਦੇਖਦੇ ਹਾਂ ਕਿ ਜ਼ਿੰਦਗੀ 'ਚ ਤਰੱਕੀ ਕਰਨ ਦੇ ਰਸਤੇ, ਸਰਕਾਰੀ, ਗੈਰ-ਸਰਕਾਰੀ ਨੌਕਰੀਆਂ ਹਾਸਲ ਕਰਨ ਦੀ ਸੰਭਾਵਨਾ ਰੱਖਣ ਵਾਲੀ ਪੂਰੀ ਦੀ ਪੂਰੀ ਜਮਾਤ ਉੱਪਰਲੇ ਵਰਗ ਦੀ ਹੈ। ਇਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਜਾਂ ਮਹਿੰਗੇ ਸਕੂਲਾਂ/ਕਾਲਜਾਂ 'ਚ ਭੇਜ ਕੇ ਸਿੱਖਿਆ ਗ੍ਰਹਿਣ ਕਰਵਾਉਂਦੇ ਹਨ। ਫਿਰ ਇਹੀ ਪੀੜ੍ਹੀ ਕਾਰਪੋਰੇਟਾਂ, ਪ੍ਰਾਈਵੇਟ ਕੰਪਨੀਆਂ ਅਤੇ ਉੱਚੇ ਸਰਕਾਰੀ ਅਹੁਦਿਆਂ ਨੂੰ ਹੜੱਪ ਕਰਦੀ ਹੈ। ਅਮੀਰ ਵਰਗ ਹੋਰ ਅਮੀਰ ਅਤੇ ਹੇਠਲਾ ਵਰਗ ਹੋਰ ਥੱਲੇ ਵੱਲ ਰੁੜ੍ਹਦਾ ਜਾਂਦਾ ਹੈ।

ਪੁਰਾਣੇ ਸਮਿਆਂ 'ਚ ਸ਼ਾਸਕ ਵਰਗ ਧਰਮ, ਧਾਰਮਿਕ ਸ਼ਾਸਤਰਾਂ ਨੂੰ ਆਪਣੇ ਸੁਆਰਥ ਦੀ ਪੂਰਤੀ ਲਈ ਵਰਤਦਾ ਸੀ। ਹੁਣ ਇਹੀ ਕੰਮ ਸਾਡੀਆਂ ਅਖਬਾਰਾਂ, ਟੀ.ਵੀ. ਚੈਨਲਾਂ ਕਰ ਰਹੇ ਹਨ। ਆਮ ਲੋਕਾਂ ਤੱਕ ਉਹੀ ਖਬਰਾਂ ਪਹੁੰਚਦੀਆਂ ਹਨ ਜੋ ਉਪਰਲਾ ਵਰਗ ਚਾਹੁੰਦਾ ਹੈ। ਪਾਰਟੀ ਚਾਹੇ ਕੋਈ ਵੀ ਹੋਵੇ, ਉਸ ਨਾਲ ਕੋਈ ਫਰਕ ਨਹੀਂ ਪੈਂਦਾ। ਪਾਰਟੀਆਂ ਨੂੰ ਮਾਇਕ ਸਹਾਇਤਾ ਦੇਣ ਵਾਲੇ ਵੀ ਇਹੀ ਹਨ। ਮੰਤਰੀ ਇਨ੍ਹਾਂ ਤੋਂ ਰਿਸ਼ਵਤ ਲੈ ਕੇ ਗਰੀਬਾਂ ਕੋਲੋਂ ਜ਼ਮੀਨਾਂ ਖੋਂਹਦੇ ਅਤੇ ਇਨ੍ਹਾਂ ਨੂੰ ਦਿੰਦੇ ਹਨ।

ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਵੱਡਾ ਜਾਂ ਮਹਾਨ ਕਹਾਏ ਜਾਣ ਵਾਲਾ ਸ਼ਖਸ ਵੀ ਵਧੀਆ ਇਨਸਾਨ ਹੋ ਸਕਦਾ ਹੈ, ਬਸ਼ਰਤੇ ਉਸ ਦੇ ਮਨ 'ਚ ਆਮ ਲੋਕਾਂ ਲਈ ਸੁਹਿਰਦਤਾ ਹੋਵੇ, ਦਰਦਮੰਦੀ ਹੋਵੇ। ਉਹ ਪ੍ਰਾਪਤ ਹੋਈ ਸੱਤਾ ਨੂੰ ਸਿਰਫ ਆਪਣੀ ਸੱਤਾ ਕਾਇਮ ਰੱਖਣ ਜਾਂ ਨਿੱਜੀ ਲਾਭ ਲਈ ਹੀ ਨਾ ਵਰਤਦਾ ਹੋਵੇ। ਉਹ ਇਹ ਵੀ ਮਹਿਸੂਸ ਕਰਦਾ ਹੋਵੇ ਕਿ ਪਰਮਾਤਮਾ ਨੇ ਉਸ ਨੂੰ ਇਹ ਰਾਜਸੀ ਜਾਂ ਧਾਰਮਿਕ ਪਦਵੀ, ਕੁਰਸੀ ਜਾਂ ਧਨ ਇਸ ਲਈ ਦਿੱਤਾ ਹੈ ਕਿ ਉਹ ਇਸ ਦੀ 'ਜਾਇਜ਼' ਵਰਤੋਂ ਕਰੇ। ਇਸ 'ਜਾਇਜ਼' ਵਰਤੋਂ ਵਿਚ ਜੇ ਆਮ ਲੋਕ, ਮਿਹਨਤਕਸ਼ ਵਰਗ ਸ਼ਾਮਲ ਨਹੀਂ ਹਨ ਤਾਂ ਉਸ ਨੂੰ ਜਾਇਜ਼ ਵਰਤੋਂ ਨਹੀਂ ਕਿਹਾ ਜਾ ਸਕਦਾ।

# ਸਾਈਂ ਜ਼ਹੂਰ ਦੇ ਸੰਗੀਤ ਸਫਰ ਦੀ ਕਹਾਣੀ

ਕਲਾ ਪਰਿਕਰਮਾ



ਪਾਕਿਸਤਾਨ ਦੇ ਉਘੇ ਅਤੇ ਅਵਾਮੀ ਫਨਕਾਰ ਸਾਈਂ ਜ਼ਹੂਰ ਪਿਛਲੇ ਦਿਨੀਂ ਇੰਗਲੈਂਡ ਗਏ ਤਾਂ ਉਥੇ ਉਨ੍ਹਾਂ ਦੀ ਤਬੀਅਤ ਕੁਝ ਕੁ ਢਿੱਲੀ ਹੋ ਗਈ। ਸੋਸ਼ਲ ਮੀਡੀਆ ਦੀ ਵਧੀਕੀ ਦੇਖੋ ਕਿ ਉਸ ਦੀ ਮੌਤ ਬਾਰੇ ਐਲਾਨ ਕਰ ਦਿੱਤਾ ਗਿਆ। ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸੋਸ਼ਲ ਮੀਡੀਆ ਦੀ ਇਹ ਬਹੁਤ ਵੱਡੀ ਘਾਟ ਹੈ ਜੋ ਵਾਰ-ਵਾਰ ਉਜਾਗਰ ਤਾਂ ਹੁੰਦੀ ਹੈ ਪਰ ਇਸ ਵੱਲ ਨਾ ਤਾਂ ਕੋਈ ਧਿਆਨ ਦਿੰਦਾ ਹੈ ਅਤੇ ਨਾ ਹੀ ਇਸ ਬਾਰੇ ਕਿਸੇ ਨੂੰ ਕੋਈ ਫਿਕਰ ਜਾਪਦਾ ਹੈ। ਸੋਸ਼ਲ ਮੀਡੀਆ ਵਰਤਣ ਵਾਲੇ ਬਿਨਾ ਕਿਸੇ ਖਬਰ ਜਾਂ ਗੱਲ ਦੀ ਪੁਸ਼ਟੀ ਕੀਤਿਆਂ ਇਸ ਨੂੰ ਅਗਾਂਹ ਤੋਂ ਅਗਾਂਹ ਸ਼ੇਅਰ ਕਰਨੀ ਸ਼ੁਰੂ ਕਰ ਦਿੰਦੇ ਹਨ। ਸੋਸ਼ਲ ਮੀਡੀਆ ਉਤੇ ਉਂਝ ਤਾਂ ਇਕ ਦੂਜੇ ਖਿਲਾਫ ਬਹੁਤ ਸਾਰੀਆਂ ਸ਼ਿਕਾਇਤਾਂ ਹੁੰਦੀਆਂ ਰਹਿੰਦੀਆਂ ਹਨ ਪਰ ਇਹ ਸ਼ਿਕਾਇਤ ਕੋਈ ਨਹੀਂ ਕਰਦਾ ਕਿ ਅਜਿਹੀਆਂ ਗਲਤ ਅਤੇ ਫਰਜ਼ੀ ਗੱਲਾਂ ਤੇ ਖਬਰਾਂ ਨੂੰ ਰੋਕਣ ਜਾਂ ਠੱਲ੍ਹਣ ਲਈ ਕੋਈ ਨੀਤੀ ਕਿਉਂ ਨਹੀਂ ਬਣਾਈ ਜਾਂਦੀ।

**ਗੁਰਜੰਟ ਸਿੰਘ**

ਖੈਰ! ਗੱਲ ਪਾਕਿਸਤਾਨੀ ਫਨਕਾਰ ਸਾਈਂ ਜ਼ਹੂਰ ਦੀ ਹੋ ਰਹੀ ਸੀ... ਸਾਈਂ ਜ਼ਹੂਰ ਦਾ ਪੂਰਾ ਨਾਂ ਅਲੀ ਸਾਈਂ ਸ਼ੈਫੂ ਹੈ। ਉਸ ਦਾ ਜਨਮ 1936 ਦਾ ਹੈ। ਉਹ ਪਾਕਿਸਤਾਨ ਦੇ ਸਰਕਰਦਾ ਸੂਫੀ ਗਾਇਕਾਂ ਵਿਚ ਸ਼ੁਮਾਰ ਹੈ। ਉਸ ਨੇ ਆਪਣਾ ਬਹੁਤਾ ਸਮਾਂ ਸੂਫੀ ਸਥਾਨਾਂ/ਦਰਗਾਹਾਂ 'ਤੇ ਗਾਉਂਦਿਆਂ ਬਿਤਾਇਆ ਹੈ। ਹੋਰ ਤਾਂ ਹੋਰ, ਸਾਲ 2006 ਤੱਕ ਉਸ ਨੇ ਆਪਣਾ ਕੋਈ ਗੀਤ ਰਿਕਾਰਡ ਨਹੀਂ ਸੀ ਕਰਵਾਇਆ। ਜਦੋਂ 2006 ਵਿਚ ਬੀ.ਬੀ.ਸੀ. ਨੇ ਉਸ ਨੂੰ ਆਪਣੇ ਸੰਗੀਤ ਇਨਾਮ ਲਈ ਨਾਮਜ਼ਦ ਕੀਤਾ, ਉਦੋਂ ਕਿਤੇ ਜਾ ਕੇ ਕਿਸੇ ਨੂੰ ਉਸ ਦੇ ਗੀਤ ਰਿਕਾਰਡ ਕਰਵਾਉਣ ਦੀ ਸੁਰਤ ਆਈ। ਅਸਲ ਵਿਚ, ਉਹਨੇ ਰਿਕਾਰਡਿੰਗ ਲਈ ਕਿਸੇ ਨੂੰ ਕਿਹਾ ਨਹੀਂ ਸੀ ਅਤੇ ਕਿਸੇ ਨੇ ਉਸ ਤੱਕ ਕਦੀ ਪਹੁੰਚ ਨਹੀਂ ਸੀ ਕੀਤੀ। ਉਂਝ ਵੀ ਉਸ ਦਾ ਆਖਣਾ ਹੈ ਕਿ ਉਹ ਕਿਹੜਾ ਪੈਸੇ ਇਕੱਠੇ ਕਰਨ ਲਈ ਗਾਉਂਦਾ ਹੈ; ਗਾਉਣਾ ਤਾਂ ਉਸ ਦਾ ਇਸ਼ਟ ਹੈ।


ਸਾਈਂ ਜ਼ਹੂਰ ਦਾ ਜਨਮ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਓਕਾੜਾ ਵਿਚ ਹਵੇਲੀ ਲੱਖਾ ਨੇੜੇ ਪੈਂਦੇ ਨਿੱਕੇ ਜਿਹੇ ਪਿੰਡ ਸੁਲੇਮਾਨਕੀ ਵਿਚ ਹੋਇਆ। ਉਸ ਦੇ ਪਰਿਵਾਰ ਦਾ ਪਿਛੋਕੜ ਕਿਸਾਨੀ ਹੈ ਅਤੇ ਉਹ ਆਪਣੇ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਹੈ। ਕਿਹਾ ਜਾਂਦਾ ਹੈ ਕਿ ਉਸ ਨੇ 7 ਸਾਲ ਦੀ ਉਮਰ ਵਿਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਮਗਰੋਂ ਉਸ ਨੇ ਸੂਫੀ ਸਥਾਨਾਂ ਉਤੇ ਗਾਉਣਾ ਆਰੰਭ ਕਰ ਦਿੱਤਾ।

ਸਾਈਂ ਜ਼ਹੂਰ ਭਾਵੇਂ ਨਿਰੋਲ ਅਨਪੜ੍ਹ ਹੈ ਪਰ ਉਸ ਨੇ ਸੰਗੀਤ ਜਗਤ ਨੂੰ ਯਾਦਗਾਰੀ ਗੀਤ ਦਿੱਤੇ ਹਨ। ਉਸ ਨੇ ਬਹੁਤਾ ਕਰਕੇ ਸੂਫੀ ਕਲਾਮ ਹੀ ਗਾਏ। ਇਨ੍ਹਾਂ ਵਿਚ ਬਾਬਾ ਬੁਲ੍ਹੇ ਸ਼ਾਹ, ਮੁਹੰਮਦ ਕਾਦਰੀ, ਸੁਲਤਾਨ ਬਾਹੂ ਆਦਿ ਦੇ ਕਲਾਮ ਸ਼ਾਮਿਲ ਹਨ। ਉਸ ਨੇ ਕੋਕ ਸਟੂਡੀਓ ਲਈ ਵੀ ਕਈ ਗੀਤ ਰਿਕਾਰਡ ਕਰਵਾਏ। ਅਸਲ ਵਿਚ ਸੰਸਾਰ ਭਰ ਵਿਚ ਉਸ ਦੀ ਧੁੰਮ ਇਨ੍ਹਾਂ ਰਿਕਾਰਡਿੰਗਾਂ ਤੋਂ ਹੀ ਪਈ। ਪਹਿਲਾਂ ਉਸ ਦੀ ਮਸ਼ਹੂਰੀ ਅਤੇ ਮਾਨਤਾ ਲੋਕਲ ਪੱਧਰ ਦੀ ਸੀ ਪਰ ਗੀਤ ਰਿਕਾਰਡ ਹੋਣ ਤੋਂ ਬਾਅਦ ਇਹ ਮਸ਼ਹੂਰੀ ਸੰਸਾਰ ਦੇ ਕੋਨੇ-ਕੋਨੇ ਵਿਚ ਹੋਣ ਲੱਗ ਪਈ।


ਸਾਈਂ ਜ਼ਹੂਰ ਦੀ ਵਿਲੱਖਣਤਾ ਉਸ ਦਾ ਤੂੰਬਾ ਵੀ ਹੈ ਜੋ ਉਸ ਨੇ ਰੰਗ-ਬਰੰਗੇ ਡੋਰਿਆਂ ਨਾਲ ਖੂਬ ਸਜਾਇਆ ਹੋਇਆ ਹੈ। ਉਹ ਜਦੋਂ ਵਜਦ ਵਿਚ ਆ ਕੇ ਦਰਗਾਹਾਂ ਉਤੇ ਸੂਫੀ ਕਲਾਮ ਪੇਸ਼ ਕਰਦਾ ਹੈ ਤਾਂ ਉਸ ਦਾ ਤੂੰਬਾ ਮਾਨੋ ਸੱਪ ਵਾਂਗ ਮੇਲ੍ਹਣ ਲੱਗ ਪੈਂਦਾ ਹੈ। ਉਸ ਦੀ ਗਾਇਕੀ ਦਾ ਇਹ ਰੰਗ ਜਿਸ ਕਿਸੇ ਨੇ ਵੀ ਦੇਖਿਆ ਹੈ, ਉਹ ਅਸ਼-ਅਸ਼ ਕਰ ਉਠਦਾ ਹੈ।

ਉਸ ਨੇ ਪਹਿਲੀ ਵਾਰ 1989 ਵਿਚ ਜਦੋਂ 'ਆਲ ਪਾਕਿਸਤਾਨ ਮਿਊਜ਼ਿਕ ਕਾਨਫਰੰਸ' ਵਿਚ ਗਾਇਆ ਤਾਂ ਉਸ ਦੀ ਚਰਚਾ ਸੰਗੀਤ ਦੀ ਗਲੀ-ਗਲੀ ਅੰਦਰ ਹੋਣ ਲੱਗ ਪਈ। ਉਸ ਦਾ ਅੰਦਾਜ਼ ਐਨ ਨਿਰਾਲਾ ਅਤੇ ਨਿਵੇਕਲਾ ਸੀ ਜਿਸ ਨੂੰ ਉਸ ਨੇ ਅੱਜ ਤੱਕ ਬਰਕਰਾਰ ਰੱਖਿਆ ਹੈ। 2006 ਵਿਚ ਸਾਈਂ ਜ਼ਹੂਰ ਦੀ ਐਲਬਮ 'ਆਵਾਜ਼ੇਂ' ਆਈ ਸੀ। ਇਸ ਇਕੋ ਐਲਬਮ ਨਾਲ ਸਾਈਂ ਜ਼ਹੂਰ ਦਾ ਸੰਗੀਤ ਸਫਰ ਬਹੁਤ ਉਚੀ ਪਰਵਾਜ਼ ਭਰ ਗਿਆ। ਫਿਰ 2007 ਵਿਚ ਉਸ ਨੇ ਫਿਲਮ 'ਖੁਦਾ ਕੇ ਲੀਏ' ਲਈ ਗਾਇਆ। 2011 ਵਿਚ ਉਸ ਨੇ ਇਕ ਹੋਰ ਬ੍ਰਿਟਿਸ਼ ਫਿਲਮ 'ਵੈਸਟ ਇਜ਼ ਵੈਸਟ' ਲਈ ਆਪਣੀ ਆਵਾਜ਼ ਦਿੱਤੀ। ਇਹ ਫਿਲਮ ਅਸਲ ਵਿਚ 1999 ਵਿਚ ਆਈ ਫਿਲਮ 'ਈਸਟ ਇਜ਼ ਈਸਟ' ਦਾ ਹੀ ਸੀਕੁਇਲ ਸੀ। ਉਸ ਨੇ ਫਿਲਮ 'ਵੈਸਟ ਇਜ਼ ਵੈਸਟ' ਵਿਚ ਅਦਾਕਾਰੀ ਵੀ ਕੀਤੀ।

ਸਾਈਂ ਜ਼ਹੂਰ ਆਪਣੀ ਕਲਾ ਉਤੇ ਅੱਲ੍ਹਾ ਦੀ ਮਿਹਰ ਹੋਈ ਦੱਸਦਾ ਹੈ। ਉਹ ਦੱਸਦਾ ਹੈ ਕਿ ਉਹ ਅਜੇ ਨਿਆਣਾ ਹੀ ਸੀ ਜਦੋਂ ਦਰਗਾਹਾਂ ਨੇ ਉਸ ਨੂੰ ਆਪਣੇ ਵੱਲ ਖਿਚਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਦਰਗਾਹਾਂ ਉਤੇ ਵੱਜਦੇ ਸੰਗੀਤ ਨੇ ਹੀ ਉਸ ਦੀ ਸੁਰਤਾ ਸੰਗੀਤ ਵਾਲੇ ਪਾਸੇ ਲਾਈ ਅਤੇ ਫਿਰ ਇਕ ਦਿਨ ਉਹ ਆਪ ਇਨ੍ਹਾਂ ਦਰਗਾਹਾਂ ਉਤੇ ਗਾਉਣ ਲੱਗ ਪਿਆ। ਆਪਣੇ ਇਸ ਸੰਗੀਤ ਸਫਰ ਉਤੇ ਉਸ ਨੂੰ ਬੜਾ ਮਾਣ ਹੈ।







*ਲਹਿੰਦੇ ਪੰਜਾਬ ਦੇ ਉਘੇ ਫਨਕਾਰ ਸਾਈਂ ਜ਼ਹੂਰ ਦੇ ਵੱਖ-ਵੱਖ ਅੰਦਾਜ਼।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਸਤੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-551



**ਭੈਣਾਂ ਰ.ਲ ਕੱਢੀ ਜਾਗੋ, ਵਿਆਹ ਵੀਰੇ ਦਾ ਆਇਆ ਏ,**
**ਹਾਰ ਹਮੇਲਾਂ ਕੰਨੀਂ ਬੂੰਦੇ, ਸੂਟ ਫੁਲਕਾਰੀ ਪਾਇਆ ਏ।**
**ਪਿੱਤਲ ਦੀ ਗਾਗਰ ਉੱਤੇ, ਦੀਵਿਆਂ ਝੁਰਮਟ ਪਾਇਆ ਏ,**
**ਮੜ੍ਹਕ ਨਾਲ ਕੱਢ ਕੇ ਜਾਗੋ, ਵਿਰਸੇ ਰੂਪ ਚਮਕਾਇਆ**

### ਕੈਪਸ਼ਨ ਮੁਕਾਬਲਾ-549



ਇਮਤਿਹਾਨ ਵਿਚ ਬੈਠ ਗਈ ਹਾਂ
ਨਿੱਕੀ ਨੂੰ ਮੈਂ ਗੋਦੀ ਪਾ ਕੇ।
ਇਹ ਪੇਪਰ ਹੱਲ ਕਰ ਦੇਵਾਂਗੀ
ਮਿਹਨਤ ਕੀਤੀ ਮਨ ਚਿੱਤ ਲਾ ਕੇ।
ਵਿਚ ਜੀਵਨ ਦੇ ਬੜੀਆਂ ਹੀ ਗੁੰਝ.ਲਾਂ
ਦਮ ਲਵਾਂਗੀ ਸਭ ਸੁਲਝਾ ਕੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਵੱਡੇ ਹੋਣ ਦਾ ਫਰਜ਼ ਪਾਲਦੀ,
ਮਾਂ ਵਾਗੂੰ ਨਿੱਕੀ ਨੂੰ ਸੰਭਾਲਦੀ।
ਬੀਮਾਰੀਆਂ ਨੇ ਮੇਰੇ ਮਾਪਿਆਂ ਨੂੰ ਘੇਰਿਆ,
ਸਾਰੇ ਰਿਸ਼ਤੇਦਾਰਾਂ ਨੇ ਮੂੰਖ ਫੇਰਿਆ।
ਹਿੰਮਤ ਕਰ ਕੇ ਹੰਝੂ ਪੂੰਝ ਲਏ,
ਇਰਾਦਿਆਂ ਨੂੰ ਮੈਂ ਸੁਧਾਰ ਲਿਆ।
ਪੜ੍ਹ ਲਿਖ ਕੇ ਕੁਝ ਬਣ ਵਿਖਾਉਣਾ,
ਮਨ ਵਿਚ ਪੱਕਾ ਧਾਰ ਲਿਆ ਮੈਂ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ***
***ਫੋਨ: 94176-49275***

---

ਬੰਦੇ ਨੂੰ ਮਜਬੂਰ ਕਰ ਦਿੰਦੇ,
ਵਰਤਮਾਨ ਹਾਲਾਤ,
ਛੋਟੀ ਉਮਰੇ ਵੱਡੇ ਜ਼ਿੰਮੇਵਾਰ,
ਬਣਾ ਦਿੰਦੇ ਹਾਲਾਤ
ਕੀ ਮਜਬੂਰੀ ਨਿੱਕੀ ਧੀ ਦੀ,
ਉਸ ਦਾ ਜਾਣੇ ਰੱਬ,
ਗੋਦੀ ਲੈ ਛੋਟੇ ਵੀਰ ਨੂੰ ਪੜ੍ਹੇ,
ਸ਼ਾਬਾਸ਼ ਦਿੰਦੇ ਸਭ।
***-ਸੇਵਾ ਸਿੰਘ ਨੂਰਪੁਰੀ***

---

ਵੱਡੀ ਭੈਣ ਹਮੇਸ਼ਾ
ਮਾਂ ਦਾ ਰੁਤਬਾ ਰੱਖਦੀ
ਮਾਪੇ ਹੋ ਜਾਵਣ ਜੇ ਬਿਮਾਰ ਜਾਂ ਮਸਰੂਫ
ਨਿੱਕੇ ਵੀਰ ਨੂੰ ਘਾਟ ਨਹੀਂ
ਮਹਿਸੂਸ ਹੋਂਵਦੀ
ਰੋਂਦੇ ਕੁਰਲਾਉਂਦੇ ਵੀਰ ਨੂੰ
ਲਾਡ ਲਡਾਉਣਾ
ਸਕੂਲ ਦਾ ਕੰਮ ਵੀ ਚੱਕ ਕੁੱਛੜ
ਪੂਰਾ ਕਰਨਾ।
ਹੈ ਨਹੁੰ ਮਾਸ ਦਾ ਰਿਸ਼ਤਾ
ਜੋ ਕੁਦਰਤੀ ਹੈ ਜੁੜਿਆ ਹੁੰਦਾ।
***-ਦਰਸ਼ਨ ਪਾਲ ਦੋਸਾਂਝ***

# ਵਧ ਰਹੀਆਂ ਮਾਨਸਿਕ ਸਮੱਸਿਆਵਾਂ, ਸਮਾਧਾਨ ਅਤੇ ਬਚਾਓ

**ਬਲਵਿੰਦਰ ਬਰਨਾਲਾ**
**ਫੋਨ: 64740-65019**

ਅੱਜ ਦੇ ਪੂੰਜੀਵਾਦੀ ਦੌਰ ਵਿਚ ਪੈਸੇ ਦੀ ਹੋੜ ਨੇ ਮਨੁੱਖ ਦੀ ਵਪਾਰ ਪ੍ਰਤੀ ਰੁਚੀ ਵਿਚ ਬੇਲੋੜਾ ਵਾਧਾ ਕੀਤਾ ਹੈ। ਸਮਾਜਿਕ ਕਦਰਾਂ-ਕੀਮਤਾਂ ਵਿਚ ਭਾਰੀ ਗਿਰਾਵਟ ਆਈ ਹੈ। ਮਨੁੱਖ ਮਨੁੱਖ ਨੂੰ ਵਸਤੂ ਵਜੋਂ ਵਧੇਰੇ ਵਰਤ ਰਿਹਾ ਹੈ। ਇੱਥੋਂ ਤੱਕ ਕਿ ਨੇੜਲੇ ਖ਼ੂਨ ਦੇ ਰਿਸ਼ਤਿਆਂ ਵਿਚ ਵੀ ਅਸਾਨੀ ਨਾਲ ਵਪਾਰਕ ਰੁਚੀ ਦੇਖੀ ਜਾ ਸਕਦੀ ਹੈ। ਅਸੀਂ ਵਿਦੇਸ਼ੀ ਇਸਦੀ ਤਕਲੀਫ ਬਹੁਤ ਹੀ ਨੇੜਿਓਂ ਵੇਖ ਰਹੇ ਹਾਂ ਜਦ ਆਪਣੀ ਮਾਂ ਧਰਤੀ ਉਪਰਲੀ ਆਪਣੀ ਅਚੱਲ ਜਾਇਦਾਦ 'ਤੇ ਆਪਣੇ ਹੀ ਕਬਜ਼ੇ ਕਰਦੇ ਹਨ ਜਿਨ੍ਹਾਂ ਵਿਚ ਭਰਾ ਭਤੀਜਿਆਂ ਦੀ ਸ਼ਮੂਲੀਅਤ ਆਮ ਦੇਖੀ ਜਾ ਸਕਦੀ ਹੈ। ਨੇੜਲੇ ਸਮਾਜਿਕ ਰਿਸ਼ਤੇ ਵੀ ਲ਼ੋੜ ਦੇ ਰਿਸ਼ਤਿਆਂ ਵਿਚ ਤਬਦੀਲ ਹੋ ਚੁੱਕੇ ਹਨ। ਸਮਾਜ ਵਿਗਿਆਨ ਮਨੁੱਖ ਨੂੰ ਇੱਕ ਸਮਾਜਿਕ ਜੀਵ ਵਜੋਂ ਹੀ ਦੇਖਦਾ ਹੈ। ਇਸ ਅਨੁਸਾਰ ਸਮਾਜ ਤੋਂ ਬਿਨਾ ਮਨੁੱਖ ਦੀ ਹੋਂਦ ਹੀ ਅਸੰਭਵ ਹੈ। ਭਾਵ ਮਨੁੱਖ ਜਿਉਂਦਾ ਹੀ ਨਹੀਂ ਰਹਿ ਸਕਦਾ। ਵਪਾਰਕ ਰੁਚੀ ਉਸਨੂੰ ਸਰਮਾਇਆ ਤਾਂ ਦੇ ਸਕਦੀ ਹੈ ਪਰ ਸਮਾਜਿਕ ਸਤੁੰਸ਼ਟੀ ਨਹੀਂ। ਸਮਾਜਿਕ ਸੰਤੁਸ਼ਟੀ ਰਿਸ਼ਤਿਆਂ ਦੇ ਸੁੱਚੇਪਣ ਵਿਚੋਂ ਹੀ ਮਿਲ ਸਕਦੀ ਹੈ। ਇਸਦੀ ਹੋਂਦ ਹੀ ਸਾਨੂੰ ਬਹੁਤ ਸਾਰੀਆਂ ਮਾਨਸਿਕ ਸਮੱਸਿਆਵਾਂ ਤੋਂ ਮੁਕਤੀ ਦਿਵਾ ਸਕਦੀ ਹੈ। ਮਾਨਿਸਕ ਦਬਾਅ ਦਾ ਇਕ ਹੱਦ ਤੋਂ ਵਧ ਜਾਣਾ ਦਿਮਾਗੀ ਤੰਤੂਆਂ ਦੇ ਉਲਝਣ ਦਾ ਕਾਰਨ ਬਣਦਾ ਹੈ। ਅਸੀਂ ਦੇਖਦੇ ਹਾਂ ਕਿ ਅਖੌਤੀ ਸਮਾਜਿਕ, ਧਾਰਮਿਕ ਅਤੇ ਕਲਿਆਣਕਾਰੀ ਰਾਜਨੀਤਕ ਸੰਸਥਾਵਾਂ ਵੀ ਅਸਲੋਂ ਵਪਾਰਕ ਸੰਸਥਾਵਾਂ ਹੀ ਹਨ। ਮਨੁੱਖ ਆਪਣੀਆਂ ਮਾਨਸਿਕ ਉਲਝਣਾਂ ਦੇ ਹੱਲ ਲਈ ਇਨ੍ਹਾਂ ਦੀ ਸ਼ਰਨ ਲੈਂਦਾ ਹੈ ਅਤੇ ਆਖਰ ਹੱਲ ਦੀ ਤਲਾਸ਼ ਵਿਚ ਹੋਰ ਉਲਝ ਜਾਂਦਾ ਹੈ। ਵਿਗਿਆਨ ਪ੍ਰਤੀ ਮਨੁੱਖ ਦੀ ਉਦਾਸੀਨਤਾ ਅਤੇ ਅੰਧਵਿਸ਼ਵਾਸਾਂ ਪ੍ਰਤੀ ਉਲਾਰਪੁਣਾ ਮਾਨਸਿਕ ਤਵਾਜਣ ਵਿਚ ਅਸਾਵਾਂਪਣ ਪੈਦਾ ਕਰਦਾ ਹੈ।

**ਮਾਨਸਿਕ ਬਿਮਾਰੀ ਕੀ ਹੈ?**

ਕੀ ਮਾਨਸਿਕ ਸਮੱਸਿਆ ਨੂੰ ਮਾਨਸਿਕ ਬਿਮਾਰੀ ਕਿਹਾ ਜਾ ਸਕਦਾ ਹੈ? ਬਿਮਾਰੀ ਅਸਲ ਵਿਚ ਕਿਸੇ ਵਿਸ਼ਾਣੂ, ਕੀਟਾਣੂੰ ਜਾਂ ਉਲੀ (ਫੰਗਸ) ਕਾਰਨ ਹੁੰਦੀ ਹੈ। ਪਰ ਅਜਿਹਾ ਮਾਨਸਿਕ ਬਿਮਾਰੀ ਸਮੇਂ ਨਹੀਂ ਵਾਪਰਦਾ। ਜਿਸ ਕਰਕੇ ਇਸ ਨੂੰ ਬਿਮਾਰੀ ਦੀ ਕੈਟਾਗਰੀ ਵਿਚ ਨਹੀਂ ਰੱਖਿਆ ਜਾ ਸਕਦਾ। ਇਸਦੀ ਠੀਕ ਪਰਿਭਾਸ਼ਾ ਦਿਮਾਗੀ ਪ੍ਰਬੰਧਾਂ ਨੂੰ ਸਮਝ ਕੇ ਹੀ ਸਮਝੀ ਜਾ ਸਕਦੀ ਹੈ। ਹਰ ਮਨੁੱਖ ਦੀ ਬਣਤਰ ਵਿਰਾਸਤ 'ਚੋਂ ਪ੍ਰਾਪਤ ਹੁੰਦੀ ਹੈ। ਇਸ ਨੂੰ ਅਸੀਂ ਵੰਸ਼ਕ ਗੁਣਵੱਤਾ (ਜੀਨਜ਼) ਕਹਿੰਦੇ ਹਾਂ। ਹਰ ਵਿਅਕਤੀ ਦੀ ਵਿਰਾਸਤ ਵੱਖਰੀ ਹੋਣ ਕਾਰਨ ਉਸਦੇ ਦਿਮਾਗ ਦੀ ਗੁਣਵੱਤਾ ਵੀ ਵੱਖਰੀ ਹੋਵੇਗੀ। ਇਨ੍ਹਾਂ ਦਿਮਾਗੀ ਬਣਤਰਾਂ ਦੇ ਵਿਕਾਸ ਵਿਚ ਵਾਤਾਵਰਨ ਅਹਿਮ ਰੋਲ ਅਦਾ ਕਰਦਾ ਹੈ ਭਾਵੇਂ ਇਹ ਬਾਹਰੀ ਹੈ ਜਾਂ ਅੰਦਰੂਨੀ। ਚੰਗੀ ਜਾਂ ਮਾੜੀ ਦਿਮਾਗੀ ਬਣਤਰ, ਦੋਨਾਂ ਲਈ ਵਾਤਾਵਰਨ ਅਹਿਮ ਰੋਲ ਅਦਾ ਕਰਦਾ ਹੈ। ਮਾੜਾ ਵਾਤਵਰਨ ਚੰਗੀ ਦਿਮਾਗੀ ਬਣਤਰ ਨੂੰ ਵਿਕਸਤ ਹੋਣ ਵਿਚ ਰੁਕਾਵਟ ਪੈਦਾ ਕਰੇਗਾ ਤੇ ਇਹ ਦਿਸ਼ਾਹੀਣ ਹੋ ਸਕਦੀ ਹੈ ਅਤੇ ਮਾੜੀ ਲਈ ਚੰਗਾ ਵਾਤਾਵਰਨ ਗੁਣਵੱਤਾ ਹੋ ਸਕਦਾ ਹੈ ਤੇ ਵਿਕਾਸ ਠੀਕ ਦਿਸ਼ਾ ਲੈ ਸਕਦਾ ਹੈ। ਇਸੇ ਵਿਚ ਹੀ ਮਾਨਸਿਕ ਉਲਝਣਾਂ ਦਾ ਰਾਜ਼ ਛੁਪਿਆ ਹੈ।

**ਮਾਨਸਿਕ ਸਮੱਸਿਆਵਾਂ ਨੂੰ ਅਸੀਂ ਦੋ ਪੱਖਾਂ ਤੋਂ ਵੇਖ ਸਕਦੇ ਹਾਂ:**

ਪਹਿਲਾ, ਦਿਮਾਗ ਦੀਆਂ ਗਤੀਵਿਧੀਆਂ ਦਾ ਸਰੀਰਕ ਗਤੀਵਿਧੀਆਂ 'ਤੇ ਪੈਣ ਵਾਲਾ ਅਸਰ (Psycho-Somatic)

ਦੂਸਰਾ, ਸਰੀਰਕ ਗਤੀਵਿਧੀਆਂ ਦਾ ਦਿਮਾਗੀ ਗਤੀਵਿਧੀਆਂ 'ਤੇ ਪੈਣ ਵਾਲਾ ਅਸਰ (Somato-Psychic)[

ਜੋ ਵੀ ਆਸ-ਪਾਸ ਵਾਪਰਦਾ ਹੈ, ਸਾਡਾ ਦਿਮਾਗ ਗਿਆਨ ਇੰਦਰੀਆਂ ਦੇ ਜ਼ਰੀਏ ਉਸਦਾ ਮਨੋ-ਵਿਸ਼ਲੇਸ਼ਣ ਕਰਦਾ ਹੈ। ਉਦਾਰਹਣ ਵਜੋਂ ਕਿਸੇ ਖਤਰੇ ਵਾਲੀ ਹਾਲਤ ਸਮੇਂ ਇਹ ਵਧੇਰੇ ਸਤਰਕ ਹੋ ਜਾਂਦਾ ਹੈ। ਦਿਮਾਗ ਵਿਚ ਆਈ ਤੇਜ਼ੀ ਵਧੇਰੇ ਊਰਜਾ ਦੀ ਮੰਗ ਕਰੇਗੀ ਜਿਸ ਲਈ ਸਾਡਾ ਦਿਮਾਗ ਸਰੀਰਕ ਗਤੀਵਿਧੀਆਂ ਵਿਚ ਤੇਜ਼ੀ ਲੈ ਆਵੇਗਾ। ਸਾਡਾ ਦਿਲ ਵਧੇਰੇ ਖ਼ੂਨ ਦੀ ਸਪਲਾਈ ਲਈ ਤੇਜ਼ ਹੋ ਜਾਵੇਗਾ। ਸਾਡੇ ਦਿਲ ਦੀ ਧੜਕਨ ਆਮ ਨਾਲੋਂ ਵਧ ਜਾਵੇਗੀ। ਵਧੇਰੇ ਆਕਸੀਜਨ ਦੀ ਸਪਲਾਈ ਲਈ ਸਾਡੇ ਸਾਹ ਦੀ ਗਤੀ ਤੇਜ਼ ਹੋ ਜਾਵੇਗੀ। ਡਰ ਤੋਂ ਕਿਨਾਰਾ ਕਰਨ ਲਈ ਸਾਡੀਆਂ ਲੱਤਾਂ ਅਤੇ ਦਿਮਾਗ ਵਿਚ ਖ਼ੂਨ ਦੀ ਸਪਲਾਈ ਵਧ ਜਾਵੇਗੀ। ਪੇਟ ਵਿਚਲੇ ਭੋਜਨ ਦੇ ਹਜ਼ਮ ਹੋਣ ਲਈ ਜਾ ਰਹੀ ਸਪਲਾਈ 'ਤੇ ਕੱਟ ਲੱਗ ਜਾਵੇਗਾ ਅਤੇ ਹਾਜ਼ਤ ਦੇ ਲੱਛਣ ਪਰਗਟ ਹੋ ਜਾਣਗੇ। ਇਹੀ ਕਾਰਨ ਹੈ ਕਿ ਫੜੇ ਜਾਣ ਦੇ ਡਰੋਂ ਚੋਰ ਆਪਣੀ ਆਮ ਦੌੜਨ ਦੀ ਸਪੀਡ ਨਾਲੋਂ ਕਿਤੇ ਵਧੇਰੇ ਦੌੜਦਾ ਹੈ। ਅਜਿਹੀ ਸਥਿਤੀ ਸਮੇਂ ਸਰੀਰ ਦੀਆਂ ਸਾਰੀਆਂ ਮਾਸਪੇਸ਼ੀਆਂ ਵਿਚ ਤਣਾਉ ਦੇਖਿਆ ਜਾ ਸਕਦਾ। ਪਸੀਨਾ ਵਧੇਰ ਆਵੇਗਾ।

ਦੂਸਰੀ ਹਾਲਤ ਸਮੇਂ ਭਾਵ ਜਦ ਕੋਈ ਸਰੀਰਕ ਸਮੱਸਿਆ ਹੈ ਤਾਂ ਇਸਦਾ ਦਿਮਾਗੀ ਹਾਲਤ 'ਤੇ ਅਸਰ ਪਵੇਗਾ। ਤੁਹਾਡੇ ਪੇਟ ਵਿਚ ਖਰਾਬੀ ਸਮੇਂ ਪੇਟ ਦਰਦ ਕਰਦਾ ਹੈ। ਇਸ ਦਰਦ ਦਾ ਅਹਿਸਾਸ ਦਿਮਾਗ ਵਿਚ ਹੀ ਮਹਿਸੂਸ ਕੀਤਾ ਜਾਂਦਾ ਹੈ। ਤੁਸੀਂ ਕਰਾਹੁਣ ਲੱਗ ਜਾਂਦੇ ਹੋ। ਦਿਮਾਗੀ ਚਿੰਤਾ ਵਧ ਜਾਵੇਗੀ ਅਤੇ ਦਿਮਾਗ ਇਸਦਾ ਕਾਰਨ ਤਲਾਸ਼ਣ ਲੱਗ ਜਾਵੇਗਾ। ਕਿਸੇ ਵੀ ਸਰੀਰਕ ਅਲਾਮਤ ਦਾ ਲਗਾਤਾਰ ਬਣੇ ਰਹਿਣਾ ਦਿਮਾਗੀ ਰਸਾਇਣਾਂ ਵਿਚ ਅਸੰਤੁਲਨ ਪੈਦਾ ਕਰੇਗਾ ਜੋ ਮਾਨਸਿਕ ਉਲਝਣ ਪੈਦਾ ਕਰੇਗਾ।

ਦਿਮਾਗੀ ਸਮੱਸਿਆਵਾਂ ਨੂੰ ਮਨੋਚਕਿਤਸਕ ਦੋ ਪੱਖਾਂ ਤੋਂ ਵਾਚਦਾ ਹੈ:

ਪਹਿਲਾ ਉਹ ਉਲਝਣਾਂ ਜਿਨ੍ਹਾਂ ਵਿਚ ਦਵਾਈ ਦੀ ਵਰਤੋਂ ਲਾਜ਼ਮੀ ਹੈ ਅਤੇ ਦੂਸਰਾ ਉਹ ਉਲਝਣਾਂ ਜਿਨ੍ਹਾਂ ਵਿਚ ਕੇਵਲ ਕੌਂਸਲਿੰਗ ਕਾਰਗਰ ਸਾਬਤ ਹੋਵੇਗੀ।

ਉਹ ਉਲਝਣਾ ਜਿਨ੍ਹਾਂ ਵਿਚ ਦਵਾਈ ਦੀ ਵਰਤੋਂ ਲਾਜ਼ਮੀ ਹੈ:

ਇਨ੍ਹਾਂ ਉਲਝਣਾਂ ਸਮੇਂ ਅਸਲ ਵਿਚ ਮਨੁੱਖੀ ਦਿਮਾਗ ਰਸਾਇਣਕ ਅਸੰਤੁਲਨ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਉਲਝਣਾਂ ਹਨ:


ਸੀਜ਼ੋਫਰੇਨੀਆ (ਮਾਨਸਿਕ ਖਿੰਡਾਅ) ਜਿਸਨੂੰ ਪਾਗਲਪੁਣਾ ਵੀ ਕਹਿ ਦਿੱਤਾ ਜਾਂਦਾ ਹੈ।

ਬਾਈ ਪੋਲਰ (ਦੋ ਧਰੁਵੀ ਝੁਕਾਅ) ਜਿਸਨੂੰ ਉਤਰਾਅ-ਚੜ੍ਹਾਅ ਦੀ ਬਿਮਾਰੀ ਵੀ ਕਹਿ ਦਿੱਤਾ ਜਾਂਦਾ ਹੈ।

ਸਥਾਈ ਡਿਪਰੈਸ਼ਨ (ਭਾਵ ਬਿਨਾ ਕਿਸੇ ਸਮੱਸਿਆ ਦੇ ਤਣਾਅ ਵਿਚ ਰਹਿਣਾ)।

ਖਬਤ ( OCD) ਭਾਵ ਕਿਸੇ ਸਥਾਈ ਵਹਿਮ ਅਧੀਨ ਕਿਸੇ ਗਤੀਵਿਧੀ ਨੂੰ ਵਾਰ-ਵਾਰ ਦੁਹਰਾਈ ਜਾਣਾ। ਜਿਵੇਂ ਵਾਰ-ਵਾਰ ਹੱਥ ਧੋਣਾ ਜਾਂ ਨਹਾਈ ਜਾਣਾ, ਜਾਣ ਵੇਲੇ ਘਰ ਦੇ ਜਿੰਦਰੇ ਨੂੰ ਵਾਰ-ਵਾਰ ਚੈਕ ਕਰਨਾ ਅਤੇ ਫਿਰ ਲੱਗੇ ਹੋਣ ਦਾ ਭਰੋਸਾ ਨਾ ਹੋਣਾ।

ਸਥਾਈ ਚਿੰਤਾ (Permanent anxiety)




ਭਾਵ ਬਿਨਾ ਕਿਸੇ ਕਾਰਨ ਚਿੰਤਾ ਦਾ ਬਣੇ ਰਹਿਣਾ।

ਉਪਰੋਕਤ ਉਲਝਣਾਂ ਲਈ ਕੌਂਸਲਿੰਗ ਉਦੋਂ ਹੀ ਮਦਦਗਾਰ ਹੋ ਸਕਦੀ ਹੈ ਜਦ ਦਵਾਈ ਦੀ ਵਰਤੋਂ ਕਾਰਨ ਦਿਮਾਗੀ ਰਸਾਇਣ ਸੰਤੁਲਨ ਵਿਚ ਆ ਜਾਣ। ਮਰੀਜ਼ ਇਸ ਲਈ ਸਹਿਮਤ ਹੋਣਾ ਜ਼ਰੂਰੀ ਹੈ।

ਕੁੱਝ ਦਿਮਾਗੀ ਸਮੱਸਿਆਵਾਂ ਲਈ ਕੌਂਸਲਿੰਗ ਵਧੇਰੇ ਮਹੱਤਵ ਰੱਖਦੀ ਹੈ। ਇਹ ਹਨ:

ਸਧਾਰਨ ਚਿੰਤਾ, ਫੋਬੀਆ (ਅਸੀਮ ਡਰ), ਝੱਲੇਪਣ ਦਾ ਰੋਗ (ਹਿਸਟੀਰੀਆ), ਸਧਾਰਨ ਡਿਪਰੈਸ਼ਨ ਆਦਿ।

**ਸਧਾਰਨ ਚਿੰਤਾ:**

ਸਧਾਰਨ ਚਿੰਤਾ ਪਿੱਛੇ ਕੋਈ ਨਾ ਕੋਈ ਕਾਰਨ ਸਪੱਸ਼ਟ ਨਜ਼ਰ ਆਵੇਗਾ। ਜਦ ਕਿ ਸਥਾਈ ਚਿੰਤਾ ਸਮੇਂ ਕਾਰਨ ਲੱਭਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਹਰ ਨਿੱਕੀ ਮੋਟੀ ਸਮੱਸਿਆ ਨੂੰ ਲੋੜ ਤੋਂ ਵਧੇਰੇ ਵਧਾ ਕੇ ਦੇਖਣ ਦੀ ਆਦਤ ਪਈ ਹੁੰਦੀ ਹੈ। ਸਵੇਟਮਾਰਟਨ ਦਾ ਕਥਨ ਹੈ ਕਿ ਸਾਡੀਆਂ 50% ਸਮੱਸਿਆਵਾਂ ਸਧਾਰਨ ਪੱਧਰ ਦੀਆਂ ਹੁੰਦੀਆਂ ਹਨ ਜਿਨ੍ਹਾਂ ਨੇ ਬਿਨਾ ਤਰੱਦਦ ਆਪਣੇ ਆਪ ਹੀ ਸਮੇਂ ਨਾਲ ਹੱਲ ਹੋ ਜਾਣਾ ਹੁੰਦਾ ਹੈ ਪਰ ਅਸੀਂ ਉਨ੍ਹਾਂ ਦਾ ਵੀ ਬੋਝ ਹਰ ਵਖਤ ਚੁੱਕੀ ਫਿਰਦੇ ਹਾਂ। ਅਜਿਹੀਆਂ ਸਮੱਸਿਆਵਾਂ 'ਤੇ ਕੇਂਦਰਤ ਚਿੰਤਾ ਅਸਲੋਂ ਸਥਾਈ ਚਿੰਤਾ ਦਾ ਰੂਪ ਅਖਤਿਆਰ ਕਰ ਲੈਂਦੀ ਹੈ ਅਤੇ ਮਨੁੱਖ ਬੁਰੀ ਤਰ੍ਹਾਂ ਉਲਝ ਜਾਂਦਾ ਹੈ ਤੇ ਮਨੋ-ਚਕਿਤਸਕ ਕੋਲ ਇਹੀ ਦੁਹਰਾਅ ਰਿਹਾ ਹੁੰਦਾ ਹੈ ਕਿ ਉਹ ਇਨ੍ਹਾਂ ਦੇ ਹੱਲ ਨੂੰ ਕਿਥੋਂ ਸ਼ੁਰੂ ਕਰੇ ਅਤੇ ਕਿਥੋਂ ਨਾ। ਸਾਨੂੰ ਪਤਾ ਹੈ ਕਿ ਅਸੀਂ 90% ਸਮੱਸਿਆਵਾਂ ਹੱਲ ਕਰ ਹੀ ਲੈਂਦੇ ਹਾਂ ਅਤੇ ਬਹੁਤ ਸਾਰੀਆਂ ਜਿਹੜੀਆਂ ਅਧੂਰੀਆਂ ਰਹਿ ਜਾਂਦੀਆਂ ਹਨ ਉਨ੍ਹਾਂ ਦਾ ਕਾਫੀ ਹੱਦ ਤੱਕ ਸਮਾਧਾਨ ਕਰੀ ਬੈਠੇ ਹੁੰਦੇ ਹਾਂ। ਸਾਡਾ ਹਰ ਸਮੱਸਿਆ ਪ੍ਰਤੀ ਹਾਂ-ਪੱਖੀ ਰਵੱਈਆ ਹੋਣਾ ਜ਼ਰੂਰੀ ਹੈ। ਬਿਨਾ ਸਮੱਸਿਆ ਤਾਂ ਜ਼ਿੰਦਗੀ ਹੋ ਹੀ ਨਹੀਂ ਸਕਦੀ। ਸਮੱਸਿਆਵਾਂ ਰਹਿਤ ਜੀਵਨ ਬੇਸੁਆਦਾ ਅਤੇ ਅਧੂਰਾ ਹੋਵੇਗਾ। ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲਤਾ ਅਤੇ ਲਗਾਤਾਰਤਾ ਸਗੋਂ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤੀ ਲਿਆਵੇਗੀ।

ਚਿੰਤਾ ਦੇ ਲੱਛਣ ਹਨ: ਲਗਾਤਾਰ ਚਿੰਤਾ ਕਰਨਾ, ਤਣਾਉ, ਉਖੜਿਆ ਉਖੜਿਆ ਰਹਿਣਾ, ਲਗਾਤਾਰ ਤੇਜ਼ ਸਾਹ ਆਉਣੇ, ਦਿਲ ਦੀ ਗਤੀ ਦਾ ਵਧ ਜਾਣਾ, ਪਸੀਨਾ ਆਉਣਾ, ਸਰੀਰ ਦਾ ਕੰਬਣਾ, ਕਦੇ ਠੰਢ ਲਗਣੀ ਅਤੇ ਕਦੇ ਗਰਮੀ, ਮਾਸਪੇਸ਼ੀਆਂ ਦਾ ਖਿੱਚੇ ਰਹਿਣਾ, ਪੇਟ ਦੀਆਂ ਸਮੱਸਿਆਵਾਂ, ਛਾਤੀ ਵਿਚ ਦਰਦ ਹੋਣਾ ਆਦਿ।

**ਫੋਬੀਆ:** ਫੋਬੀਆ ਅਸਲ ਵਿਚ ਡਰ ਦਾ ਸਥਾਈ ਅਤੇ ਵਧਿਆ ਰੂਪ ਹੀ ਹੈ। ਡਰ ਰਹਿਤ ਜ਼ਿੰਦਗੀ ਅਸੰਭਵ ਹੈ। ਡਰ ਅਸਲ ਵਿਚ ਆ ਰਹੀ ਸਮੱਸਿਆ ਪ੍ਰਤੀ ਚਿਤਾਵਨੀ ਹੀ ਹੈ ਤਾਂ ਕਿ ਇਸਦੇ ਹੱਲ ਪ੍ਰਤੀ ਅਸੀਂ ਸੁਚੇਤ ਹੋ ਜਾਈਏ। ਫੋਬਿਕ ਮਨੁੱਖ ਇਤਨਾ ਡਰ ਜਾਂਦਾ ਹੈ ਕਿ ਉਹ ਸਬੰਧਤ ਸਮੱਸਿਆ ਦੇ ਹੱਲ ਵੱਲ ਵਧਣ ਦੀ ਬਜਾਏ ਉਸ ਤੋਂ ਕਿਨਾਰਾਕਸ਼ੀ ਕਰਨ ਦਾ ਰਵੱਈਆ ਅਪਣਾਉਂਦਾ ਹੈ। ਕਈਆਂ ਨੂੰ ਪਬਲਿਕ ਵਿਚ ਜਾਣ ਦਾ ਡਰ ਹੈ ਕਿ ਉਹ ਗਲਤ ਨਾ ਬੋਲ ਬੈਠਣ ਜਾਂ ਕਿਤੇ ਉਸਦਾ ਮਜ਼ਾਕ ਨਾ ਉਡ ਜਾਵੇ, ਕਈਆਂ ਨੂੰ ਅਜਨਬੀਆਂ ਤੋਂ ਡਰ ਲਗਦਾ ਹੈ। ਕਿਸੇ ਨੂੰ ਉਚਾਈ ਤੋਂ ਅਤੇ ਕਿਸੇ ਨੂੰ ਡੂੰਘਾਈ ਤੋਂ। ਕਈ ਹਨੇਰੇ ਵਾਲੀ ਜਗ੍ਹਾ ਪਸੀਨੋ ਪਸੀਨੀ ਹੋ ਜਾਂਦੇ ਹਨ। ਕਿਰਲੀਆਂ, ਮੱਖੀਆਂ, ਸੱਪਾਂ ਤੋਂ ਡਰਨ ਦੀ ਆਦਤ ਵਾਲੇ ਉਨ੍ਹਾਂ ਦੀਆਂ ਤਸਵੀਰਾਂ ਵੇਖ ਕੇ ਵੀ ਸਹਿਮ ਜਾਂਦੇ ਹਨ। ਅਜਿਹੀ ਔਰਤ ਮੇਰੇ ਸੰਪਰਕ 'ਚ ਆਈ ਜੋ ਟੀ ਵੀ ਉਪਰ ਸੱਪ ਦੀ ਤਸਵੀਰ ਵੇਖਣ 'ਤੇ ਪਿਕਚਰ ਵੇਖਣਾ ਵਿਚਾਲੇ ਛੱਡ ਦਿੰਦੀ ਹੈ। ਉਸਨੂੰ ਇਹ ਵੀ ਸਾਫ ਹੈ ਕਿ ਤਸਵੀਰ ਵਿਚ ਦਿਸਦਾ ਸੱਪ ਕੱਟ ਨਹੀਂ ਸਕਦਾ। ਫੋਬੀਆ ਇਕ ਮਾਨਸਿਕ ਵਿਕਾਰ (disorder) ਹੀ ਹੈ।

**ਝੱਲੇਪਣ ਦਾ ਮਾਨਸਿਕ ਰੋਗ;-(ਹਿਸਟੀਰਆ/ ਕਨਵਰਸਨ):**

ਝੱਲੇਪਣ ਦਾ ਮਾਨਸਿਕ ਰੋਗ ਜਿਸਨੂੰ ਅੰਧਵਿਸ਼ਵਾਸ ਦੀ ਭਾਸ਼ਾ ਵਿਚ ਕਸਰ ਹੋਣਾ ਕਹਿ ਦਿੰਦੇ ਹਨ ਭਾਵ ਕਿਸੇ ਪਰਾਈ ਆਤਮਾ ਦਾ ਪ੍ਰਵੇਸ਼ ਹੋਣਾ ਵੀ ਕਹਿ ਦਿੰਦੇ ਹਨ। ਇਹ ਮਰਦਾਂ ਨਾਲੋਂ ਔਰਤਾਂ ਵਿਚ ਜ਼ਿਆਦਾ ਵੇਖਿਆ ਜਾਂਦਾ ਹੈ। ਕਾਰਨ ਹੈ ਕਿ ਔਰਤਾਂ 'ਤੇ ਮਰਦਾਂ ਦੇ ਮੁਕਾਬਲੇ ਵਧੇਰੇ ਸਮਾਜਿਕ ਪਾਬੰਦੀਆਂ ਦਾ ਹੋਣਾ। ਅਖੌਤੀ ਸਿਆਣੇ ਇਸ ਵਿਕਾਰ ਦਾ ਲਾਹਾ ਲੈ ਕੇ ਖ਼ੂਬ ਲੁੱਟ ਕਰਦੇ ਹਨ। ਇਹ ਮਾਨਸਿਕ ਸਮੱਸਿਆ ਕੇਵਲ ਵਕਤੀ ਤੌਰ 'ਤੇ ਵਿਅਕਤੀ ਦੀ ਸ਼ਖਸੀਅਤ ਵਿਚ ਆਇਆ ਵਿਗਾੜ ਹੀ ਹੈ। ਇਸਦਾ ਸ਼ਿਕਾਰ ਵਿਅਕਤੀ ਜ਼ਿਆਦਾਤਰ ਅੰਧਵਿਸ਼ਵਾਸ ਵਿਚ ਲਿਪਟਿਆ ਹੁੰਦਾ ਹੈ। ਉਸਨੂੰ ਘਰੇਲੂ ਮਾਹੌਲ ਅਤੇ ਆਲਾ-ਦੁਆਲਾ ਵੀ ਅਜਿਹਾ ਹੀ ਮਿਲਿਆ ਹੁੰਦਾ ਹੈ। ਉਹ ਆਪਣੀ ਸਮੱਸਿਆ ਦਾ ਹੱਲ ਤਰਕਹੀਣ ਸਮਝ ਵਿਚ ਵੇਖਦਾ ਹੈ। ਇਸ ਵਿਕਾਰ ਨੂੰ ਅਚੇਤ ਮਨ ਦਾ ਬਹਾਨਾ ਵੀ ਕਿਹਾ ਜਾਂਦਾ ਹੈ। ਆਪਣੀ ਇੱਛਾ ਦੀ ਪੂਰਤੀ ਲਈ ਉਹ ਅਜਿਹਾ ਵਰਤਾਉ ਅਪਣਾਉਂਦਾ ਹੈ। ਅਚੇਤ ਮਨ ਹਮੇਸ਼ਾ ਹੀ ਤਰਕਹੀਣ ਹੁੰਦਾ ਹੈ। ਇਸ ਦੇ ਇਲਾਜ ਲਈ ਕਿਸੇ ਵੀ ਦਵਾਈ ਦੀ ਲੋੜ ਨਹੀਂ ਹੁੰਦੀ। ਇਸ ਦਾ ਇਲਾਜ ਮਨੋਚਕਿਤਸਕ ਕੌਂਸਲਿੰਗ ਰਾਹੀਂ ਕਰਦਾ ਹੈ। ਉਹ ਇਲਾਜ ਲਈ ਲੈਕਚਰ ਵਿਧੀ ਤੋਂ ਇਲਾਵਾ ਆਪਸੀ ਗੱਲਬਾਤ ਅਤੇ ਉਸਦੀ ਸਮੱਸਿਆ ਦੇ ਹੱਲ ਲਈ ਦਲੀਲਪੂਰਨ ਸੁਝਾਅ ਦੇ ਕੇ ਕਰਦਾ ਹੈ। ਸਮੋਹਣਨੀਂਦ ਵਿਧੀ ਇਸ ਲਈ ਬਹੁਤ ਸਹਾਇਕ ਹੈ। ਇਸ ਵਿਧੀ ਦੁਆਰਾ ਸਮੋਹਣਕਰਤਾ ਉਸਦੇ ਅਚੇਤ ਮਨ ਵਿਚ ਆਪਣੇ ਸੁਝਾਅ ਸਥਿਰ ਕਰਦਾ ਹੈ। ਇਸ ਵਿਧੀ ਨੂੰ ਭਾਰਤ ਅੰਦਰ ਅਖੌਤੀ ਸਿਆਣੇ ਜਾਂ ਸਾਧ ਆਪਣੀ ਕਰਾਮਾਤੀ ਸ਼ਕਤੀ ਦੱਸ ਕੇ ਵਰਤਦੇ ਹਨ ਜਦਕਿ ਇਹ ਵਿਗਿਆਨਕ ਵਿਧੀ ਹੈ।

**ਸਧਾਰਨ ਡਿਪਰੈਸ਼ਨ (ਉਦਾਸੀ ਰੋਗ):** ਅਸਲ ਵਿਚ ਇਹ ਚਿੰਤਾ ਦਾ ਹੀ ਵਧਵਾਂ ਰੂਪ ਹੈ। ਇਸ ਵਿਚ ਮਨੁੱਖ ਦੀਆਂ ਐਡਰੀਨਲ ਗਲੈਂਡਜ਼ ਜੋ ਮਟਰ ਦੇ ਦਾਣੇ ਜਿੰਨੀਆਂ ਸਾਡੇ ਗੁਰਦਿਆਂ ਉਪਰ ਸਥਿਤ ਹਨ, ਵਿਚ ਐਪੀਨੈਫਰਨ ਰਸਾਇਣਾਂ ਦਾ ਨਾਰਮਲ ਮਾਤਰਾ ਨਾਲੋਂ ਅਸਾਵੀਂ ਮਾਤਰਾ ਵਿਚ ਨਿਕਲਣਾ ਹੈ। ਜੇ ਇਸਦਾ ਸਮੇਂ ਸਿਰ ਨੋਟਿਸ ਨਾ ਲਿਆ ਜਾਵੇ ਤਾਂ ਐਡਰੀਨਲ ਰਸਾਇਣਾਂ ਦਾ ਅਸੰਤੂਲਨ ਸਥਾਈ ਰੂਪ ਅਖਤਿਆਰ ਕਰ ਸਕਦਾ ਹੈ। ਸਬੰਧਤ ਮਨੁੱਖ ਇਸੇ ਹਾਲਤ ਵਿਚ ਰਹਿਣ ਦਾ ਆਦੀ ਹੋ ਜਾਂਦਾ ਹੈ।

**ਅਖੀਰ 'ਤੇ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਦਿਮਾਗੀ ਬਿਮਾਰੀ ਦਿਮਾਗੀ ਸਿਹਤ ਦੀ ਸਮੱਸਿਆ ਹੈ ਜਿਹੜੀ ਮਨੁੱਖ ਦੀ ਸੋਚਣ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਉਸਦੇ ਵਰਤਾਉ ਅਤੇ ਦੂਸਰਿਆਂ ਨਾਲ ਗੱਲਬਾਤ ਵਿਚ ਅੜਿੱਕਾ ਪੈਦਾ ਕਰਦੀ ਹੈ। ਜਿਉਂ ਜਿਉਂ ਇਸਦੀ ਗੰਭੀਰਤਾ ਵਧਦੀ ਜਾਵੇਗੀ ਤਿਉਂ-ਤਿਉਂ ਦਿਮਾਗੀ ਰਸਾਇਣਾਂ ਦੇ ਤਵਾਜਣ ਵਿਚ ਅਸੰਤੁਲਨ ਪੈਦਾ ਹੁੰਦਾ ਜਾਵੇਗਾ। ਚੰਗਾ ਸਮਾਜਿਕ ਵਾਤਾਵਰਨ ਅਤੇ ਸਮੇਂ ਸਿਰ ਇਸਦਾ ਪਤਾ ਲੱਗਣਾ ਤੇ ਇਲਾਜ ਬਿਹਤਰ ਰਹੇਗਾ। ਨਸ਼ੇ ਦੀ ਆਦਤ ਵੀ ਮਾਨਸਿਕ ਸਮੱਸਿਆ ਹੈ। ਕੁਝ ਨਸ਼ੇ ਦਵਾਈਆਂ ਦੀ ਮਦਦ ਨਾਲ ਹੀ ਛੱਡੇ ਜਾ ਸਕਦੇ ਹਨ ਅਤੇ ਕੌਂਸਲਿੰਗ ਇਨ੍ਹਾਂ ਵਿਚ ਵੀ ਕਾਰਗਰ ਸਾਬਤ ਹੁੰਦੀ ਹੈ।**

---

# ਢੁੱਡੀਕੇ ਦੇ ਉੱਘੇ ਖਿਡਾਰੀ: ਗੁਰਚਰਨ ਸਿੰਘ

***(ਸਫਾ 14 ਦਾ ਬਾਕੀ)***

ਉਸ ਦਾ ਜਨਮ 1952 'ਚ ਮਾਤਾ ਗਿਆਨ ਕੌਰ ਦੀ ਕੁੱਖੋਂ ਹੋਇਆ ਤਾਂ ਬਾਪੂ ਦਲਜੀਤ ਸਿੰਘ ਨੂੰ ਚੌਥੀਆਂ ਵਧਾਈਆਂ ਮਿਲੀਆਂ ਸਨ। ਉਸ ਵਕਤ ਪਰਿਵਾਰ ਵੱਡੇ ਹੁੰਦੇ ਸਨ। ਉਹ ਛੇ ਭਰਾ ਤੇ ਦੋ ਭੈਣਾਂ ਸਨ। ਮਿੰਦ੍ਹੀ ਭਾਜੀ ਦੇ ਬਚਪਨ ਤੋਂ ਦੋ ਹੀ ਸ਼ੌਕ ਸਨ, ਹਾਕੀ ਖੇਡਣਾ ਤੇ ਗਾਉਣਾ। ਸਕੂਲ ਪੜ੍ਹਦਿਆਂ ਜਿਥੇ ਹਾਕੀ 'ਚ ਮੱਲਾਂ ਮਾਰੀਆਂ ਉਥੇ ਗਾਉਣ ਦਾ ਸ਼ੌਕ ਵੀ ਬਰਕਰਾਰ ਰੱਖਿਆ। ਉਸ ਨੇ ਦਸਵੀਂ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਢੁੱਡੀਕੇ ਤੋਂ ਕੀਤੀ। ਆਪਣੇ ਦਾਦਾ ਜੀ ਅਤੇ ਦੋਵੇਂ ਵੱਡੇ ਭਰਾਵਾਂ ਵਾਂਗ 1969 ਚ ਫੌਜ 'ਚ ਭਰਤੀ ਹੋ ਗਿਆ। ਫੌਜ 'ਚ ਭਰਤੀ ਹੋ ਕੇ ਹਾਕੀ ਨੂੰ ਸਮਰਪਿਤ ਹੋ ਗਿਆ। ਕਿਸਾਨ ਉਸ ਵਕਤ ਫੌਜ ਨੂੰ ਵੱਧ ਕਮਾਈ ਦਾ ਸਾਧਨ ਸਮਝ ਕੇ ਭਰਤੀ ਹੁੰਦੇ ਸਨ। ਪਰ ਮਿੰਦ੍ਹੀ ਭਾਜੀ ਸਾਰੀ ਤਨਖਾਹ ਆਪਣੀ ਖੇਡ ਅਤੇ ਸਿਹਤ ਵਧੀਆ ਬਣਾਉਣ 'ਚ ਖ਼ਰਚ ਕਰ ਦਿੰਦਾ ਸੀ। ਉਸ ਨੂੰ ਲਗਾਤਾਰ ਅੱਠ ਵਾਰ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ। ਦੋ ਵਾਰ ਨੈਸ਼ਨਲ ਕੈਂਪ ਲਾਉਣ ਦਾ ਮੌਕਾ ਮਿਲਿਆ ਪਰ ਭਾਰਤ ਵੱਲੋਂ ਨਹੀਂ ਖੇਡ ਸਕਿਆ। ਮਾਸਕੋ ਓਲੰਪਿਕਸ-1980 ਵਿਚ ਜਾਣ ਵਾਲੀ ਟੀਮ ਦੇ 22 ਖਿਡਾਰੀਆਂ 'ਚ ਉਹਦੀ ਚੋਣ ਵੀ ਹੋ ਗਈ ਸੀ ਪਰ ਖੇਡ ਨਾ ਸਕਿਆ। ਉਸ ਨੂੰ 1982 'ਚ ਮੱਧ ਪ੍ਰਦੇਸ਼ ਟੈੱਸਟ ਮੈਚ ਦੌਰਾਨ ਰੂਸ ਦੀ ਟੀਮ ਵਿਰੁੱਧ ਖੇਡਣ ਦਾ ਮੌਕਾ ਮਿਲਿਆ। 1984 ਤੋਂ ਬਾਅਦ ਕੁਝ ਸਾਲ ਸਰਵਿਸਜ਼ ਟੀਮ ਦੀ ਕਪਤਾਨੀ ਵੀ ਕੀਤੀ ਤੇ ਕਈ ਨੈਸ਼ਨਲ ਟੂਰਨਾਮੈਂਟਾਂ ਵਿਚ ਬੈੱਸਟ ਫੁੱਲਬੈਕ ਦਾ ਖ਼ਿਤਾਬ ਜਿੱਤਿਆ।

1991 'ਚ ਉਸ ਨੇ ਸੇਵਾ ਮੁਕਤੀ ਲੈ ਲਈ ਅਤੇ ਪਟਿਆਲੇ ਦੇ ਐਨਆਈਐਸ ਤੋਂ ਕੋਚਿੰਗ ਦਾ ਡਿਪਲੋਮਾ ਲੈ ਕੇ ਬਾਕਾਇਦਾ ਹਾਕੀ ਕੋਚ ਬਣਿਆ। ਇਹਦੇ ਨਾਲ ਹੀ ਸ਼ੁਰੂ ਹੋਇਆ ਆਪਣੇ ਪਿੰਡ ਵਿਚ ਵਿਚਰਨ ਦਾ ਸਫ਼ਰ। ਉਸ ਨੂੰ ਪਿੰਡ ਵਾਸੀਆਂ ਨੇ ਦੇਸ਼ ਭਗਤ ਸਪੋਰਟਸ ਕਲੱਬ ਢੁੱਡੀਕੇ ਦਾ ਪ੍ਰਧਾਨ ਬਣਾ ਦਿੱਤਾ। ਉਹ ਪਿੰਡ ਦੇ ਬੱਚਿਆਂ ਨੂੰ ਫਰੀ ਕੋਚਿੰਗ ਦੇਣ ਲੱਗੇ। ਉਨ੍ਹਾਂ ਦੀ ਕੋਚਿੰਗ ਕਾਰਨ ਬਾਬਾ ਪਾਖਰ ਸਿੰਘ ਸਰਕਾਰੀ ਸੈਕੰਡਰੀ ਸਕੂਲ ਦੀ ਹਾਕੀ ਟੀਮ ਦੋ ਵਾਰ ਪੰਜਾਬ ਸਕੂਲ ਖੇਡਾਂ 'ਚ ਅੱਵਲ ਆਈ। 1994 ਵਿੱਚ ਉਹ ਜਗਰਾਓਂ ਪੁਲੀਸ ਰੇਂਜ ਦੇ ਕੋਚ ਵਜੋਂ ਭਰਤੀ ਹੋਏ। ਕਿਲਾ ਰਾਏਪੁਰ ਦੀਆਂ ਖੇਡਾਂ, ਜਿਹੜੀਆਂ ਪੇਂਡੂ ਓਲਪਿੰਕਸ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ, ਹਾਕੀ ਵਿਚ ਆਪਣੀ ਟੀਮ ਦੇ ਨਾਮ ਕੀਤੀਆਂ। ਆਪਣੀ ਕੋਚਿੰਗ ਦਰਮਿਆਨ ਦੇਸ਼ ਭਗਤ ਸਪੋਰਟਸ ਕਲੱਬ ਨੇ ਵੱਡੇ-ਵੱਡੇ ਟੂਰਨਾਮੈਂਟ ਖੇਡੇ ਤੇ ਅਨੇਕਾਂ ਕੱਪ ਦੇਸ਼ ਭਗਤ ਸਪੋਰਟਸ ਕਲੱਬ ਦੇ ਨਾਮ ਕੀਤੇ। ਦੇਸ਼ ਭਗਤ ਸਪੋਰਟਸ ਕਲੱਬ ਨੇ ਬਹੁਤ ਸਾਰੇ ਖਿਡਾਰੀ ਪੈਦਾ ਕੀਤੇ ਅਤੇ ਅਨੇਕਾਂ ਖਿਡਾਰੀ ਮਿੰਦੀ ਭਾਜੀ ਦੀ ਕੋਚਿੰਗ ਹੇਠ ਜੂਨੀਅਰ ਨੈਸ਼ਨਲ ਤੇ ਇੰਟਰਵਰਸਿਟੀ ਪੱਧਰ 'ਤੇ ਜੇਤੂ ਬਣ ਕੇ ਉਭਰੇ। ਉਨ੍ਹਾਂ ਦੀ ਕੋਚਿੰਗ ਹੇਠ ਖੇਡੇ ਇਲਾਕੇ ਦੇ ਢੁੱਡੀਕੇ, ਦੌਧਰ, ਤਖਾਣਵੱਧ, ਲੋਪੋਂ, ਬੁੱਟਰ ਪਿੰਡਾਂ ਦੇ ਕਈ ਖਿਡਾਰੀ ਆਪਣੀ ਖੇਡ ਸਦਕਾ ਸਰਕਾਰੀ ਅਦਾਰਿਆਂ ਦੀ ਨੌਕਰੀ ਕਰਦੇ ਅਤੇ ਦੇਸ਼ਾਂ ਵਿਦੇਸ਼ਾਂ 'ਚ ਵਸਦੇ ਆਪਣਾ ਵਧੀਆ ਜੀਵਨ ਮਾਣ ਰਹੇ ਹਨ।

ਮਿੰਦ੍ਹੀ ਭਾਅ ਜੀ ਲਾਲਾ ਲਾਜਪਤ ਰਾਏ ਖੇਡ ਮੇਲੇ 'ਚ ਕਲੱਬ ਪ੍ਰਧਾਨ ਵਜੋਂ ਪੂਰਾ ਯੋਗਦਾਨ ਪਾਉਂਦੇ ਰਹੇ ਸਨ। ਉਹ 40 ਸਾਲ ਦੇ ਕਰੀਬ ਇਸ ਖੇਡ ਮੇਲੇ ਨਾਲ ਜੁੜੇ ਰਹੇ, ਕਦੇ ਖਿਡਾਰੀ ਬਣ ਕੇ ਤੇ ਕਦੇ ਪ੍ਰਬੰਧਕ ਬਣ ਕੇ। ਇਸ ਕਰਕੇ ਪੂਰੇ ਇਲਾਕੇ 'ਚ ਆਪ ਨੂੰ ਆਮ ਲੋਕ ਵੀ ਬੜੇ ਸਤਿਕਾਰ ਦੀ ਨਿਗ੍ਹਾ ਨਾਲ ਦੇਖਦੇ ਸਨ। ਬਦਕਿਸਮਤੀ ਨਾਲ ਅਚਾਨਕ ਹੀ 30 ਸਤੰਬਰ, 2011 ਨੂੰ ਉਹ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦਾ ਆਤਮ ਕੱਦ ਬੁੱਤ, ਇੱਕ ਕਮਰਾ ਤੇ ਸਕੂਲ ਦੇ ਖੇਡ ਕੰਪਲੈਕਸ ਦਾ ਨਾਮ 'ਸਵਰਗਵਾਸੀ ਮਹਿੰਦਰ ਸਿੰਘ ਖੇਡ ਕੰਪਲੈਕਸ' ਰੱਖਣਾ, ਇਲਾਕੇ, ਪਿੰਡ ਦੇ ਲੋਕਾਂ ਅਤੇ ਕਲੱਬ ਦੇ ਮੌਜੂਦਾ ਤੇ ਸਾਬਕਾ ਖਿਡਾਰੀਆਂ ਦਾ ਉਨ੍ਹਾਂ ਪ੍ਰਤੀ ਪਿਆਰ ਤੇ ਸਤਿਕਾਰ ਦੀ ਗੁਆਹੀ ਭਰਦਾ ਹੈ। ਅੱਜ ਵੀ ਉਨ੍ਹਾਂ ਦੇ ਸ਼ਾਗਿਰਦ ਤੇ ਚੇਲੇ ਬਾਲਕੇ ਸ਼ਾਮ ਦੇ ਵਕਤ ਖੇਡ ਕੰਪਲੈਕਸ ਵਿਚ ਇਕੱਠੇ ਖੇਡਦੇ ਭਾਜੀ ਦੀ ਮੌਜੂਦਗੀ ਦਾ ਅਹਿਸਾਸ ਮਹਿਸੂਸ ਕਰਦੇ ਨੇ। ਦੇਸ਼ ਭਗਤ ਸਪੋਰਟਸ ਕਲੱਬ ਢੁੱਡੀਕੇ, ਖੇਡ ਮੇਲਾ ਕਮੇਟੀ ਅਤੇ ਮਿੰਦ੍ਹੀ ਭਾਜੀ ਨੂੰ ਪਿਆਰ ਕਰਨ ਵਾਲਿਆਂ ਵੱਲੋਂ ਹਰ ਸਾਲ ਕਿਸੇ ਬਹੁਪੱਖੀ ਸ਼ਖ਼ਸੀਅਤ ਨੂੰ ਮਹਿੰਦਰ ਸਿੰਘ ਗਿੱਲ ਯਾਦਗਾਰੀ ਗੋਲ੍ਡ-ਮੈਡਲ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

# ਦਵਾਈਆਂ ਦੀਆਂ ਵਾਧੂ ਕੀਮਤਾਂ ਅਤੇ ਵਧਦੀ ਗੁਰਬਤ

ਇਹ ਗੱਲ ਚਰਚਾ ਵਿਚ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਆਪਣੇ ਮੁਨਾਫ਼ੇ ਵਧਾਉਣ ਲਈ ਕਈ ਹਰਬੇ ਵਰਤਦੀਆਂ ਹਨ। ਸਿਹਤ ਸੰਭਾਲ 'ਤੇ ਆਉਣ ਵਾਲੇ ਕੁਲ ਖਰਚ ਵਿਚੋਂ 67 ਪ੍ਰਤੀਸ਼ਤ ਖਰਚਾ ਦਵਾਈਆਂ ਖਰੀਦਨ ਦੇ ਆਉਂਦਾ ਹੈ। ਨਤੀਜੇ ਵਜੋਂ ਦਵਾਈਆਂ ਅਤੇ ਮੈਡੀਕਲ ਸਾਜੋ-ਸਮਾਨ ਦੀਆਂ ਕੀਮਤਾਂ ਦੇ ਬੋਝ ਕਾਰਨ ਵੱਡੀ ਗਿਣਤੀ ਵਿਚ ਲੋਕ ਗਰੀਬੀ ਵਲ ਧੱਕੇ ਜਾਂਦੇ ਹਨ।

ਦਵਾਈ ਕੀਮਤਾਂ ਬਾਰੇ ਅਨੇਕਾਂ ਵਾਰ ਚਰਚਾ ਹੋਈ ਅਤੇ ਸਰਕਾਰੀ ਕਮੇਟੀਆਂ ਵੀ ਬਣੀਆਂ। ਇਸੇ

**ਡਾ. ਅਰੁਣ ਮਿੱਤਰਾ**
ਫੋਨ: +91-98158-08506

ਪ੍ਰਸੰਗ ਵਿਚ ਸੁਪਰੀਮ ਕੋਰਟ ਵਿਚ ਹੁਣੇ ਜਿਹੇ ਇਕ ਕੇਸ ਵਿਚ ਇਹ ਤੱਥ ਸਾਹਮਣੇ ਆਏ ਕਿ 'ਡੋਲੋ' ਦੇ ਵਪਾਰਕ ਨਾਮ 'ਤੇ ਪੈਰਾਸਿਟਾਮੋਲ ਦਾ ਉਤਪਾਦਨ ਕਰਨ ਵਾਲੀ ਕੰਪਨੀ ਨੇ ਆਪਣੀ ਦਵਾਈ ਦੇ ਪ੍ਰਚਾਰ ਲਈ ਡਾਕਟਰਾਂ 'ਤੇ 1000 ਕਰੋੜ ਰੁਪਏ ਖਰਚੇ। ਇਹ ਖਬਰ ਚਿੰਤਾਜਨਕ ਹੈ। ਇਹ ਦਵਾਈ ਕੰਪਨੀਆਂ ਬਾਰੇ ਬਣੇ ਜ਼ਾਬਤੇ- ਕੋਡ ਆਫ ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸਜ਼ ਨੂੰ ਨਿਯਮਤ ਕਰਨ ਵਿਚ ਸਰਕਾਰ ਦੀ ਅਸਫਲਤਾ ਦਰਸਾਉਂਦੀ ਹੈ। ਸਭ ਨੂੰ ਪਤਾ ਹੈ ਕਿ ਫਾਰਮਾ ਕੰਪਨੀਆਂ ਆਪਣੇ ਉਤਪਾਦਾਂ ਦੇ ਪ੍ਰਚਾਰ ਲਈ ਵੱਡੀ ਰਕਮ ਖਰਚਦੀਆਂ ਹਨ। ਇਸ ਦਾ ਬਹੁਤਾ ਹਿੱਸਾ ਮੈਡੀਕਲ ਸਿੱਖਿਆ ਪ੍ਰੋਗਰਾਮਾਂ ਦੇ ਨਾਂ 'ਤੇ ਡਾਕਟਰੀ ਕਾਨਫਰੰਸਾਂ ਕਰਨ ਵਿਚ, ਕਈ ਵਾਰ ਤਾਂ ਵੱਡੇ ਪੱਧਰ 'ਤੇ ਖਰਚ ਕੀਤਾ ਜਾਂਦਾ ਹੈ। ਆਖ਼ਰਕਾਰ ਇਸ ਨਾਲ ਦਵਾਈਆਂ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਹੈ ਅਤੇ ਮਰੀਜ਼ਾਂ ਦੀ ਜੇਬ ਵਿਚੋਂ ਹੋਣ ਵਾਲਾ ਖਰਚਾ ਵਧਦਾ ਹੈ।

ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸ ਦੇ ਕੋਡ ਬਾਰੇ ਰਸਾਇਣ ਤੇ ਖਾਦ ਮੰਤਰਾਲੇ, ਫਾਰਮਾਸਿਊਟੀਕਲ ਵਿਭਾਗ ਦੇ 12 ਦਸੰਬਰ 2014 ਦੇ ਇੱਕ ਪੱਤਰ ਵਿਚ ਕਿਹਾ ਗਿਆ ਸੀ ਕਿ ਪਹਿਲੀ ਜਨਵਰੀ 2015 ਤੋਂ ਛੇ ਮਹੀਨਿਆਂ ਲਈ ਇਹ ਸਵੈ-ਇੱਛਤ ਹੋਵੇਗਾ ਅਤੇ ਇਸ ਤੋਂ ਬਾਅਦ ਸਮੀਖਿਆ ਕੀਤੀ ਜਾਵੇਗੀ। ਸਵੈ-ਇੱਛਤ ਧਾਰਾ ਨੇ ਧਿਆਨ ਦੇਣ ਯੋਗ ਨਤੀਜੇ ਨਹੀਂ ਦਿੱਤੇ। ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਉਸ ਸਮੇਂ ਦੇ ਕੇਂਦਰੀ ਰਸਾਇਣ ਤੇ ਖਾਦ ਮੰਤਰੀ ਐੱਚਐੱਨ ਅਨੰਤ ਕੁਮਾਰ ਨੇ ਜੂਨ 2016 ਵਿਚ ਰਾਜ ਸਭਾ ਵਿਚ ਕਿਹਾ ਸੀ ਕਿ 2015 ਵਿਚ ਪੇਸ਼ ਸਵੈ-ਇੱਛੁਕ ਕੋਡ ਦੇ ਲੋੜੀਂਦੇ ਨਤੀਜੇ ਨਹੀਂ ਮਿਲੇ ਅਤੇ ਸਰਕਾਰ ਇਸ ਨੂੰ ਲਾਜ਼ਮੀ ਬਣਾ ਦੇਵੇਗੀ ਕਿਉਂਕਿ ਫਾਰਮਾਸਿਊਟੀਕਲ ਕੰਪਨੀਆਂ ਨੇ ਕੋਡ ਲਾਗੂ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ।

ਕੋਡ ਦੀ ਧਾਰਾ 6 ਅਤੇ 7 ਫਾਰਮਾ ਕੰਪਨੀਆਂ ਨੂੰ ਮੈਡੀਕਲ ਪੇਸ਼ੇਵਰਾਂ ਨੂੰ ਵੱਢੀਆਂ ਦੇਣ ਤੋਂ ਮਨ੍ਹਾ ਕਰਦੀ ਹੈ ਪਰ ਜਨਤਕ ਸਿਹਤ ਕਾਰਕੁਨਾਂ ਅਤੇ ਸਿਵਲ ਸੁਸਾਇਟੀ ਸਮੂਹਾਂ ਦੇ ਕਈ ਵਾਰ ਇਸ ਮੁੱਦੇ ਨੂੰ ਚੁੱਕਣ ਦੇ ਬਾਵਜੂਦ ਇਹ ਕੰਮ ਬੰਦ ਨਹੀਂ ਹੋਇਆ। ਇੰਡੀਅਨ ਮੈਡੀਕਲ ਕੌਂਸਲ ਡਾਕਟਰਾਂ ਨੂੰ ਸਿੱਖਿਆ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਸਮੇਤ ਕਿਸੇ ਵੀ ਰੂਪ ਵਿਚ ਵਿੱਤੀ ਲਾਭ ਪ੍ਰਾਪਤ ਕਰਨ ਲਈ ਅਜਿਹੇ ਕੰਮਾਂ ਵਿਰੁੱਧ ਚਿਤਾਵਨੀ ਦਿੰਦਾ ਹੈ। ਕੇਂਦਰੀ ਸਿੱਧੇ ਟੈਕਸ ਬੋਰਡ (ਸੀ.ਬੀ.ਡੀ.ਟੀ.) ਨੇ ਵੀ ਆਪਣੇ ਸਰਕੂਲਰ ਨੰਬਰ ਵਿਚ ਇਸ ਮਾਮਲੇ ਦਾ ਨੋਟਿਸ ਲੈਂਦਿਆਂ 1 ਅਗਸਤ 2012 ਨੂੰ ਕਿਹਾ ਸੀ ਕਿ ਫਾਰਮਾ ਕੰਪਨੀ ਦੁਆਰਾ ਅਜਿਹੇ ਕਿਸੇ ਵੀ ਖਰਚੇ ਨੂੰ ਟੈਕਸ ਕਟੌਤੀਆਂ ਲਈ ਵਿਚਾਰਿਆ ਨਹੀਂ ਜਾਵੇਗਾ। ਦਸ ਸਾਲਾਂ ਬਾਅਦ ਸੁਪਰੀਮ ਕੋਰਟ ਨੇ ਹੁਕਮਾਂ ਦੀ ਮੁੜ ਪੁਸ਼ਟੀ ਕੀਤੀ ਹੈ। ਸੁਪਰੀਮ ਕੋਰਟ ਨੇ 22 ਫਰਵਰੀ 2022 ਨੂੰ ਆਦੇਸ਼ ਵਿਚ ਕਿਹਾ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਉਨ੍ਹਾਂ ਦੇ ਮੈਡੀਕਲ ਉਤਪਾਦਾਂ ਨੂੰ ਪ੍ਰੋਮੋਟ ਕਰਨ ਲਈ ਪ੍ਰੋਤਸਾਹਨ ਦੇਣ ਲਈ ਕੀਤੇ ਖਰਚੇ 'ਤੇ ਟੈਕਸ ਛੋਟ ਦਾ ਦਾਅਵਾ ਕਰਨ ਦੇ ਹੱਕਦਾਰ ਨਹੀਂ ਹਨ। ਇਸ ਖਰਚ ਨੂੰ ਉਹਨਾਂ ਦੀ ਆਮਦਨ ਦਾ ਹਿੱਸਾ ਮੰਨਿਆ ਜਾਵੇਗਾ।

ਸਤੰਬਰ 2020 ਵਿਚ ਸੰਸਦ ਵਿਚ ਰਸਾਇਣ ਤੇ ਖਾਦ ਮੰਤਰੀ ਡੀਵੀ ਸਦਾਨੰਦ ਗੌੜਾ ਦਾ ਵਿਅੰਗਾਤਮਕ ਬਿਆਨ ਕਿ ਕੇਂਦਰ ਸਰਕਾਰ ਦੀ ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸਜ਼ ਦੇ ਯੂਨੀਫਾਰਮ ਕੋਡ ਨੂੰ ਲਾਜ਼ਮੀ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ, ਬਹੁਤ ਨਿਰਾਸ਼ਾਜਨਕ ਹੈ। ਉਨ੍ਹਾਂ ਇਹ ਗੱਲ ਲੋਕ ਸਭਾ ਵਿਚ ਕੇਰਲ ਤੋਂ ਕਾਂਗਰਸ ਦੇ ਸੰਸਦ ਮੈਂਬਰ ਕੇ ਮੁਰਲੀਧਰਨ ਦੇ ਸਵਾਲ ਦੇ ਜਵਾਬ ਵਿਚ ਕਹੀ। ਕੋਡ ਲਾਜ਼ਮੀ ਬਣਾਉਣ 'ਤੇ ਯੂ-ਟਰਨ ਸਰਕਾਰ ਦੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਣ ਦੀ ਇੱਛਾ ਸ਼ਕਤੀ 'ਤੇ ਸ਼ੱਕ ਪੈਦਾ ਕਰਦਾ ਹੈ ਅਤੇ ਸਰਕਾਰ ਤੇ ਫਾਰਮਾ ਕੰਪਨੀਆਂ ਵਿਚਕਾਰ ਕੁਝ ਅਣਉਚਿਤ ਸੌਦੇ ਦੀ ਨਿਸ਼ਾਨਦੇਹੀ ਕਰਦਾ ਹੈ। ਜਦੋਂ ਫਰਵਰੀ 2020 ਵਿਚ ਅਲਾਇੰਸ ਆਫ ਡਾਕਟਰ ਫਾਰ ਐਥੀਕਲ ਹੈਲਥਕੇਅਰ ਦੇ ਵਫ਼ਦ ਨੇ ਦਵਾਈਆਂ ਦੀ ਕੀਮਤ ਕੰਟਰੋਲ ਵਾਲੀ ਸੰਸਥਾ ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ (ਐੱਨ.ਪੀ.ਪੀ.ਏ.) ਨੂੰ ਆਪਣੀ ਰਾਏ ਸੌਂਪੀ ਸੀ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਐੱਨ.ਪੀ.ਪੀ.ਏ. ਕੋਲ ਕੰਪਨੀਆਂ ਦੀ ਜਾਂਚ ਕਰਨ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ। ਅਜਿਹਾ ਮੰਤਰੀ ਪੱਧਰ 'ਤੇ ਕਾਨੂੰਨ ਵਿਚ ਤਬਦੀਲੀ ਰਾਹੀਂ ਕੀਤਾ ਜਾਂਦਾ ਹੈ।

ਦਵਾਈਆਂ ਦੀ ਉੱਚ ਕੀਮਤ ਆਬਾਦੀ ਦੀ ਸਿਹਤ ਸੰਭਾਲ ਨੂੰ ਪ੍ਰਭਾਵਿਤ ਕਰਦੀ ਹੈ। ਮੁਲਕ ਵਿਚ ਸਿਹਤ ਖਰਚਿਆਂ ਦਾ ਲਗਭਗ 67% ਇਹਨਾਂ



'ਤੇ ਖਰਚ ਹੁੰਦਾ ਹੈ। ਕੌਮੀ ਸਿਹਤ ਨੀਤੀ ਦਸਤਾਵੇਜ਼-2017 ਵਿਚ ਇਹ ਤੱਥ ਮੰਨਿਆ ਗਿਆ ਕਿ ਹਰ ਸਾਲ 6.3 ਕਰੋੜ ਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਧੱਕੀ ਜਾਂਦੀ ਹੈ ਪਰ ਸਰਕਾਰ ਨੇ ਦਵਾਈਆਂ ਅਤੇ ਮੈਡੀਕਲ ਸਾਜ਼-ਸਮਾਨ ਦੀ ਵਿਕਰੀ ਵਿਚ ਵੱਧ ਮੁਨਾਫ਼ੇ ਨੂੰ ਕੰਟਰੋਲ ਕਰਨ ਲਈ ਠੋਸ ਕਦਮ ਨਹੀਂ ਚੁੱਕੇ।

16 ਸਤੰਬਰ 2015 ਨੂੰ ਨਸ਼ੀਲੇ ਪਦਾਰਥਾਂ ਦੀ ਵਿਕਰੀ ਵਿਚ ਉੱਚ ਵਪਾਰਕ ਮੁਨਾਫ਼ੇ ਦੀ ਜਾਂਚ ਕਰਨ ਲਈ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਵੱਧ ਵਪਾਰ ਮਾਰਜਿਨ ਦਾ ਗੰਭੀਰ ਨੋਟਿਸ ਲਿਆ। ਉਹਨਾਂ ਇਸ਼ਾਰਾ ਕੀਤਾ ਕਿ ਕੁਝ ਮਾਮਲਿਆਂ ਵਿਚ ਵਪਾਰ ਮੁਨਾਫ਼ਾ ਮਾਰਜਿਨ 5000% ਤੱਕ ਵੱਧ ਹੈ। ਕਮੇਟੀ ਨੇ 9 ਦਸੰਬਰ 2015 ਨੂੰ ਆਪਣੀ ਰਿਪੋਰਟ ਸੌਂਪੀ ਪਰ ਕਰੀਬ 7 ਸਾਲ ਹੋ ਗਏ, ਸਰਕਾਰ ਨੇ ਕੁਝ ਨਹੀਂ ਕੀਤਾ।

ਦਵਾਈਆਂ ਦੀ ਕੀਮਤ ਇਸ ਦੇ ਉਤਪਾਦਨ ਵਿਚ ਸ਼ਾਮਲ ਲਾਗਤ ਦੇ ਆਧਾਰ 'ਤੇ ਤੈਅ ਹੋਣੀ ਚਾਹੀਦੀ ਹੈ। ਮਾਰਕੀਟ ਆਧਾਰਿਤ ਕੀਮਤ ਸਭ ਤੋਂ ਵੱਧ ਵਿਕਣ ਵਾਲੀਆਂ ਦਵਾਈਆਂ ਦੀ ਔਸਤ ਦੀ ਗਣਨਾ ਕਰਨਾ ਨੁਕਸਦਾਰ ਪਹੁੰਚ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਦਵਾਈਆਂ ਦੀਆਂ ਕੀਮਤਾਂ 'ਤੇ ਕੰਟਰੋਲ ਯਕੀਨੀ ਬਣਾਵੇ।

ਇਹ ਮਹਿਸੂਸ ਕਰਦੇ ਹੋਏ ਕਿ ਫਾਰਮਾਸਿਊਟੀਕਲ ਸੈਕਟਰ ਵਿਚ ਪ੍ਰਾਈਵੇਟ ਖੇਤਰ ਦੁਆਰਾ ਸ਼ੋਸ਼ਣ ਕੀਤਾ ਜਾਵੇਗਾ, ਮੁਲਕ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸਸਤੇ ਥੋਕ ਦਵਾਈਆਂ ਦੇ ਉਤਪਾਦਨ ਦੇ ਉਦੇਸ਼ ਨਾਲ ਜਨਤਕ ਖੇਤਰ ਵਿਚ ਦਵਾਈਆਂ ਦੇ ਉਤਪਾਦਨ ਦੀ ਪਹਿਲਕਦਮੀ ਕੀਤੀ। 1961 ਵਿਚ ਇੰਡੀਅਨ ਡਰੱਗਜ਼ ਐਂਡ ਫਾਰਮਾਸਿਊਟੀਕਲਜ਼ ਲਿਮਿਟਡ (ਆਈ.ਡੀ.ਪੀ.ਐੱਲ.) ਦਾ ਉਦਘਾਟਨ ਕਰਦੇ ਹੋਏ ਉਹਨਾਂ ਨੇ ਕਿਹਾ ਸੀ, "ਡਰੱਗ ਇੰਡਸਟਰੀ ਜਨਤਕ ਖੇਤਰ ਵਿਚ ਹੋਣੀ ਚਾਹੀਦੀ ਹੈ ਮੇਰੇ ਖਿਆਲ ਵਿਚ ਦਵਾਈ ਉਦਯੋਗ ਕਿਸੇ ਵੀ ਤਰ੍ਹਾਂ ਪ੍ਰਾਈਵੇਟ ਖੇਤਰ ਵਿਚ ਨਹੀਂ ਹੋਣਾ ਚਾਹੀਦਾ। ਇਸ ਉਦਯੋਗ ਵਿਚ ਜਨਤਾ ਦਾ ਬਹੁਤ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ। ਆਈ.ਡੀ.ਪੀ.ਐੱਲ. ਨੇ ਭਾਰਤੀ ਡਰੱਗ ਉਦਯੋਗ ਦੇ ਆਧਾਰ ਦੇ ਵਾਧੇ ਵਿਚ ਮੋਹਰੀ ਬੁਨਿਆਦੀ-ਢਾਂਚਾਗਤ ਭੂਮਿਕਾ ਨਿਭਾਈ। ਇਸ ਨੇ ਰਣਨੀਤਕ ਕੌਮੀ ਸਿਹਤ ਪ੍ਰੋਗਰਾਮਾਂ ਜਿਵੇਂ ਪਰਿਵਾਰ ਭਲਾਈ ਪ੍ਰੋਗਰਾਮ ਅਤੇ ਆਬਾਦੀ ਕੰਟਰੋਲ (ਮਾਲਾ-ਡੀ ਅਤੇ ਮਾਲਾ-ਐੱਨ), ਐਂਟੀ-ਮਲੇਰੀਅਲ (ਕਲੋਰੋਕੁਇਨ) ਅਤੇ ਗੁਣਵੱਤਾ ਵਾਲੀਆਂ ਦਵਾਈਆਂ ਮੁਹੱਈਆ ਕਰਕੇ ਡੀਹਾਈਡਰੇਸ਼ਨ ਦੀ ਰੋਕਥਾਮ ਵਿਚ ਪ੍ਰਮੁੱਖ ਭੂਮਿਕਾ ਨਿਭਾਈ। 1994 ਵਿਚ ਪਲੇਗ ਫੈਲਣ ਦੀ ਬਿਪਤਾ ਦੌਰਾਨ ਇੱਕੋ-ਇੱਕ ਕੰਪਨੀ ਸੀ ਜਿਸ ਨੇ ਪੂਰੇ ਮੁਲਕ ਲਈ ਟੈਟਰਾਸਾਈਕਲੀਨ ਦੀ ਸਪਲਾਈ ਵਿਚ ਮੁੱਖ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਕੰਪਨੀ ਨੇ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਮਲੇਰੀਆ ਦੀ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਕਲੋਰੋਕੁਇਨ ਦੀ ਨਿਰਵਿਘਨ ਸਪਲਾਈ ਕੀਤੀ ਸੀ। 2005 ਵਿਚ ਮਹਾਰਾਸ਼ਟਰ ਵਿਚ ਹੜ੍ਹਾਂ ਕਾਰਨ ਪੈਦਾ ਹੋਈ ਕੌਮੀ ਐਮਰਜੈਂਸੀ (ਲੇਪਟੋਸਪਾਇਰੋਸਿਸ) ਦੇ ਮੁਕਾਬਲੇ ਲਈ, ਆਈ.ਡੀ.ਪੀ.ਐੱਲ. ਨੇ ਲੋੜੀਂਦੇ ਡੌਕਸੀਸਾਈਕਲੀਨ ਕੈਪਸੂਲ ਦੀ ਸਪਲਾਈ ਕੀਤੀ ਸੀ। ਆਈ.ਡੀ.ਪੀ.ਐੱਲ. ਨੇ ਹਮੇਸ਼ਾ ਗੁਣਵੱਤਾ ਵਾਲੀਆਂ ਦਵਾਈਆਂ ਦੀ ਸਪਲਾਈ ਕੀਤੀ ਹੈ ਅਤੇ ਇਸ ਦੀ ਮੌਜੂਦਗੀ ਨੇ ਮੁਕਾਬਲੇ ਵਾਲੇ ਤੇ ਕਾਰੋਬਾਰੀ ਮਾਹੌਲ ਵਿਚ ਕੀਮਤ ਸੰਤੁਲਿਤ ਕਰਨ ਵਾਲੀ ਭੂਮਿਕਾ ਨਿਭਾਈ ਹੈ। ਸੰਸਾਰ ਸਿਹਤ ਸੰਸਥਾ ਨੇ ਮੰਨਿਆ ਕਿ ਆਈ.ਡੀ.ਪੀ.ਐੱਲ. ਨੇ 10 ਸਾਲਾਂ ਵਿਚ ਉਹ ਪ੍ਰਾਪਤੀ ਕੀਤੀ ਸੀ ਜੋ ਦੂਜਿਆਂ ਨੇ 50 ਵਿਚ ਕੀਤੀ ਸੀ।"

ਇਸੇ ਤਰ੍ਹਾਂ ਹਿੰਦੋਸਤਾਨ ਐਂਟੀਬਾਇਓਟਿਕਸ ਲਿਮਿਟਿਡ (ਐੱਚ.ਏ.ਐੱਲ.) ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਰੱਖਿਆ ਸੀ। ਸੈਂਟਰਲ ਰਿਸਰਚ ਇੰਸਟੀਚਿਊਟ (ਸੀ.ਆਰ.ਆਈ.) ਕਸੌਲੀ ਭਾਰਤ ਵਿਚ ਹੀ ਨਹੀਂ, ਪੂਰੀ ਦੁਨੀਆ ਵਿਚ ਟੀਕਿਆਂ ਦੇ ਖੇਤਰ ਵਿਚ ਮੋਹਰੀ ਹੈ। 3 ਮਈ 1905 ਨੂੰ ਇਸ ਸੰਸਥਾ ਦੀ ਸਥਾਪਨਾ ਵਿਚ ਮੈਡੀਕਲ ਤੇ ਜਨ ਸਿਹਤ, ਵੈਕਸੀਨਾਂ ਅਤੇ ਐਂਟੀ-ਸੀਰਮ ਨਿਰਮਾਣ, ਮਨੁੱਖੀ ਸਰੋਤ ਵਿਕਾਸ ਅਤੇ ਜਨਤਕ ਸਿਹਤ ਸਮੱਸਿਆਵਾਂ ਲਈ ਕੌਮੀ ਰੈਫਰਲ ਸੈਂਟਰ ਵਜੋਂ ਖੋਜ ਕਾਰਜ ਦੇ ਉਦੇਸ਼ ਨਾਲ ਕੀਤੀ ਗਈ ਸੀ ਪਰ ਜਦੋਂ ਆਰਥਿਕ ਨੀਤੀਆਂ ਵਿਚ ਤਬਦੀਲੀ ਆਈ ਅਤੇ ਪਹਿਲੀ ਜਨਵਰੀ 1994 ਨੂੰ ਸੰਸਾਰ ਵਪਾਰ ਸੰਸਥਾ ਦੀ ਸਥਾਪਨਾ ਤੋਂ ਬਾਅਦ ਪੇਟੈਂਟ ਅਧਿਕਾਰਾਂ ਦੇ ਕਾਨੂੰਨਾਂ ਵਿਚ ਤਬਦੀਲੀਆਂ ਆਈਆਂ ਤਾਂ ਦ੍ਰਿਸ਼ ਬਦਲਣਾ ਸ਼ੁਰੂ ਹੋ ਗਿਆ। ਭਾਰਤੀ ਕੰਪਨੀਆਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ, ਇਸ ਦਾ ਵੱਡਾ ਅਸਰ ਜਨਤਕ ਖੇਤਰ ਦੀਆਂ ਇਕਾਈਆਂ 'ਤੇ ਪਿਆ।

ਕੇਂਦਰੀ ਮੰਤਰੀ ਮੰਡਲ ਦੀ 28 ਦਸੰਬਰ 2016 ਦੀ ਮੀਟਿੰਗ ਵਿਚ ਜਨਤਕ ਖੇਤਰ ਵਿਚ ਬਣੀਆਂ ਦਵਾਈਆਂ ਦੀਆਂ ਕੰਪਨੀਆਂ ਬੰਦ ਕਰਨ ਅਤੇ ਵੇਚਣ ਦੀ ਸਿਫ਼ਾਰਸ਼ ਕੀਤੀ ਗਈ। ਇਸ ਕਾਰਨ ਮੁਲਕ ਅਤੇ ਦੁਨੀਆ ਦੇ ਲੱਖਾਂ ਲੋਕਾਂ ਲਈ ਕਿਫਾਇਤੀ ਅਤੇ ਮੁਫ਼ਤ ਦਵਾਈਆਂ ਯਕੀਨੀ ਬਣਾਉਣ ਦੇ ਸੰਕਲਪ ਨੂੰ ਵੱਡਾ ਝਟਕਾ ਲੱਗਿਆ ਹੈ। ਜੇ ਮੁਲਕ ਸੱਚਮੁੱਚ ਲੋਕਾਂ ਲਈ ਸਸਤੀਆਂ ਦਵਾਈਆਂ ਚਾਹੁੰਦਾ ਹੈ ਤਾਂ ਫਾਰਮਾਸਿਊਟੀਕਲ ਨੂੰ ਮਜ਼ਬੂਤ ਕਰਨ ਲਈ ਲੋਕ ਰਾਇ ਬਣਾਉਣ ਲਈ ਆਵਾਜ਼ ਉਠਾਉਣ ਦਾ ਸਮਾਂ ਆ ਗਿਆ ਹੈ। ਜੇ ਇਹ ਕੰਪਨੀਆਂ ਕਰੋਨਾ ਸਮੇਂ ਕਾਰਜਸ਼ੀਲ ਹੁੰਦੀਆਂ ਤਾਂ ਲੋਕਾਂ ਨੂੰ ਅਧਿਕ ਲਾਭ ਹੁੰਦਾ।

25 ਮਾਰਚ 2020 ਦੀ ਰਸਾਇਣ ਮੰਤਰਾਲੇ ਦੀ ਸੂਚਨਾ ਅਨੁਸਾਰ ਭਾਰਤ ਵਿਚ 856 ਦਵਾਈਆਂ ਹਨ ਜਿਨ੍ਹਾਂ ਦੀ ਸੀਲਿੰਗ ਕੀਮਤ ਸਰਕਾਰ ਦੁਆਰਾ ਤੈਅ ਕੀਤੀ ਗਈ ਹੈ। ਦਵਾਈ (ਦਵਾਈ ਤੇ ਮੈਡੀਕਲ ਸਾਜ਼ੋ-ਸਮਾਨ) ਕੋਈ ਵਿਲਾਸਤਾ ਦੇ ਸਾਧਨ ਨਹੀਂ, ਇਸ ਲਈ ਸਾਰੀਆਂ ਦਵਾਈਆਂ ਦੀ ਕੀਮਤ ਦੀ ਸੀਮਾ ਹੋਣੀ ਚਾਹੀਦੀ ਹੈ। ਦਵਾਈਆਂ ਦੀਆਂ ਕਿਫਾਇਤੀ ਕੀਮਤਾਂ ਯਕੀਨੀ ਬਣਾਉਣ ਲਈ ਜਨਤਕ ਖੇਤਰ ਦੀਆਂ ਇਕਾਈਆਂ ਨੂੰ ਮੁੜ ਸੁਰਜੀਤ ਅਤੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

# ਪੰਜਾਬ ਵਿਚ ਸਿੱਖਿਆ ਦੇ ਹਾਲਾਤ ਅਤੇ ਅਧਿਆਪਕ

ਹਰ ਕਾਲ ਦੇ ਅਧਿਆਪਕਾਂ ਲਈ ਉਨ੍ਹਾਂ ਦੇ ਆਪਣੇ ਸਮੇਂ ਦੀਆਂ ਚੁਣੌਤੀਆਂ ਸਨ। ਅੱਜ ਪ੍ਰਾਈਵੇਟ ਸਿੱਖਿਆ ਖੇਤਰ ਦੇ ਅਧਿਆਪਕਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ, ਸਰਕਾਰੀ ਅਧਿਆਪਕਾਂ ਦੀਆਂ ਆਪਣੀਆਂ। ਸਮਾਜ ਨੂੰ ਦਿੱਤੀ ਜਾਣ ਵਾਲੀ ਇਕ ਹੀ ਸੇਵਾ (ਭਾਵ ਸਿੱਖਿਆ) ਦੇਣ ਵਾਲੀ ਮੁਲਾਜ਼ਮਾਂ ਦੀ ਸ਼੍ਰੇਣੀ (ਭਾਵ ਅਧਿਆਪਕ) ਜੇ ਦੋ ਵਰਗਾਂ ਵਿਚ ਵੰਡੀ ਹੋਵੇ, ਉਸੇ ਆਧਾਰ ਉਤੇ

**ਸੁੱਚਾ ਸਿੰਘ ਖੱਟੜਾ**
ਫੋਨ: +91-94176-52947

ਸਮਾਜ ਅਤੇ ਵਿਦਿਆਰਥੀ ਵੰਡੇ ਗਏ ਹੋਣ, ਉਥੇ ਕੌਣ ਕਿਹਨੂੰ ਵਧਾਈ ਦੇਵੇ?

ਅਧਿਆਪਕ, ਸਿੱਖਿਆ ਖੇਤਰ ਦੀ ਸਭ ਤੋਂ ਅਹਿਮ ਧਿਰ ਹੈ। ਸਿੱਖਿਆ, ਸਿੱਖਿਆ ਹੀ ਨਹੀਂ, ਜੇ ਮਿਆਰੀ ਨਹੀਂ। ਮਿਆਰੀ ਸਿੱਖਿਆ ਲਈ ਅਧਿਆਪਕ ਸਿੱਖਿਆ ਸਬੰਧੀ ਸਰਕਾਰੀ ਨੀਤੀ, ਸਰਕਾਰ, ਸਿੱਖਿਆ ਮੰਤਰੀ, ਸਿਖਰ ਤੋਂ ਹੇਠਾਂ ਤਕ ਅਫਸਰਸ਼ਾਹੀ, ਸਕੂਲ ਪ੍ਰਬੰਧਕ ਕਮੇਟੀਆਂ, ਪੰਚਾਇਤਾਂ, ਸ਼ਹਿਰਾਂ ਦੀਆਂ ਕਮੇਟੀਆਂ, ਕੌਂਸਲਾਂ, ਕਾਰਪੋਰੇਸ਼ਨਾਂ ਤੇ ਮਾਪੇ, ਸਭ ਧਿਰਾਂ ਹਨ। ਸਿੱਖਿਆ ਨੀਤੀ ਕੇਵਲ ਆਦਰਸ਼ਕ ਟੀਚਾ ਹੀ ਨਹੀਂ ਤੈਅ ਕਰਦੀ, ਉਸ ਤੱਕ ਪਹੁੰਚਣ ਦਾ ਮਾਰਗ ਵੀ ਤੈਅ ਕਰਦੀ ਹੈ। ਉਸ ਮਾਰਗ ਵਿਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਲਈ ਵੱਖ ਵੱਖ ਧਿਰਾਂ ਦੀ ਜੁਗਲਬੰਦੀ ਵੀ ਤੈਅ ਕਰਦੀ ਹੈ।

ਸਿੱਖਿਆ ਖੇਤਰ ਵਿਚ ਪ੍ਰਾਈਵੇਟ ਭਾਗੀਦਾਰੀ ਲਈ ਕੁਝ ਆਧਾਰ ਠੋਸ ਹਨ, ਨਿਰਵਿਵਾਦ ਹਨ ਪਰ ਕੁਝ ਇਨ੍ਹਾਂ ਆਧਾਰਾਂ ਦੇ ਪਰਦੇ ਹੇਠਾਂ ਨਿਰਾ ਧੰਦਾ ਹੈ, ਕਾਰੋਬਾਰ ਹੈ। ਕਈ ਹੋਰ ਖੇਤਰਾਂ ਵਿਚ ਕਾਰੋਬਾਰ ਕਰਦੇ ਕਰਦੇ ਸਿੱਖਿਆ ਖੇਤਰ ਵਿਚ ਵੀ ਕਾਰੋਬਾਰ ਕਰਨ ਲੱਗ ਗਏ ਅਤੇ ਕਈ ਹੋਰ ਸਿੱਖਿਆ ਖੇਤਰ ਵਿਚ ਕਾਰੋਬਾਰ ਕਰਦਿਆਂ ਹੋਰ ਕਾਰੋਬਾਰ ਵੀ ਬਰਾਬਰ ਕਰਨ ਲੱਗ ਪਏ ਹਨ। ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕਾਂ ਲਈ ਉਹੀ ਸਿੱਖਿਆ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਧਿਆਪਕ ਦਿਵਸ ਉੱਤੇ ਵਧਾਈ ਦੇਵੇ, ਜਿਹੜਾ ਇਸ ਖੇਤਰ ਦੇ ਅਧਿਆਪਕਾਂ ਦੇ ਵੇਤਨ ਅਤੇ ਹੋਰ ਸੇਵਾ ਲਾਭ ਉਨ੍ਹਾਂ ਦੇ ਅਧਿਆਪਕ ਹੋਣ ਦਾ ਸਟੇਟਸ ਬਰਾਬਰ ਕਰਨ ਨੂੰ ਸਮਾਬੱਧ ਕਰੇ; ਨਹੀਂ ਤਾਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਦੇ ਇਨ੍ਹਾਂ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੰਦਿਆਂ ਖੁਦ ਨੂੰ ਜੇ ਸ਼ਰਮਿੰਦਗੀ ਨਹੀਂ ਤਾਂ ਘੱਟੋ-ਘੱਟ ਇਨ੍ਹਾਂ ਅਧਿਆਪਕਾਂ ਨੂੰ ਸ਼ਰਮਿੰਦਾ ਨਾ ਕਰੀਏ। ਕੋਈ ਆਦਰਸ਼ਕ ਸਿੱਖਿਆ ਮਾਡਲ ਇਸ ਵਰਗ ਨੂੰ ਬਾਹਰ ਰੱਖ ਕੇ ਆਦਰਸ਼ਕ ਨਹੀਂ ਹੋ ਸਕਦਾ। ਇਹ ਕਰਨੀ ਔਖਾ ਨਹੀਂ, ਹੱਲ ਲਈ ਸੁਝਾਅ ਮੰਗੇ ਜਾ ਸਕਦੇ ਹਨ।

ਹਰ ਪੱਧਰ ਦੇ ਸਰਕਾਰੀ ਅਧਿਆਪਕਾਂ ਦੇ ਮਸਲੇ ਹਨ। ਪ੍ਰੀ-ਪ੍ਰਾਇਮਰੀ ਦੀਆਂ ਹਜ਼ਾਰਾਂ ਅਸਾਮੀਆਂ ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਦੀਆਂ ਖਾਲੀ ਅਸਾਮੀਆਂ ਨਾਲ ਜੇ ਨਾਨ-ਟੀਚਿੰਗ ਅਮਲੇ ਦੀਆਂ ਅਸਾਮੀਆਂ ਵੀ ਜੋੜ ਦਿੱਤੀਆਂ ਜਾਣ ਤਾਂ ਇਕ ਲੱਖ ਤੱਕ ਗਿਣਤੀ ਭਰਤੀ ਯੋਗ ਬਣ ਜਾਏਗੀ। ਇਹ ਸਿੱਖਿਆ ਸੇਵਾ ਲਈ ਮੁੱਢਲੇ ਢਾਂਚੇ ਦਾ ਹਿੱਸਾ ਹੈ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨਾ ਬਣਦਾ ਹੈ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਕੋਈ ਯੋਜਨਾ ਐਲਾਨੀ ਜਾਣੀ ਚਾਹੀਦੀ ਹੈ। ਮੁੱਢਲਾ ਢਾਂਚਾ ਅਤੇ ਅਧਿਆਪਕਾਂ ਦੀਆਂ ਸੇਵਾ ਹਾਲਤਾਂ ਮਿਆਰੀ ਸਿੱਖਿਆ ਦੀਆਂ ਮੁੱਢਲੀਆਂ ਲੋੜਾਂ ਹਨ ਜੋ ਲੰਮੇ ਸਮੇਂ ਤੋਂ ਟਾਲੀਆਂ ਜਾ ਰਹੀਆਂ ਹਨ।

ਅਧਿਆਪਕਾਂ ਦੀ ਸਮਾਜ ਅਤੇ ਰਾਸ਼ਟਰ ਦੇ ਨਿਰਮਾਣ ਵਿਚ ਭੂਮਿਕਾ ਨੂੰ ਦੇਖਦਿਆਂ ਇਸ ਨੂੰ ਰਾਸ਼ਟਰ ਦੇ ਨਿਰਮਾਤਾ ਦੀ ਉਪਾਧੀ ਮਿਲੀ ਹੈ। ਕੀ ਭਾਰਤ ਦੇ ਸਬੰਧ ਵਿਚ ਪ੍ਰਸ਼ਨ ਬਣਦਾ ਹੈ ਕਿ ਅਧਿਆਪਕ ਨੇ ਹੀ ਉਸ ਰਾਸ਼ਟਰ ਦਾ ਨਿਰਮਾਣ ਕੀਤਾ ਹੈ ਜਿਸ ਵਿਚ ਵਿਅਕਤੀ ਦੇ ਸੰਵਿਧਾਨ ਤੋਂ ਪ੍ਰਾਪਤ ਬੋਲਣ, ਆਪਣੇ ਧਰਮ ਨੂੰ ਮੰਨਣ, ਜਾਤੀ, ਨਸਲ, ਖੇਤਰ, ਲਿੰਗ ਦੇ ਆਧਾਰ ਉੱਤੇ ਕਿਸੇ ਵੀ ਵਿਤਕਰੇ ਤੋਂ ਮੁਕਤ ਬਰਾਬਰੀ ਦੇ ਅਧਿਕਾਰ ਨੂੰ ਤਾਰ ਤਾਰ ਕੀਤਾ ਜਾ ਰਿਹਾ ਹੈ? ਕੀ ਅਧਿਆਪਕ ਨੇ ਹੀ ਉਸ ਰਾਸ਼ਟਰ ਦਾ ਨਿਰਮਾਣ ਕੀਤਾ ਹੈ ਜਿਸ ਵਿਚ ਉਸੇ ਨੂੰ ਦੇਸ਼ ਦੀ ਅਗਵਾਈ ਦੇ ਦਿੱਤੀ ਗਈ ਜਿਹੜਾ ਲੋਕਤੰਤਰ ਦੇ ਹਰ ਥੰਮ੍ਹ ਨੂੰ ਖੋਖਲਾ ਕਰ ਰਿਹਾ ਹੈ? ਲੋਕਾਂ ਲਈ ਮਹਿੰਗਾਈ, ਜਵਾਨੀ ਲਈ ਬੇਰੁਜ਼ਗਾਰੀ, ਪਿਛਲੀਆਂ ਤਮਾਮ ਸਰਕਾਰਾਂ ਵਲੋਂ ਅਰਬਾਂ ਖਰਬਾਂ ਦੇ ਸਰਕਾਰੀ (ਲੋਕਾਂ ਦੇ) ਧਨ ਨਾਲ ਉਸਾਰੇ ਅਦਾਰਿਆਂ ਨੂੰ ਵੇਚਣ ਪਿੱਛੇ ਉਝ ਕੋਈ ਤਾਂ ਮਕਸਦ ਮਨਸੂਬੇ ਹਨ, ਕੀ ਬਤੌਰ ਅਧਿਆਪਕ ਇਨ੍ਹਾਂ ਦਾ ਅਧਿਐਨ ਅਧਿਆਪਕ ਨੇ ਕੀਤਾ? ਇਸ ਸਭ ਕੁਝ ਦੀ ਉਮੀਦ ਅਸੀਂ ਕਾਲਜਾਂ, ਯੂਨੀਵਰਸਟੀਆਂ ਅਧਿਆਪਕਾਂ ਤੋਂ ਤਾਂ ਕਰ ਹੀ ਸਕਦੇ ਹਾਂ। ਕੀ ਅਸੀਂ ਅਧਿਆਪਕਾਂ ਨੇ ਹੀ ਉਸ ਰਾਸ਼ਟਰ ਦਾ ਨਿਰਮਾਣ ਕੀਤਾ ਹੈ ਜਿਸ ਵਿਚ ਬਲਾਤਕਾਰੀ ਆਪਣੇ ਫ਼ਿਰਕੇ ਦੇ ਹੀਰੋ ਬਣ ਜਾਂਦੇ ਹਨ? ਅਸੀਂ ਅਣਜਾਣ ਨਹੀਂ ਕਿ ਸਮਾਜ ਅੰਦਰ ਬਹੁਤ ਹੋਰ ਸ਼ਕਤੀਆਂ ਹਨ ਜੋ ਇਹੋ ਜਿਹਾ ਹਰ ਕਿਸਮ ਦਾ ਪੁੱਠਾ ਪਾਠ ਪੜ੍ਹਾ ਰਹੀਆਂ ਹਨ, ਵਾਰ ਵਾਰ ਦੋਹਰਾ ਕੇ ਪੱਕਾ ਵੀ ਕਰ ਰਹੀਆਂ ਹਨ ਪਰ ਸਮਾਜ ਦਾ ਜਿਹੜਾ ਆਯੂ ਵਰਗ ਅਧਿਆਪਕ ਕੋਲ ਹੈ, ਉਹ ਕਿਸੇ ਕੋਲ ਨਹੀਂ। ਅਧਿਆਪਕ ਨੂੰ ਇਨ੍ਹਾਂ ਚੁਣੌਤੀਆਂ ਨੂੰ ਨਜਿੱਠਣ ਦਾ ਜ਼ਿੰਮਾ ਲੈਣਾ \ਪਏਗਾ। ਇਸ ਦੀ ਜ਼ਿੰਮੇਵਾਰੀ ਹਰ ਪੱਧਰ ਦੇ ਪ੍ਰਾਈਵੇਟ ਅਧਿਆਪਕਾਂ ਨੂੰ ਵੀ ਬਰਾਬਰ ਬਣਾਉਣੀ ਪੈਣੀ ਹੈ।

ਭਾਰਤ ਵਿਚ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਹ ਇਕ ਅਧਿਆਪਕ (ਡਾ. ਸਰਵਪੱਲੀ ਰਾਧਾਕ੍ਰਿਸ਼ਨਨ) ਨੇ ਹੀ ਦਿੱਤਾ ਹੈ। ਕੀ ਇਹ ਸੋਚਿਆ ਜਾ ਸਕਦਾ ਹੈ ਕਿ ਯੂਨੀਵਰਸਟੀਆਂ, ਕਾਲਜਾਂ, ਸਕੂਲਾਂ ਦਾ ਕੋਈ ਅਧਿਆਪਕ ਸੰਗਠਨ ਜਾਂ ਸੰਗਠਨਾਂ ਦਾ ਸਮੂਹ ਸਿੱਖਿਆ ਸਬੰਧੀ ਸਮੇਂ ਦੀਆਂ ਉਭਰੀਆਂ ਚੁਣੌਤੀਆਂ ਵਿਰੁੱਧ ਆਪਣੀ ਕੋਈ ਘੱਟ ਤੋਂ ਘੱਟ ਭੂਮਿਕਾ ਨਿਸ਼ਚਤ ਕਰੇ ਅਤੇ ਉਸ ਉੱਤੇ ਸਾਲ ਭਰ ਕਾਰਜਸ਼ੀਲ ਰਹਿਣ ਲਈ ਹਰ ਸਾਲ 4 ਸਤੰਬਰ ਜਾਂ 6 ਸਤੰਬਰ ਨੂੰ 'ਅਧਿਆਪਕ ਪ੍ਰਤਿੱਗਿਆ' ਦਿਵਸ ਮਨਾਇਆ ਕਰੇ? ਇਸ ਪ੍ਰੋਗਰਾਮ ਅਧੀਨ ਸੈਮੀਨਾਰ, ਵਰਕਸ਼ਾਪਾਂ, ਪੈਂਫਲਿਟ, ਦੁਵਰਕੀਆਂ ਆਦਿ ਰਾਹੀਂ ਜਾਗਰੂਕਤਾ ਫੈਲਾਉਣ, ਸਮਾਜ ਦੇ ਦੂਜੇ ਤਬਕਿਆਂ, ਸੰਗਠਨਾਂ ਤਕ ਆਪਣਾ ਦ੍ਰਿਸ਼ਟੀਕੋਣ ਪਹੁੰਚਾਉਣ, ਸਹਿਯੋਗ ਲੈਣ ਆਦਿ ਦੇ ਨਿਸ਼ਾਨੇ ਪੂਰੇ ਕੀਤੇ ਜਾ ਸਕਦੇ ਹਨ।

ਮਿਆਰੀ ਸਿੱਖਿਆ ਲਈ ਸਿੱਖਿਆ ਨੀਤੀ ਘੜਨ ਦੀ ਪੱਧਰ 'ਤੇ ਅਧਿਆਪਕ ਸਮਾਜ ਨੂੰ ਆਪਣਾ ਰੋਲ ਨਿਭਾਉਣਾ ਪਏਗਾ। ਇੱਥੇ ਅਧਿਆਪਕ ਪਛੜਿਆ ਲੱਗਦਾ ਹੈ। ਹਰਿਆਣਾ ਸਰਕਾਰ ਨੇ ਸਕੂਲਾਂ ਵਿਚ ਰੈਸ਼ਨੇਲਾਈਜੇਸ਼ਨ ਨੀਤੀ ਭੇਜੀ ਹੈ। ਪੰਜਾਬ ਦੇ ਅਧਿਆਪਕਾਂ ਨੂੰ ਚਿੰਤਾ ਕਰਨੀ ਚਾਹੀਦੀ ਹੈ। ਹਰ ਆਗੂ ਇਸ ਨੂੰ ਪੜ੍ਹੇ। ਪੰਜਾਬ ਅੰਦਰ ਸਿੱਖਿਆ ਲਈ ਦਿੱਲੀ ਮਾਡਲ ਦੇ ਚਰਚੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਦੀ ਨਵੀਂ ਸਿੱਖਿਆ ਨੀਤੀ ਉਤੇ ਸਪੱਸ਼ਟ ਕਰੇ ਕਿ ਪੰਜਾਬ ਉਸ ਨੂੰ ਕਿਵੇਂ ਲਾਗੂ ਕਰੇਗਾ? ਜੇ ਨਹੀਂ ਤਾਂ ਸਮਵਰਤੀ ਸੂਚੀ ਅਧੀਨ ਜਾਰੀ ਸਿੱਖਿਆ ਨੀਤੀ ਤੋਂ ਉਹ ਕਿਹੜੀ ਜੁਗਤ ਅਤੇ ਤਾਕਤ ਨਾਲ ਬਚ ਕੇ ਨਿਕਲ ਸਕੇਗਾ। ਅਧਿਆਪਕ ਦਿਵਸ ਮੌਕੇ ਅਜਿਹੇ ਪੇਚੀਦਾ ਪ੍ਰਸ਼ਨਾਂ ਦੇ ਉੱਤਰ ਵੀ ਲੋਕਾਂ ਸਾਹਮਣੇ ਆਉਣੇ ਚਾਹੀਦੇ ਹਨ।

# ਤੇਜਾ ਸਿੰਘ ਸੁਤੰਤਰ

**ਸ਼ਿਵ ਨਾਥ**
**ਫੋਨ: 96538-70627**

ਇੰਦਰ ਸਿੰਘ ਮੁਰਾਰੀ ਨੇ ਹੌਲੀ-ਹੌਲੀ ਬੋਲਣਾ ਸ਼ੁਰੂ ਕੀਤਾ: ''ਜਿਨ੍ਹਾਂ ਦਿਨਾਂ ਵਿਚ ਫਸਾਦ ਸ਼ੁਰੂ ਹੋਏ ਅਸੀਂ ਲਾਹੌਰ ਤੇਜਾ ਸਿੰਘ ਸੁਤੰਤਰ ਦੀ ਕੋਠੀ ਵਿਚ ਰਹਿ ਰਹੇ ਸਾਂ। ਅਸਲ ਵਿਚ ਇਹ ਕੋਠੀ ਉਹਦੀ ਆਪਣੀ ਨਹੀਂ ਸੀ। ਸਗੋਂ, ਕਿਸੇ ਮੁਸਲਮਾਨ ਦੋਸਤ ਨੇ ਰਹਿਣ ਲਈ ਦਿੱਤੀ ਹੋਈ ਸੀ ਤੇ ਇਸ ਗੱਲ 'ਤੇ ਪਾਰਟੀ ਅੰਦਰੋਂ ਕੁਝ ਲੋਕਾਂ ਨੇ ਇਤਰਾਜ਼ ਵੀ ਕੀਤਾ। ਉਂਜ ਇਹ ਇਤਰਾਜ਼ ਬੜਾ ਫਜ਼ੂਲ ਜਿਹਾ ਸੀ ਕਿਉਂਕਿ ਕੋਠੀ ਉਹ ਕਿਹੜਾ ਸਾਰੀ ਆਪ ਹੀ ਵਰਤਦਾ ਸੀ? ਪਾਰਟੀ ਵਰਕਰਾਂ ਦੇ ਹੀ ਕੰਮ ਆਉਂਦੀ ਸੀ। ਉਸ ਦੌਰ ਵਿਚ ਬੜੀਆਂ ਮੀਟਿੰਗਾਂ ਹੋਈਆਂ ਸਨ ਇਸ ਜਗ੍ਹਾ 'ਤੇ।

ਖ਼ੈਰ, ਪਾਰਟੀ ਦੇ ਕਿਸੇ ਕੰਮ ਲਈ, ਮੈਨੂੰ ਇਥੋਂ ਸਿਆਲਕੋਟ ਘੱਲਿਆ ਗਿਆ ਪਰ ਉਥੇ ਜਾਂਦਿਆਂ ਨੂੰ, ਕਰਫਿਊ ਦਾ ਅਲਾਰਮ! ਲੁਕ-ਲੁਕਾ ਕੇ, ਪਾਰਟੀ ਦੇ ਦਫ਼ਤਰ ਪਹੁੰਚਿਆ ਪਰ ਉਸ ਦਾ ਬੂਹਾ ਬੰਦ! ਸੋ ਰਾਤ ਗੁਰਦੁਆਰੇ ਜਾ ਕੇ ਹੀ ਗੁਜ਼ਾਰਨੀ ਪਈ।

ਦਿਨੇ ਉੱਠ ਫਿਰ ਦਫ਼ਤਰੇ ਅੱਪੜਿਆ। ਵੇਖ ਕੇ, ਮੁਸਲਮਾਨ ਵਰਕਰ ਦਾ ਰੰਗ ਫੱਕ! ਆਖੇ: 'ਤੂੰ ਇਥੇ ਆਉਣ ਦੀ ਬੜੀ ਭੁੱਲ ਕੀਤੀ ਏ ਕਿਉਂਕਿ ਘੜੀ-ਘੜੀ ਪਿੱਛੋਂ ਤਾਂ ਇਥੇ ਛੁਰੇ ਚੱਲ ਰਹੇ ਨੇ!'

ਉਸ ਨਾਲ ਦੀ ਦੁਕਾਨ ਤੋਂ ਕੁਝ ਮੇਰੇ ਖਾਣ ਲਈ ਲਿਆ ਕੇ ਦਿੱਤਾ ਤੇ ਫਿਰ ਉਸੇ ਵੇਲੇ ਮੇਰੇ ਨਾਲ ਜਾ ਕੇ, ਇਕ ਬੱਸ 'ਤੇ ਬਿਠਾ ਕੇ ਮੈਨੂੰ ਲਾਹੌਰ ਨੂੰ ਤੋਰ ਦਿੱਤਾ। ਬੱਸ ਵੀ ਉਸ ਉਹ ਫੜ ਕੇ ਦਿੱਤੀ, ਜਿਸ ਦੇ ਡਰਾਈਵਰ, ਕੰਡਕਟਰ ਉਹਦੇ ਜਾਣੂ ਸਨ। ਉਸ ਉਨ੍ਹਾਂ ਨੂੰ ਮੇਰੇ ਬਾਰੇ ਚੰਗੀ ਤਰ੍ਹਾਂ ਸਮਝਾ ਕੇ ਪੱਕੀ ਕੀਤੀ ਕਿ ਇਹਨੂੰ ਆਪਣੀ ਨਿਗਰਾਨੀ ਵਿਚ ਅੱਪੜਾ ਕੇ ਆਉਣਾ ਹੈ। ਹੋ ਸਕੇ ਤਾਂ ਇਹਨੂੰ ਕੁਝ ਅੱਗੇ ਵੀ ਕਰ ਆਉਣਾ। ਪਰ ਜਾਂਦਿਆਂ ਨੂੰ ਲਾਹੌਰ ਵੀ ਸੁੰਨ-ਮਸਾਨ! ਮਤਲਬ ਕਰਫਿਊ ਇੱਥੇ ਵੀ ਲੱਗ ਚੁੱਕਾ ਸੀ।

ਕਿਸੇ ਨਾ ਕਿਸੇ ਤਰ੍ਹਾਂ ਆਪਣੇ ਟਿਕਾਣੇ ਅੱਪੜਿਆ। ਸਾਰੇ ਸਾਥੀਆਂ ਦੇ ਚਿਹਰੇ ਉਤਰੇ ਹੋਏ ਕਿਉਂਕਿ ਗੜਬੜ ਹੁਣ ਸ਼ਹਿਰ ਦੇ ਉਨ੍ਹਾਂ ਹਿੱਸਿਆਂ ਵਿਚ ਵੀ ਫੈਲ ਗਈ ਹੋਈ ਸੀ ਜੋ ਅਜੇ ਤਕ ਬਚੇ ਹੋਏ ਸਨ। ਬੜੀ ਸੋਚ-ਵਿਚਾਰ ਪਿੱਛੋਂ ਇਹ ਫੈਸਲਾ ਕੀਤਾ ਗਿਆ ਕਿ ਸੁਤੰਤਰ, ਉਹਦੀ ਪਤਨੀ, ਧੀ ਤੇ ਰਾਮ ਸਿੰਘ ਨੂੰ ਕੱਢ ਕੇ, ਅੰਮ੍ਰਿਤਸਰ ਘੱਲ ਦਿੱਤਾ ਜਾਵੇ।

ਇਸ ਕੰਮ ਦੀ ਡਿਊਟੀ ਸਰੈਣ ਸਿੰਘ 'ਖੇਲਾ' ਨੇ ਆਪਣੇ ਸਿਰ ਲਈ ਪਰ ਟੈਕਸੀ ਦਾ ਪਤਾ ਕਰਨ ਗਿਆ ਉਹ ਆਪ ਹੀ ਮਾਰਿਆ ਜਾਣ ਲੱਗਾ ਸੀ।''

''ਕਿਉਂ?'' ਨਾ ਚਾਹੁੰਦਿਆਂ ਵੀ ਹੁਣ ਫੇਰ ਮੇਰੇ ਤੋਂ (ਭਾਵ ਸ਼ਿਵਨਾਥ) ਪੁੱਛਿਆ ਗਿਆ।

''ਪਤਾ ਨਹੀਂ ਕਿਵੇਂ ਮੁਸਲਮਾਨਾਂ ਦੇ ਇਕ ਟੋਲੇ ਨੂੰ ਸ਼ੱਕ ਪੈ ਗਿਆ ਤੇ ਉਹ ਉਹਨੂੰ ਫੜ ਕੇ ਨੰਗਿਆਂ ਕਰਨ ਲੱਗੇ ਸਨ ਕਿ ਉਤੋਂ ਕੁਝ ਹੋਰ ਬੰਦੇ ਆ ਗਏ। ਉਹ ਬੰਦੇ ਅੰਦਰੋਂ ਸਾਡੀ ਪਾਰਟੀ ਦੇ ਹਮਦਰਦ ਸਨ ਤੇ ਉਨ੍ਹਾਂ ਨੇ ਇਹ ਆਖ ਕੇ, ਖੇਲੇ ਨੂੰ ਉਸ ਟੋਲੇ ਦੇ ਪੰਜੇ 'ਚੋਂ ਛੁਡਾ ਲਿਆ: 'ਓ ਭਰਾਓ! ਕਿਉਂ ਬੇਇੱਜ਼ਤੀ ਕਰਦੇ ਓ? ਇਹ ਤਾਂ ਸਾਡਾ ਆਪਣਾ ਹੀ ਭਰਾ ਅਬਦੁਲ ਰਹਿਮਾਨ ਏ।'

ਇੱਥੇ ਹੀ ਬਸ ਨਹੀਂ; ਉਸ ਤੋਂ ਪਿੱਛੋਂ, ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਲਿਜਾ ਕੇ ਇਕ ਟੈਕਸੀ ਦਾ ਪ੍ਰਬੰਧ ਵੀ ਕਰ ਦਿੱਤਾ ਜਿਸ 'ਚ ਬਿਠਾ ਕੇ ਉਹ ਸੁਤੰਤਰ ਹੋਰਾਂ ਨੂੰ ਸਰਹੱਦੋਂ ਲੰਘਾ ਆਇਆ ਸੀ।

ਹੁਣ ਬਾਕੀ ਜਿੰਨੇ ਵੀ ਅਸੀਂ ਇਸ ਕੋਠੀ ਵਿਚ ਰਹਿ ਗਏ ਸਾਂ ਸਭ ਦੇ ਦਾੜ੍ਹੀ-ਕੇਸ ਮੁਨਾਏ ਹੋਏ ਸਨ। ਸੋ ਮੁਸਲਮਾਨਾਂ ਵਾਂਗ ਹੀ ਲੱਗਦੇ ਸਾਂ। ਜਿਹੜਾ ਕੋਈ ਪਤਾ ਕਰਨ ਆਵੇ ਆਖੀਏ, 'ਅਸੀਂ ਅੰਮ੍ਰਿਤਸਰ ਦੀ ਉਸ ਕੋਠੀ 'ਚੋਂ ਆਏ ਹਾਂ ਜਿਹਦੇ ਵਿਚ ਹੁਣ ਇਸ ਕੋਠੀ ਵਾਲਾ ਸਰਦਾਰ ਗਿਆ ਏ।' ਉਂਜ ਅੰਦਰੋਂ ਆਪਣੇ ਇਸ ਝੂਠ ਤੋਂ ਘਾਬਰੀਏ ਵੀ ਪਰ ਇਸ ਤੋਂ ਬਿਨਾਂ ਹੋਰ ਸਾਡੇ ਕੋਲ ਇਲਾਜ ਵੀ ਕਿਹੜਾ ਰਹਿ ਗਿਆ ਸੀ।

ਫਿਰ ਇਕ ਦਿਨ ਮੈਂ ਤੇ ਨਰਿੰਵਣ ਸਿੰਘ, ਜੋ ਆਜ਼ਾਦ ਹਿੰਦ ਫੌਜ ਦਾ ਪੁਰਾਣਾ ਬੰਦਾ ਸੀ, ਸੁਤੰਤਰ ਦੀ ਟਾਈਪ ਮਸ਼ੀਨ ਤੇ ਕੁਝ ਕਿਤਾਬਾਂ ਲੈ ਕੇ, ਕੋਠੀ 'ਚੋਂ ਬਾਹਰ ਨਿਕਲੇ। ਘੋੜਾ ਹਸਪਤਾਲ ਲਈ ਟਾਂਗਾ ਫੜਿਆ ਤੇ ਉਥੋਂ ਉਤਰ ਕੇ ਰਿਫ਼ੂਜੀ ਕੈਂਪ ਵਿਚ ਜਾ ਵੜੇ। ਸੋਚਿਆ, ਕਿਸੇ ਟਰੱਕ 'ਤੇ ਚੜ੍ਹ ਕੇ ਸੌਖਿਆਂ ਹੀ ਅੰਮ੍ਰਿਤਸਰ ਪਹੁੰਚ ਜਾਵਾਂਗੇ ਪਰ ਕੈਂਪ ਵਿਚ ਆ ਕੇ ਪਤਾ ਲੱਗਾ ਕਿ ਇਹ ਕੰਮ ਕਿੰਨੀ ਔਖੀ ਗੱਲ ਹੈ! ਚੰਗੇ-ਚੰਗੇ ਬੰਦੇ ਤਾਂ ਮਿਲ ਮਿਲਾ ਕੇ, ਆਪੋ-ਆਪਣੇ ਸਾਰੇ ਸਾਮਾਨ ਵੀ ਲੱਦੀ ਜਾਣ ਪਰ ਮਾੜਿਆਂ ਨੂੰ ਕੋਈ ਖਾਲੀ ਹੱਥ ਵੀ ਨਾ ਚੜ੍ਹਨ ਦੇਵੇ। ਆਖਣ: 'ਅਜੇ ਤੁਹਾਡਾ ਨੰਬਰ ਨਹੀਂ ਆਇਆ।'

ਕੁਦਰਤੀ, ਸਾਡੇ ਖਲੋਤਿਆਂ-ਖਲੋਤਿਆਂ ਹੀ, ਡੋਗਰਾ ਮਿਲਟਰੀ ਦਾ ਇਕ ਸੂਬੇਦਾਰ ਕੈਂਪ ਵਿਚ ਆਣ ਵੜਿਆ। ਉਹ ਆਪਣੇ ਨਾਲ ਰਾਵਲਪਿੰਡੀ ਤੋਂ ਸੱਤ ਜੀਪਾਂ ਵੀ ਭਜਾ ਲਿਆਇਆ ਸੀ।

ਉਸ ਨੂੰ ਵੇਖਦਿਆਂ ਹੀ ਨਰਿੰਵਣ ਸਿੰਘ ਨੇ ਜਾ ਸਲੂਟ ਮਾਰਿਆ। ਤੇ ਉਹਦੇ ਸਲੂਟ ਨੇ ਇੰਨਾ ਕੰਮ ਕੀਤਾ ਕਿ ਸੂਬੇਦਾਰ, ਸਾਨੂੰ ਅੰਮ੍ਰਿਤਸਰ ਤਕ ਲੈ ਕੇ ਆਉਣਾ ਮੰਨ ਗਿਆ।''

* * *

''ਅੰਮ੍ਰਿਤਸਰ ਪਹੁੰਚ ਕੇ ਅਸਾਂ ਸੁਤੰਤਰ ਦਾ ਪਤਾ ਕੀਤਾ ਪਰ ਉਹ ਉਸ ਸਮੇਂ ਜਲੰਧਰ ਵੱਲ ਗਿਆ ਹੋਇਆ ਸੀ। ਜਲੰਧਰ ਆ ਕੇ 'ਦੰਦੂਆਲ' ਦੀ ਦੱਸ ਪਈ ਜੋ ਕਾਮਰੇਡ ਚੈਨ ਸਿੰਘ 'ਚੈਨ' ਦਾ ਪਿੰਡ ਹੈ ਪਰ ਮੇਲ ਸਾਡਾ ਉਥੇ ਵੀ ਨਾ ਹੋ ਸਕਿਆ। ਸਗੋਂ, ਚੈਨ ਆਪ ਵੀ ਕਿਤੇ ਹੋਰ ਥਾਂ ਗਿਆ ਹੋਇਆ ਸੀ।


ਪਿੰਡ ਵਾਲਿਆਂ ਨਾਲ ਗੱਲ ਕੀਤੀ ਤੇ ਉਨ੍ਹਾਂ ਇਕ ਬੰਦਾ ਨਾਲ ਦੇ ਕੇ, ਕਾਮਰੇਡ ਗੁਰਚਰਨ ਸਿੰਘ ਰੰਧਾਵੇ ਦੇ ਪਿੰਡ ਨੂੰ ਤੋਰ ਦਿੱਤਾ ਪਰ ਉਹ ਬੰਦਾ ਰਾਹ ਵਿਚੋਂ ਹੀ ਪਿੱਛੇ ਮੁੜ ਗਿਆ ਕਿਉਂਕਿ ਇਕ ਤਾਂ ਸ਼ਾਮ ਦਾ ਵਕਤ ਸੀ ਤੇ ਦੂਜਾ, ਰਸਤਿਆਂ 'ਚ, ਲੱਕ-ਲੱਕ ਪਾਣੀ ਫਿਰੇ। ਉਸ ਵੇਲੇ ਮੀਂਹ ਬੜੇ ਪੈ ਰਹੇ ਸਨ। ਉਂਜ ਬਹੁਤਾ ਤਾਂ ਉਹ ਆਲੇ-ਦੁਆਲੇ ਵਿਚ ਫੈਲੀ ਹੋਈ ਗੜਬੜ ਤੋਂ ਹੀ ਡਰਿਆ ਸੀ ਤੇ ਗੱਲ ਉਹਦੀ ਹੈ ਵੀ ਸੱਚੀ ਸੀ ਕਿਉਂਕਿ ਉਸ ਸਮੇਂ ਲੋਕਾਂ ਨੂੰ ਐਵੇਂ ਹੀ, ਇਕ ਦੂਜੇ 'ਤੇ ਸ਼ੱਕ ਪਿਆ ਪੈਂਦਾ ਸੀ। ਅਸੀਂ ਆਪ ਵੀ ਤਾਂ ਇਕ ਪਿੰਡ ਅੱਗੋਂ ਲੰਘਣ ਲੱਗੇ 'ਠੀਕਰੀ ਪਹਿਰੇ' ਵਾਲਿਆਂ ਦੇ ਕਾਬੂ ਆ ਗਏ ਸਾਂ। ਬੜੀ ਪੁੱਛ-ਪੜਤਾਲ ਪਿੱਛੋਂ ਉਨ੍ਹਾਂ ਨੇ ਖਹਿੜਾ ਛੱਡਿਆ।

ਉਥੋਂ ਅਜੇ ਥੋੜ੍ਹੀ ਦੂਰ ਹੀ ਅੱਗੇ ਆਏ ਸਾਂ ਕਿ ਸਾਹਮਣਿਓਂ, ਕਿਸੇ ਜੀਪ ਦੀ ਰੌਸ਼ਨੀ ਵਿਖਾਈ ਦਿੱਤੀ। ਭੱਜ ਕੇ ਨਾਲ ਦੇ ਕਮਾਦ ਵਿਚ ਜਾ ਵੜੇ ਪਰ ਉਸ ਵਿਚ ਪਾਣੀ ਇੰਨਾ ਕਿ ਬੈਠਾ ਵੀ ਨਾ ਜਾਵੇ! ਕਮਾਦ ਵੀ ਕੋਈ ਇੰਨਾ ਸੰਘਣਾ ਨਹੀਂ ਸੀ ਕਿ ਖਲੋਤੇ ਹੋਏ ਨਜ਼ਰ ਨਾ ਆ ਸਕੀਏ ਪਰ ਸ਼ੁਕਰ ਹੈ ਰੌਸ਼ਨੀ ਵਾਲੀ ਉਹ ਜੀਪ ਸਾਡੇ ਤੋਂ ਪਿੱਛੇ ਹੀ ਕਿਤੇ ਮੁੜ ਗਈ।

ਕਮਾਦੋਂ ਨਿਕਲ ਕੇ ਰਾਹ 'ਤੇ ਆਉਂਦਿਆਂ ਇੰਨਾ ਹਨ੍ਹੇਰਾ ਹੋ ਗਿਆ ਸੀ ਕਿ ਪਤਾ ਈ ਨਾ ਲੱਗੇ, ਅੱਗੇ ਕਿੱਧਰ ਨੂੰ ਜਾਣਾ ਏ। ਬੜੇ ਹੈਰਾਨ! ਸੋਚਿਆ, ਜੇ ਰਾਤ ਪਿਛਲੇ ਪਿੰਡ ਵਿਚ ਹੀ ਗੁਜ਼ਾਰ ਲੈਂਦੇ ਤਾਂ ਠੀਕ ਰਹਿਣਾ ਸੀ ਪਰ ਹੁਣ ਪਛੋਤਾਇਆਂ ਕੀ ਬਣਦਾ ਸੀ? ਕਿਉਂਕਿ ਹੁਣ ਤਾਂ ਪਿੱਛੇ ਪਰਤਣ ਜੋਗੇ ਵੀ ਨਹੀਂ ਸਾਂ ਰਹੇ।

ਨ੍ਹੇਰੇ ਵਿਚ ਟੱਕਰਾਂ ਮਾਰਦਿਆਂ ਸਾਨੂੰ ਇਕ ਕੋਠਾ ਜਿਹਾ ਨਜ਼ਰੀਂ ਆਇਆ। ਇਹ ਕੋਠਾ ਕਿਸੇ ਖੂਹ ਦਾ ਸੀ ਜਿਸ ਦੇ ਬੂਹੇ ਨੂੰ ਭੈੜਾ ਜਿਆ ਜੰਦਰਾ ਵੱਜਾ ਹੋਇਆ ਸੀ। ਜੰਗਾਲ ਦਾ ਖਾਧਾ ਹੋਇਆ ਜਿਸ ਨੂੰ ਤੋੜ ਕੇ, ਰਾਤ ਅਸਾਂ ਉਸ ਕੋਠੜੀ ਵਿਚ ਹੀ ਲੰਘਾਈ। ਪਤਾ ਨਹੀਂ ਇਹ ਕੋਠੜੀ ਕਦੋਂ ਕੁ ਦੀ ਬੰਦ ਪਈ ਸੀ। ਉਹਦੇ ਵਿਚ ਪਈ ਤੂੜੀ 'ਚ ਕਈ ਕੁਝ ਫਿਰੇ! ਤੇ ਉਹਦੇ ਅੰਦਰੋਂ ਉਠਦੀ ਅਜੀਬ ਤਰ੍ਹਾਂ ਦੀ ਬਦਬੋ! ਬਸ, ਅਸੀਂਓਂ ਜਾਣਦੇ ਹਾਂ ਕਿ ਉਥੇ ਬਹਿ ਕੇ ਕਿਵੇਂ ਰਾਤ ਲੰਘਾਈ। ਬਸ ਇਕ ਸਿਰ ਲੁਕਾਈ ਦੇ ਲਾਲਚ ਨੂੰ ਬੈਠੇ ਹੀ ਰਹੇ ਸਾਂ।

ਦਿਨ ਚੜ੍ਹਨ 'ਤੇ ਫਿਰ ਪਿਛਲੇ ਪਿੰਡ। ਪਿੰਡ ਵਾਲਿਆਂ ਨੇ ਚੰਗੀ ਤਰ੍ਹਾਂ ਸਮਝਾ-ਬੁਝਾ ਕੇ, ਫਿਰ ਰੰਧਾਵੇ ਨੂੰ ਤੋਰ ਦਿੱਤਾ। ਸਾਡੇ ਜਾਂਦਿਆਂ ਨੂੰ ਸੁਤੰਤਰ ਤਿਆਰ ਹੋਇਆ ਬੈਠਾ ਸੀ। ਉਨ੍ਹੀਂ ਦਿਨੀਂ ਉਹ ਕਿਤੇ ਇਕ ਥਾਂ 'ਤੇ ਨਹੀਂ ਸੀ ਅਟਕਦਾ। ਜਗ੍ਹਾ-ਜਗ੍ਹਾ ਪਹੁੰਚ ਕੇ, ਬਚੇ-ਖੁਚੇ ਮੁਸਲਮਾਨਾਂ ਨੂੰ ਕੱਢ ਕੇ, ਕੈਂਪਾਂ ਵਿਚ ਅਪੜਾਣ ਦੇ ਯਤਨ ਕਰਦਾ ਸੀ। ਖਾਸਕਰ ਉਨ੍ਹਾਂ ਕੁੜੀਆਂ ਜਾਂ ਔਰਤਾਂ ਦੇ ਸਬੰਧ ਵਿਚ ਤਾਂ ਉਹ ਬਹੁਤਾ ਹੀ ਜਜ਼ਬਾਤੀ ਸੀ ਜੋ ਧੱਕੇ ਨਾਲ ਹੀ ਲੋਕਾਂ ਨੇ ਆਪਣੇ ਘਰਾਂ ਵਿਚ ਪਾ ਰੱਖੀਆਂ ਸੀ ਪਰ ਇਸ ਕਿਸਮ ਦੇ ਮਸਲਿਆਂ ਨੂੰ ਹੱਲ ਉਹ ਬੜੇ ਠੰਢੇ ਦਿਮਾਗ ਨਾਲ ਕਰਦਾ। ਨਾਲ ਆਪਣੇ ਬੰਦਿਆਂ ਨੂੰ ਵੀ ਸਮਝਾ ਕੇ ਰੱਖਣਾ ਕਿ ਇਹੋ ਜਿਹੀ ਹਾਲਤ ਵਿਚ, ਆਪਣੇ-ਆਪ ਨੂੰ ਕਿਵੇਂ ਬਚਾ ਕੇ ਰੱਖਣਾ ਹੈ। ਖ਼ੈਰ, ਉਥੋਂ ਉਹ ਬਾਬੇ ਕਰਮ ਸਿੰਘ



ਚੀਮੇ ਦੇ ਪਿੰਡ ਚੱਲਿਆ ਸੀ, ਸੋ ਰੋਟੀ ਪਾਣੀ ਖਵਾ ਕੇ ਸਾਨੂੰ ਵੀ ਆਪਣੇ ਨਾਲ ਹੀ ਤੋਰ ਲਿਆ।

ਬਾਬੇ ਦੇ ਪਿੰਡੋਂ ਹੋ ਕੇ ਅਸੀਂ ਰੁੜਕੇ ਪਹੁੰਚੇ। ਜਾਂਦਿਆਂ ਨੂੰ ਲੋਕਾਂ ਨੇ, ਮੁਸਲਮਾਨਾਂ ਨੂੰ ਮਸੀਤ ਢਾਹੁਣ ਲਾਇਆ ਹੋਇਆ ਸੀ। ਇਹ ਸ਼ਰਤ ਸੀ ਉਨ੍ਹਾਂ ਦੀ ਜਾਨ ਬਖਸ਼ੀ ਵਾਸਤੇ ਪਰ ਫੇਰ ਵੀ ਉਹ ਇੰਨੇ ਸਹਿਮੇ ਹੋਏ ਸਨ ਕਿ ਸਾਨੂੰ ਵੇਖਦਿਆਂ ਹੀ, ਸਲਾਮਾਂ ਕਰਨ ਲੱਗ ਪਏ।

ਸ਼ਾਇਦ ਉਨ੍ਹਾਂ ਦਾ ਖਿਆਲ ਹੋਵੇ ਕਿ ਅਸੀਂ ਉਨ੍ਹਾਂ ਨੂੰ ਛੁਟਕਾਰਾ ਦਿਵਾਉਣ ਆਏ ਹਾਂ ਕਿਉਂਕਿ ਉਨ੍ਹਾਂ ਦਿਨਾਂ ਵਿਚ ਇਹ ਵੀ ਤਾਂ ਹੁੰਦਾ ਸੀ ਕਿ ਅਗਲੇ ਤੋਂ ਆਪਣੀ ਈਨ ਵੀ ਮੰਨਵਾ ਲਓ ਤੇ ਕਰੋ ਵੀ ਆਪਣੀ ਮਰਜ਼ੀ। ਮਤਲਬ, ਮਸਜਿਦ ਢਵਾ ਕੇ ਵੀ ਉਹ ਉਨ੍ਹਾਂ ਨੂੰ ਪਾਰ ਬੁਲਾ ਸਕਦੇ ਸਨ।

ਉਸ ਸਮੇਂ, ਸੁਤੰਤਰ ਦੀ ਆਪਣੀ ਹਾਲਤ ਵੀ ਤਾਂ ਵੇਖਣ ਵਾਲੀ ਸੀ! ਇਕ ਪੈਰ ਉਹਦਾ ਮਸੀਤ ਵੱਲ ਵਧੇ ਤੇ ਦੂਜਾ, ਆਪਣੇ ਰਾਹੇ-ਰਾਹ ਤੁਰੇ ਜਾਣ ਵਾਸਤੇ। ਉਸ ਦੁਚਿੱਤੀ 'ਚੋਂ ਨਿਕਲਣ ਲਈ ਕਈ ਵਾਰ ਉਸ ਆਪਣੀਆਂ ਉਂਗਲਾਂ ਦੇ ਕੜਾਕੇ ਕੱਢੇ ਸਨ। ਤੇ ਉਹਦੇ ਕੋਲ ਹੈ ਵੀ ਕੀ ਸੀ ਇੰਨੇ ਵੱਡੇ ਹਜ਼ੂਮ ਦਾ ਮੁਕਾਬਲਾ ਕਰਨ ਵਾਸਤੇ? ਇਨ੍ਹਾਂ ਦਿਨਾਂ ਵਿਚ ਸਾਡੀ ਪਾਰਟੀ ਦੇ ਬੜੇ ਆਦਮੀ ਕਤਲ ਹੋਏ ਸਨ ਜਿਨ੍ਹਾਂ ਵਿਚੋਂ, ਸਾਥੀ ਮੇਘ ਸਿੰਘ ਤੇ ਸੂਬਾ ਸਿੰਘ 'ਕੋਟ ਧਰਮ ਚੰਦ' ਤੇ ਕਾਮਰੇਡ ਗਹਿਲ ਸਿੰਘ 'ਛੱਜਲਵੱਢੀ' ਜਿਹੇ ਸਿਰ-ਕੱਢ ਬੰਦਿਆਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇੱਥੋਂ ਤਕ ਕਿ ਉਨ੍ਹਾਂ ਨੇ ਤਾਂ, ਜਲ੍ਹਿਆਂਵਾਲੇ ਬਾਗ ਦੇ ਹੀਰੋ, ਡਾਕਟਰ ਸੈਫੁਦ-ਦੀਨ ਕਿਚਲੂ ਜਹੇ ਦੇਸ਼ ਭਗਤ ਆਦਮੀਆਂ ਨੂੰ ਵੀ ਨਹੀਂ ਸੀ ਬਖਸ਼ਿਆ ਜੋ ਹਿੰਦੂ-ਮੁਸਲਮ ਏਕਤਾ ਦੇ ਪ੍ਰਤੀਕ ਮੰਨੇ ਜਾਂਦੇ ਹਨ। ਤੇ ਇਹੋ ਕੁਝ ਹੀ ਸਾਡੇ ਬੰਦਿਆਂ ਨਾਲ ਉਧਰਲੇ ਪਾਸਿਓਂ ਹੋਇਆ! ਖ਼ੈਰ...!''

''ਠਹਿਰੋ!'' ਮੈਂ (ਸ਼ਿਵਨਾਥ) ਉਹਦੀ ਗੱਲ ਕੱਟ ਕੇ, ਹੱਥ ਦੇ ਇਸ਼ਾਰੇ ਨਾਲ ਰੋਕਦਿਆਂ ਆਖਿਆ: ''ਇੱਥੇ ਤੁਹਾਡੇ ਇਹ ਕਹਿਣ ਦਾ ਕੀ ਭਾਵ ਏ ਕਿ ਉਨ੍ਹਾਂ ਨੇ, ਕਿਚਲੂ ਜਹੇ ਦੇਸ਼ ਭਗਤ ਬੰਦਿਆਂ ਨੂੰ ਵੀ ਨਹੀਂ ਸੀ ਬਖਸ਼ਿਆ? ਕਿਉਂਕਿ ਡਾਕਟਰ ਕਿਚਲੂ ਨੇ ਤਾਂ ਅਜੇ, ਅਗਲੇ ਦਿਨ ਹੀ ਅੱਖਾਂ ਮੀਟੀਆਂ ਨੇ!''

''ਗੱਲ ਸਾਫ ਏ ਕਿ ਉਹਦੀ ਕੋਠੀ ਨੂੰ ਘੇਰਾ ਪੈ ਗਿਆ ਜੋ ਅੰਮ੍ਰਿਤਸਰ, ਕਚਹਿਰੀ ਰੋਡ 'ਤੇ ਹੁੰਦੀ ਸੀ। ਇਸ ਗੱਲ ਦਾ ਸੁਤੰਤਰ ਨੂੰ ਬੜਾ ਫ਼ਿਕਰ, ਕਿਉਂਕਿ ਸਵਾਲ ਇਥੇ ਕੇਵਲ ਇਕ ਆਦਮੀ ਦੀ ਜ਼ਿੰਦਗੀ ਬਚਾਣ ਦਾ ਹੀ ਨਹੀਂ ਸੀ ਸਗੋਂ ਇਸ ਦੇ ਨਾਲ ਤਾਂ ਫਿਰਕੂਆਂ ਦੀ ਉਸ ਸੋਚ ਨੂੰ ਵੀ ਹਵਾ ਮਿਲਣੀ ਸੀ ਜੋ ਹਿੰਦੂਆਂ ਨੂੰ ਮੁਸਲਮਾਨਾਂ ਦੇ ਤੇ, ਮੁਸਲਮਾਨਾਂ ਨੂੰ ਹਿੰਦੂਆਂ ਦੇ ਦੁਸ਼ਮਣ ਨੰਬਰ ਇਕ ਬਣਾ ਕੇ ਪੇਸ਼ ਕਰਦੇ ਸਨ। ਇਹੋ ਵਜ੍ਹਾ ਹੈ ਕਿ ਉਨ੍ਹਾਂ ਨੇ ਇਸ ਆਦਮੀ ਨੂੰ ਪਾਰ ਬੁਲਾਣ ਵਿਚ ਕੋਈ ਕਸਰ ਨਹੀਂ ਛੱਡੀ। ਤੇ ਸ਼ਾਇਦ ਇਹੋ ਕਾਰਨ ਸੀ ਕਿ ਦੂਜੇ ਪਾਸਿਉਂ ਸਾਡੀ ਪਾਰਟੀ ਨੇ ਵੀ ਉਚੇਰੀ ਦਿਲਚਸਪੀ ਲੈ ਕੇ ਇਸ ਬੰਦੇ ਦੀ ਹਿਫ਼ਾਜ਼ਤ ਕੀਤੀ।

ਅਸੀਂ ਚਾਲੀ ਬੰਦੇ ਸਾਂ ਹਥਿਆਰਬੰਦ, ਇਕੋ ਜਿਹੇ ਜੋ ਦਿਨ-ਰਾਤ ਉਹਦੇ ਘਰ ਦਵਾਲੇ ਪਹਿਰਾ ਦੇਂਦੇ ਰਹੇ। ਕੋਈ ਮਹੀਨਾ ਕੁ ਇਹ ਕੰਮ ਚਲਦਾ ਰਿਹਾ ਹੋਵੇਗਾ ਤੇ ਫਿਰ ਇਕ ਦਿਨ ਮੌਕਾ ਤਾੜ ਕੇ, ਅਸਾਂ ਉਸ ਨੂੰ ਅੰਮ੍ਰਿਤਸਰ 'ਚੋਂ ਕੱਢ ਕੇ ਬਾਹਰ ਲੈ ਆਂਦਾ ਤੇ ਨਾਲ ਜਾ ਕੇ ਦਿੱਲੀ ਪਹੁੰਚਾ ਆਏ। ਇਸ ਗੱਲ ਦਾ ਅਹਿਸਾਨ ਡਾਕਟਰ ਕਿਚਲੂ ਨੇ ਅੰਤਲੇ ਦਿਨਾਂ ਤਕ ਵੀ ਨਹੀਂ ਸੀ ਭੁਲਾਇਆ।

ਸੁਤੰਤਰ ਦੇ ਸਬੰਧ ਵਿਚ ਤਾਂ ਇਹ ਗੱਲ ਹੋਰ ਪੱਕੀ ਸੀ ਕਿਉਂਕਿ ਉਸ, ਉਹਦੇ ਅੰਡਰ-ਗਰਾਊਂਡ ਸਮੇਂ ਵੀ ਉਸਨੂੰ ਕਈ ਵਾਰ ਝੱਲਿਆ ਜਦੋਂਕਿ ਹਕੂਮਤ ਵਲੋਂ ਉਹਦੇ ਸਿਰ ਦਾ ਇੰਨਾ ਵੱਡਾ ਇਨਾਮ ਹੁੰਦਾ ਸੀ। ਇਕ ਵਾਰ ਕਿਸੇ ਨੇ ਉਹਨੂੰ ਪੁੱਛਿਆ: 'ਤੁਸੀਂ ਸੁਤੰਤਰ ਦੇ ਬਦਲੇ ਹੋਏ ਭੇਸਾਂ 'ਚੋਂ ਉਸਨੂੰ ਕਿਵੇਂ ਪਛਾਣ ਲੈਂਦੇ ਹੋ?'

ਥੋੜ੍ਹਾ ਜਿਹਾ ਹੱਸ ਕੇ ਆਖਣ ਲੱਗਾ: 'ਖ਼ੁਦਾ ਕਿਸੇ ਵੀ ਭੇਸ 'ਚ ਹੋਵੇ ਵੇਖਣ ਵਾਲੀ ਅੱਖ ਨੂੰ, ਉਸ ਦੀ ਰਹਿਮਤ ਦਾ ਝਲਕਾਰਾ ਸਾਫ਼ ਨਜ਼ਰ ਆਵੇਗਾ।' ਤੇ ਇਹ ਸੱਚ ਸੀ ਕਿ ਉਹ ਕਾਮਰੇਡ ਸੁਤੰਤਰ ਦਾ ਤੇ ਸੁਤੰਤਰ ਉਹਦਾ, ਰੱਬ ਨਾਲੋਂ ਵੀ ਬਹੁਤਾ ਸਤਿਕਾਰ ਕਰਦਾ ਸੀ ਤੇ ਉਨ੍ਹਾਂ ਨੂੰ ਇਕ ਦੂਜੇ 'ਤੇ ਇਹਦੇ ਨਾਲੋਂ ਵੀ ਵੱਧ ਯਕੀਨ ਤੇ ਭਰੋਸਾ ਹੁੰਦਾ ਸੀ।'' ਵਿਚ ਵਿਚਕਾਰ ਡਾ. ਸੈਫ਼ੂਉਦੀਨ ਕਿਚਲੂ ਦੀ ਕਹਾਣੀ ਸੁਣਾ ਕੇ ਇੰਦਰ ਸਿੰਘ ਮੁਰਾਰੀ ਦੁਬਾਰਾ ਤੇਜਾ ਸਿੰਘ ਸੁਤੰਤਰ ਦੇ ਨਾਲ ਜਲੰਧਰ ਜ਼ਿਲ੍ਹੇ ਦੇ ਪਿੰਡਾਂ ਵਿਚ ਹੋਏ ਮਿਲਾਪ ਦੀ ਕਹਾਣੀ ਵੱਲ ਪਰਤਿਆ।

''ਰੁੜਕੇ 'ਚੋਂ ਨਿਕਲ ਕੇ ਅੱਗੇ ਨੂੰ ਜਾਣ ਲੱਗੇ ਸਾਂ ਕਿ ਇਕ ਆਦਮੀ, ਸੁਤੰਤਰ ਨੂੰ ਬਾਹੋਂ ਫੜ ਕੇ ਉਸ ਮਕਾਨ ਵਿਚ ਲੈ ਗਿਆ ਜਿੱਥੇ ਉਸ ਫ਼ਸਾਦੀਆਂ ਤੋਂ ਲੁਕਾ ਕੇ ਕੁਝ ਮੁਸਲਮਾਨ ਰੱਖੇ ਹੋਏ ਸਨ।

ਰੰਗ ਵਿਚਾਰਿਆਂ ਦੇ ਫੂਕ! ਸਾਡੇ ਹਮਦਰਦੀ ਭਰੇ ਸ਼ਬਦ ਸੁਣ ਕੇ ਉਨ੍ਹਾਂ ਦੇ ਰੋਣ ਨਿਕਲ ਗਏ ਪਰ ਸੁਤੰਤਰ ਨੇ ਸਮਝਾ ਬੁਝਾ ਕੇ ਉਨ੍ਹਾਂ ਨੂੰ ਹੌਸਲੇ ਵਿਚ ਲੈ ਆਂਦਾ।

ਇਥੇ ਹੀ ਆ ਕੇ, ਇਕ ਹੋਰ ਆਦਮੀ ਨੇ ਮਸਲਾ ਰੱਖਿਆ ਕਿ 'ਕਾਮਰੇਡ ਮੁਬਾਰਕ ਸਾਗਰ ਦੀ ਭਤੀਜੀ ਦਾ ਕੀ ਕਰੀਏ?' ਕਾਲਜ ਦੀ ਇਹ ਵਿਦਿਆਰਥਣ, ਫ਼ਸਾਦੀਆਂ ਦੇ ਘੇਰੇ 'ਚੋਂ ਨਸ ਕੇ, ਇਕ ਪਿੰਡ ਵਿਚ ਜਾ ਵੜੀ। ਪਿੰਡ ਵਾਲਿਆਂ ਨੇ ਉਹਨੂੰ ਆਪਣੀਆਂ ਕੁੜੀਆਂ ਦੇ ਕੱਪੜੇ ਪਵਾ ਕੇ ਟੱਬਰ ਵਿਚ ਹੀ ਛੁਪਾ ਲਿਆ, ਜਿਥੋਂ ਨਿਕਲ ਕੇ ਉਹ ਕਿਤੇ ਜਾਣਾ ਨਹੀਂ ਸੀ ਚਾਹੁੰਦੀ। ਆਂਹਦੀ ਸੀ, 'ਮੈਨੂੰ ਤਾਂ ਹੁਣ ਆਪਣੇ ਭਰਾਵਾਂ (ਮੁਸਲਮਾਨਾਂ) 'ਤੇ ਵੀ ਇਤਬਾਰ ਨਹੀਂ ਰਿਹਾ।' ਮਤਲਬ ਹੁਣ ਉਹ ਕਿਸੇ ਕੈਂਪ ਵਿਚ ਵੀ ਜਾਣ ਨੂੰ ਤਿਆਰ ਨਹੀਂ ਸੀ। ਤੇ ਸੁਤੰਤਰ ਨੇ, ਉਹਦੇ ਚਾਚੇ ਦੇ ਵਾਕਫਕਾਰ ਕੁਝ ਸਾਥੀਆਂ ਦੀ ਡਿਊਟੀ ਲਾਈ ਜਿਨ੍ਹਾਂ ਨੇ ਉਸ ਨੂੰ ਇਹ ਆਖ ਕੇ ਆਪਣੇ ਨਾਲ ਤੋਰ ਲਿਆਂਦਾ ਕਿ ਅਸੀਂ ਤੈਨੂੰ ਆਪ, ਲਾਹੌਰ ਅੱਪੜਾ ਕੇ ਆਵਾਂਗੇ ਕਿਉਂਕਿ ਕਮਿਊਨਿਸਟ ਵਰਕਰਾਂ 'ਤੇ ਤਾਂ ਉਹ ਅਜੇ ਵੀ ਬੜਾ ਭਰੋਸਾ ਕਰਦੀ ਸੀ ਪਰ ਇੰਨੇ ਬੰਦਿਆਂ ਨੂੰ ਨਾਲ ਜਾਣ ਦੀ ਆਗਿਆ ਕੌਣ ਦੇਵੇ? ਤੇ ਫਿਰ, ਹਿੰਦੂ-ਸਿੱਖ ਤਾਂ ਨਾਲ ਜਾ ਹੀ ਨਹੀਂ ਸਨ ਸਕਦੇ। ਖ਼ਤਰਾ ਸੀ ਕਿ ਰਾਹ ਵਿਚ ਕੋਈ ਕਤਲ ਹੀ ਨਾ ਕਰ ਦੇਵੇ।

ਆਖ ਵੇਖ ਕੇ ਪਾਕਿਸਤਾਨੀ ਅਫ਼ਸਰ ਨੂੰ ਵੀ ਮਨਾ ਲਿਆ ਗਿਆ ਤੇ ਉਸ ਇਸ ਸ਼ਰਤ 'ਤੇ ਇਕ ਆਦਮੀ ਨੂੰ ਨਾਲ ਜਾਣ ਦੀ ਇਜਾਜ਼ਤ ਦੇ ਦਿੱਤੀ ਕਿ ਉਹ ਆਪਣੇ ਆਪ ਨੂੰ ਮੁਸਲਮਾਨ ਦੇ ਭੇਸ ਵਿਚ ਰੱਖੇ ਤੇ ਰਾਖੀ ਦੀ ਗਾਰੰਟੀ ਵੀ ਸਿਰਫ਼ ਲਾਹੌਰ ਕੈਂਪ ਤੱਕ ਹੀ ਦਿੱਤੀ। ਅੱਗੋਂ ਦਾ ਉਹ ਆਪ ਜ਼ਿੰਮੇਵਾਰ ਹੋਵੇਗਾ। ਸੋ ਇਸ ਕੰਮ ਲਈ ਮੈਨੂੰ ਤਿਆਰ ਕੀਤਾ ਗਿਆ ਪਰ ਜਦੋਂ ਲਾਹੌਰ ਜਾ ਕੇ ਮੈਂ ਕੁੜੀ ਨੂੰ ਕੈਂਪ ਵਿਚ ਛੱਡਣ ਲੱਗਾ ਤਾਂ ਉਹ, ਮੇਰੇ ਨਾਲ ਚੰਬੜ ਕੇ ਰੋਣ ਲੱਗ ਪਈ! ਮੈਂ ਆਖਿਆ: 'ਹੌਸਲਾ ਕਰ। ਇਸ ਤਰ੍ਹਾਂ ਤਾਂ ਤੂੰ ਮੈਨੂੰ ਕਿਸੇ ਮੁਸੀਬਤ ਵਿਚ ਹੀ ਫਸਾ ਦੇਵੇਂਗੀ।'

ਸੁਣ ਕੇ, ਉਸ ਆਪਣੇ ਅੱਥਰੂ ਪੂੰਝ ਲਏ ਪਰ ਕੋਲ ਖਲੋਤੀਆਂ ਔਰਤਾਂ ਨੇ ਉਸ 'ਤੇ, ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਆਖ਼ਰ ਉਸ ਨੂੰ ਇਹ ਆਖ ਕੇ ਹੀ ਖਹਿੜਾ ਛੁਡਾਣਾ ਪਿਆ, 'ਇਹ ਮੇਰੇ ਚਾਚੇ ਦਾ ਪੁੱਤਰ ਭਰਾ ਏ। ਮੈਨੂੰ ਅੰਮ੍ਰਿਤਸਰੋਂ ਲੈ ਕੇ ਆਇਐ। ਹੁਣ ਅੱਬਾ ਜਾਨ ਦਾ ਪਤਾ ਕਰਨ ਚੱਲਿਆ ਜੋ ਰੌਲੇ 'ਚ, ਪਤਾ ਨਹੀਂ ਬਚ ਕੇ ਵੀ ਨਿਕਲੇ ਸਨ ਕਿ ਨਹੀਂ!'

ਹੁਣ ਮੈਂ ਸੁਤੰਤਰ ਦੀ ਕੋਠੀਓਂ ਜਾ ਕੇ, ਉਹਦਾ ਕੁਝ ਹੋਰ ਸਾਮਾਨ ਲਿਆਉਣਾ ਸੀ। ਜਿੱਥੋਂ ਮੇਰੇ ਨਾਲ, ਗੁਰਚਰਨ ਸਿੰਘ ਸਹਿੰਸਰਾ ਵੀ ਤਿਆਰ ਹੋ ਗਿਆ। ਇਸ ਵਾਰ ਕੈਂਪ 'ਚੋਂ ਸਾਨੂੰ ਉਹ ਲਾਰੀ ਮਿਲ ਗਈ ਜੋ ਉਧਰ ਰਹਿ ਗਏ ਹਿੰਦੂਆਂ-ਸਿੱਖਾਂ ਨੂੰ ਤੇ ਇਧਰੋਂ, ਮੁਸਲਮਾਨਾਂ ਨੂੰ ਲਿਜਾਂਦੀ ਸੀ। ਪਹਿਲਾਂ ਤਾਂ ਡਰਦਾ ਉਹਦੇ ਵਿਚ ਕੋਈ ਪੈਰ ਹੀ ਨਾ ਧਰੇ ਕਿਉਂਕਿ ਅਮਲਾ ਇਸ ਲਾਰੀ ਦਾ ਮੁਸਲਮਾਨ ਪਰ ਸਾਡੇ ਵੱਲ ਵੇਖ ਕੇ ਇਕ ਦੋ ਆਦਮੀ ਹੋਰ ਵੀ ਚੜ੍ਹ ਗਏ। ਉਨ੍ਹਾਂ ਦੀ ਵੇਖੋ-ਵੇਖੀ, ਸਾਰੀ ਮੋਟਰ ਹੀ ਭਰ ਗਈ। ਭਰੀ ਹੋਈ ਗੱਡੀ ਨੂੰ ਵੇਖ ਕੇ ਕਈ ਹੋਰ ਵੀ ਤਰਲੇ ਮਾਰਨ ਲੱਗ ਪਏ ਪਰ ਉਹ ਕਿੰਨਿਆਂ ਕੁ ਨੂੰ ਚੜ੍ਹਾ ਸਕਦੇ ਸਨ? ਕਿਉਂਕਿ ਗਿੱਠ ਕੁ ਦੀ ਤਾਂ ਉਨ੍ਹਾਂ ਦੀ ਮੋਟਰ ਸੀ।

ਇਸ ਕਿਸਮ ਦੀਆਂ ਮੋਟਰਾਂ ਵਿਚ ਲੋਕ ਉਸ ਸਮੇਂ ਚੜ੍ਹਦੇ ਹੀ ਨਹੀਂ ਸਨ ਹੁੰਦੇ ਕਿਉਂਕਿ ਅਫ਼ਵਾਹ ਸੀ ਕਿ ਇਹ ਲੋਕਾਂ ਨੂੰ ਲਿਜਾ ਕੇ ਰਾਹ ਵਿਚ ਹੀ ਕਤਲ ਕਰ ਦੇਂਦੇ ਨੇ। ਇਹ ਗੱਲ ਉਧਰਲੇ ਮੁਸਲਮਾਨ ਤੇ ਇਧਰਲੇ ਹਿੰਦੂ-ਸਿੱਖ ਅਮਲਿਆਂ ਵਾਲੀਆਂ ਮੋਟਰਾਂ ਨਾਲ ਜੁੜੀ ਹੋਈ ਸੀ। ਖ਼ੈਰ, ਸਹਿੰਸਰਾ ਤਾਂ ਰਹਿ ਗਿਆ ਅੰਮ੍ਰਿਤਸਰ ਤੇ ਮੈਂ ਉਸੇ ਮੋਟਰ ਵਿਚ ਬੈਠਾ ਬੈਠਾ, ਗੁਰਦਾਸਪੁਰ ਨੂੰ ਆ ਗਿਆ। ਖ਼ਿਆਲ ਸੀ ਕਿ ਸੁਤੰਤਰ ਦੇ ਪਿੰਡ 'ਅਲੂਏ' ਜਾ ਕੇ ਉਹਦਾ ਪਤਾ ਕਰਾਂਗੇ ਪਰ ਬਟਾਲੇ ਕੋਲ ਆ ਕੇ ਐਸੀ ਘਟਨਾ ਵਾਪਰੀ ਕਿ ਪਰਤ ਕੇ ਫਿਰ ਅੰਮ੍ਰਿਤਸਰ ਹੀ ਜਾਣਾ ਪੈ ਗਿਆ!

ਬਟਾਲੇ ਸ਼ਹਿਰ ਉਤੇ ਉਸ ਵੇਲੇ ਫ਼ਸਾਦੀਆਂ ਨੇ ਹਮਲਾ ਕੀਤਾ ਹੋਇਆ ਸੀ ਜਦੋਂ ਸਾਡੇ ਵਾਲੀ ਮੋਟਰ, ਉਹਦੀ ਹਦੂਦ ਵਿਚ ਦਾਖ਼ਲ ਹੋਈ। ਰੂਲ ਮੁਤਾਬਕ ਉਨ੍ਹਾਂ 'ਚੋਂ ਇਕ ਆਦਮੀ, ਜੋ ਸਾਰਿਆਂ ਨਾਲੋਂ ਵੱਧ ਠਰ੍ਹੰਮੇ ਵਾਲਾ ਤੇ ਉਨ੍ਹਾਂ 'ਤੇ ਇੰਚਾਰਜ ਸੀ, ਥੱਲੇ ਉਤਰ ਕੇ, ਚੁੰਗੀ ਤੋਂ ਰਾਹ-ਦਾਰੀ ਕਟਵਾਉਣ ਲੱਗਾ ਸੀ ਕਿ ਕਿਸੇ ਨੇ ਪਿੱਛੋਂ, ਗੋਲੀ ਮਾਰ ਦਿੱਤੀ! ਗੋਲੀ ਉਹਨੂੰ ਇਹੋ ਜਹੀ ਥਾਂ 'ਤੇ ਵੱਜੀ ਸੀ ਕਿ ਉਹ ਥਾਂ 'ਤੇ ਹੀ ਢੇਰੀ ਹੋ ਗਿਆ।

ਇਥੇ ਪਤਾ ਨਹੀਂ ਉਨ੍ਹਾਂ ਦਾ ਸਾਰਾ ਅਮਲਾ ਹੀ ਮਾਰਿਆ ਜਾਂਦਾ ਪਰ ਡਰਾਈਵਰ ਦੀ ਹੋਸ਼ਿਆਰੀ ਸਮਝੋ ਕਿ ਉਸ ਛੇਤੀ ਨਾਲ ਹੀ, ਗੱਡੀ ਨੂੰ ਗੋਲੀਆਂ ਦੀ ਮਾਰ ਹੇਠੋਂ, ਬਾਹਰ ਕੱਢ ਲਿਆਂਦਾ। ਰਾਹ ਵਿਚ ਇਕ ਥਾਂ 'ਤੇ ਲਾਰੀ ਨੂੰ ਰੋਕ ਕੇ ਉਨ੍ਹਾਂ ਨੇ, ਮਰਨ ਵਾਲੇ ਲਈ ਦੁੱਖ ਪਰਗਟ ਕਰਦਿਆਂ ਸਾਨੂੰ ਆਖਿਆ: 'ਵੇਖ ਲੌ, ਤੁਹਾਡੇ ਸਾਹਮਣੇ ਜੋ ਕੁਝ ਹੋਇਐ! ਹੁਣ ਜੇ ਅਸੀਂ ਚਾਹੀਏ ਤਾਂ ਬਦਲੇ ਵਿਚ ਤੁਹਾਨੂੰ ਸਾਰਿਆਂ ਨੂੰ ਖ਼ਤਮ ਕਰ ਸਕਦੇ ਹਾਂ ਪਰ ਇਸ ਤਰ੍ਹਾਂ ਦੀ ਹਰਕਤ ਤਾਂ ਕੋਈ 'ਖ਼ਬੀਸ' ਦਾ ਪੁੱਤਰ ਹੀ ਕਰ ਸਕਦਾ ਹੈ। ਸਾਨੂੰ ਤਾਂ ਸਗੋਂ ਇਸ ਗੱਲ ਦਾ ਵੀ ਬੜਾ ਰੰਜ ਏ ਕਿ ਤੁਹਾਨੂੰ ਤੁਹਾਡੇ ਟਿਕਾਣਿਆਂ 'ਤੇ ਨਾ ਪਹੁੰਚਾ ਸਕੇ!

ਉਨ੍ਹਾਂ ਦੇ ਭਰੇ ਦਿਲਾਂ 'ਚੋਂ ਨਿਕਲਦੀਆਂ ਗੱਲਾਂ ਤੇ ਅੱਥਰੂਆਂ ਨਾਲ ਭਿੱਜੇ ਹੋਏ ਚਿਹਰਿਆਂ ਨੂੰ ਵੇਖ ਕੇ, ਫਿਰ ਇਕ ਵਾਰ ਸਾਡੇ ਸਾਹਮਣੇ ਉਸ ਬੰਦੇ ਦੀ ਖ਼ੂਬਸੂਰਤ ਸ਼ਕਲ ਆ ਖਲੋਤੀ! ਉਹ ਸਾਨੂੰ ਸਾਰਿਆਂ ਨੂੰ, ਅਨੇਕਾਂ ਖ਼ਤਰਿਆਂ ਦੇ ਮੂੰਹਾਂ 'ਚੋਂ ਬਚਾ ਕੇ ਕੱਢ ਲਿਆਇਆ ਸੀ ਪਰ ਸਾਡੇ ਆਪਣੇ ਬੰਦਿਆਂ (ਹਿੰਦੂ-ਸਿੱਖਾਂ) ਨੇ ਹੀ ਉਸਨੂੰ, ਸਾਡੀਆਂ ਅੱਖਾਂ ਦੇ ਸਾਹਮਣੇ ਢੇਰੀ ਕਰ ਦਿੱਤਾ!''

ਇਹ ਸ਼ਬਦ ਆਖ ਕੇ, ਉਹਨੂੰ ਇਕ ਝੁਣਝੁਣੀ ਆਈ ਤੇ ਉਸ ਇਉਂ ਘੁੱਟ ਕੇ ਆਪਣੀਆਂ ਦੋਵੇਂ ਅੱਖਾਂ ਮੀਟ ਲਈਆਂ ਜਿਵੇਂ ਬੀਤੇ ਹੋਏ ਸਮੇਂ ਦੇ ਇਸ ਦ੍ਰਿਸ਼ ਨੇ, ਉਸ ਨੂੰ ਭੈਭੀਤ ਕਰਨ ਦੇ ਨਾਲ-ਨਾਲ ਧੁਰ-ਅੰਦਰ ਤੋਂ ਹਿਲਾ ਕੇ ਵੀ ਰੱਖ ਦਿੱਤਾ ਹੈ।

# ਗੋਰਬਾਚੋਵ ਦੇ ਹਵਾਲੇ ਨਾਲ ਰੂਸੀ ਇਨਕਲਾਬ ਨੂੰ ਯਾਦ ਕਰਦਿਆਂ

***ਕਿਸੇ ਵੇਲੇ ਕਿਰਤੀ ਜਮਾਤ ਦੇ ਅਗਵਾਨੂ ਦੀ ਭੂਮਿਕਾ ਵਿਚ ਰਹੇ ਸੋਵੀਅਤ ਸੰਘ ਦੇ ਅਖੀਰਲੇ ਸ਼ਾਸਕ ਮਿਖਾਈਲ ਗੋਰਬਾਚੋਵ ਦੀ ਮੌਤ ਤੋਂ ਬਾਅਦ ਵੱਖ-ਵੱਖ ਵਿਦਵਾਨਾਂ ਨੇ ਰੂਸ ਦੇ ਇਨਕਲਾਬ ਬਾਰੇ ਆਪੋ-ਆਪਣੇ ਹਿਸਾਬ ਨਾਲ ਟਿੱਪਣੀਆਂ ਕੀਤੀਆਂ ਹਨ। ਜਲੰਧਰ ਵੱਸਦੇ ਵਿਦਵਾਨ ਸ. ਗੁਰਬਚਨ ਸਿੰਘ ਨੇ 'ਪੰਜਾਬ ਟਾਈਮਜ਼' ਲਈ ਇਹ ਵਿਸ਼ੇਸ਼ ਲੇਖ ਭੇਜਿਆ ਹੈ ਜਿਸ ਵਿਚ ਉਨ੍ਹਾਂ ਰੂਸੀ ਇਨਕਲਾਬ ਦੇ ਸਰਬਰਾਹ ਵਲਾਦੀਮੀਰ ਇਲੀਇਚ ਲੈਨਿਨ ਦੇ ਹਵਾਲੇ ਨਾਲ ਕਈ ਟਿੱਪਣੀਆਂ ਵੀ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਇਹ ਵੱਖਰੀ ਗੱਲ ਹੈ ਕਿ ਇਹ ਟਿੱਪਣੀਆਂ ਕਰਦੇ ਵਕਤ ਉਹ ਉਸ ਵਕਤ ਦੇ ਹਾਲਾਤ ਨੂੰ ਉਕਾ ਹੀ ਵਿਸਾਰ ਗਏ ਜਦੋਂ ਸੰਸਾਰ ਵਿਚ ਪਹਿਲੀ ਵਾਰ ਹੋਈ ਅਜਿਹੀ 'ਜੱਗੋਂ ਤੇਰਵੀਂ' ਤੋਂ ਪੂੰਜੀਵਾਦੀ ਸੰਸਾਰ ਬਹੁਤ ਔਖਾ ਹੋਇਆ ਪਿਆ ਸੀ। ਇਹ ਉਹੀ ਪੂੰਜੀਵਾਦੀ ਸੰਸਾਰ ਸੀ ਜਿਸ ਨੇ ਅੱਜ ਮਨੁੱਖਤਾ ਨੂੰ ਮੌਤ ਦੇ ਕਗਾਰ 'ਤੇ ਲਿਆ ਖੜ੍ਹਾਇਆ ਹੈ। ਉਨ੍ਹਾਂ ਆਪਣੇ ਲੇਖ ਵਿਚ ਨਾਸਤਿਕਤਾ/ਆਸਤਿਕਤਾ ਨੂੰ ਵੀ ਮੁੱਖ ਮੁੱਦਾ ਬਣਾਇਆ ਹੈ।***

ਵੱਡੇ ਭਾਈ ਸ. ਕਰਮਜੀਤ ਸਿੰਘ ਨੇ ਗੋਰਬਾਚੋਵ ਨੂੰ ਬੜੀ ਦਿਲਚਸਪ ਸ਼ਰਧਾਂਜਲੀ ਭੇਟ ਕੀਤੀ ਹੈ। "ਦੋਸਤੋ! ਗੋਰਬਾਚੋਵ ਦੀ ਮੌਤ ਨੂੰ ਕਿਨ੍ਹਾਂ ਸ਼ਬਦਾਂ ਨਾਲ ਯਾਦ ਕੀਤਾ ਜਾਵੇ? ਅਸਲ ਵਿਚ ਢੁਕਵੇਂ ਸ਼ਬਦਾਂ ਦਾ ਕਾਲ ਪੈ ਗਿਆ ਹੈ। ਦਾਸਤੋਵਸਕੀ ਅਤੇ ਟਾਲਸਟਾਏ ਦਾ ਦੇਸ ਉਸ ਨੂੰ ਕਿਵੇਂ ਯਾਦ ਕਰਦਾ ਹੈ? ਅਤੇ "ਪੱਛਮ ਵਾਲੇ" ਕਿਵੇਂ ਸੋਚਦੇ ਹਨ? ਵੈਸੇ ਇਤਿਹਾਸ ਦਾ ਪੈਂਡੂਲਮ ਦੋਵੇਂ ਪਾਸੇ ਘੁੰਮਦਾ ਨਜ਼ਰ ਆ ਰਿਹਾ ਹੈ। ਅੱਜ



ਦੀ ਰੂਸੀ ਜਵਾਨੀ ਨੂੰ ਬਹੁਤ ਘੱਟ ਪਤਾ ਹੈ ਕਿ ਉਹ ਕੌਣ ਸੀ। ਹਾਲਾਤ ਕਿੰਨੇ ਬਦਲ ਗਏ ਹਨ ਕਿ ਉਹ ਆਪਣੇ ਹੀ ਮੁਲਕ ਵਿਚ ਅਜਨਬੀ ਹੋ ਕੇ ਰਹਿ ਗਿਆ ਹੈ। ਗੋਰਬਾਚੋਵ ਨੂੰ ਰੱਜ ਕੇ

**ਗੁਰਬਚਨ ਸਿੰਘ**
ਫੋਨ: +91-98156-98451

ਪ੍ਰਸ਼ੰਸਾ ਵੀ ਤੇ ਲਾਹਣਤਾਂ ਵੀ ਮਿਲਦੀਆਂ ਰਹੀਆਂ। ਇਹੋ ਉਸ ਦੀ ਤਕਦੀਰ ਵਿਚ ਲਿਖਿਆ ਗਿਆ ਸੀ।"

"ਉਸ ਨੇ ਇਕ ਝਟਕੇ ਨਾਲ ਸੱਤ ਦਹਾਕਿਆਂ ਦੀ ਇਕ ਤਾਕਤਵਰ ਸਲਤਨਤ ਨੂੰ ਅਸਮਾਨ ਤੋਂ ਚੁੱਕ ਕੇ ਧਰਤੀ ਉਤੇ ਪਟਕਾ ਮਾਰਿਆ। ਦੂਜੇ ਸ਼ਬਦਾਂ ਵਿਚ ਹੱਥੀਂ ਕੰਮ ਕਰਨ ਵਾਲੇ ਕਿਰਤੀਆਂ ਦਾ ਜਿਹੜਾ ਇਨਕਲਾਬ 1917 ਵਿਚ ਇਸ ਦੁਨੀਆਂ ਨੇ ਵੇਖਿਆ ਉਹ ਇਤਿਹਾਸ ਦੇ ਬਲੈਕ ਹੋਲ ਨੇ 1991 ਵਿਚ ਆਪਣੇ ਅੰਦਰ ਖਿੱਚ ਲਿਆ।"

ਗੋਰਬਾਚੋਵ ਦਾ ਇਹ ਹਸ਼ਰ ਕਿਉਂ ਹੋਇਆ?

ਇਹ ਜਾਣਨ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਣਨਾ ਚਾਹੀਦਾ ਹੈ ਕਿ '1917 ਵਿਚ ਰੂਸ ਅੰਦਰ ਆਇਆ ਕਿਰਤੀਆਂ ਦਾ ਇਨਕਲਾਬ ਇਤਿਹਾਸ ਦੇ ਬਲੈਕ ਹੋਲ ਨੇ ਆਪਣੇ ਅੰਦਰ' ਕਿਉਂ ਖਿੱਚ ਲਿਆ?

ਕਾਰਲ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਹੀ ਸਾਨੂੰ ਇਹ ਦੱਸਦੀ ਹੈ ਕਿ ਕਿਸੇ ਵੀ ਵਰਤਾਰੇ ਦੇ ਵਿਕਾਸ ਤੇ ਵਿਨਾਸ਼ ਦੇ ਕਾਰਨ ਉਸ ਦੇ ਅੰਦਰ ਹੀ ਮੌਜੂਦ ਹੁੰਦੇ ਹਨ। ਸੰਖੇਪ ਵਿਚ ਇਥੇ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਰੂਸੀ ਇਨਕਲਾਬ ਦੇ ਆਗੂ ਲੈਨਿਨ ਨੇ 1917 ਤੋਂ ਬਾਅਦ ਰੂਸੀ ਇਨਕਲਾਬ ਨੂੰ ਅੱਗੇ ਵਧਾਉਂਦਿਆ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦੇ ਬਹੁਤ ਹੀ ਅਹਿਮ ਪੱਖਾਂ ਨੂੰ ਅਣਗੌਲਿਆ ਕਰ ਦਿੱਤਾ। ਉਸ ਨੇ ਮਨੁੱਖ ਦੇ ਪਦਾਰਥਕ ਵਿਕਾਸ ਉਤੇ ਜ਼ੋਰ ਦੇਂਦਿਆਂ ਉਸ ਦੇ ਸਮਾਜੀ ਅਤੇ ਆਤਮਿਕ ਵਿਕਾਸ ਨੂੰ ਕੋਈ ਅਹਿਮੀਅਤ ਨਾ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਰਬੱਤ ਦੇ ਭਲੇ ਦੀ ਕਾਮਨਾ ਕਰਨ ਵਾਲਾ ਸਮਾਜਵਾਦੀ ਜਾਂ ਕਮਿਊਨਿਸਟ ਮਨੁੱਖ ਸਿਰਜਿਆ ਹੀ ਨਾ ਜਾ ਸਕਿਆ।

ਇਨਕਲਾਬ ਤੋਂ ਬਾਅਦ ਲੈਨਿਨ ਦੀ ਘੜੀ ਨਵੀਂ ਆਰਥਿਕ ਨੀਤੀ ਨੇ ਮਨੁੱਖ ਦੀਆਂ ਸੀਮਤ ਬੁਨਿਆਦੀ ਲੋੜਾਂ ਦੀ ਪੈਦਾਵਾਰ ਉਤੇ ਜ਼ੋਰ ਦੇਣ ਦੀ ਥਾਂ ਪੂੰਜੀਵਾਦੀਆਂ ਵਾਂਗ ਮਨੁੱਖ ਦੀਆਂ ਖਪਤਕਾਰੀ ਵਸਤੂਆਂ ਦੀ ਪੈਦਾਵਾਰ ਉਤੇ ਜ਼ੋਰ ਦਿੱਤਾ। ਇਹੀ ਕਾਰਨ ਸੀ ਕਿ ਮੁੱਖ ਜ਼ੋਰ ਖੇਤੀਬਾੜੀ ਉਤੇ ਦੇਣ ਦੀ ਬਜਾਇ ਸਾਰਾ ਜ਼ੋਰ ਦੇਸ ਦੇ ਸਨਅਤੀਕਰਨ ਉਤੇ ਲਾ ਦਿੱਤਾ ਗਿਆ ਅਤੇ ਕਿਸਾਨੀ ਨੂੰ ਹਮੇਸ਼ਾਂ ਲਈ ਨੌਕਰਸ਼ਾਹੀ ਦਾ ਗੁਲਾਮ ਬਣਾ ਦਿੱਤਾ ਗਿਆ। ਸੋਵੀਅਤ ਯੂਨੀਅਨ ਦੀ ਇਸੇ ਖਾਮੀ ਨੇ ਰੂਸ ਦੇ ਅਰਥਚਾਰੇ ਨੂੰ ਹੁਣ ਤਕ ਬੇੜੀਆਂ ਪਾਈਆਂ ਹੋਈਆਂ ਹਨ। ਪਿਛਲੇ ਸਾਲ ਦਿੱਲੀ ਦੀਆਂ ਬਰੂਹਾਂ ਉਤੇ ਚੱਲੇ ਕਿਸਾਨ ਅੰਦੋਲਨ ਨੇ ਮੌਜੂਦਾ ਪੈਦਾਵਾਰੀ ਪ੍ਰਬੰਧ ਦੀ ਇਸੇ ਸਦੀਵੀ ਕਮਜ਼ੋਰੀ ਨੂੰ ਪ੍ਰਗਟ ਕੀਤਾ ਹੈ।

ਦਰਅਸਲ ਲੈਨਿਨ ਨੇ ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਬੰਨ੍ਹ ਕੇ ਮਾਰਕਸ ਵਲੋਂ ਵਿਕਸਿਤ ਕੀਤੇ ਗਏ ਕੁਦਰਤ ਅਤੇ ਮਨੁੱਖ ਦੇ ਆਪਸੀ ਬੁਨਿਆਦੀ ਰਿਸ਼ਤੇ ਨੂੰ ਹੀ ਮਨੁੱਖ ਦੀ ਚੇਤਨਾ ਵਿਚੋਂ ਮਨਫੀ ਕਰ ਦਿੱਤਾ। ਇਹੀ ਕਾਰਨ ਸੀ ਕਿ ਰੂਸੀ ਬੰਦਾ ਆਪਣੀ ਅਸਲੀ ਕੁਦਰਤੀ ਹੋਂਦ ਦਾ ਅਹਿਸਾਸ ਹੀ ਨਾ ਕਰ ਸਕਿਆ। ਲੈਨਿਨ ਦਾ ਕਥਨ ਹੈ, "ਕਮਿਊਨਿਸਟਾਂ ਦੇ ਸਮੁੱਚੇ ਸੰਸਾਰ ਦ੍ਰਿਸ਼ਟੀਕੋਣ ਦਾ ਆਧਾਰ ਵਿਗਿਆਨਕ ਸਮਾਜਵਾਦ ਭਾਵ ਮਾਰਕਸਵਾਦ ਹੈ। ਮਾਰਕਸਵਾਦ ਦਾ ਫਲਸਫਈ ਆਧਾਰ, ਜਿਵੇਂ ਕਿ ਮਾਰਕਸ ਅਤੇ ਏਂਗਲਜ ਨੇ ਵਾਰ ਵਾਰ ਐਲਾਨ ਕੀਤਾ ਹੈ, ਦਵੰਦਵਾਦੀ ਭੌਤਿਕਵਾਦ ਹੈ, ਜੋ ਕਤਈ ਤੌਰ ਉਤੇ ਨਾਸਤਿਕਵਾਦੀ ਤੇ ਸਮੁੱਚੇ ਧਰਮ ਦਾ ਕੱਟੜ ਵਿਰੋਧੀ ਹੈ।"... "ਧਰਮ ਲੋਕਾਂ ਲਈ ਅਫੀਮ ਹੈ, ਮਾਰਕਸ ਦਾ ਇਹ ਕਥਨ ਧਰਮ ਸੰਬੰਧੀ ਸਮੁੱਚੇ ਮਾਰਕਸਵਾਦੀ ਨਜ਼ਰੀਏ ਦਾ ਨੀਂਹ ਪੱਥਰ ਹੈ।"


... "ਮਾਰਕਸਵਾਦ ਭੌਤਿਕਵਾਦ ਹੈ, ਇਸ ਲਈ ਇਹ ਧਰਮ ਦਾ ਓਡਾ ਹੀ ਬੇਕਿਰਕ ਦੁਸ਼ਮਣ ਹੈ, ਜਿੱਡਾ ਅਠਾਰਵੀਂ ਸਦੀ ਦੇ ਬੁੱਧੀਜੀਵੀਆਂ ਜਾਂ ਫਿਊਰਬਾਖ ਦਾ ਭੌਤਿਕਵਾਦ ਸੀ। ਇਹ ਸ਼ੰਕਾ ਰਹਿਤ ਹੈ। ਸਗੋਂ ਮਾਰਕਸ ਤੇ ਏਂਗਲਜ ਦਾ ਵਿਰੋਧ ਵਿਕਾਸੀ ਭੌਤਿਕਵਾਦ ਬੁੱਧੀਜੀਵੀਆਂ ਤੇ ਫਿਊਰਬਾਖ ਦੇ ਭੌਤਿਕਵਾਦ ਤੋਂ ਵੀ ਅਗਾਂਹ ਜਾਂਦਾ ਹੈ। ਕਿਉਂਕਿ ਇਹ ਭੌਤਿਕਵਾਦੀ ਫਿਲਾਸਫੀ ਨੂੰ ਇਤਿਹਾਸ ਦੇ ਖੇਤਰ ਵਿਚ ਅਤੇ ਸਮਾਜੀ ਵਿਗਿਆਨਾਂ ਦੇ ਖੇਤਰ ਵਿਚ ਲਾਗੂ ਕਰਦਾ ਹੈ। ਸਾਨੂੰ ਧਰਮ ਵਿਰੁੱਧ ਲੜਨਾ ਚਾਹੀਦਾ ਹੈ, ਇਹ ਸਾਰੇ ਭੌਤਿਕਵਾਦ ਦਾ ਅਤੇ ਇਸਦੇ ਸਿੱਟੇ ਵਜੋਂ ਮਾਰਕਸਵਾਦ ਦਾ ੳ ਅ ਹੈ। ਪਰ ਮਾਰਕਸਵਾਦ ਇਕ ਅਜਿਹਾ ਭੌਤਿਕਵਾਦ ਨਹੀਂ, ਜਿਹੜਾ ੳ ਅ ਉਤੇ ਠਹਿਰ ਜਾਂਦਾ ਹੈ ਸਗੋਂ ਮਾਰਕਸਵਾਦ ਇਸ ਤੋਂ ਵੀ ਅਗਾਂਹ ਜਾਂਦਾ ਹੈ। ਇਹ ਕਹਿੰਦਾ ਹੈ ਕਿ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਧਰਮ ਵਿਰੁੱਧ ਕਿਵੇਂ ਲੜਿਆ ਜਾਵੇ ਅਤੇ ਇੰਜ ਕਰਨ ਲਈ ਸਾਨੂੰ ਇਕ ਭੌਤਿਕਵਾਦੀ ਢੰਗ ਨਾਲ ਧਰਮ ਤੇ ਵਿਸ਼ਵਾਸ ਦੇ ਸੋਮਿਆਂ ਦੀ ਜਨਤਾ ਵਿਚ ਵਿਆਖਿਆ ਕਰਨੀ ਚਾਹੀਦੀ ਹੈ।"

ਇਥੇ ਮਾਰਕਸ ਤੇ ਲੈਨਿਨ ਦੇ ਧਰਮ ਬਾਰੇ ਵਿਚਾਰਾਂ ਵਿਚਲੇ ਵਖਰੇਵੇਂ ਨੂੰ ਸਪੱਸ਼ਟ ਤੌਰ ਉਤੇ ਵੇਖਿਆ ਜਾ ਸਕਦਾ ਹੈ। ਮਾਰਕਸ ਧਰਮ ਨੂੰ ਲੋਕਾਂ ਦੀ ਅਫੀਮ (ਪੂੰਜੀਵਾਦੀ ਪ੍ਰਬੰਧ ਤੋਂ ਪੀੜਤ ਮਨੁੱਖ ਵਲੋਂ ਆਪਣੀ ਪੀੜ ਘਟਾਉਣ ਲਈ ਵਰਤੀ ਜਾਂਦੀ ਇਕ ਦਵਾਈ) ਮੰਨਦਾ ਹੈ, ਜਦਕਿ ਲੈਨਿਨ ਧਰਮ ਨੂੰ ਲੋਕਾਂ ਲਈ ਅਫੀਮ (ਪੀੜਤ ਮਨੁੱਖ ਦੀ ਚੇਤਨਾ ਨੂੰ ਸਿਥਲ ਕਰਨ ਲਈ ਇਕ ਨਸ਼ਾ) ਮੰਨਦਾ ਹੈ। ਮਾਰਕਸ ਇਕ ਕਮਿਊਨਿਸਟ ਸਿਧਾਂਤਕਾਰ ਦੇ ਤੌਰ ਉਤੇ ਨਾਸਤਿਕਤਾ ਦਾ ਵਿਰੋਧ ਕਰਦਾ ਹੈ ਜਦਕਿ ਲੈਨਿਨ ਨਾਸਤਿਕਤਾ ਨੂੰ ਆਪਣੇ ਭੌਤਿਕਵਾਦ ਦਾ ਮੂਲ ਆਧਾਰ ਬਣਾ ਧਰਦਾ ਹੈ। ਮਾਰਕਸ ਅਨੁਸਾਰ, "ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੁੰਦੀ ਹੈ ਪਰ ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ।"

... "ਮਨੁੱਖ ਤੇ ਕੁਦਰਤ ਦੇ ਕਲਪਿਤ ਰਿਸ਼ਤੇ ਦੀ ਹੋਂਦ ਤੋਂ ਇਨਕਾਰੀ ਹੋਣ ਵਜੋਂ ਨਾਸਤਿਕਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਕਿਉਂਕਿ ਨਾਸਤਿਕਤਾ ਰੱਬ ਤੋਂ ਇਨਕਾਰੀ ਹੋਣਾ ਹੈ ਅਤੇ ਇਹ ਮਨੁੱਖੀ ਹੋਂਦ ਦੀ ਧਾਰਨਾ ਰੱਬ ਤੋਂ ਇਨਕਾਰੀ ਹੋਣ ਵਜੋਂ ਬਣਾਉਣਾ ਹੈ। ਪਰ ਸਮਾਜਵਾਦ ਨੂੰ ਸਮਾਜਵਾਦ ਦੇ ਤੌਰ ਉਤੇ ਹੁਣ ਅਜਿਹੀ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ। ਇਹ ਮਨੁੱਖ ਦੀ ਸਿਧਾਂਤਕ ਅਤੇ ਅਮਲੀ (ਇੰਦ੍ਰਿਆਵੀ) ਅਨੁਭਵੀ ਚੇਤਨਾ ਅਤੇ ਕੁਦਰਤ ਦੀ ਇਸਦੇ ਤੱਤ ਵਜੋਂ ਹੋਂਦ ਤੋਂ ਆਰੰਭ ਕਰਦਾ ਹੈ।"

ਮਾਰਕਸ ਨੇ ਕਿਤੇ ਵੀ ਨਾਸਤਿਕਤਾ ਦੀ ਪੈਰਵਾਈ ਨਹੀਂ ਕੀਤੀ ਸਗੋਂ ਉਹ ਨਾਸਤਿਕਤਾ ਨੂੰ ਕਮਿਊਨਿਜ਼ਮ ਤੋਂ ਦੂਰ ਦੱਸਦਾ ਹੈ। ਮਾਰਕਸ ਨੇ ਆਪਣੀਆ ਲਿਖਤਾਂ ਵਿਚ ਅਨੇਕ ਵਾਰ ਦੁਹਰਾਇਆ ਹੈ ਕਿ 'ਧਾਰਮਿਕਤਾ ਦਾ ਭੇਦ ਇਨਸਾਨੀਅਤ ਦਾ ਜਜ਼ਬਾ ਭਾਵ ਪਰਉਪਕਾਰ ਦੀ ਭਾਵਨਾ ਹੈ।' ਮਾਰਕਸ ਦੀ ਸਮਝ ਅਨੁਸਾਰ ਧਰਮ ਓਨਾ ਚਿਰ ਖਤਮ ਨਹੀਂ ਹੋ ਸਕਦਾ, ਜਿੰਨਾ ਚਿਰ ਮਨੁੱਖ ਆਪਣੀ ਚੇਤਨਾ ਅੰਦਰ ਕੁਦਰਤ ਤੇ ਆਪਣੇ ਨਾਲਦੇ ਮਨੁੱਖਾਂ ਨਾਲ ਆਪਣੇ ਅਟੁੱਟ ਅਨੁਭਵੀ ਰਿਸ਼ਤੇ ਬਾਰੇ ਸਪੱਸ਼ਟ ਨਹੀਂ ਹੋ ਜਾਂਦਾ। ਜਦਕਿ ਲੈਨਿਨ ਐਨ ਮੁੱਢ ਤੋਂ ਹੀ ਕੁਦਰਤ ਅਤੇ ਮਨੁੱਖ ਦੇ ਰਿਸ਼ਤੇ ਨੂੰ ਆਪਣੀ ਸੋਚ ਵਿਚ ਸਪੱਸ਼ਟ ਕੀਤਿਆਂ ਬਗੈਰ ਬਲਕਿ ਇਸ ਰਿਸ਼ਤੇ ਨੂੰ ਉਲਝਾ ਕੇ ਧਰਮ ਦਾ ਖਾਤਮਾ ਕਰਨਾ ਲੋਚਦਾ ਹੈ।

ਲੈਨਿਨ ਜਦੋਂ ਇਕ ਭੌਤਿਕਵਾਦੀ ਢੰਗ ਨਾਲ ਧਰਮ ਤੇ ਵਿਸ਼ਵਾਸ ਦੇ ਸੋਮਿਆਂ ਦੀ ਜਨਤਾ ਵਿਚ ਵਿਆਖਿਆ ਕਰਨ ਦੀ ਗੱਲ ਕਰਦਾ ਹੈ ਤਾਂ ਇਸ



ਦਾ ਮਾਰਕਸੀ ਅਰਥ ਵੀ ਇਹੀ ਬਣਦਾ ਹੈ ਕਿ ਕੁਦਰਤ ਅਤੇ ਭਾਰੂ ਪ੍ਰਬਲ ਸ਼ਕਤੀਆਂ ਬਾਰੇ ਮਨੁੱਖੀ ਮਨਾਂ ਵਿਚ ਬਣਿਆ ਕਲਪਿਤ ਅਕਸ ਖਤਮ ਕੀਤਾ ਜਾਵੇ ਅਤੇ ਕੁਦਰਤ ਤੇ ਮਨੁੱਖ ਦੇ ਸਿੱਧੇ ਅਤੇ ਅਟੁੱਟ ਅਨੁਭਵੀ ਰਿਸ਼ਤੇ ਬਾਰੇ ਮਨੁੱਖੀ ਚੇਤਨਾ ਸਪੱਸ਼ਟ ਹੋਵੇ। ਪਰ ਲੈਨਿਨ ਦੀਆਂ ਦਾਰਸ਼ਨਿਕ ਲਿਖਤਾਂ ਵਿਚ ਕਿਤੇ ਵੀ ਇਹ ਯਤਨ ਨਹੀਂ ਕੀਤਾ ਗਿਆ। ਜਦਕਿ ਮਾਰਕਸ ਦੀ ਹਰੇਕ ਦਾਰਸ਼ਨਿਕ ਲਿਖਤ ਵਿਚ ਇਹ ਯਤਨ ਸਪੱਸ਼ਟ ਨਜ਼ਰ ਆਉਂਦੇ ਹਨ। ਆਲਮੀ ਕਮਿਊਨਿਸਟ ਲਹਿਰ ਦਾ ਆਗੂ ਹੋਣ ਕਰ ਕੇ ਲੈਨਿਨ ਨੇ ਸਮੁੱਚੀ ਆਲਮੀ ਕਮਿਊਨਿਸਟ ਲਹਿਰ ਨੂੰ ਹੀ ਧਰਮਾਂ ਬਾਰੇ ਮਾਰਕਸੀ ਸਮਝ ਤੋਂ ਪਰਾਂ ਗਲਤ ਦਿਸ਼ਾ ਵੱਲ ਤਿਲਕਾ ਦਿੱਤਾ। ਪੰਜਾਬ ਵਿਚ ਇਸੇ ਗਲਤੀ ਦਾ ਪ੍ਰਭਾਵ ਭਾਈ ਸੰਤੋਖ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖੀ ਅਤੇ ਕਮਿਊਨਿਸਟ ਲਹਿਰ ਵਿਚ ਪਈ ਦੁਫੇੜ ਤੋਂ ਵੇਖਿਆ ਜਾ ਸਕਦਾ ਹੈ।

ਕੁਦਰਤ ਅਤੇ ਮਨੁੱਖ ਦਾ ਆਪਸੀ ਅਨੁਭਵੀ ਰਿਸ਼ਤਾ ਸਪੱਸ਼ਟ ਕੀਤੇ ਬਗੈਰ ਜਦੋਂ ਧਰਮ ਦਾ ਵਿਰੋਧ ਕੀਤਾ ਜਾਂਦਾ ਹੈ ਤਾਂ ਮਨੁੱਖ ਦਾ ਆਤਮਿਕ ਵਿਕਾਸ, ਜਿਸ ਦਾ ਮੂਲ ਆਧਾਰ ਮਨੁੱਖ ਅਤੇ ਕੁਦਰਤ ਦੇ ਆਪਸੀ ਰਿਸ਼ਤੇ ਦਾ ਇੰਦ੍ਰਿਆਵੀ ਅਨੁਭਵ ਹੈ, ਉਹ ਅਣਗੌਲਿਆ ਹੋ ਜਾਂਦਾ ਹੈ। ਇਹੀ ਕੁਝ ਆਲਮੀ ਕਮਿਊਨਿਸਟ ਲਹਿਰ ਨਾਲ ਵਾਪਰਿਆ ਹੈ। ਰੂਹਾਨੀਅਤ ਹੋਰ ਕੁਝ ਨਹੀਂ ਸਗੋਂ ਮਨੁੱਖ ਦਾ ਕੁਦਰਤ ਦੀ ਅਨੰਤਤਾ, ਬੇਅੰਤਤਾ, ਵੰਨ-ਸੁਵੰਨਤਾ ਅਤੇ ਆਪਣੀਆਂ ਸੀਮਤ ਲੋੜਾਂ ਬਾਰੇ ਹੋਇਆ ਜਜ਼ਬਾਤੀ ਅਨੁਭਵ ਹੈ। ਇਹ ਅਨੁਭਵ ਹੀ ਮਨੁੱਖ ਦੇ ਮਨ ਅੰਦਰ ਆਪਣੇ ਨਾਲਦੇ ਮਨੁੱਖਾਂ ਬਾਰੇ ਸਮਾਜੀ ਰਿਸ਼ਤੇ ਦਾ ਅਹਿਸਾਸ ਪੈਦਾ ਕਰਦਾ ਹੈ ਅਤੇ ਮਨੁੱਖ ਦੇ ਮਨ ਵਿਚ ਸਰਬੱਤ ਦੇ ਭਲੇ ਦੀ ਚੇਤਨਾ ਪੈਦਾ ਹੁੰਦੀ ਹੈ।

ਰੂਸੀ ਮਨੁੱਖ ਦੇ ਆਤਮਿਕ ਵਿਕਾਸ ਨੂੰ ਅਣਗੌਲਿਆ ਕਰਨ ਦੀ ਨਿਸ਼ਾਨਦੇਹੀ ਚੀਨੀ ਕਮਿਊਨਿਸਟ ਲਹਿਰ ਦੇ ਆਗੂ ਮਾਓ-ਜੇ-ਤੁੰਗ ਨੇ ਵੀ ਕੀਤੀ ਹੈ। ਸਟਾਲਿਨ ਦੀ ਇਕ ਅਹਿਮ ਲਿਖਤ, 'ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਅਰਥਚਾਰੇ ਦੀਆਂ ਸਮੱਸਿਆਵਾਂ' ਦੀ ਪੜਚੋਲ ਕਰਦਿਆਂ ਮਾਓ-ਜੇ-ਤੁੰਗ ਨੇ ਲਿਖਿਆ ਹੈ, "ਇਸ ਲਿਖਤ ਦਾ ਮੂਲ ਪਾਠ ਹਰ ਕਦਮ ਉਤੇ ਨਿੱਜੀ ਪਦਾਰਥਕ ਹਿੱਤਾਂ ਦੀ ਗੱਲ ਕਰਦਾ ਹੈ, ਜਿਵੇਂ ਕਿ ਲੋਕਾਂ ਨੂੰ ਖੁਸ਼ਹਾਲ ਭਵਿੱਖ ਦੇ ਝਾਂਸੇ ਵਿਚ ਲਿਆਉਣ ਲਈ ਇਹੀ ਇਕ ਦਿਲ ਟੁੰਬਵਾਂ ਸਾਧਨ ਹੋਵੇ। ਇਹ ਚੋਖੀ ਗਿਣਤੀ ਦੇ ਰੂਸੀ ਕਿਰਤੀਆਂ ਤੇ ਆਗੂ ਸ਼ਖਸੀਅਤਾਂ ਦੀ ਆਤਮਿਕ ਹਾਲਤ ਦਾ ਪ੍ਰਗਟਾਵਾ ਅਤੇ ਰਾਜਸੀ ਵਿਚਾਰਧਾਰਕ ਕੰਮ ਉਤੇ ਜ਼ੋਰ ਦੇਣ ਵਿਚ ਰਹੀ ਅਸਫਲਤਾ ਹੈ। ਇਨ੍ਹਾਂ ਹਾਲਤਾਂ ਵਿਚ ਪਦਾਰਥਕ ਪ੍ਰੇਰਕਾਂ ਉਤੇ ਭਰੋਸਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ...ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ, ਹਰ ਇਕ ਨੂੰ ਉਸ ਦੀ ਕਿਰਤ ਅਨੁਸਾਰ ਨਾਅਰੇ ਦੇ ਪਹਿਲੇ ਪੱਖ ਦਾ ਅਰਥ ਹੈ ਪੈਦਾਵਾਰ ਨੂੰ ਵਧਾਉਣ ਲਈ ਵੱਧ ਤੋਂ ਵੱਧ ਕੋਸ਼ਿਸ਼ਾਂ ਕਰਨੀਆਂ ਪਰ ਨਾਅਰੇ ਦੇ ਦੋਵਾਂ ਪੱਖਾਂ ਨੂੰ ਵੱਖ ਕਿਉਂ ਕੀਤਾ ਜਾਵੇ ਅਤੇ ਹਮੇਸ਼ਾ ਇਕ ਪਾਸੜ ਤੌਰ ਉਤੇ ਪਦਾਰਥਕ ਪ੍ਰੇਰਨਾਵਾਂ ਬਾਰੇ ਹੀ ਕਿਉਂ ਕਿਹਾ ਜਾਵੇ? ਇਸ ਕਿਸਮ ਦਾ ਪ੍ਰਚਾਰ ਪੂੰਜੀਵਾਦ ਨੂੰ ਅਜਿੱਤ ਬਣਾ ਦੇਵੇਗਾ।"

ਅਤੇ ਹਕੀਕਤ ਵਿਚ ਇਹੀ ਕੁਝ ਵਾਪਰਿਆ ਹੈ। ਪਦਾਰਥਕ ਸਹੂਲਤਾਂ ਦੇਣ ਦੇ ਮਸਲੇ ਵਿਚ ਸਮਾਜਵਾਦੀ ਮੁਲਕ ਪੂੰਜੀਵਾਦੀ ਮੁਲਕਾਂ ਦਾ ਮੁਕਾਬਲਾ ਕਰਨ ਵਿਚ ਨਾਕਾਮ ਰਹੇ ਅਤੇ ਇਉਂ ਸਮਾਜੀ ਤੇ ਆਤਮਿਕ ਵਿਕਾਸ ਦੀ ਅਣਹੋਂਦ ਕਾਰਨ ਸਮਾਜਵਾਦੀ ਸਮਾਜਾਂ ਦੇ ਬਹੁਗਿਣਤੀ ਲੋਕ ਪਦਾਰਥਕ ਸਹੂਲਤਾਂ ਦੇ ਲੋਭ ਅਧੀਨ ਬਿਨਾਂ ਕਿਸੇ ਹੀਲਹੁਜਤ ਪੂੰਜੀਵਾਦੀ ਰਾਹ ਉਤੇ ਚਲ ਪਏ। ਬੇਸ਼ਕ ਇਸੇ ਸਟਾਲਿਨਵਾਦ ਦੀ ਲਾਗ ਚੀਨੀ ਕਮਿਊਨਿਸਟ ਪਾਰਟੀ ਨੂੰ ਵੀ ਚਿੰਬੜੀ ਰਹੀ। ਮਾਓ-ਜੇ-ਤੁੰਗ ਨੇ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਰਾਹੀਂ ਇਸ ਮਰਜ਼ ਦਾ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤਕ ਬੜੀ ਦੇਰ ਹੋ ਚੁੱਕੀ ਸੀ। ਇਸੇ ਕਾਰਨ ਕਮਿਊਨਿਸਟ ਲਹਿਰ ਮਾਰਕਸ-ਏਂਗਲਜ਼ ਦੇ ਕਿਆਸੇ, ਕੁਦਰਤ ਨਾਲ ਇਕਸੁਰ ਮਨੁੱਖ ਪੱਖੀ ਵਿਕਾਸ ਦਾ ਮਾਡਲ ਨਾ ਸਿਰਜ ਸਕੀ, ਜਿਸ ਦਾ ਖਮਿਆਜ਼ਾ ਅੱਜ ਸਮੁੱਚੀ ਮਨੁੱਖਤਾ ਨੂੰ ਭੁਗਤਣਾ ਪੈ ਰਿਹਾ ਹੈ।

ਦਰਅਸਲ ਸਾਮਰਾਜੀ ਤਰਜ਼ ਦੀ ਬੇਲੋੜੀ ਖਪਤਕਾਰੀ ਦਾ ਸ਼ਿਕਾਰ ਹੋਈ ਸੋਵੀਅਤ ਯੂਨੀਅਨ ਦੀ ਨੌਕਰਸ਼ਾਹੀ ਆਤਮਿਕ ਕੰਗਾਲੀ ਦਾ ਸ਼ਿਕਾਰ ਹੋ ਕੇ ਆਪਣੇ ਲੋਕਾਂ ਤੋਂ ਟੁਟਦੀ ਗਈ। ਉਸ ਦੇ ਮਨ ਵਿਚ ਪੱਛਮੀ ਪੂੰਜੀਵਾਦ ਦਾ ਪ੍ਰਭਾਵ ਵਧਦਾ ਗਿਆ। ਜਦੋਂ ਗੋਰਬਾਚੋਵ ਰਾਜਸੱਤਾ ਵਿਚ ਆਇਆ ਉਦੋਂ ਸੋਵੀਅਤ ਯੂਨੀਅਨ ਦਾ ਅਰਥਚਾਰਾ ਭਾਰੀ ਖੜੋਤ ਦਾ ਸ਼ਿਕਾਰ ਸੀ ਤੇ ਲੋਕ ਆਤਮਿਕ ਕੰਗਾਲੀ ਦੀ ਦਲਦਲ ਵਿਚ ਧਸੇ ਹੋਏ ਘੋਰ ਨਿਰਾਸ਼ਾ ਵਿਚ ਜੀਅ ਰਹੇ ਸਨ। ਇਸ ਹਾਲਤ ਵਿਚ ਗੋਰਬਾਚੋਵ ਪੱਛਮੀ ਉਦਾਰਵਾਦ ਤੇ ਪੈਦਾਵਾਰ ਵਿਚ ਹੋਈ ਤਕਨੀਕੀ ਚਕਾਚੌਂਧ ਦਾ ਪੈਰੋਕਾਰ ਬਣ ਗਿਆ। ਪਰ ਪੱਛਮੀ ਸਾਮਰਾਜੀਆਂ ਨੇ ਗੋਰਬਾਚੋਵ ਦੀ ਇਸ ਸੁਹਿਰਦਤਾ ਦੇ ਬਾਵਜੂਦ ਸੋਵੀਅਤ ਯੂਨੀਅਨ ਨਾਲ ਆਪਣੀ ਪੁਰਾਣੀ ਦੁਸ਼ਮਣੀ ਨੂੰ ਨਾ ਭੁਲਾ ਕੇ ਉਸ ਨੂੰ ਪੈਰ-ਪੈਰ ਉਤੇ ਜ਼ਲੀਲ ਕਰਨ ਤੇ ਹਰੇਕ ਨੀਚ ਹਰਬਾ ਵਰਤ ਕੇ ਉਸ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ। ਇਸੇ ਕਰਕੇ ਗੋਰਬਾਚੋਵ ਦਾ ਨਾ ਸੋਵੀਅਤ ਯੂਨੀਅਨ ਵਿਚ ਸਤਿਕਾਰ ਬਣ ਸਕਿਆ ਤੇ ਨਾ ਹੀ ਉਹ ਅਰਥਚਾਰੇ ਵਿਚ ਕੋਈ ਭਾਰੀ ਤਬਦੀਲੀਆਂ ਕਰ ਸਕਿਆ।

ਪੂਤਿਨ ਨੇ ਗੋਰਬਾਚੋਵ ਦੀਆਂ ਇਨ੍ਹਾਂ ਗਲਤੀਆਂ ਤੋਂ ਸਬਕ ਸਿਖ ਕੇ ਹੀ ਰੂਸ ਨੂੰ ਫਿਰ ਤੋਂ ਆਪਣੇ ਪੈਰਾਂ ਸਿਰ ਖੜਾ ਕੀਤਾ ਹੈ। ਰੂਸੀ ਨੌਕਰਸ਼ਾਹੀ ਤੇ ਲੋਕਾਂ ਦੀ ਆਤਮਿਕ ਕੰਗਾਲੀ ਨਾਲ ਫੈਲੀ ਨਿਰਾਸ਼ਾ ਨੂੰ ਦੂਰ ਕਰਨ ਲਈ ਪੂਤਿਨ ਨੇ ਸਨਾਤਨੀ ਇਸਾਈਅਤ ਦਾ ਖੂਬ ਪ੍ਰਚਾਰ ਕਰਵਾਇਆ ਅਤੇ ਪੱਛਮੀ ਸਾਮਰਾਜੀ ਅਰਥਚਾਰੇ ਦਾ ਮੁਕਾਬਲਾ ਕਰਨ ਲਈ ਉਸ ਨੇ ਸਰਕਾਰੀ ਸਹਾਇਤਾ ਨਾਲ ਰੂਸੀ ਪੂੰਜੀ ਨੂੰ ਸਾਮਰਾਜੀ ਤਰਜ਼ ਉਤੇ ਕੇਂਦਰਿਤ ਹੋਣ ਦਿੱਤਾ। ਤੇਲ ਤੇ ਗੈਸ ਦੇ ਮੁਨਾਫਿਆਂ ਨਾਲ ਮਿਲੇ ਬੇਹਿਸਾਬੇ ਪੈਸੇ ਨੂੰ ਉਸ ਨੇ ਰੂਸ ਦੀ ਫੌਜੀ ਸ਼ਕਤੀ ਨੂੰ ਦੁਬਾਰਾ ਕਾਇਮ ਕਰਨ ਲਈ ਵਰਤਿਆ। ਜਿਸ ਸਦਕਾ ਅੱਜ ਉਹ ਚੀਨ ਨਾਲ ਮਿਲ ਕੇ ਯੂਕਰੇਨ ਵਿਚ ਪੂਰੇ ਪੱਛਮ ਨਾਲ ਲੜ ਰਿਹਾ ਹੈ। ਬੇਸ਼ਕ ਯੂਕਰੇਨ ਤੇ ਰੂਸ ਵਿਚ ਕੌਮੀ ਜਜ਼ਬੇ ਅਧੀਨ ਲੜੀ ਜਾ ਰਹੀ ਜੰਗ ਨੇ ਇਕ ਗਲ ਸਪੱਸ਼ਟ ਕਰ ਦਿੱਤੀ ਹੈ ਕਿ ਕੌਮਵਾਦ ਦਾ ਸੰਕਲਪ ਮਨੁੱਖ ਜਾਤੀ ਲਈ ਤਬਾਹੀ ਅਤੇ ਸੰਤਾਪ ਦਾ ਕਾਰਨ ਬਣਿਆ ਹੋਇਆ ਹੈ। ਯੂਰਪ ਅੰਦਰ ਪੂੰਜੀਵਾਦ ਨੇ ਹੀ ਕੌਮੀ ਰਾਜ ਦੇ ਸੰਕਲਪ ਨੂੰ ਫੈਲਾਇਆ ਅਤੇ ਹੋਰ ਮਜ਼ਬੂਤ ਕੀਤਾ ਹੈ।


ਅਸਲ ਵਿਚ ਕੌਮੀ ਰਾਜ ਦਾ ਸੰਕਲਪ ਮਨੁੱਖ ਜਾਤੀ ਨੂੰ ਜੋੜਨ ਦੀ ਬਜਾਏ ਤੋੜਨ ਦਾ ਸਬੱਬ ਬਣਿਆ ਹੋਇਆ ਹੈ। 1917 ਵਿਚ ਰੂਸ ਅੰਦਰ ਆਏ ਕਮਿਊਨਿਸਟ ਇਨਕਲਾਬ ਨੇ ਅੱਡ ਅੱਡ ਕੌਮਾਂ ਨੂੰ ਸਰਬਵਿਆਪੀ ਕੁਦਰਤੀ ਫਿਲਾਸਫੀ ਦੇ ਆਧਾਰ ਉਤੇ ਜੋੜਨ ਦੀ ਬਜਾਏ ਕੌਮੀ ਰਾਜਾਂ ਦੇ ਸੰਕਲਪ ਨੂੰ ਨੇਮਬੱਧ ਕਰ ਕੇ ਲੋਕਾਂ ਨੂੰ ਕੌਮਾਂ ਦੇ ਘੇਰੇ ਵਿਚ ਵੰਡ ਦਿੱਤਾ, ਜਿਸ ਦਾ ਖਮਿਆਜ਼ਾ ਹੁਣ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਦੋਵੇਂ ਸਭਿਆਚਾਰਾਂ ਦੇ ਲੋਕ ਭੁਗਤ ਰਹੇ ਹਨ। ਪੂਤਿਨ ਦਾ ਇਹ ਕਹਿਣਾ ਕੁਝ ਹੱਦ ਤਕ ਠੀਕ ਹੈ ਕਿ ਅਸੀਂ ਲੈਨਿਨ ਦੀਆਂ ਗਲਤੀਆਂ ਦਾ ਖਮਿਆਜ਼ਾ ਭੁਗਤ ਰਹੇ ਹਾਂ। ਇਨ੍ਹਾਂ ਭਿਆਨਕ ਜੰਗਾਂ ਤੋਂ ਸਹਿਮੀ ਹੋਈ ਮਨੁੱਖੀ ਸੱਭਿਅਤਾ ਹੁਣ ਮੰਗ ਕਰ ਰਹੀ ਹੈ ਕਿ ਸਰਬਸਾਂਝੇ ਸੰਸਾਰ ਲਈ ਨਵੀਂ ਸ਼ੁਰੂਆਤ ਕੀਤੀ ਜਾਵੇ, ਜਿਸ ਦਾ ਆਧਾਰ ਸਰਬ-ਵਿਆਪੀ ਕੁਦਰਤ, ਸਰਬ-ਸਾਂਝੀਵਾਲਤਾ ਤੇ ਸਰਬੱਤ ਦਾ ਭਲਾ ਹੋਵੇ।

ਸ. ਕਰਮਜੀਤ ਸਿੰਘ ਨੇ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਦੇ ਹਵਾਲੇ ਨਾਲ ਲਿਖਿਆ ਹੈ, "ਕਿਰਤੀਆਂ ਦੇ ਇਨਕਲਾਬ ਦੀ ਗੱਲ ਚਲੀ ਹੈ ਤਾਂ ਡਿੱਗਦੀਆਂ ਢਹਿੰਦੀਆਂ, ਚੜ੍ਹਦੀਆਂ ਸਭਿਅਤਾਵਾਂ ਦਾ ਵਡਾ ਥੰਮ ਯਾਨੀ "ਅਸਮਾਨ ਕੱਦ" ਇਤਿਹਾਸਕਾਰ ਆਰਨਲਡ ਟਾਇਨਬੀ ਯਾਦ ਆ ਗਿਆ ਹੈ। ਪਿਛਾਂਹ ਵੱਲ ਦੂਰ ਤਕ ਝਾਕ ਸਕਣ ਦੀ ਉਸ ਦੀ ਰੱਬੀ ਨਿਗਾਹ ਨੇ ਐਲਾਨ ਕੀਤਾ ਕਿ ਨਹੀਂ, ਕਿਰਤੀਆਂ ਦਾ ਪਹਿਲਾ ਇਨਕਲਾਬ ਅਸਲ ਵਿਚ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ 1699 ਵਾਲੇ ਸਾਲ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਉਤਰਿਆ ਸੀ। ਇਹੋ ਰਾਜ ਪੰਜਾਬ ਦੇ ਕਾਮਰੇਡਾਂ ਨੂੰ ਅੱਜ ਤਕ ਵੀ ਸਮਝ ਨਹੀਂ ਲੱਗਿਆ ਤੇ ਵਰਤਮਾਨ ਖਾਲਸੇ ਅੰਦਰ ਵੀ ਉਥੋਂ ਹਾਸਲ ਕੀਤੀ "ਪਹਿਲ ਤਾਜ਼ਗੀ" ਮੁਰਝਾਉਂਦੀ ਨਜ਼ਰ ਆ ਰਹੀ ਹੈ।" ... "ਟਾਇਨਬੀ ਭਵਿੱਖਬਾਣੀ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਉਣ ਵਾਲੇ ਸਮੇਂ ਵਿਚ ਇਸ ਸੰਸਾਰ ਨੂੰ ਕੋਈ "ਵਿਸ਼ੇਸ਼ ਗੱਲ" ਦੱਸਣਗੇ ਪਰ ਉਸ ਦੀ ਕੌਮ ਵਿਚ "ਖਾਸਮਖਾਸ" ਗੱਲ ਦੱਸਣ

***(ਬਾਕੀ ਸਫਾ 30 'ਤੇ)***

# ਪੁਆਧੀ ਨੈਣ-ਨਕਸ਼

***ਮਾਲਵੇ ਦੇ ਜੰਮੇ-ਪਲੇ ਨਿਰੰਜਣ ਸਿੰਘ ਸੈਲਾਨੀ ਨੇ ਪੁਆਧ ਬਾਰੇ ਬੜੀ ਖੂਬਸੂਰਤ ਰਚਨਾ ਕੀਤੀ ਹੈ। ਇਸ ਰਚਨਾ ਵਿਚ ਪੁਆਧ ਦੀ ਖੁਸ਼ਬੂ ਫੈਲੀ ਹੋਈ ਪ੍ਰਤੀਤ ਹੁੰਦੀ ਹੈ। ਇਹ ਕਈ ਦਹਾਕੇ ਪਹਿਲਾਂ ਦੀਆਂ ਗੱਲਾਂ-ਬਾਤਾਂ ਹਨ ਪਰ ਇਨ੍ਹਾਂ ਗੱਲਾਂ-ਬਾਤਾਂ ਵਿਚ ਉਨ੍ਹਾਂ ਵੇਲਿਆਂ ਦਾ ਸਮੁੱਚਾ ਸਭਿਆਚਾਰ ਅਤੇ ਸਮਾਜਿਕ ਹਕੀਕਤਾਂ ਪਰੋਈਆਂ ਹੋਈਆਂ ਹਨ ਜਿਨ੍ਹਾਂ ਉਤੇ ਇੰਨੇ ਸਮੇਂ ਪਿੱਛੋਂ ਝਾਤੀ ਮਾਰਨ 'ਤੇ ਕਿਸੇ ਵੱਖਰੀ ਤਰ੍ਹਾਂ ਦੀ ਖੁਸ਼ੀ ਦਾ ਅਹਿਸਾਸ ਜਾਗਦਾ ਹੈ।***





*ਪੁਆਧ ਦਾ ਨਕਸ਼ਾ ਅਤੇ (ਸੱਜੇ) 1951 ਵਿਚ ਚੰਡੀਗੜ੍ਹ ਨੇੜਲੇ ਇਕ ਪੁਆਧੀ ਪਿੰਡ ਦੀ ਝਲਕ।*

ਉਸ ਵਕਤ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ। ਲਾਜ਼ਮੀ ਸਿੱਖਿਆ ਲਾਗੂ ਕੀਤੀ ਜਾ ਰਹੀ ਸੀ। ਇੰਟਰਵਿਊ ਦੀ ਚਿੱਠੀ ਆ ਗਈ। ਨਾਭੇ ਦੇ ਕਿਲ੍ਹੇ ਵਿਚ ਇੰਟਰਵਿਊ ਹੋਈ। ਮੈਂ ਵੀ ਚੁਣਿਆ ਗਿਆ। ਅਜੇ ਉਮਰ ਮਸਾਂ 16 ਸਾਲਾਂ ਦੀ ਹੋਈ ਸੀ। ਨਿਯੁਕਤੀ ਪੱਤਰ ਡਾਕ ਰਾਹੀਂ ਘਰ ਆ ਗਿਆ।

ਘਰੇ ਸਲਾਹਾਂ ਹੋਣ ਲੱਗੀਆਂ, ਮੁੰਡਾ ਮਛੋਹਰ ਹੈ, ਉਮਰ ਘੱਟ ਹੈ, ਨਾ ਮੁੱਛ ਨਾ ਦਾੜ੍ਹੀ; ਕਿਵੇਂ ਰੋਟੀ ਪਕਾਏਗਾ? ਕਿਵੇਂ ਇਕੱਲਾ ਰਹੇਗਾ? ਫਿਰ ਪਤਾ ਨਾ ਲੱਗੇ ਪਿੰਡ ਕਾਮੀ ਖੁਰਦ ਹੈ ਕਿਸ ਪਾਸੇ? ਫਿਰ ਸਿੱਖਿਆ ਮਹਿਕਮੇ ਤੋਂ ਪਤਾ ਲੱਗਾ ਕਿ ਘਨੌਰ ਬਲਾਕ ਵਿਚ ਹੈ। ਸਾਮਾਨ, ਕੁਝ ਭਾਂਡੇ, ਖਾਣਾ ਬਣਾਉਣ ਦਾ ਸਾਮਾਨ ਅਤੇ ਬਿਸਤਰਾ ਤਿਆਰ ਕੀਤਾ।

ਦੂਜੇ ਦਿਨ ਮੇਰੇ ਬਾਈ ਜੀ ਮੇਰੇ ਨਾਲ ਚੱਲ ਪਏ। ਸ਼ੰਭੂ ਰੇਲਵੇ ਸਟੇਸ਼ਨ 'ਤੇ ਉਤਰ ਕੇ ਰਾਹ ਪਤਾ ਕੀਤਾ। ਕੋਈ ਬੱਸ ਨਹੀਂ ਸੀ ਜਾਂਦੀ। ਸਿਆਲ ਦੇ ਦਿਨ ਸਨ। ਠੰਢੀ ਹਵਾ ਚੱਲ ਰਹੀ ਸੀ। ਪੈਦਲ ਚੱਲ ਪਏ। ਪਹਿਲਾਂ ਮਰਦਾਂਪੁਰ ਨਾਂ ਦਾ ਪਿੰਡ ਆਇਆ। ਉਸ ਪਿੱਛੋਂ ਸੰਧਾਰਸੀ ਜਿਸ ਦੇ ਸਕੂਲ ਦੇ ਆਲੇ-ਦੁਆਲੇ ਰੇਤਾ ਹੀ ਰੇਤਾ ਵਿਛਿਆ ਹੋਇਆ ਸੀ। ਜਿਸ ਨੂੰ ਰਾਹ ਪੁੱਛੋ ਉਹੋ ਕਹਿੰਦਾ, "ਗੋਹਰੀ ਗੋਹਰੀ ਗਾੜ੍ਹੀ ਜਾਓ।" ਫਿਰ ਸਾਨੂੰ ਪਤਾ

ਨਿਰੰਜਣ ਸਿੰਘ ਸੈਲਾਨੀ
ਫੋਨ: +91-98762-28703

ਲੱਗਾ ਕਿ ਪਹੇ ਨੂੰ ਗੋਹਰ ਕਹਿੰਦੇ ਹਨ। ਬੋਲੀ ਦਾ ਵੀ ਅੰਤਰ ਸੀ। ਅਸੀਂ ਮਲਵਈ ਬੋਲੀ ਤੋਂ ਜਾਣੂ ਸਾਂ। ਇਹ ਪੁਆਧੀ ਉਪ-ਭਾਸ਼ਾ ਬੋਲਦੇ ਸਨ। ਇਕ ਹੋਰ ਪਿੰਡ ਪਿੱਪਲ ਮੰਗੋਲੀ ਆਇਆ ਜਿਸ ਵਿਚ ਰਫਿਊਜੀ ਰਹਿੰਦੇ ਸਨ। ਰਾਹ ਵਿਚ ਗੁਰਦੁਆਰਾ ਪਾਤਸ਼ਾਹੀ ਨੌਵੀਂ ਨਥਾਣਾ ਸਾਹਿਬ ਆਇਆ। ਇਥੇ ਲੰਡੀ ਨਾਂ ਦੀ ਨਦੀ ਵਹਿੰਦੀ ਸੀ ਜਿਸ ਦਾ ਛੋਟਾ ਜਿਹਾ ਪੁਲ ਸੀ। ਸਿਆਲ ਕਾਰਨ ਪਾਣੀ ਬਹੁਤ ਘੱਟ ਸੀ। ਪਤਾ ਲੱਗਾ ਬਰਸਾਤ 'ਚ ਇਸ ਵਿਚ ਬਹੁਤ ਪਾਣੀ ਆਉਂਦਾ ਹੁੰਦਾ ਸੀ।

ਉਸ ਤੋਂ ਅੱਗੇ ਜੰਡ ਮੰਘੋਲੀ ਪਿੰਡ ਆਇਆ ਜਿੱਥੇ ਕਈ ਘੁਲਾੜੀਆਂ ਚਲ ਰਹੀਆਂ ਸਨ ਤੇ ਗੰਨੇ ਪੀੜੇ ਜਾ ਰਹੇ ਸਨ। ਗੁੜ ਪੱਕਣ ਦੀ ਮਿੱਠੀ-ਮਿੱਠੀ ਵਾਸ਼ਨਾ ਹਵਾ 'ਚ ਫੈਲ ਰਹੀ ਸੀ। ਉੱਥੋਂ ਰਾਹ ਪੁੱਛ ਕੇ ਅਸੀਂ ਕਾਮੀ ਦੇ ਰਾਹ ਪੈ ਗਏ। ਇੱਕ ਪਾਸੇ ਕਿੱਕਰਾਂ ਹੀ ਕਿੱਕਰਾਂ ਖੜ੍ਹੀਆਂ ਸਨ ਜਿਸ ਨੂੰ ਲੋਕ 'ਵਣੀ' ਕਹਿੰਦੇ ਸਨ। ਤੁਰਦੇ ਗਏ ਤੁਰਦੇ ਗਏ। ਅਖੀਰ ਪਿੰਡ ਦਿਸਣ ਲੱਗਾ। ਉਥੇ ਪੁੱਜ ਕੇ ਸਕੂਲ ਪਤਾ ਕਰਕੇ ਸਕੂਲ ਪੁੱਜ ਗਏ। ਬੜੀ ਉੱਚੀ ਥਾਂ 'ਤੇ ਧਰਮਸ਼ਾਲਾ ਬਣੀ ਹੋਈ ਸੀ। ਮਾਸਟਰ ਜੀ ਬੈਠੇ ਬੱਚਿਆਂ ਨੂੰ ਪੜ੍ਹਾ ਰਹੇ ਸਨ। ਨਾਂ ਸੀ ਰਾਮ ਲਾਲ ਪਸਰੀਚਾ। ਉਹ ਲਾਹੌਰ ਦਾ ਪੜ੍ਹਿਆ ਹੋਇਆ ਸੀ। ਸਕੂਲ ਕੀ ਸੀ? ਖੁੱਲ੍ਹਾ ਜਿਹਾ ਕਮਰਾ ਸੀ, ਵਿਹੜਾ ਸੀ। ਇਹ ਪਿੰਡ ਦੀ ਧਰਮਸ਼ਾਲਾ ਸੀ।

ਅਧਿਆਪਕ ਸਾਨੂੰ ਦੇਖ ਕੇ ਪੁੱਛਣ ਲੱਗਾ, "ਤੁਹਾਡੇ 'ਚੋਂ ਮਾਸਟਰ ਕਿਹੜਾ ਹੈ?" ਬਾਈ ਜੀ ਨੇ ਦੱਸਿਆ ਕਿ ਇਹ ਮੇਰਾ ਲੜਕਾ ਹੈ, ਇਸ ਦਾ ਇਹ ਨਿਯੁਕਤੀ ਪੱਤਰ ਹੈ। ਉਸ ਦਿਨ 15 ਦਸੰਬਰ 1961 ਦੀ ਤਰੀਕ ਸੀ। ਮੈਂ ਨੌਕਰੀ ਲੱਗ ਗਿਆ। ਮਾਸਟਰ ਜੀ ਨੇ ਮੇਰੇ ਰਹਿਣ ਦਾ ਪ੍ਰਬੰਧ ਮੰਗਤ ਰਾਮ ਦੇ ਘਰ ਕਰ ਦਿੱਤਾ। ਰੋਟੀ ਪਾਣੀ ਉਹ ਦਿੰਦੇ ਸਨ ਅਤੇ ਮੈਂ ਸਾਰੇ ਰੋਟੀ ਪਾਣੀ ਦੇ ਝੰਜਟ ਤੋਂ ਮੁਕਤ ਹੋ ਗਿਆ।

ਪਹਿਲੀ ਜਮਾਤ ਵਿਚ 54 ਬੱਚੇ ਸਨ, ਉਹ ਮੇਰੇ ਹਿੱਸੇ ਆਏ। ਫਿਰ ਕੁਝ ਦਿਨਾਂ ਬਾਅਦ ਮੇਰੀ ਰਿਹਾਇਸ਼ ਕਿਸੇ ਹੋਰ ਘਰ ਦੇ ਚੁਬਾਰੇ 'ਚ ਹੋ ਗਈ। ਲੋਕੀਂ ਮੈਨੂੰ ਮੇਰਾ ਰੰਗ ਚਿਹਰਾ-ਮੋਹਰਾ ਦੇਖ ਕੇ ਕਹਿੰਦੇ, "ਤੂੰ ਤਾਂ ਜੱਟਾਂ ਦਾ ਮੁੰਡਾ ਲਗਦੈਂ।" ਪਰ ਮੈਂ ਆਪਣੀ ਜਾਤ ਨਹੀਂ ਲੁਕਾਈ। ਜੇ ਮੈਂ ਜਾਤ ਲੁਕਾਉਂਦਾ ਤਾਂ ਮਗਰੋਂ ਝੂਠਾ ਪੈਂਦਾ।

ਉਨ੍ਹਾਂ ਦੇ ਰਹਿਣ-ਸਹਿਣ ਅਤੇ ਬੋਲੀ ਬਾਰੇ ਹੌਲੀ-ਹੌਲੀ ਪਤਾ ਲੱਗਣ ਲੱਗਾ। ਜ਼ਨਾਨੀਆਂ ਜਦੋਂ ਬੋਲਦੀਆਂ ਤਾਂ ਨਾਲ ਹੀ ਕਹਿੰਦੀਆਂ "ਲਾਲ ਰੀ।" ਅਰਬੀਆਂ ਨੂੰ ਗਗਟੀਆਂ ਕਹਿੰਦੀਆਂ। ਜਵਾਨ ਜਹਾਨ ਮੁਟਿਆਰ ਕੁੜੀ ਨੂੰ ਉਹ 'ਬੋਬੋ' ਕਹਿੰਦੇ। ਮਾਲਵੇ 'ਚ ਬੋਬੋ ਜਾਂ ਬੋਬੀ ਬਜ਼ੁਰਗ ਔਰਤ ਨੂੰ ਕਹਿੰਦੇ ਸਨ।

ਪਿੰਡ ਦੇ ਪੂਰਬ ਵੱਲ ਥੋੜ੍ਹੀ ਕੁ ਦੂਰ ਘੱਗਰ ਦਰਿਆ ਵਹਿੰਦਾ ਹੈ ਜੋ ਬਰਸਾਤਾਂ ਵਿਚ ਬੜਾ ਸ਼ੂਕਦਾ ਸੀ। ਇਸ ਨੂੰ ਦੇਖ ਕੇ ਡਰ ਲੱਗਦਾ ਸੀ। ਕਿਨਾਰੇ 'ਤੇ ਕਿਧਰੇ-ਕਿਧਰੇ ਸਰਕੜੇ ਦੇ ਕਾਨੇ ਖੜ੍ਹੇ ਸਨ। ਬੋਲੀ ਬੜੀ ਅਜੀਬ ਲੱਗਣੀ: "ਕਾ ਕਰੇਗਾ ਘੁਲਾੜੀ ਪਰ ਜਾ ਕੇ ਹੁੱਕੀ ਥਾਰੀ ਇੱਖ ਮਾ ਪੜੀ।" ਬੋਲਣ ਵੇਲੇ ਮ੍ਹਾਰੇ, ਥ੍ਹਾਰੇ ਬੜਾ ਕਰਨ। ਉੱਥੋਂ ਦੀ ਮਿੱਟੀ ਵੀ ਬੜੀ ਤਿਲ੍ਹਕਵੀਂ ਸੀ। ਜੇ ਥੋੜ੍ਹਾ ਜਿਹਾ ਮੀਂਹ ਪੈ ਜਾਂਦਾ ਤਾਂ ਬੜੀ ਔਖਿਆਈ ਹੁੰਦੀ। ਸਾਈਕਲ ਦੇ ਮਡਗਾਰਡਾਂ 'ਚ ਗਾਰਾ ਫਸ ਜਾਣਾ। ਸਾਈਕਲ ਦੇ ਪਹੀਏ ਜਾਮ ਹੋ ਜਾਣੇ ਤਾਂ ਮਜਬੂਰਨ ਸਾਈਕਲ ਉੱਥੇ ਹੀ ਛੱਡ ਕੇ ਆਉਣਾ ਪੈਂਦਾ। ਬੱਚੇ ਹੀ ਫਿਰ ਸਾਈਕਲ ਚੁੱਕ ਕੇ ਲਿਆਉਂਦੇ, ਪਹੀਏ ਸਾਫ਼ ਕਰਦੇ। ਪਿੰਡ ਵਿਚ ਉਨ੍ਹਾਂ ਦਿਨਾਂ 'ਚ ਕੋਈ ਦੁੱਧ ਨਹੀਂ ਵੇਚਦਾ ਸੀ।

ਨੂੰਨਗਰਾਂ ਦੀ ਜਾਤ ਮੈਂ ਇਸ ਪਿੰਡ ਵਿਚ ਦੇਖੀ। ਇਸ ਤੋਂ ਬਿਨਾਂ ਹਰੀਜਨਾਂ ਤੋਂ ਬਣੇ ਇਸਾਈ ਲੋਕ ਵੀ ਰਹਿੰਦੇ ਸਨ। ਕਈਆਂ ਦਾ ਨਾਂ ਬਾਬੂ ਮਸੀਹ ਸੀ। ਪਿੰਡ ਵਿਚ ਸਰਪੰਚ ਸੀ ਮੋਤੀ ਲਾਲ ਜੋ ਖੱਦਰਧਾਰੀ ਸੀ ਅਤੇ ਨਹਿਰੂ ਟੋਪੀ ਪਹਿਨਦਾ ਸੀ, ਥੋੜ੍ਹੀ ਬਹੁਤ ਵੈਦਗੀ ਵੀ ਜਾਣਦਾ ਸੀ। ਇੱਕ ਮੰਦਰ ਸੀ ਜਿਸ ਨੂੰ ਲੋਕ 'ਮਾਲ੍ਹਦਾ' ਕਹਿੰਦੇ ਸੀ। ਲੋਕ ਖੂਹਾਂ ਤੋਂ ਪਾਣੀ ਭਰਦੇ ਸਨ। ਕਿਸੇ-ਕਿਸੇ ਘਰ ਨਲਕਾ ਲੱਗਿਆ ਹੋਇਆ ਸੀ। ਕਈ ਜਾਤਾਂ ਦੇ ਲੋਕ ਰਹਿੰਦੇ ਸਨ। ਕੁਝ ਘਰ ਮੁਸਲਮਾਨਾਂ ਦੇ ਵੀ ਸਨ। ਪਿੰਡ ਦੇ ਨੇੜੇ ਨਥਾਣਾ ਸਾਹਿਬ, ਲੋਹੜੀ ਮਾਘੀ ਨੂੰ ਹਰ ਸਾਲ ਮੇਲਾ ਭਰਦਾ ਸੀ। ਲੋਕੀਂ ਦੂਰੋਂ-ਦੂਰੋਂ ਦੇਖਣ ਲਈ ਆਉਂਦੇ। ਮੇਲੇ ਵਾਲਾ ਰੰਗ ਬੱਝ ਜਾਂਦਾ ਸੀ। ਇਸ ਇਲਾਕੇ ਦਾ ਇਹ ਬਹੁਤ ਮਸ਼ਹੂਰ ਮੇਲਾ ਸੀ। ਘੱਗਰ ਤੋਂ ਪਾਰ ਰਾਮਪੁਰ ਚਮਾਰੂ ਤੋਂ ਅੱਗੇ ਕਪੂਰੀ ਨਾਂ ਦੇ ਪਿੰਡ ਵਿਚ ਮਾਤਾ ਰਾਣੀ ਦੇ ਥਾਨਾਂ 'ਤੇ ਬੜਾ ਵੱਡਾ ਮੇਲਾ ਭਰਦਾ ਸੀ। ਉਥੇ ਬਹੁਤ ਰੌਣਕ ਹੁੰਦੀ ਸੀ। ਬਹੁਤ ਲੋਕ ਦੇਖਣ ਲਈ ਜਾਂਦੇ ਸੀ। ਮੈਂ ਉੱਥੋਂ ਉਰਦੂ ਦਾ ਕਾਇਦਾ ਲੈ ਕੇ ਮਾਸਟਰ ਜੀ ਤੋਂ ਉਰਦੂ ਸਿੱਖਣਾ ਸ਼ੁਰੂ ਕੀਤਾ। ਸਕੂਲ 'ਚ ਮੇਰੇ ਨਾਲੋਂ ਵੀ ਵੱਡੇ-ਵੱਡੇ ਮੁੰਡੇ ਪੜ੍ਹਦੇ ਸਨ।



*ਚੰਡੀਗੜ੍ਹ ਵਿਚੋਂ ਲੰਘਦੇ ਘੱਗਰ ਦਰਿਆ ਦਾ ਅੰਬਰੀ ਨਜ਼ਾਰਾ।*

ਇੱਕ ਹਾਕਮ ਦਾ ਬੱਚਾ ਪਹਿਲੀ 'ਚ ਮੇਰੇ ਕੋਲ ਪੜ੍ਹਦਾ ਸੀ। ਇੱਕ ਦਿਨ ਉਹ ਆਪਣੀ ਮਾਂ ਨੂੰ ਲੈ ਕੇ ਮੇਰੇ ਕੋਲ ਆਇਆ। ਮੈਂ ਪੁੱਛਿਆ, "ਕੀ ਗੱਲ?" ਉਹ ਕਹਿੰਦੀ, "ਇਹ ਰੋਂਦਾ ਰਹਿੰਦਾ।" ਮੈਂ ਉਸ ਨੂੰ ਪੁੱਛਿਆ ਕਿ ਤੈਨੂੰ ਕੌਣ ਮਾਰਦਾ? ਉਹ ਕਹਿੰਦਾ, "ਤੌਂ ਮਾਰਾ" ਤਾਂ ਉਸ ਦੀ ਮਾਂ ਮੁਸਕਰੀਏਂ ਹੱਸਣ ਲੱਗ ਪਈ। ਮੈਂ ਕਿਹਾ, "ਪੜ੍ਹਾਈ ਵੇਲੇ ਥੋੜ੍ਹਾ ਬਹੁਤ ਘੂਰਨਾ ਤਾਂ ਪੈਂਦਾ ਹੀ ਹੈ।"

ਪਿੰਡਾਂ ਵਿਚ ਕੁੜੀਆਂ ਦਾ ਮੁੰਡਾ ਬਣ ਕੇ ਅਤੇ ਔਰਤਾਂ ਦਾ ਮਰਦ ਬਣ ਕੇ ਰਹਿਣਾ ਉਥੋਂ ਦਾ ਵਰਤਾਰਾ ਸੀ। ਪੰਡਤਾਂ ਦੀ ਸਵਰਨਾ ਦੇਵੀ ਨਾਂ ਦੀ ਕੁੜੀ ਸਾਡੇ ਕੋਲ ਤੀਜੀ ਵਿਚ ਪੜ੍ਹਦੀ ਸੀ ਜੋ ਕੱਦ ਕਾਠ ਦੀ ਤਕੜੀ, ਭਾਰੇ ਜਿਸਮ ਵਾਲੀ ਸੀ। ਉਹ ਮੁੰਡਿਆਂ ਵਾਲੇ ਕੱਪੜੇ ਪਾਉਂਦੀ ਅਤੇ ਸਿਰ 'ਤੇ ਪੱਗ ਵੀ ਬੰਨ੍ਹਦੀ ਸੀ। ਇਸੇ ਤਰ੍ਹਾਂ ਮਿੱਸੀ ਨਾਂ ਦੀ ਜ਼ਨਾਨੀ ਸੀ ਜੋ ਮਰਦਾਂ ਵਾਲੇ ਕੱਪੜੇ ਪਹਿਨਦੀ, ਪੋਥਾ ਬਾਕਾਇਦਾ ਲਾਉਂਦੀ ਅਤੇ ਹੱਥ 'ਚ ਡਾਂਗ ਰੱਖਦੀ ਸੀ। ਬੰਦਿਆਂ ਨਾਲ ਸ਼ਹਿਰ ਵਗੈਰਾ ਜਾਂਦੀ ਰਹਿੰਦੀ ਸੀ ਤੇ ਖੇਤੀ ਵੀ ਕਰਾਉਂਦੀ ਸੀ।

ਪਿੰਡ ਵਿਚ ਜ਼ੈਲਦਾਰਾਂ ਦਾ ਘਰ ਸੀ। ਉਨ੍ਹਾਂ ਦਾ ਬਿੰਨੂ ਨਾਂ ਦਾ ਬੱਚਾ ਸਕੂਲ ਪੜ੍ਹਦਾ ਸੀ। ਲਾਜ਼ਮੀ ਸਿੱਖਿਆ ਕਾਰਨ ਬੱਚੇ ਰਾਤ ਨੂੰ ਵੀ ਪੜ੍ਹਨ ਆ ਜਾਂਦੇ। ਲੋਕਾਂ ਤੇ ਬੱਚਿਆਂ ਵਿਚ ਸਿੱਖਿਆ ਲਈ ਬੜਾ ਜੋਸ਼ ਸੀ। ਵੱਡੀਆਂ-ਵੱਡੀਆਂ ਕੁੜੀਆਂ ਵੀ ਪੜ੍ਹਨ ਨੂੰ ਆ ਜਾਂਦੀਆਂ ਸਨ। ਇੱਕ ਵਾਰ ਵਾਰਸ ਨਾ ਹੋਣ ਕਾਰਨ ਪਿੰਡ ਦੀ ਜ਼ਮੀਨ ਇੱਕ ਰਿਸ਼ਤੇਦਾਰ ਦੇ ਨਾਂ 'ਤੇ ਹੋ ਗਈ। ਮੌਕਾ ਪਾ ਕੇ ਸ਼ਰੀਕ ਦੇ ਬੰਦਿਆਂ ਨੇ ਉਸ ਨੂੰ ਬਹੁਤ ਕੁੱਟਿਆ, ਜ਼ਖ਼ਮੀ ਕਰ ਦਿੱਤਾ, ਫਿਰ ਕੇਸ ਚਲਦਾ ਰਿਹਾ।

ਉਥੇ ਪਿੰਡਾਂ ਵਿਚ ਰਾਤ ਨੂੰ ਅਖਾੜੇ ਲੱਗਦੇ ਸਨ। ਇੱਕ ਵਾਰ ਮ੍ਹਾਰੀਆਂ, ਹਰਪਾਲਾਂ ਘੱਗਰ ਤੋਂ ਪਾਰ ਅਖਾੜਾ ਲੱਗਿਆ। ਉਹ ਪੁਆਧੀ ਗੀਤ ਗਾਉਂਦੇ। ਮਰਦ, ਔਰਤਾਂ ਵਾਲੇ ਕੱਪੜੇ ਪਾ ਕੇ ਨੱਚਦੇ ਟੱਪਦੇ ਤੇ ਗਾਉਂਦੇ, ਖੂਬ ਮਟਕਦੇ, ਅੱਖ ਮਟੱਕਾ ਲਾਉਂਦੇ। ਲੋਕੀਂ ਖੁਸ਼ ਹੋ ਕੇ ਨਚਾਰਾਂ ਤੋਂ ਨੋਟ ਵਾਰਦੇ। ਉਨ੍ਹਾਂ ਜ਼ਮਾਨਿਆਂ 'ਚ ਬਿਜਲੀ ਨਹੀਂ ਸੀ ਹੁੰਦੀ। ਇੱਕ ਬੰਦਾ ਬੋਤਲ 'ਚ ਮਿੱਟੀ ਦਾ ਤੇਲ ਪਾ ਕੇ ਰੂੰਈ ਬੱਤੀ ਜਲਾ ਕੇ ਨਚਾਰਾਂ ਦੇ ਮੂੰਹ 'ਤੇ ਕਰੀ ਰੱਖਦਾ। ਉਹ ਨਚਾਰ ਸੁਰਖੀ ਬਿੰਦੀ ਲਾ ਕੇ ਮਟਕਦਿਆਂ ਲੋਕਾਂ ਨੂੰ ਬਹੁਤ ਖੁਸ਼ ਕਰਦੇ।

ਇੱਕ ਵਾਰ ਕਾਮੀ ਪਿੰਡ ਵਿਚ ਫਕੀਰੀਏ ਦਾ ਗਾਉਣ ਦਾ ਅਖਾੜਾ ਲੱਗਿਆ। ਖੂਹ ਦੇ ਆਲੇ-ਦੁਆਲੇ ਲੋਕ ਇਕੱਠੇ ਹੋ ਗਏ। ਔਰਤਾਂ ਘਰਾਂ ਦੇ ਬਨੇਰਿਆਂ 'ਤੇ ਬੈਠ ਗਈਆਂ। ਰੌਸ਼ਨੀ ਕਰਨ ਵਾਲਾ ਮਿੱਟੀ ਦੇ ਤੇਲ ਦੀ ਬੋਤਲ, ਰੌਸ਼ਨੀ ਲਈ, ਤਿਆਰ ਕਰ ਕੇ ਤਿਆਰ-ਬਰ-ਤਿਆਰ ਸੀ। ਫਕੀਰੀਏ ਨੇ ਦਾਹੂਦ ਬਾਦਸ਼ਾਹ ਦਾ ਕਿੱਸਾ ਸੁਣਾਇਆ। ਲੋਕਾਂ ਪੂਰਨ ਭਗਤ ਦੇ ਕਿੱਸੇ ਦੀ ਫਰਮਾਇਸ਼ ਕੀਤੀ। ਉਸ ਨੇ ਪੂਰੇ ਵੇਰਵੇ ਨਾਲ ਸਾਖੀ ਸੁਣਾ ਕੇ, ਲੈਅ ਨਾਲ ਗਾਈ। ਦੇਰ ਰਾਤ ਤੱਕ ਪੂਰੀ ਰੌਣਕ ਲੱਗੀ ਰਹੀ। ਲੋਕਾਂ ਨੇ ਉਸ ਨੂੰ ਇਨਾਮ ਅਤੇ ਸੀਧਾ ਇਕੱਠਾ ਕਰ ਕੇ ਦਿੱਤਾ। ਉਨ੍ਹਾਂ ਵਕਤਾਂ 'ਚ ਲੋਕੀਂ ਇਸ ਤਰ੍ਹਾਂ ਆਪਣਾ ਮਨੋਰੰਜਨ ਕਰਦੇ ਸਨ।

ਗਰਮੀਆਂ 'ਚ ਹਨੇਰੀਆਂ ਵੀ ਵੱਖ ਹੀ ਤਰ੍ਹਾਂ ਦੀਆਂ ਆਉਂਦੀਆਂ ਸਨ। ਸਿਖਰ ਦੁਪਹਿਰੇ ਧੂੜ ਅਸਮਾਨ 'ਚ ਉੱਡਦੀ, ਅੰਧ ਗੁਬਾਰ ਹੋ ਜਾਂਦਾ, ਜੋ ਇੰਨਾ ਵਧ ਹੁੰਦਾ ਕਿ ਸਿਖਰ ਦੁਪਹਿਰੇ ਰਾਤ ਹੋ ਜਾਂਦੀ, ਪੂਰੀ ਰਾਤ ਬਣ ਜਾਂਦੀ। ਦੁਪਹਿਰ ਨੂੰ ਸੁੱਤੇ ਲੋਕੀਂ ਜਾਗ ਜਾਂਦੇ। ਘਰਾਂ ਦੇ ਤਾਕੀਆਂ, ਦਰ ਬੰਦ ਕਰਦੇ ਤਾਂ ਕਿ ਧੂੜ ਗੁਬਾਰ ਘਰਾਂ 'ਚ ਦਾਖਲ ਨਾ ਹੋ ਜਾਏ। ਰੇਤ ਦੇ ਵਾਅ-ਵਰੋਲੇ ਉੱਡਦੇ ਰਹਿੰਦੇ। ਹੌਲੀ-ਹੌਲੀ ਘੁੰਮਦੇ-ਘੁੰਮਦੇ ਹਵਾ 'ਚੋਂ ਉਨ੍ਹਾਂ ਦੀ ਹੋਂਦ ਹਵਾ ਹੋ ਜਾਂਦੀ। ਕੁਦਰਤ ਦਾ ਕਹਿਰ ਹੌਲੀ-ਹੌਲੀ ਸ਼ਾਂਤ ਹੁੰਦਾ ਤਾਂ ਲੋਕਾਈ ਸੁਖ ਦਾ ਸਾਹ ਲੈਂਦੀ।

ਉਸ ਇਲਾਕੇ 'ਚ ਖੇਤੀ ਲਗਭਗ ਮਾਰੂ ਹੀ ਸੀ। ਪਿੰਡ ਦੇ ਪੂਰਬ ਵਾਲੇ ਪਾਸੇ ਇੱਕ ਟਿੰਡਾਂ ਵਾਲਾ ਖੂਹ ਚਲਦਾ ਹੁੰਦਾ ਸੀ। ਮੈਂ ਨਹਿਰਾਂ, ਸੂਇਆਂ ਵਾਲੇ ਇਲਾਕੇ ਤੋਂ ਆਇਆ ਸਾਂ ਪਰ ਇੱਥੇ ਇੱਕੋ ਇੱਕ ਖੂਹ ਖੇਤਾਂ ਵਿਚ ਚਲਦਾ ਰਹਿੰਦਾ ਸੀ। ਹਾਂ, ਲੋਕ ਘੱਗਰ 'ਚੋਂ ਜ਼ਰੂਰ ਇਕੱਠਾ ਹੋਇਆ ਪਾਣੀ ਖੇਤਾਂ ਨੂੰ ਲਾ ਲੈਂਦੇ। ਪਾਣੀ ਸਾਫ਼ ਹੁੰਦਾ ਸੀ ਜਿਸ ਨਾਲ ਲੋਕ ਖੇਤਾਂ ਨੂੰ ਲੋੜ ਮੁਤਾਬਿਕ ਸਿੰਜ ਲੈਂਦੇ। ਬੜੀ ਸ਼ਾਂਤਮਈ ਜ਼ਿੰਦਗੀ ਸੀ। ਪਿੰਡ ਦੀ ਸਾਂਝ ਬੜੀ ਪੀਢੀ ਸੀ। ਵਿਆਹ ਸ਼ਾਦੀ 'ਚ ਲੋਕ ਮਿਲ ਕੇ ਸਹਾਇਤਾ ਕਰਦੇ। ਮੈਂ ਬੜੇ ਵਧੀਆ ਯਾਦਗਾਰੀ ਦਿਨ ਉਥੇ ਬਿਤਾਏ। ਸਕੂਲ 'ਚ ਮੈਂ ਮਾਸਟਰ ਜੀ ਤੋਂ ਉਰਦੂ ਸਿੱਖਦਾ ਅਤੇ ਅਖੀਰ ਮੈਂ ਪੰਜਾਬ ਯੂਨੀਵਰਸਿਟੀ ਦੀ ਉਰਦੂ ਦੀ ਦਸਵੀਂ ਪਾਸ ਕੀਤੀ। ਸ਼ਾਮ ਨੂੰ ਸ਼ਾਸਤਰੀ ਜੀ ਤੋਂ ਸੰਸਕ੍ਰਿਤ ਸਿੱਖਦਾ। ਹੁਣ ਵੀ ਉਹ ਦਿਨ ਬਹੁਤ ਯਾਦ ਆਉਂਦੇ ਹਨ ਅਤੇ ਜਦੋਂ ਵਕਤ ਮਿਲਦਾ ਹੈ ਤਾਂ ਉਸ ਪਿੰਡ 'ਚ ਆਪਣੇ ਪੜ੍ਹਾਏ ਬੱਚਿਆਂ ਨੂੰ ਮਿਲ ਆਉਂਦਾ ਹਾਂ।

ਇੱਕ ਵਾਰ ਸਤੰਬਰ 1962 'ਚ ਤਿੰਨ ਦਿਨ ਲਗਾਤਾਰ ਇੰਨੀ ਬਾਰਸ਼ ਹੋਈ ਕਿ ਲੋਕਾਂ ਨੂੰ ਘਰਾਂ ਤੋਂ ਬਾਹਰ ਨਿਕਲਣਾ ਔਖਾ ਹੋ ਗਿਆ। ਘੱਗਰ ਵੀ ਉੱਛਲ ਕੇ ਜਲ-ਥਲ ਹੋ ਗਿਆ। ਕੋਠਿਆਂ 'ਤੇ ਚੜ੍ਹ ਕੇ ਲੋਕ ਦੇਖ ਰਹੇ ਸਨ, ਚਾਰੋਂ ਪਾਸੇ ਪਾਣੀ ਹੀ ਪਾਣੀ ਘੁੰਮ ਰਿਹਾ ਸੀ। ਨਰਵਾਣਾ ਨਹਿਰ ਦੇ ਕਿਨਾਰੇ ਵੀ ਟੁੱਟ ਗਏ ਸਨ। ਕੁਝ ਕਿਨਾਰੇ ਲੋਕਾਂ ਨੇ ਪਾਣੀ ਕੱਢਣ ਲਈ ਵੱਢ ਦਿੱਤੇ ਸਨ। ਚਾਰੇ ਪਾਸੇ ਹਾਹਾਕਾਰ ਮੱਚ ਰਹੀ ਸੀ। ਲੰਡੀ ਬਰਸਾਤੀ ਦਰਿਆ ਵੀ ਪੁਲ ਤੋਂ ਉੱਪਰ ਦੀ ਵਗ ਰਿਹਾ ਸੀ। ਉਸ ਵਿਚ ਵੀ ਹੜ੍ਹ ਆਇਆ ਹੋਇਆ ਸੀ। ਲੋਕਾਂ ਦੇ ਕੱਚੇ ਘਰ ਡਿੱਗ ਰਹੇ ਸਨ। ਕਮਜ਼ੋਰ ਛੱਤਾਂ ਬਹੁਤ ਚੋਅ ਰਹੀਆਂ ਸਨ।

---

## ਕ੍ਰਿਕਟ ਖਿਡਾਰੀ ਅਰਸ਼ਦੀਪ ਸਿੰਘ ਵਾਲੀ ਘਟਨਾ ਨੂੰ ਸਮਰਪਿਤ ਕਵਿਤਾ



ਖਾਲਿਸਤਾਨੀ ਖਾਲਿਸਤਾਨੀ,
ਕੌਣ ਹੁੰਦੇ ਨੇ ਖਾਲਿਸਤਾਨੀ
ਸੁਣ ਲਓ ਗੀਤ ਦੀ ਜ਼ੁਬਾਨੀ
ਸਾਡਾ ਖੂਨ ਹੈ ਪਾਕ ਪਵਿੱਤਰ,
ਜਿਸ ਦੇ ਵਿਚ ਨਹੀਂ ਭੋਰਾ ਬੇਈਮਾਨੀ।

ਬਾਰਡਰਾਂ 'ਤੇ ਵੀ ਖੜ੍ਹਦੇ ਆਪਾਂ,
ਦੁਸ਼ਮਣ ਤੋਂ ਨਹੀਂ ਡਰਦੇ ਆਪਾਂ।
ਅਤਿਵਾਦ ਨਾਲ ਲੈ ਕੇ ਲੋਹਾ,
ਸ਼ਹੀਦਾਂ ਦੀ ਪੌੜੀ ਚੜ੍ਹ ਦੇ ਆਪਾਂ।
ਹੱਕ ਮਿਲੇ ਨਾ ਸਾਨੂੰ ਸਾਡੇ,
ਸਰਕਾਰਾਂ ਕੀਤੀ ਸਦਾ ਆਨਾ-ਕਾਨੀ।

ਅਸੀਂ ਕਿਸਾਨਾਂ ਦੇ ਆਮ ਹਾਂ ਬੱਚੇ,
ਦਿਲ ਨੇ ਸਾਡੇ ਵਤਨ ਲਈ ਸੱਚੇ।
ਧਰਨੇ ਲਾਈਏ ਹੱਕਾਂ ਦੀ ਖਾਤਿਰ,
ਦਿਨ ਨਾ ਸਾਡੇ ਵਿਹੜੇ ਆਏ ਅੱਛੇ।
ਲਾਰੇ ਲਾ ਕੇ ਲੀਡਰ ਲੈ ਵੋਟਾਂ
ਕਰਦੇ ਸਾਡੇ ਨਾਲ ਸਦਾ ਸ਼ੈਤਾਨੀ।

ਸਭਨਾਂ ਨੂੰ ਹੈ ਹੱਕ ਬਰਾਬਰ
ਆਪਣੇ ਧਰਮ 'ਚ ਰਹਿਣਾ-ਬਹਿਣਾ
ਖਾਲਸ ਪਵਿੱਤਰ ਨਿਰਮਲ ਸ਼ੀਤਲ
ਸਿੱਖ ਦਾ ਧਰਮ ਹੈ ਜ਼ੁਲਮ ਨਾ ਸਹਿਣਾ
ਦੂਜਾ ਧਰਮ ਬਚਾਉਣ ਦੀ ਖਾਤਰ
ਯਾਦ ਕਰੋ ਨੌਵੇਂ ਗੁਰਾਂ ਦੀ ਕੁਰਬਾਨੀ।

ਗੁਰੂ ਗੋਬਿੰਦ ਸਿੰਘ ਜੇ ਨਾ ਹੁੰਦੇ
ਭਾਰਤ ਦੇਸ਼ ਆਜ਼ਾਦ ਨਾ ਹੁੰਦਾ
ਸਰਬੰਸ ਵਾਰਦੇ ਜੇ ਨਾ ਸਤਿਗੁਰ
ਮੁਗਲਾਂ ਦਾ ਤਖਤੋਂ ਤਾਜ ਏਹ ਹੁੰਦਾ
ਸੁੱਖਵਿੰਦਰ ਬੋਦਲਾਂਵਾਲੇ ਦੀ ਕਲਮ ਹੈ
ਸੱਚ ਇਤਿਹਾਸ ਦੀ ਲਿਖੇ ਜ਼ੁਬਾਨੀ।

ਖਾਲਿਸਤਾਨੀ ਖਾਲਿਸਤਾਨੀ
ਕੌਣ ਨੇ ਹੁੰਦੇ ਖਾਲਿਸਤਾਨੀ
ਸੁਣ ਲਵੋ ਗੀਤ ਦੀ ਜ਼ੁਬਾਨੀ
ਸਾਡਾ ਖੂਨ ਹੈ ਪਾਕ ਪਵਿੱਤਰ
ਜਿਸ ਦੇ ਵਿਚ ਨਹੀਂ ਭੋਰਾ ਬੇਈਮਾਨੀ।

*-ਸੁੱਖਵਿੰਦਰ ਸਿੰਘ ਬੋਦਲਾਂਵਾਲਾ*

## ਵਿਤਕਰੇ

ਬਾਰਡਰਾਂ ਉੱਤੇ ਧੋਣੋਂ ਫੜਿਓ,
ਵੈਰੀ ਭੁੱਲ ਗਏ
ਹੱਥਾਂ ਦੇ ਵਿਚ ਫੜਿਆ ਸਾਡਾ,
ਬੈਟ ਮੁੱਦਾ ਬਣ ਗਿਆ।
ਲੰਡਨ ਤੱਕ ਨੀ ਛੱਡਿਆ ਆਪਾਂ,
ਭੱਜਿਆਂ ਡਾਇਰਾਂ ਨੂੰ
ਦਸ ਕੁੱਟਾਂ ਤੋਂ ਛੱਡਿਆ ਸਾਡਾ,
ਮੁੱਦਾ ਬਣ ਗਿਆ।


ਕਿੰਨੀਆਂ ਜੰਗਾਂ ਜਿੱਤੀਆਂ ਮੂਹਰੇ,
ਹਿੱਕਾਂ ਡਾਹ-ਡਾਹ ਕੇ
ਇਕ ਗਲਤੀ ਨਾਲ ਹਰਿਆ ਕਾਹਤੋਂ,
ਮੁੱਦਾ ਬਣ ਗਿਆ।

ਕਿਓਂ ਡਾਨਸੀਵਾਲੀਆ ਬੈਨ ਹੈ
ਲੱਗਦਾ ਸਾਡੀਆਂ ਫਿਲਮਾਂ 'ਤੇ
ਐੱਸ ਵਾਈ ਐੱਲ 'ਤੇ ਬਣਿਆ ਟਰੈਕ
ਕਿਓਂ ਮੁੱਦਾ ਬਣ ਗਿਆ?

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

# ਭੱਟ ਅਤੇ ਭੱਟਾਂ ਦੀ ਬਾਣੀ

'ਭੱਟ ਬਾਣੀ' ਜਾਂ ਭੱਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 1389 ਤੋਂ 1409 ਤੱਕ 'ਸਵਈਏ' ਦੇ ਸਿਰਲੇਖ ਹੇਠਾਂ ਦਰਜ ਹੈ। ਭੱਟ ਕਵੀਆਂ ਵੱਲੋਂ 'ਗੁਰ ਮਹਿਮਾ' ਜਾਂ 'ਗੁਰ ਉਸਤਤਿ' ਵਜੋਂ ਇਹ ਰਚਨਾ ਰਚੀ ਹੋਈ ਹੈ। ਪ੍ਰੋਫੈਸਰ ਸਾਹਿਬ ਸਿੰਘ ਨੇ ਸੱਤੇ ਅਤੇ ਬਲਵੰਡ ਦੀ ਰਾਮਕਲੀ ਰਾਗ ਵਿਚ ਰਚੀ ਹੋਈ 'ਵਾਰ' ਬਾਰੇ ਗੱਲ ਕਰਦਿਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਪੋਥੀ ਸਤਵੀਂ ਦੇ ਪੰਨਾ 227 'ਤੇ ਭੱਟ ਬਾਣੀ ਬਾਰੇ ਕਿਹਾ ਹੈ ਕਿ "ਜਿਵੇਂ ਭੱਟਾਂ ਦੀ ਬਾਣੀ, ਜੋ ਉਹਨਾਂ ਨੇ ਸਿਤੰਬਰ 1581 ਵਿਚ ਉਚਾਰੀ ਸੀ, ਸਤਿਗੁਰ ਜੀ ਨੇ 'ਬੀੜ' ਵਿਚ ਦਰਜ ਕੀਤੀ, ਤਿਵੇਂ ਇਹ 'ਵਾਰ' ਭੀ 'ਬੀੜ' ਵਿਚ ਦਰਜ ਕੀਤੀ। ਇਹ ਦੋਵੇਂ 'ਬਾਣੀਆਂ' ਸਿੱਖ-ਧਰਮ ਦੇ ਇਤਿਹਾਸ ਸੰਬੰਧੀ ਬੜੀਆਂ ਜ਼ਰੂਰੀ 'ਯਾਦਗਾਰਾਂ' ਹਨ। ਦਸਤਾਰਬੰਦੀ ਦੇ ਵੇਲੇ ਬਾਬਾ ਪ੍ਰਿਥੀ ਚੰਦ ਜੀ ਨੇ ਧੱਕੇ ਨਾਲ 'ਦਸਤਾਰ' ਖੋਹਣੀ ਚਾਹੀ; ਇਸ ਤਰ੍ਹਾਂ ਉਹ ਗੁਰੂ ਨਾਨਕ ਸਾਹਿਬ ਦੇ ਪਵਿਤ੍ਰ ਅੰਮ੍ਰਿਤ ਦੇ ਪ੍ਰਵਾਹ ਨੂੰ ਦੁਨਿਆਵੀ ਧੜੇ ਦੀ ਨਾਲੀ ਵਿਚੋਂ ਲੰਘਾਣਾ ਚਾਹੁੰਦੇ ਸਨ। ਉਸ ਸਮੇਂ ਦੂਰੋਂ ਆਏ ਨਿਰਪੱਖ ਪਰਦੇਸੀ ਭੱਟਾਂ ਨੇ ਭਰੇ ਦਰਬਾਰ ਵਿਚ, ਇਸ ਬਾਣੀ 'ਸਵਈਆਂ' ਦੀ ਰਾਹੀਂ ਸੱਚਾਈ ਦਾ ਹੋਕਾ ਦਿੱਤਾ। ਇਹ ਘਟਨਾ ਗੁਇੰਦਵਾਲ ਹੋਈ ਸੀ। ਇਥੋਂ ਆ ਕੇ ਬਾਬਾ ਜੀ ਨੇ ਅੰਮ੍ਰਿਤਸਰ ਵਿਚ ਆਪਣੇ ਸਾਥੀਆਂ ਦੀ ਸਹੈਤਾ ਨਾਲ ਉਸ ਅੰਮ੍ਰਿਤ ਦੇ ਸੋਮੇ ਨੂੰ ਸੁਕਾਣ ਲਈ ਕਈ ਮਹੀਨੇ ਗੁਰੂ-ਘਰ ਦੀ ਇਕ



**ਡਾ. ਗੁਰਨਾਮ ਕੌਰ, ਕੈਨੇਡਾ**

ਕਿਸਮ ਦੀ ਨਾਕਾ-ਬੰਦੀ ਕੀਤੀ ਰੱਖੀ, ਜਿਸ ਨਾਕਾ-ਬੰਦੀ ਦੇ ਟੁੱਟਣ ਦੀ ਯਾਦਗਾਰ ਇਹ 'ਰੱਬੀ ਕਲਾਣ' ਰੂਪ 'ਵਾਰ' ਹੈ।"

'ਸਿੱਖ ਇਨਸਾਈਕਲੋਪੀਡੀਆ' ਅਨੁਸਾਰ ਭੱਟ ਗਵੱਈਏ ਜਾਂ ਕਸੀਦਾਕਾਰ ਹੁੰਦੇ ਸਨ ਜਿਹੜੇ ਰਾਜਿਆਂ ਦੀ ਚੜ੍ਹਤ ਦੀ ਉਸਤਤਿ ਵਿਚ ਜਾਂ ਯੋਧਿਆਂ ਦੀ ਬਹਾਦਰੀ ਦੇ ਗੁਣਗਾਇਨ ਵਿਚ ਕਵਿਤਾ ਪੜ੍ਹਦੇ ਹੁੰਦੇ ਸੀ। 'ਭੱਟ' ਕਿਸੇ ਸਿੱਖਿਅਤ ਬ੍ਰਾਹਮਣ ਵਾਸਤੇ ਵਿਸ਼ੇਸ਼ਣ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਸੀ। ਸਿੱਖ ਪ੍ਰੰਪਰਾ ਵਿਚ, ਭੱਟ ਉਹ ਕਵੀ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀ ਰੂਹਾਨੀਅਤ ਦਾ ਅਨੁਭਵ ਅਤੇ ਦਰਸ਼ਨ ਨਿੱਜੀ ਤੌਰ 'ਤੇ ਕੀਤਾ, ਜਿਸ ਦੀ ਉਨ੍ਹਾਂ ਨੇ ਕਾਵਿ ਰੂਪ ਵਿਚ ਕੀਰਤੀ ਕੀਤੀ ਹੈ। ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ' ਗ੍ਰੰਥ ਵਿਚ ਕਿਹਾ ਹੈ ਕਿ "ਉਹ ਵੇਦਾਂ ਦਾ ਅਵਤਾਰ ਸਨ" (ਪੰ.2121)। ਭੱਟਾਂ ਬਾਰੇ ਕਿਹਾ ਜਾਂਦਾ ਹੈ ਕਿ ਮੁੱਢਲੇ ਤੌਰ 'ਤੇ ਉਹ ਸਰਸਵਤੀ ਨਦੀ ਦੇ ਕਿਨਾਰੇ 'ਤੇ ਰਹਿੰਦੇ ਸੀ ਅਤੇ ਭਾਰਤੀ ਮਿਥਿਹਾਸ ਵਿਚ ਸਰਸਵਤੀ 'ਗਿਆਨ ਦੀ ਦੇਵੀ' ਨੂੰ ਵੀ ਕਿਹਾ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ 'ਸਾਰਸਵੱਤ' ਵੀ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਗਿਆਨਵਾਨ ਬ੍ਰਾਹਮਣ। ਸਰਸਵਤੀ ਦੇ ਦੂਸਰੇ ਕਿਨਾਰੇ 'ਤੇ ਰਹਿਣ ਵਾਲਿਆਂ ਨੂੰ 'ਗੌੜ' ਕਿਹਾ ਜਾਂਦਾ ਸੀ। ਉਨ੍ਹਾਂ ਨੇ ਗਿਆਨ ਲੈਣ ਵਿਚ ਕੋਈ ਬਹੁਤੀ ਦਿਲਚਸਪੀ ਨਹੀਂ ਦਿਖਾਈ ਅਤੇ ਆਪਣੇ ਜਜਮਾਨਾਂ ਵੱਲੋਂ ਦਿੱਤੇ ਜਾਂਦੇ ਦਾਨ 'ਤੇ ਹੀ ਗੁਜ਼ਾਰਾ ਕਰਦੇ ਰਹੇ ਜਿਨ੍ਹਾਂ ਦਾ ਉਹ ਬੰਸਾਵਲੀ ਨਾਮਾ ਜਾਂ ਸ਼ਜਰਾ ਤਿਆਰ ਕਰਦੇ ਸੀ, ਜਿਸ ਦੀ ਉਹ ਫਰਿਸ਼ਹਤ ਬਣਾ ਕੇ ਰੱਖਦੇ ਜਿਸ ਨੂੰ 'ਵਹੀ' ਕਹਿੰਦੇ ਸੀ। ਉਹ ਹੁਣ ਵੀ ਹਰਿਆਣੇ ਵਿਚ ਸਰਸਵਤੀ ਦੇ ਕਿਨਾਰੇ 'ਤਲਾਉਂਡਾ' (ਜ਼ਿਲ੍ਹਾ ਜੀਂਦ), ਭਾਦਸੋਂ (ਲਾਡਵਾ) ਅਤੇ ਕਰਸਿੰਧੂ (ਸਫੀਦੋਂ) ਵਿਚ ਰਹਿ ਰਹੇ ਮਿਲ ਜਾਂਦੇ ਹਨ।

ਇਨ੍ਹਾਂ ਵਿਚੋਂ ਕੁੱਝ ਪਰਿਵਾਰ ਸੁਲਤਾਨਪੁਰ ਲੋਧੀ, ਪੰਜਾਬ ਦੇ ਹੁਣ ਦੇ ਕਪੂਰਥਲਾ ਜ਼ਿਲ੍ਹੇ ਵਿਚ ਆ ਵਸੇ ਅਤੇ ਉਥੇ ਹੀ ਸਥਾਪਤ ਹੋ ਗਏ। ਇਸ ਪਰਿਵਾਰ ਦੇ ਭੀਖਾ ਅਤੇ ਟੋਡਾ ਨੇ ਗੁਰੂ ਅਮਰ ਦਾਸ ਜੀ ਦੇ ਵੇਲੇ ਸਿੱਖ ਧਰਮ ਅਪਣਾ ਲਿਆ। ਭਾਈ ਗੁਰਦਾਸ ਨੇ ਆਪਣੀ ਗਿਆਰਵੀਂ ਵਾਰ ਦੀ ਇੱਕੀਵੀਂ ਪਉੜੀ ਵਿਚ ਇਨ੍ਹਾਂ ਦਾ ਸੰਖੇਪ ਜ਼ਿਕਰ 'ਸੁਲਤਾਨ ਪੁਰੀਏ ਸਿੱਖ' ਸਿਰਲੇਖ ਹੇਠਾਂ ਕੀਤਾ ਹੈ:

ਕਾਲੂ ਚਾਊ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ।
ਹੋਮਾ ਵਿਚਿ ਕਪਾਹੀਆ ਗੋਬਿੰਦੁ ਘੇਈ ਗੁਰ ਨਿਸਤਾਰਾ।
ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲੁ ਤਿਸ ਭਾਰਾ।
ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ।
ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ।
ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ।
ਭਾਨਾ ਆਵਲ ਵਿਗਹਮਲੁ ਬੁਧੋ ਛੀਂਬਾ ਗੁਰ ਦਰਬਾਰਾ।
ਸੁਲਤਾਨੇ ਪੁਰਿ ਭਗਤਿ ਭੰਡਾਰਾ ॥ 21 ॥

ਪ੍ਰੋਫੈਸਰ ਸਾਹਿਬ ਸਿੰਘ ਨੇ ਗਿਆਨੀ ਗੁਰਦਿੱਤ ਸਿੰਘ ਦੇ ਮਾਸਕ ਪੱਤਰ 'ਆਲੋਚਨਾ' ਦੇ ਅਗਸਤ 1961 ਦੇ ਪਰਚੇ ਵਿਚ ਭੱਟਾਂ ਬਾਰੇ ਛਪੇ ਲੇਖ ਦੇ ਹਵਾਲੇ ਨਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਪੋਥੀ ਦਸਵੀਂ ਦੇ ਪੰਨਾ 366 'ਤੇ ਲਿਖਿਆ ਹੈ, "ਪੰਜਾਬ ਦੇ ਭੱਟ ਜਾਤਿ ਦੇ ਸਾਰਸੁਤ ਬ੍ਰਾਹਮਣ ਸਨ। ਇਹ ਆਪਣੀ ਉਤਪੱਤੀ ਕੌਸ਼ਸ਼ ਰਿਸ਼ੀ ਤੋਂ ਦੱਸਦੇ ਹਨ। ਉੱਚੀਆਂ ਜਾਤੀਆਂ ਦੇ ਬ੍ਰਾਹਮਣ, ਭੱਟਾਂ ਨੂੰ ਆਪਣੇ ਨਾਲੋਂ ਨੀਵੀਂ ਜਾਤਿ ਦੇ ਬ੍ਰਾਹਮਣ ਸਮਝਦੇ ਹਨ। ਇਹ ਲੋਕ ਸਰਸਵਤੀ ਨਦੀ ਦੇ ਕੰਢੇ ਉਤੇ ਵੱਸੇ ਹੋਏ ਸਨ। ਇਹ ਨਦੀ ਪਹਿਲਾਂ ਪਹੋਏ (ਜ਼ਿਲਾ ਕਰਨਾਲ) ਕੋਲੋਂ ਦੀ ਵਗਦੀ ਸੀ। ਜੇਹੜੇ ਭੱਟ ਨਦੀ ਦੇ ਉਰਲੇ ਪਾਸੇ ਵੱਸਦੇ ਸਨ ਉਹ ਸਾਰਸੁਤ, ਤੇ, ਜੇਹੜੇ ਪਾਰਲੇ ਪਾਸੇ ਵੱਸਦੇ ਸਨ ਉਹ ਗੌੜ ਅਖਵਾਣ ਲੱਗ ਪਏ। ਜਿਸ ਸੱਜਨ ਪਾਸੋਂ ਗਿਆਨੀ ਗੁਰਦਿੱਤ ਸਿੰਘ ਜੀ ਨੂੰ ਭੱਟਾਂ ਦੀ ਬੰਸਾਵਲੀ ਮਿਲੀ, ਉਹ ਹਨ ਭਾਈ ਸੰਤ ਸਿੰਘ ਜੀ ਭੱਟ ਪਿੰਡ ਕਰਸਿੰਧੂ ਤਸੀਲ ਜੀਂਦ ਦੇ ਰਹਿਣ ਵਾਲੇ। ਸੁਲਤਾਨਪੁਰ ਭਾਦਸੋਂ ਪਰਗਣਾ ਲਾਡਵਾ (ਜ਼ਿਲਾ ਕਰਨਾਲ) ਅਤੇ ਤਲੌਂਢਾ ਪਰਗਣਾ ਜੀਂਦ ਵਿਚ ਸਰਸਵਤੀ ਨਦੀ ਦੇ ਕੰਢੇ ਦੇ ਪਿੰਡਾਂ ਵਿਚ ਕਿਤਨੇ ਹੀ ਭੱਟ ਰਹਿੰਦੇ ਹਨ। ਇਨ੍ਹਾਂ ਹੀ ਭੱਟਾਂ ਦੇ ਕੁੱਝ ਖ਼ਾਨਦਾਨ ਯੂ.ਪੀ.ਸੀ.ਪੀ. ਵਿਚ ਭੀ ਜਾ ਵੱਸੇ ਹਨ, ਤੇ ਕੁਝ ਸਹਾਰਨਪੁਰ ਤੇ ਜਗਾਧਰੀ ਦੇ ਇਲਾਕੇ ਵਿਚ ਰਹਿੰਦੇ ਹਨ। ਇਹਨਾਂ ਸਭਨਾਂ ਭੱਟਾਂ ਦੇ ਪਾਸ ਵਹੀਆਂ ਹਨ, ਜਿੰਨ੍ਹਾਂ-ਉਤੇ ਉਹ ਆਪਣੇ ਜਜਮਾਨਾਂ ਦੀ ਬੰਸਾਵਲੀ ਲਿਖਦੇ ਆ ਰਹੇ ਹਨ।"

ਭੱਟਾਂ ਦੀ ਗਿਣਤੀ ਬਾਰੇ, ਜਿਨ੍ਹਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ, ਵਿਦਵਾਨਾਂ ਦੀ ਵੱਖਰੀ ਵੱਖਰੀ ਰਾਇ ਹੈ ਅਤੇ ਇਸ ਪ੍ਰਸ਼ਨ ਨੂੰ ਹਾਲੇ ਤੱਕ ਪੱਕੀ ਤਰ੍ਹਾਂ ਸੁਲਝਾਇਆ ਨਹੀਂ ਗਿਆ। ਸਿੱਖ ਇਨਸਾਈਕਲੋਪੀਡੀਆ ਵਿਚ ਭੱਟਾਂ 'ਤੇ ਲਿਖੇ ਇੰਦਰਾਜ ਵਿਚ ਇਹ ਕਿਹਾ ਹੈ ਕਿ ਇੱਕ ਪ੍ਰੰਪਰਾ ਅਨੁਸਾਰ ਇੱਕ ਸਿਰਮੌਰ ਭੱਟ ਕਵੀ ਕਲ੍ਹ ਨੇ ਆਪਣੇ ਸਿਰ ਜ਼ਿੰਮੇਵਾਰੀ ਲਈ ਕਿ ਭੱਟ ਵਹੀਆਂ ਵਿਚੋਂ ਤੁਕਾਂ ਦਾ ਉਤਾਰਾ ਕਰ ਕੇ ਪਵਿੱਤਰ ਗ੍ਰੰਥ ਸਾਹਿਬ ਦੇ ਸੰਕਲਨ ਵੇਲੇ ਉਨ੍ਹਾਂ ਨੂੰ ਗੁਰੂ ਅਰਜਨ ਦੇਵ ਪਾਸ ਪਹੁੰਚਦਾ ਕਰੇ। ਜਿੱਥੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦੇ ਰਚਨਾਕਾਰ ਭੱਟਾਂ ਦੀ ਗਿਣਤੀ ਦਾ ਸਬੰਧ ਹੈ, ਸਾਹਿਬ ਸਿੰਘ, ਤੇਜਾ ਸਿੰਘ, ਤਾਰਨ ਸਿੰਘ ਅਤੇ ਹੋਰ ਆਧੁਨਿਕ ਵਿਦਵਾਨਾਂ ਅਨੁਸਾਰ ਇਹ ਗਿਣਤੀ ਗਿਆਰਾਂ ਹੈ, ਜਦਕਿ ਸੰਤੋਖ ਸਿੰਘ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ), ਭਾਈ ਵੀਰ ਸਿੰਘ (ਗੁਰੂ ਗ੍ਰੰਥ ਕੋਸ਼), ਅਤੇ ਪ੍ਰੰਪਰਕ ਵਿਦਵਾਨਾਂ ਵਿਚੋਂ ਕੁੱਝ ਹੋਰਾਂ ਅਨੁਸਾਰ ਇਹ ਗਿਣਤੀ ਸਤਾਰਾਂ ਹੈ, ਅਤੇ ਪੰਡਿਤ ਕਰਤਾਰ ਸਿੰਘ ਦਾਖਾ ਇਹ ਅੰਕੜਾ 19 ਮੰਨਦਾ ਹੈ। ਗਿਣਤੀ ਵਿਚ ਇਸ ਵਖਰੇਵੇਂ ਦੀ ਵਜ੍ਹਾ ਇਸ ਤੱਥ ਨੂੰ ਜਾਂਦੀ ਹੈ ਕਿ ਭੱਟ ਸਮੂਹਿਕ ਰੂਪ ਵਿਚ ਗਾਉਣ ਦੇ ਆਦੀ ਸਨ ਅਤੇ ਕਈ ਵਾਰ ਕਿਸੇ ਸਮੂਹਿਕ ਰੂਪ ਵਿਚ ਗਾਇਆ ਗੌਣ ਗਰੁੱਪ ਦੇ ਨੇਤਾ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ ਅਤੇ ਕਿਸੇ ਦੂਸਰੇ ਵੇਲੇ ਕੋਈ ਇਕੱਲਾ ਗਰੁੱਪ ਦੇ ਮੈਂਬਰਾਂ ਦੇ ਨਾਮ ਥੱਲੇ ਗਾਉਂਦਾ ਸੀ।




ਸਤਾਰਾਂ ਭੱਟਾਂ ਵਿਚੋਂ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਭੀਖਾ, ਰਈਏ ਦਾ ਪੁੱਤਰ, ਸੁਲਤਾਨਪੁਰ ਲੋਧੀ ਦਾ ਵਸਨੀਕ ਸੀ ਅਤੇ ਗੁਰੂ ਅਮਰ ਦਾਸ ਦਾ ਸਿੱਖ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੁੱਲ ਇੱਕ ਸੌ ਤੇਈ ਸਵਈਆਂ ਵਿਚੋਂ ਦੋ ਉਸ ਦੇ ਰਚੇ ਹੋਏ ਹਨ ਅਤੇ ਦੋਵੇਂ ਹੀ ਗੁਰੂ ਅਮਰਦਾਸ ਦੀ ਸਿਫ਼ਤਿ-ਸਾਲਾਹ ਵਿਚ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਕੀ ਦੇ 16 ਭੱਟਾਂ ਵਿਚੋਂ ਚਾਰ ਉਸ ਦੇ ਪੁੱਤਰ ਹਨ। ਕਲ੍ਹ, ਜਿਸ ਨੂੰ ਕਲਸਹਾਰ ਜਾਂ ਕਲ੍ਹ ਠਾਕਰ ਵੀ ਕਿਹਾ ਜਾਂਦਾ ਹੈ, ਨੂੰ ਸਾਰੇ ਭੱਟਾਂ ਵਿਚੋਂ ਪੜ੍ਹਿਆ-ਲਿਖਿਆ ਤੇ ਵਿਦਵਾਨ ਮੰਨਿਆ ਜਾਂਦਾ ਸੀ, ਦੇ 53 ਸਵਈਏ ਹਨ। ਜਲਪ ਜਿਸ ਨੇ ਆਪਣੇ ਪਿਤਾ ਸਮੇਤ ਗੋਇੰਦਵਾਲ ਵਿਚ ਨਿਵਾਸ ਕਰ ਲਿਆ ਸੀ, ਦੇ ਨਾਮ ਹੇਠ 4 ਸਵਈਏ ਹਨ। ਭੱਟ ਕੀਰਤ ਦੇ 8 ਸਵਈਏ ਹਨ, ਭੱਟ ਮਥੁਰਾ ਦੇ 12 ਸਵਈਏ ਹਨ।

ਸਲ੍ਹ ਭੱਟ ਨੇ ਤਿੰਨ ਸਵਈਏ ਰਚੇ ਹਨ। ਭੱਟ ਭੱਲ, ਜਿਸ ਨੇ ਇੱਕ ਹੀ ਸਵਈਆ ਗੁਰੂ ਅਮਰਦਾਸ ਦੀ ਸਿਫ਼ਤਿ-ਸਾਲਾਹ ਵਿਚ ਰਚਿਆ ਹੈ ਭੱਟ ਸੇਖਾ ਦਾ ਪੁੱਤਰ ਸੀ, ਜੋ ਭੱਟ ਰਈਏ ਦਾ ਭਾਈ ਸੀ। ਬਲ੍ਹ ਭੱਟ ਜਿਸ ਨੇ ਪੰਜ ਸਵਈਏ, ਸਾਰੇ ਗੁਰੂ ਸਾਹਿਬਾਨ ਵਿਚ ਇੱਕ ਹੀ ਦੈਵੀ ਜੋਤਿ ਹੋਣ ਦੇ ਸਿਧਾਂਤ ਨੂੰ ਪ੍ਰਵਾਨ ਕਰਦੇ ਰਚੇ ਹਨ, ਰਈਏ ਦੇ ਦੂਸਰੇ ਭਾਈ ਤੋਖਾ ਦਾ ਪੁੱਤਰ ਸੀ। ਹਰਿਬੰਸ, ਗੋਖਾ ਦਾ ਜੇਠਾ ਪੁੱਤਰ, ਰਈਏ ਦਾ ਭਾਈ, ਨੇ ਗੁਰੂ ਅਰਜਨ ਦੇਵ ਪਾਤਿਸ਼ਾਹ ਦੀ ਉਸਤਤਿ ਕਰਦਿਆਂ ਦੋ ਸਵਈਏ ਰਚੇ ਹਨ। ਭੱਟ ਨਲ੍ਹ ਨੇ ਗੁਰੂ ਰਾਮ ਦਾਸ ਦੀ ਉਸਤਤਿ ਵਿਚ ਪੰਜ ਸਵਈਏ ਰਚੇ ਹਨ। ਦਾਸ, ਜਿਸ ਨੂੰ ਦਾਸੁ ਜਾਂ ਦਾਸਿ ਕਰਕੇ ਵੀ ਲਿਖਿਆ ਹੋਇਆ ਹੈ, ਨੇ 10 ਸਵਈਏ ਰਚੇ ਹਨ ਜਿਨ੍ਹਾਂ ਵਿਚ ਇੱਕ ਸੇਵਕ ਨਾਲ ਸਾਂਝਾ ਹੈ; ਸੇਵਕ ਨੇ ਇਸ ਇੱਕ ਤੋਂ ਇਲਾਵਾ ਆਪਣੇ ਵੀ ਚਾਰ ਸਵਈਏ ਰਚੇ ਹਨ। ਭੱਟ ਪਰਮਾਨੰਦ ਦੇ ਗੁਰੂ ਰਾਮ ਦਾਸ ਦੀ ਉਸਤਤਿ ਵਿਚ ਪੰਜ ਸਵਈਏ ਹਨ। ਤਲ ਨੇ ਗੁਰੂ ਅੰਗਦ ਦੇਵ ਦੀ ਉਸਤਤਿ ਕਰਦਿਆਂ ਇੱਕੋ ਸਵਈਆ ਰਚਿਆ ਹੈ। ਜਲਨ ਨੇ ਦੋ ਸਵਈਏ ਰਚੇ ਹਨ। ਜਲ੍ਹ ਭੱਟ ਨੇ ਇੱਕ ਸਵਈਆ ਗੁਰੂ ਅਮਰਦਾਸ ਦੀ ਵਡਿਆਈ ਵਿਚ ਰਚਿਆ ਹੈ ਅਤੇ ਗਿਅੰਦ ਭੱਟ ਨੇ ਪੰਜ ਸਵਈਏ ਗੁਰੂ ਰਾਮ ਦਾਸ ਦੀ ਮਹਿਮਾ ਦਾ ਵਰਣਨ ਕਰਦੇ ਰਚੇ ਹਨ। ਕੁੱਲ 123 ਸਵਈਆਂ ਵਿਚੋਂ ਦਸ-ਦਸ ਸਵਈਏ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਸਤਿਕਾਰ ਵਿਚ ਹਨ, 22 ਸਵਈਏ ਗੁਰੂ ਅਮਰ ਦਾਸ, 60 ਗੁਰੂ ਰਾਮ ਦਾਸ ਅਤੇ 21 ਗੁਰੂ ਅਰਜਨ ਦੇਵ ਪਾਤਿਸ਼ਾਹ ਦੇ ਸਤਿਕਾਰ ਨੂੰ ਸਮਰਪਤਿ ਹਨ।

ਇਨ੍ਹਾਂ ਸਵੱਈਆ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਦੀ ਉਸਤਤਿ ਵਿਅਕਤੀਆਂ ਵਜੋਂ ਨਹੀਂ ਬਲਕਿ ਰੱਬੀ ਜੋਤਿ ਦਾ ਪਰਗਟ ਸਰੂਪ ਹੋਣ ਵਜੋਂ ਕੀਤੀ ਹੈ, ਜੋ ਉਨ੍ਹਾਂ ਰਾਹੀਂ ਪਰਗਟ ਹੋਈ। ਭੱਟ ਬਾਣੀਕਾਰ ਗੁਰੂ ਸਾਹਿਬਾਨ ਨੂੰ ਇਕੋ ਦੈਵੀ ਜੋਤਿ ਦੇ ਰੂਪ ਵਿਚ, ਇਕੋ ਆਤਮਾ ਦੇ ਰੂਪ ਵਿਚ ਦੇਖਦੇ ਹਨ ਜੋ ਇਕ ਸਰੀਰ ਤੋਂ ਦੂਸਰੇ ਸਰੀਰ ਵਿਚ ਆਈ। ਉਦਾਹਰਨ ਵਜੋਂ ਭੱਟ ਕੀਰਤ ਨੇ ਫ਼ੁਰਮਾਇਆ ਹੈ ਕਿ ਜਿਵੇਂ ਗੁਰੂ ਅੰਗਦ ਗੁਰੂ ਨਾਨਕ ਦਾ ਅੰਗ ਸੀ, ਉਸੇ ਤਰ੍ਹਾਂ ਗੁਰੂ ਰਾਮਦਾਸ ਗੁਰੂ ਅਮਰਦਾਸ ਦਾ ਹਿੱਸਾ ਸੀ:

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥
ਤਾ ਤੇ ਗਉਹਰੁ ਗ੍ਹਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਹਾਰ ਕੋ ਨਾਸੁ ॥
ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥
ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ 1 ॥ (ਪੰ.1405)

ਅਤੇ:

ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥
ਸੋਢੀ ਸ੍ਰਿਸਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥ 3 ॥ (ਪੰ.1406)

ਇਸੇ ਤਰ੍ਹਾਂ ਭੱਟ ਕਲ੍ਹ ਨੇ 'ਸਵਈਏ ਮਹਲੇ ਪੰਜਵੇ ਕੇ 5' ਵਿਚ ਫੁਰਮਾਇਆ ਹੈ ਕਿ ਗੁਰੂ ਨਾਨਕ ਤੋਂ ਗੁਰੂ ਅੰਗਦ ਦੀ ਜੋਤਿ ਪਰਗਟ ਹੋਈ, ਗੁਰੂ ਅੰਗਦ ਤੋਂ ਜੋਤਿ ਗੁਰੂ ਅਮਰਦਾਸ ਪਾਸ ਆਈ, ਗੁਰੂ ਰਾਮਦਾਸ ਤੋਂ ਉਹੀ ਜੋਤਿ ਗੁਰੂ ਅਰਜਨ ਪਾਸ ਆਈ ਜੋ ਰੱਬ ਦੇ ਪੂਰੇ ਭਗਤ ਸੀ:

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥
ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥
ਸਤਿਗੁਰ ਚਰਣ ਕਵਲ ਰਿਦਿ ਧਾਰੰ ॥
ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥
ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥
ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥
ਕਲ੍ਹ ਜੋੜਿ ਕਰ ਸੁਜਸੁ ਵਖਾਣਿਓ ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥
ਸਬਦ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥
ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ 1 ॥ (ਪੰ.1406-7)

ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਰੱਬੀ ਜੋਤਿ ਦੇ ਪ੍ਰਕਾਸ਼, ਇੱਕੋ ਜੁਗਤਿ ਹੋਣ ਦਾ ਇਹ ਸੰਕਲਪ ਸਿੱਖ ਧਰਮ ਦਾ ਸਿਧਾਂਤਕੀ ਵਿਸ਼ਵਾਸ ਬਣ ਚੁੱਕਾ ਹੈ ਅਤੇ ਅੱਜ ਇਹ ਸਿੱਖ ਧਰਮ ਦਾ ਕੇਂਦਰੀ ਸਿਧਾਂਤ ਹੈ।

'ਸਵਈਏ ਮਹਲੇ ਪਹਿਲੇ ਕੇ 1' ਕਲ ਭੱਟ ਤੋਂ ਸ਼ੁਰੂ ਹੁੰਦੇ ਹਨ ਅਤੇ ਕਲ ਭੱਟ ਗੁਰਮਤਿ ਦੇ ਸਿਧਾਂਤ ਗ੍ਰਿਹਸਥ ਵਿਚ ਰਹਿੰਦਿਆਂ ਹੀ ਪਰਮਸਤਿ ਦੀ ਭਗਤੀ ਜਾਂ ਧਿਆਨ ਵਿਚ ਜੁੜੇ ਰਹਿਣ ਦੇ ਸਿਧਾਂਤ ਦੀ ਵਿਆਖਿਆ ਗੁਰੂ ਨਾਨਕ ਸਾਹਿਬ ਦੀ ਸਿਫ਼ਤਿ-ਸਾਲਾਹ ਦੇ ਸੰਦਰਭ ਵਿਚ ਬਿਆਨ ਕਰਦਾ ਹੈ, "ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥"

ਅਰਥਾਤ ਕਵੀ ਕਲ ਉਸ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਗਾਇਨ ਕਰਦਾ ਹੈ ਜਿਸ ਨੇ ਰਾਜ ਅਤੇ ਜੋਗ ਮਾਣਿਆ ਹੈ; ਭਾਵ ਗ੍ਰਿਹਿਸਤਿ ਵਿਚ ਰਹਿੰਦਿਆਂ ਹੀ ਪਰਮਾਤਮਾ ਨਾਲ ਜੜਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਦਾ ਦਿੱਤਾ ਮਾਰਗ ਸਹਿਜ ਮਾਰਗ ਹੈ ਜਿਸ ਨੂੰ ਭੱਟ ਕਲ ਨੇ 'ਸਹਜੁ ਜੋਗ' ਕਿਹਾ ਹੈ ਅਤੇ ਗੁਰੂ ਨਾਨਕ ਦੇ ਦਿੱਤੇ ਫ਼ਲਸਫੇ ਅਨੁਸਾਰ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਵੇਂ ਸਰੂਪ ਹਨ; ਨਿਰਗੁਣ ਸਰੂਪ ਵਿਚ ਬ੍ਰਹਮ ਅਪ੍ਰੰਪਰ ਅਤੇ ਅਪਰਗਟ ਹੈ ਅਤੇ ਇਹ ਸਾਰਾ ਬ੍ਰਹਮੰਡ ਬ੍ਰਹਮ ਦਾ ਹੀ ਪਰਗਟ ਸਰੂਪ ਹੈ ਉਸ ਨੇ ਆਪਣੀ ਕੁਦਰਤਿ ਦੀ ਰਚਨਾ ਆਪਣੇ ਆਪ ਤੋਂ ਕੀਤੀ ਹੈ ਇਸ ਲਈ ਕੁਦਰਤਿ ਉਸ ਦਾ ਹੀ ਪਰਗਟ ਰੂਪ ਹੈ 'ਆਪਿ ਸਤਿ ਕੀਆ ਸਭੁ ਸਤਿ ॥ ਤਿਸ ਸਤਿ ਤੇ ਸਗਲੀ ਉਤਪਤਿ॥" ਗੁਰੂ ਦੇ ਦਿੱਤੇ ਇਸ ਫ਼ਲਸਫੇ ਦਾ ਪ੍ਰਗਟਾਵਾ ਕਲ ਭਟ, "ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥ ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗ ਜਿਨਿ ਮਾਣਿਓ ॥ 9 ॥" ਕਹਿ ਕੇ ਕਰਦਾ ਹੈ। 'ਸਵਈਏ ਮਹਲੇ ਦੂਜੇ ਕੇ 2' ਵਿਚ ਗੁਰੂ ਅੰਗਦ ਦੇਵ ਜੀ ਦੀ ਸਿਫ਼ਤਿ-ਸਾਲਾਹ ਕੀਤੀ ਹੈ ਅਤੇ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਹਿਜੇ ਹੀ ਜਦੋਂ ਗੁਰੂ ਅੰਗਦ ਦੇ ਮੱਥੇ 'ਤੇ ਹੱਥ ਧਰਿਆ ਤਾਂ ਗੁਰੂ ਅੰਗਦ ਦੇਵ ਜੀ ਦੇ ਅੰਦਰ ਨਾਮ-ਅੰਮ੍ਰਿਤ ਦੀ ਛਹਿਬਰ ਲਾ ਕੇ ਵੱਸ ਪਿਆ। ਇਨ੍ਹਾਂ 'ਸਵਈਏ ਮਹਲੇ ਦੂਜੇ ਕੇ 2' ਦੀਆਂ ਆਖ਼ਰੀ ਪੰਕਤੀਆਂ ਦਾ ਉਚਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵਾਕ ਲੈਣ ਤੋਂ ਪਹਿਲਾ ਆਮ ਹੀ ਕੀਤਾ ਜਾਂਦਾ ਹੈ। ਇਹ ਸਾਡੇ ਜੀਵਨ ਦਾ ਸਹਿਜ ਵਿਚ ਹੀ ਹਿੱਸਾ ਬਣ ਗਈਆਂ ਹਨ, "ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥" ਜਿਸ ਦਾ ਭਾਵ ਹੈ ਕਿ ਹੇ ਟੱਲ! (ਕੱਲ) ਗੁਰੂ ਅੰਗਦ ਦੇਵ ਜੀ ਵਰਗੇ ਗੁਰੂ ਨੂੰ ਸਹਿਜ ਅਵਸਥਾ ਵਿਚ ਰਹਿ ਕੇ ਦਿਨ-ਰਾਤ ਸੇਵਨਾ ਚਾਹੀਦਾ ਹੈ। ਅਜਿਹੇ ਗੁਰੂ ਦੇ ਦਰਸ਼ਨ ਕੀਤਿਆਂ ਜਨਮ-ਮਰਨ ਦਾ ਦੁੱਖ ਕੱਟਿਆ ਜਾਂਦਾ ਹੈ।

'ਸਵਈਏ ਮਹਲੇ ਤੀਜੇ ਕੇ 3' ਵਿਚ ਭੱਟ ਕਵੀਆਂ ਨੇ ਦੱਸਿਆ ਹੈ ਕਿ ਨਾਮ ਕਿਸ ਤਰ੍ਹਾਂ ਮਨੁੱਖ ਦਾ ਕਾਇਆਕਲਪ ਕਰਦਾ ਹੈ ਅਤੇ ਨਾਮ ਰਾਹੀਂ ਹੀ ਗੁਰੂ ਜੋਤਿ ਲਗਾਤਾਰਤਾ ਵਿਚ ਪ੍ਰਕਾਸ਼ਿਤ ਹੋਈ ਹੈ, "ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥ ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥ ਤਿਤੁ ਨਾਮਿ ਰਸਿਕੁਨਾਨਕੁ ਲਹਿਣਾ ਥਪਿਓ ਜੇਨ ਸ੍ਰਬ ਸਿਧੀ ॥ ਕਵਿ ਜਨ ਕਲ੍ਹ ਸਬੁਧੀ ਕੀਰਤਿ ਜਨ ਅਮਰਦਾਸ ਬਿਸਤਰੀਆ॥" ਭੱਟ ਕਲ ਨੇ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਹੈ ਜੋ ਸੰਸਾਰ ਵਿਚ ਅਚਲ ਹੈ ਅਤੇ ਜਿਸ ਉੱਤਮ ਨਾਮ ਨੇ ਭਗਤਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਿਆ ਹੈ। ਉਸੇ ਨਾਮ ਵਿਚ ਗੁਰੂ ਨਾਨਕ ਅਨੰਦ ਲੈ ਰਹੇ ਹਨ, ਉਸੇ ਨਾਮ ਵਿਚ ਲਹਿਣਾ ਜੀ (ਗੁਰੂ ਅੰਗਦ ਦੇਵ) ਟਿਕ ਗਏ ਅਤੇ ਉਸੇ ਨਾਮ ਦੀ ਮਿਹਰ ਨਾਲ ਗੁਰੂ ਅਮਰਦਾਸ ਜੀ ਜੋ ਉਚੀ ਬੁੱਧੀ ਦੇ ਮਾਲਕ ਹਨ, ਉਨ੍ਹਾਂ ਦੀ ਸ਼ੋਭਾ ਦਾ ਲੋਕਾਂ ਵਿਚ ਪਾਸਾਰ ਹੋ ਰਿਹਾ ਹੈ।

'ਸਵਈਏ ਮਹਲੇ ਚਉਥੇ ਕੇ 4' ਵਿਚ ਕਵੀ ਕਲਸਹਾਰ ਨੇ ਗੁਰੂ ਰਾਮਦਾਸ ਦੀ ਉਪਮਾ ਕੀਤੀ ਹੈ "ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥ ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭ੍ਰ ਭਰੇ ॥ 1 ॥ ਛੂਟਤ ਪਰਵਾਹ ਅਮਿਅ ਅਮਰਾਪਦ ਅੰਮ੍ਰਿਤ ਸਰੋਵਰ ਸਦ ਭਰਿਆ ॥ ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁਕਰੀਆ॥" ਕਲਸਹਾਰ ਕਵੀ ਨੇ ਫ਼ੁਰਮਾਇਆ ਹੈ ਕਿ ਗੁਰੂ ਰਾਮਦਾਸ ਠਾਕੁ ਹਰਦਾਸ ਜੀ ਦੇ ਸਪੁੱਤਰ ਹਿਰਦੇ ਦੇ ਖਾਲੀ ਮਨ-ਰੂਪੀ ਸਰੋਵਰਾਂ ਨੂੰ ਨਾਮ ਨਾਲ ਭਰਨ ਵਾਲੇ ਅਤੇ ਅਕਾਲ ਪੁਰਖ ਦੇ ਨਾਮ ਦੇ ਰਸੀਏ, ਪਰਮਾਤਮ-ਗੁਣਾਂ ਦੇ ਗਾਹਕ, ਰੱਬ ਨੂੰ ਪ੍ਰੇਮ ਕਰਨ ਵਾਲੇਅਤੇ ਸਮ-ਦ੍ਰਿਸ਼ਟਤਾ ਦੇ ਸਰੋਵਰ ਹਨ। ਉਹ ਅੰਮ੍ਰਿਤ ਦਾ ਅਜਿਹਾ ਸਰੋਵਰ ਹਨ ਜੋ ਸਦਾ ਭਰਿਆ ਰਹਿੰਦਾ ਹੈ ਅਤੇ ਉਨ੍ਹਾਂ ਵਿਚੋਂ ਅਟਲ ਪਦਵੀ ਦੇਣ ਵਾਲੇ ਚਸ਼ਮੇ ਚੱਲ ਰਹੇ ਹਨ; ਜਿਸ ਨੂੰ ਉਹ ਸੰਤ ਜਨ ਪੀਂਦੇ ਅਤੇ ਅਮਤਰ-ਆਤਮਾ ਵਿਚ ਇਸ਼ਨਾਨ ਕਰਦੇ ਹਨ ਜਿਨ੍ਹਾਂ ਨੇ ਪੂਰਬਲੇ ਜਨਮਾਂ ਵਿਚ ਕੋਈ ਸੇਵਾ ਕੀਤੀ ਹੋਈ ਹੈ।

'ਸਵਈਏ ਮਹਲੇ ਪੰਜਵੇਂ ਕੇ 5' ਵਿਚ ਫ਼ੁਰਮਾਇਆ ਹੈ ਕਿ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਨੇ ਭਗਤੀ ਦੇ ਜੋਗ ਨੂੰ ਜਿੱਤਿਆ ਹੈ ਅਤੇ ਸ਼ਬਦ ਦਾ ਪ੍ਰਕਾਸ਼ ਕੀਤਾ ਹੈ, "ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ ਗੁਰੂ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜਨੁ ਘਰਿ ਗੁਰੂ ਰਾਮਦਾਸ ਭਗਤ ਉਤਰਿ ਆਯਉ॥" ਪਰਮਾਤਮਾ ਨੇ ਉਨ੍ਹਾਂ ਨੂੰ ਜਨਕ ਪੈਦਾ ਕੀਤਾ ਹੈ ਅਤੇ ਗੁਰੂ ਨੇ ਪਰਮਾਤਮਾ ਨੂੰ ਆਪਣੀ ਜੀਭ ਉੱਤੇ ਵਸਾ ਲਿਆ ਹੈ। ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ ਦੇ ਚਰਨੀਂ ਲੱਗ ਕੇ ਉੱਤਮ ਪਦਵੀ ਪਾਈ ਹੈ ਅਤੇ ਗੁਰੂ ਰਾਮਦਾਸ ਦੇ ਘਰ ਗੁਰੂ ਅਰਜਨ ਭਗਤ ਜੰਮ ਪਏ ਹਨ।

# ਤਿੜਕ ਰਹੇ ਰਿਸ਼ਤਿਆਂ ਦੀ ਜੜ੍ਹ ਪਹਿਚਾਣਦਾ ਕਹਾਣੀ ਸੰਗ੍ਰਹਿ: ਤੀਸਰੀ ਖਿੜਕੀ

## ਪੁਸਤਕ ਚਰਚਾ

ਅਰਵਿੰਦਰ ਕੌਰ ਕਾਕੜਾ(ਡਾ.)




ਨਿਰੰਜਣ ਬੋਹਾ ਬਹੁ ਪਰਤੀ ਲੇਖਕ ਹੈ। ਉਸ ਨੇ ਮਿੰਨੀ ਕਹਾਣੀ, ਵਾਰਤਕ ਤੇ ਆਲੋਚਨਾ ਵਿਚ ਚੰਗਾ ਨਾਮਣਾ ਖੱਟਿਆ ਹੈ। ਇਸ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਉਸ ਦਾ ਕਹਾਣੀ ਸੰਗ੍ਰਹਿ 'ਪੂਰਾ ਮਰਦ' ਕਥਾ ਸਿਰਜਣਾ ਵਿਚ ਆਪਣੇ ਕਦਮ ਰੱਖ ਚੁੱਕਾ ਹੈ। ਉਸ ਦੇ ਇਸ ਨਵੇਂ ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' ਵਿਚ 12 ਕਹਾਣੀਆਂ ਸ਼ਾਮਲ ਹਨ। ਅੱਜ ਲਿਖੀ ਜਾ ਰਹੀ ਪੰਜਾਬੀ ਕਹਾਣੀ ਸਮੇਂ ਦੇ ਹਾਣ ਦੀ ਬਣ ਕੇ ਵਿਚਰ ਰਹੀ ਹੈ। ਇਸ ਵਿਚ ਖੇਤਰੀ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਵਿਸ਼ਿਆਂ ਨੇ ਆਪਣੀ ਜਗ੍ਹਾ ਬਣਾ ਲਈ ਹੈ। ਨਿਰੰਜਣ ਬੋਹਾ ਆਪਣੀਆਂ ਕਹਾਣੀਆਂ ਦੇ ਜ਼ਿਆਦਾਤਰ ਵਿਸ਼ੇ ਸਮਾਜਿਕ ਕਦਰਾਂ-ਕੀਮਤਾਂ 'ਤੇ ਕੇਂਦਰਿਤ ਕਰਦਿਆਂ ਸਮਾਜ ਸੁਖਾਵਾਂ ਬਣਾਉਣ ਤੇ ਸਵੈ-ਇੱਛਤ ਯਥਾਰਥ ਲਈ ਇਕ ਨਵੀਂ ਆਸ ਬੀਜਦਾ ਹੈ। ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਜਿਊਂਦੇ-ਜਾਗਦੇ ਸਾਡੇ ਇਰਦ-ਗਿਰਦ ਘੁੰਮਦੇ ਲੱਗਦੇ ਹਨ। ਆਪਣੇ ਆਲੇ-ਦੁਆਲੇ ਤੋਂ ਅਨੁਭਵ ਗ੍ਰਹਿਣ ਕਰਦਾ ਹੋਇਆ ਨਿਰੰਜਣ ਬੋਹਾ ਆਪਣੀ ਕਥਾਕਾਰੀ ਵਿਚ ਬੜੀ ਸਹਿਜਤਾ ਦੇ ਨਾਲ ਪੇਸ਼ ਆਉਂਦਾ ਹੈ। ਕਹਾਣੀਕਾਰ ਇਸ ਬਿਗਾਨਗੀ ਦੇ ਦੌਰ ਵਿਚ ਖਿੱਲਰੀਆਂ ਹੋਈਆਂ ਰਿਸ਼ਤਿਆਂ ਦੀਆਂ ਤੰਦਾਂ ਨੂੰ ਜੋੜਦਾ ਤੇ ਮਾਨਵਵਾਦੀ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੈ।

'ਉਹ ਮੇਰਾ ਕੀ ਲੱਗਦੈ' ਕਹਾਣੀ ਵਿਚਲੀ ਸੁਰ ਮਨੁੱਖ ਦੀ ਕਾਰਜਸ਼ੀਲਤਾ ਵਿਚੋਂ ਅਪਣੱਤ ਦਾ ਅਹਿਸਾਸ ਮਾਣਦੀ ਹੋਈ ਮਨੁੱਖ ਦੇ ਮਨ ਅੰਦਰ ਬਣੇ ਬਿੰਬ ਨੂੰ ਤੋੜ ਦਿੰਦੀ ਹੈ। ਕਹਾਣੀ ਵਿਚ ਬਬਲੀ ਜੋ ਵਿਧਵਾ ਹੈ, ਦੇ ਪਹਿਲੇ ਪਤੀ ਗੁਰਪਿਆਰ ਦੀ ਮੌਤ ਹੋ ਚੁੱਕੀ ਹੈ ਤੇ ਉਸ ਦਾ ਇਕ ਬੱਚਾ ਵੀ ਹੈ। ਉਸ ਦਾ ਵਿਆਹ ਦਹਾਜੂ ਸਤਨਾਮ ਨਾਲ ਹੋ ਜਾਂਦਾ ਹੈ, ਜਿਸ ਦਾ ਵੀ ਇਕ ਬੇਟਾ ਤੇ ਇਕ ਬੇਟੀ ਹੈ। ਇਸ ਜਗੀਰੂ ਸਮਾਜ ਵਿਚ ਜੇਕਰ ਵਿਧਵਾ ਔਰਤ ਦਾ ਵਿਆਹ ਹੁੰਦਾ ਹੈ ਤਾਂ ਉਸ ਦੇ ਬੱਚੇ ਨੂੰ ਸਹੁਰੇ ਘਰ ਪ੍ਰਵਾਨ ਨਹੀਂ ਕੀਤਾ ਜਾਂਦਾ ਪਰ ਔਰਤ ਨੂੰ ਆਪਣੇ ਪਤੀ ਦੇ ਪਹਿਲੇ ਧੀ-ਪੁੱਤ ਆਪਣੇ ਸਮਝ ਕੇ ਪਾਲਣਾ ਪੈਂਦਾ ਹੈ। ਕਹਾਣੀਕਾਰ ਆਪਣੀਆਂ ਕਹਾਣੀਆਂ ਰਾਹੀਂ ਘੜੀਆਂ ਹੋਈਆਂ ਮਿੱਥਾਂ ਨੂੰ ਤੋੜਦਾ ਤੇ ਨਵੇਂ ਅਰਥ ਭਰਦਾ ਹੈ। ਇਸੇ ਤਰ੍ਹਾਂ ਬਬਲੀ ਆਪਣੇ ਪੁੱਤ ਨੂੰ ਪੇਕੇ ਘਰ ਛੱਡ ਕੇ ਸਹੁਰੇ ਘਰ ਵਿਚ ਵਸਦੇ ਹੋਏ ਵੀ ਆਪਣਾ ਧਿਆਨ ਪਿੱਛੇ ਵੱਲ ਕੇਂਦ੍ਰਿਤ ਰੱਖਦੀ ਹੈ। ਉਹ ਆਪਣੇ ਨਵੇਂ ਪਰਿਵਾਰ ਵਿਚ ਕਿਸੇ ਤਰ੍ਹਾਂ ਵੀ ਬੇਗਾਨਗੀ ਦਾ ਅਹਿਸਾਸ ਪੈਦਾ ਹੋਣ ਨਹੀਂ ਦਿੰਦੀ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਕਹਾਣੀ ਦੇ ਅੰਤ ਵਿਚ ਉਸ ਅੰਦਰਲਾ ਭਰਮ ਟੁੱਟਦਾ ਹੈ। ਉਸ ਦੇ ਬੱਚੇ ਨੂੰ ਵੀ ਸਹੁਰੇ ਘਰ ਵਿਚ ਪੂਰੀ ਪ੍ਰਵਾਨਗੀ ਮਿਲ ਜਾਂਦੀ ਹੈ। ਕਹਾਣੀ ਉਪਦੇਸ਼ਾਤਮਕ ਧੁਨੀ ਉਭਰਦੀ ਹੋਈ ਇਹ ਸੰਦੇਸ਼ ਦਿੰਦੀ ਹੈ ਕਿ ਔਰਤ ਤੇ ਮਰਦ ਨੂੰ ਇਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਪਰ ਸਾਡੇ ਸਮਾਜ 'ਚ ਔਰਤ ਨੂੰ ਹਮੇਸ਼ਾ ਦੂਜਾ ਸਥਾਨ ਦਿੱਤਾ ਜਾਂਦਾ ਹੈ। ਪਿਛਾਖੜੀ ਸੋਚ ਤੇ ਮਰਦਾਵੀਂ ਦਾਬਾ, ਔਰਤ ਨੂੰ ਮਰਦ ਦੀ ਅਧੀਨਗੀ ਸਵੀਕਾਰ ਕਰਨ ਦੀ ਪ੍ਰਵਿਰਤੀ ਸਿਖਾਉਂਦਾ ਹੈ। ਕਹਾਣੀ ਵਿਚਲੀ ਸੁਰ ਵੀ ਮਨੁੱਖ ਦੀ ਕਾਰਜਸ਼ੀਲਤਾ ਵਿਚੋਂ ਅਪਣੱਤ ਦਾ ਅਹਿਸਾਸ ਮਾਣਦੀ ਹੈ। 'ਉਹ ਰਾਤ ....' ਵਿਚਲੀ ਪਾਤਰ ਦਾ ਉਸ ਦੇ ਪਤੀ ਮਨਜੀਤ ਦੀ ਮੌਤ ਤੋਂ ਬਾਅਦ ਉਸ ਦੇ ਦਿਓਰ ਦਰਸ਼ਨ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਉਸ ਨੂੰ ਆਪਣੇ ਇਸ ਸ਼ਰਾਬੀ ਪਤੀ ਤੋਂ ਸਰੀਰਕ ਤੇ ਮਾਨਸਿਕ ਸ਼ੋਸ਼ਣ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਉਸ ਦੇ ਪਤੀ ਦਰਸ਼ਨ ਦੀ ਬੁਰੀ ਸੰਗਤ ਤੇ ਘਰੋਂ ਬਾਹਰ ਇਕ ਲੜਕੀ ਨਾਲ ਸਰੀਰਕ ਸਬੰਧ ਬਣਾਉਣ ਵਾਲੀ ਗੱਲ ਪਾਤਰ ਨੂੰ ਅੰਦਰੋਂ ਬਾਹਰੋਂ ਤੋੜ ਕੇ ਰੱਖ ਦਿੰਦੀ ਹੈ। ਉਹ ਅਜਿਹੀ ਸਥਿਤੀ ਦਾ ਸਾਹਮਣਾ ਕਰਨ ਲਈ ਦਰਸ਼ਨ ਨਾਲ ਟੱਕਰਣਾ ਚਾਹੁੰਦੀ ਹੈ ਪਰ ਪਿੱਤਰਕੀ ਸੰਸਕਾਰਾਂ ਨੂੰ ਥੋਪਣ ਦੀ ਵਾਹਕ ਬਣਦੀ ਉਸ ਦੀ ਸੱਸ ਵਾਰ ਵਾਰ ਉਸ ਨੂੰ ਸਮਝਾਉਂਦੀ ਹੈ। ਕਈ ਵਾਰੀ ਮਨੁੱਖ ਉੱਪਰ ਥੋਪੇ ਗਏ ਫ਼ੈਸਲੇ ਪ੍ਰਤੀਕੂਲ ਹਾਲਾਤ ਪੈਦਾ ਕਰਦੇ ਹਨ ਤੇ ਮਨ ਅੰਦਰ ਦੱਬੀਆਂ ਇੱਛਾਵਾਂ ਦਾ ਕਿਤੇ ਨਾ ਕਿਤੇ ਪ੍ਰਗਟਾਵਾ ਹੋਣਾ ਸ਼ੁਰੂ ਹੁੰਦਾ ਹੈ।

'ਕੋਈ ਤਾਂ ਹੈ!' ਕਹਾਣੀ ਵਿਚਲਾ ਸੰਤੋਖ ਜੋ ਅਪਣੀ ਜ਼ਿੰਦਗੀ ਲੋਕਾਂ ਲਈ ਸਮਰਪਿਤ ਕਰਦਾ ਹੈ, ਨੂੰ ਗ੍ਰਹਿਸਥੀ ਜ਼ਿੰਦਗੀ ਬਸਰ ਕਰਦਿਆਂ ਕਈ ਕਿਸਮ ਦੇ ਤਣਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਉਹ ਇਨਕਲਾਬੀ ਕਾਰਵਾਈਆਂ ਕਰਦਿਆਂ ਪੁਲਿਸ ਦੀਆਂ ਵਧੀਕੀਆਂ ਨੂੰ ਤਾਂ ਜਰ ਲੈਂਦਾ ਹੈ ਪਰ ਪਤਨੀ ਦੀ ਨਿੱਤ ਦਿਹਾੜੇ ਦੀ ਨੋਕ ਝੋਕ ਉਸ ਨੂੰ ਪ੍ਰੇਸ਼ਾਨ ਕਰਦੀ ਹੈ। ਸੁਸ਼ੀਲਾ ਦਾ ਸੰਤੋਖ ਨਾਲ ਵਿਆਹ ਕਰਾਉਣਾ ਸਿਰਫ ਭਾਵੁਕਤਾ ਨਾਲ ਲਿਆ ਫੈਸਲਾ ਸੀ। ਇਸ ਲਈ ਉਹ ਸੰਤੋਖ ਦੀ ਸਮਾਜ ਪ੍ਰਤੀ ਸਮਰਪਿਤ ਭਾਵਨਾ ਨੂੰ ਨਹੀਂ ਸਮਝ ਸਕੀ। ਇਨਕਲਾਬੀ ਜੀਵਨ ਵਿਚ ਕੀ-ਕੀ ਔਕੜਾਂ ਆਉਂਦੀਆਂ ਹਨ ਤੇ ਕਿੰਨਾ ਕੁਝ ਤਿਆਗ ਕਰਨਾ ਪੈਂਦਾ ਹੈ, ਇਹ ਸੋਚਣਾ ਸੁਸ਼ੀਲਾ ਲਈ ਦੂਰ ਦੀ ਗੱਲ ਸੀ। ਪੁਲਿਸ ਤਸ਼ੱਦਦ ਕਾਰਨ ਨਕਾਰਾ ਹੋਏ ਸੰਤੋਖ ਨੂੰ ਇਕ ਪਾਸੇ ਦਮੇ ਦੀ ਬਿਮਾਰੀ ਨੇ ਘੇਰਿਆ ਹੋਇਆ ਤੇ ਦੂਜੇ ਪਾਸੇ ਉਹ ਨੌਕਰੀ ਤੋਂ ਵੀ ਹੱਥ ਧੋ ਬੈਠਾ। ਅਜਿਹੀ ਹੀ ਦੁਖਾਂਤਕ ਸਥਿਤੀ ਉਸ ਦੀ ਵਿਆਹੁਤਾ ਜ਼ਿੰਦਗੀ ਵਿਚ ਤਿੱਖਾ ਮੋੜ ਕੱਟਦੀ ਹੈ। ਆਰਥਿਕਤਾ ਹੀ ਇਸ ਪਤੀ-ਪਤਨੀ ਵਿਚਕਾਰ ਚੱਲ ਰਹੇ ਤਣਾਅ ਦਾ ਕਾਰਨ ਬਣਦੀ ਹੈ। ਕਹਾਣੀ ਵਿਚ ਹਰਭਜਨ ਅਤੇ ਜਸਪਾਲ ਵਰਗੇ ਕਦਰਦਾਨ ਲੋਕ ਵੀ ਹਨ ਜੋ ਸੰਤੋਖ ਦੀ ਸੋਚ ਤੇ ਇਨਕਲਾਬ ਪ੍ਰਤੀ ਸਮਰਪਿਤ ਭਾਵਨਾ ਦੀ ਕਦਰ ਕਰਦੇ ਹਨ। ਕਹਾਣੀਕਾਰ ਇਸ ਕਹਾਣੀ ਵਿਚ ਇਹ ਦੱਸਣਾ ਚਾਹੁੰਦਾ ਹੈ ਕਿ ਮਨੁੱਖ ਦੇ ਕੀਤੇ ਹੋਏ ਵਾਅਦੇ ਤੇ ਸਮੇਂ ਸਮੇਂ 'ਤੇ ਉਸ ਅੰਦਰਲੀ ਸੋਚ, ਵਿਚਾਰਧਾਰਾ ਦੀ ਪ੍ਰਤੀਬੱਧਤਾ ਦੀ ਅਸਲ ਤਸਵੀਰ ਖੋਲ੍ਹ ਕੇ ਰੱਖਦੇ ਹਨ। ਸੰਤੋਖ ਦਾ ਅਜਿਹਾ ਹਸ਼ਰ ਸੁਸ਼ੀਲਾ ਦੇ ਸੁਆਰਥਪਣ ਕਰਕੇ ਹੈ। ਨਿੱਜਵਾਦੀ ਕਿਰਦਾਰ ਦੇ ਲੋਕ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਮਝਣ ਤੋਂ ਮੁੱਖ ਮੋੜਦੇ ਹੋਏ ਆਪਣੇ ਸਵਾਰਥ ਲਈ ਕਿਸੇ ਨੂੰ ਅਪਣਾ ਵੀ ਸਕਦੇ ਹਨ ਤੇ ਛੱਡ ਵੀ।

ਨਿਰੰਜਣ ਬੋਹਾ ਦੀਆਂ ਕਹਾਣੀਆਂ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਜਿੱਥੇ ਉਹ ਪਰਿਵਾਰਕ ਸਰੋਕਾਰਾਂ ਨੂੰ ਕਹਾਣੀਆਂ ਵਿਚ ਲੈ ਕੇ ਆਉਂਦਾ ਹੈ ਉੱਥੇ ਹੀ ਸਮਾਜ ਦੇ ਅਸਾਵੇਂਪਣ ਦੀਆਂ ਕਈ ਪਰਤਾਂ ਵੀ ਰੂਪਮਾਨ ਕਰਦਾ ਹੈ। ਇਸ ਦੇ ਕਈ ਪਾਸਾਰ ਹਨ, ਜਿਵੇਂ ਲਿੰਗਕ ਵਿਤਕਰਾ ਪਿੱਤਰਕੀ ਪ੍ਰਬੰਧ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਸਮਾਜ ਦੀ ਇਹ ਵਿਡੰਬਨਾ ਹੈ ਕਿ ਮਰਦ ਦੇ ਬਰਾਬਰ ਹਰ ਖੇਤਰ ਵਿਚ ਬਰਾਬਰ ਦੀ ਹਿੱਸੇਦਾਰੀ ਪਾਉਣ ਵਾਲੀ ਔਰਤ ਨੂੰ ਪੈਦਾਵਾਰੀ ਸਾਧਨਾਂ ਦੀ ਹਿੱਸੇਦਾਰੀ ਤੋਂ ਵਾਂਝਾ ਰੱਖਿਆ ਜਾਂਦਾ ਹੈ। ਮਰਦਾਵੀਂ ਹੈਂਕੜ ਔਰਤ ਨੂੰ ਆਪਣੇ ਸ਼ਿਕੰਜੇ ਵਿਚ ਕੱਸਣਾ ਚਾਹੁੰਦੀ ਹੈ। ਅਜਿਹਾ ਕੁਝ 'ਇਸ ਤਰ੍ਹਾਂ ਹੀ ਹੋਵੇਗਾ ਹੁਣ ...' ਕਹਾਣੀ ਵਿਚੋਂ ਵੇਖਿਆ ਜਾ ਸਕਦਾ ਹੈ। ਇਹ ਕਹਾਣੀ ਇਕ ਪਾਸੇ ਮਨੁੱਖ ਅੰਦਰਲੇ ਜਾਤੀ ਵਿਤਕਰੇ ਨੂੰ ਖੋਲ੍ਹ ਕੇ ਰੱਖਦੀ ਹੈ ਤੇ ਦੂਜੇ ਪਾਸੇ ਲਿੰਗਕ ਵਿਤਕਰੇ ਦਾ ਭੇਤ ਵੀ ਖੋਲ੍ਹਦੀ ਹੈ। ਪ੍ਰੀਤੀ ਅਤੇ ਸੁਰਜੀਤ ਦਾ ਪਿਆਰ ਵਿਆਹ ਉਸ ਸਮੇਂ ਨਰਕ ਬਣ ਜਾਂਦਾ ਹੈ ਜਦੋਂ ਦੋਹਾਂ ਦੀ ਈਗੋ ਆਪਸ ਵਿਚ ਟਕਰਾਉਂਦੀ ਹੈ। ਸੁਰਜੀਤ ਦੀ ਕਹਿਣੀ ਤੇ ਕਰਨੀ ਵਿਚਲਾ ਪਾੜਾ ਤੇ ਪ੍ਰੀਤੀ ਅੰਦਰਲੀ ਨਾਰੀ ਚੇਤਨਾ ਦਾ ਪ੍ਰਗਟਾਵਾ ਆਪਸੀ ਲੜਾਈ ਵਿਚ ਸਿਮਟ ਕੇ ਰਹਿ ਜਾਂਦਾ ਹੈ। ਮੁੰਡੇ ਦੇ ਨਾਮ ਪਿੱਛੇ ਹੋਈ ਨੋਕ-ਝੋਕ ਓਦੋਂ ਵੱਡਾ ਮਸਲਾ ਬਣ ਜਾਂਦੀ ਹੈ ਜਦੋਂ ਸ਼ਰਾਬੀ ਹੋਇਆ ਸੁਰਜੀਤ ਆਪਣੀ ਪਤਨੀ ਦੀ ਠੀਕ ਗੱਲ ਨੂੰ ਵੀ ਕਾਟ ਲਾਉਂਦਾ ਹੋਇਆ ਉਸ ਨੂੰ ਕਸੂਰਵਾਰ ਠਹਿਰਾਉਂਦਾ ਹੈ। ਕਹਾਣੀ ਸਮਾਜ ਵਿਚਲੇ ਜਾਤੀ ਵਿਤਕਰੇ ਨਾਲ ਪੈਦਾ ਹੋਏ ਖਲਾਅ ਉੱਪਰ ਵੀ ਉਂਗਲ ਰੱਖਦੀ ਹੈ। ਕਹਾਣੀ ਵਿਚਲਾ ਛਿੰਦਾ ਪਾਤਰ ਉਸੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਪ੍ਰਗਤੀਵਾਦੀ ਤੇ ਅਗਾਂਹਵਧੂ ਸੋਚ ਦਾ ਧਾਰਨੀ ਹੈ। ਉਹ ਆਪਣੇ ਬਾਪੂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕਰਦਾ ਹੈ ਪਰ ਬਾਪੂ ਜਾਤ-ਪਾਤ ਦੀ ਜਕੜ ਤੋਂ ਮੁਕਤ ਨਹੀਂ ਹੁੰਦਾ। ਇਸ ਕਹਾਣੀ ਵਿਚ ਇਕ ਪਾਸੇ ਵਿਸ਼ਵੀਕਰਨ ਤਹਿਤ ਬਦਲ ਰਹੇ ਪਰਿਵਰਤਨ ਰੇਖਾਂਕਿਤ ਹੋਏ ਹਨ ਤੇ ਦੂਜੇ ਪਾਸੇ ਰੂੜ੍ਹੀਵਾਦੀ ਮੁੱਲ ਵੀ ਹਾਵੀ ਹਨ।

'ਇਕ ਦਾਅ ਹੋਰ' ਕਹਾਣੀ ਵਿਚਲੀ ਪਾਤਰ ਕਾਹਲ ਵਿਚ ਲਏ ਗਏ ਆਪਣੇ ਫ਼ੈਸਲੇ 'ਤੇ ਪਛਤਾਉਂਦੀ ਹੈ। ਉਹ ਆਪਣੇ ਪਤੀ ਅਜੀਤ ਦੀ ਮੌਤ ਤੋਂ ਬਾਅਦ ਆਪਣੇ ਦੇਵਰ ਨਰੇਸ਼ ਨਾਲ ਘਰ ਵਸਾਉਣ ਦੀ ਬਜਾਏ ਸੁਸ਼ੀਲ ਲੇਖਕ ਦੀ ਚੋਣ ਕਰਦੀ ਹੈ। ਸੁਸ਼ੀਲ ਉਸਦਾ ਦਰਦ ਵੰਡਾ ਕੇ ਦਿਲ ਜਿੱਤ ਲੈਂਦਾ ਹੈ। ਕਹਾਣੀ ਉਸ ਵੇਲੇ ਤਿੱਖਾ ਮੋੜ ਲੈਂਦੀ ਹੈ ਜਦੋਂ ਸੁਸ਼ੀਲ ਦੀ ਅੰਦਰਲੀ ਭਾਵਨਾ ਦਾ ਮੈਂ ਪਾਤਰ ਨੂੰ ਅਹਿਸਾਸ ਹੋਣਾ ਸ਼ੂਰੂ ਹੁੰਦਾ ਹੈ। ਇਹ ਕਹਾਣੀ ਕਈ ਸੰਕੇਤ ਦਿੰਦੀ ਹੈ। ਕਹਾਣੀ ਵਿਚਲੀ ਮੈਂ ਪਾਤਰ ਕਮਜ਼ੋਰ ਨਹੀਂ ਬਲਕਿ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਵਾਲੀ ਔਰਤ ਸਾਬਤ ਹੁੰਦੀ ਹੈ। ਉਸ ਨੂੰ ਰਿਸ਼ਤਿਆਂ ਦੀ ਵਰਣਮਾਲਾ ਸਮਝ ਆਉਂਦੀ ਹੈ। ਉਹ ਆਪਣੇ ਆਪ ਨਾਲ ਸੰਵਾਦ ਰਚਾਉਂਦੀ ਹੋਈ ਕਦੇ ਅਤੀਤ ਤੇ ਕਦੇ ਵਰਤਮਾਨ ਵਿਚ ਜਾ ਪਹੁੰਚਦੀ ਹੈ। ਕਹਾਣੀਕਾਰ ਨੇ ਇਸ ਔਰਤ ਦੀ ਅਜਿਹੀ ਅਵਸਥਾ ਨੂੰ ਸਮਝਦੇ ਹੋਏ ਉਸ ਅੰਦਰ ਚੱਲ ਰਹੇ ਵਿਚਾਰਾਂ ਦੇ ਵਹਿਣ ਨੂੰ ਬਾਖੂਬੀ ਉਲੀਕਿਆ ਹੈ। ਕਹਾਣੀ ਇਹ ਵੀ ਦੱਸਦੀ ਹੈ ਕਿ ਖ਼ੂਨ ਦੇ ਰਿਸ਼ਤਿਆਂ ਤੇ ਕਾਹਲ ਵਿਚ ਬਣਾਏ ਜਜ਼ਬਾਤੀ ਰਿਸ਼ਤਿਆਂ ਨਾਲੋਂ ਅਚਨਚੇਤ ਮਿਲੇ ਮੁਹੱਬਤ ਦੇ ਰਿਸ਼ਤੇ ਵਧੇਰੇ ਨਿੱਘ ਦਿੰਦੇ ਹਨ। ਮਾਂ ਮਹਿਟਰ ਦੀਪੂ ਦੇ ਨਾਲ ਮੈਂ ਪਾਤਰ ਦਾ ਅਜਿਹਾ ਹੀ ਰਿਸ਼ਤਾ ਬਣਦਾ ਹੈ। ਕਹਾਣੀ ਦੀ ਵਿਲੱਖਣਤਾ ਦੀਪੂ ਜਿਹੇ ਪਾਤਰ ਸਿਰਜਣ ਵਿਚ ਹੈ ਜੋ ਵਿਆਹੁਤਾ ਔਰਤ ਦੀ ਜ਼ਿੰਦਗੀ ਵਿਚ ਆਏ ਖ਼ਲਾਅ ਭਰਨ ਲਈ ਅਚਨਚੇਤ ਨਵੇਂ ਰਿਸ਼ਤੇ ਦੀ ਉਡਾਣ ਭਰਦੇ ਹਨ।




'ਕੋਈ ਹੋਰ ਠਿਕਾਣਾ' ਕਹਾਣੀ ਉਸ ਭਰਮ ਨੂੰ ਤੋੜਦੀ ਹੈ ਕਿ ਸਾਧਾਂ ਦੇ ਡੇਰੇ 'ਤੇ ਲੜਕੀ ਸੁਰੱਖਿਅਤ ਰਹਿ ਸਕਦੀ ਹੈ। ਔਰਤ ਦੀ ਅਜੋਕੀ ਦਸ਼ਾ ਉਤੇ ਪ੍ਰਸ਼ਨ-ਚਿੰਨ੍ਹ ਖੜ੍ਹਾ ਕਰ ਕੇ ਇਹ ਕਹਾਣੀ ਇਕ ਪਾਸੇ ਹਰਨਾਮ ਰਾਹੀਂ ਅਜਿਹੇ ਵਿਅਕਤੀ ਦਾ ਕਿਰਦਾਰ ਪੇਸ਼ ਕਰਦੀ ਹੈ ਜੋ ਕਾਮ ਵਾਸਨਾ ਵਿਚ ਅੰਨ੍ਹੇ ਹੋਏ ਸਾਰੇ ਰਿਸ਼ਤਿਆਂ ਦੀਆਂ ਮਰਿਆਦਾਵਾਂ ਵੀ ਉਲੰਘ ਸਕਦੇ ਹਨ। ਸਥਿਤੀ ਉਦੋਂ ਹੋਰ ਵੀ ਬੁਰੀ ਹੁੰਦੀ ਹੈ ਜਦੋਂ ਧੀ ਬੇਬਸ ਹੋ ਕੇ ਆਪਣੀ ਜ਼ਿੰਦਗੀ ਲਈ ਸੁਰੱਖਿਅਤ ਟਿਕਾਣਾ ਘਰ ਤੋਂ ਬਾਹਰ ਕਿਸੇ ਸਾਧ ਦੇ ਡੇਰੇ ਵਿਚ ਲੱਭਣ ਲਈ ਸ਼ੀਲਾ ਤੇ ਰੀਤੂ ਸਾਧਵੀ ਨਾਲ ਗੱਲਬਾਤ ਕਰਦੀ ਹੈ। ਪਰ ਹਕੀਕਤ ਇਹ ਹੈ ਕਿ ਲੋਕਾਂ ਅੰਦਰ ਅੰਨ੍ਹੀ ਸ਼ਰਧਾ ਪੈਦਾ ਕਰ ਕੇ ਜੁਆਨ ਕੁੜੀਆਂ ਦਾ ਲਿੰਗਕ ਸ਼ੋਸ਼ਣ ਕਰਨ ਵਾਲੇ ਸੁਰੇਸ਼ ਮੁਨੀ ਵਰਗੇ ਕਾਮੀ ਬਾਬੇ ਸਾਡੇ ਸਮਾਜ ਵਿਚ ਵੇਖੇ ਜਾ ਸਕਦੇ ਹਨ। ਬਾਬਿਆਂ ਦੀਆਂ ਅਜਿਹੀਆਂ ਗਲਤੀਆਂ ਨੂੰ ਲੁਕਾਉਣ ਲਈ ਉਨ੍ਹਾਂ ਦੀਆਂ ਚੇਲੀਆਂ ਕਿਸ ਤਰ੍ਹਾਂ ਦੇ ਪਾਪੜ ਵੇਲਦੀਆਂ ਹਨ, ਇਸ ਦਾ ਸਬੂਤ ਇਹ ਕਹਾਣੀ ਦਿੰਦੀ ਹੈ।

ਆਪਣੇ ਹਿੱਤਾਂ ਦੀ ਪੂਰਤੀ ਲਈ ਸੌੜੀ ਸੋਚ ਵਾਲਾ ਕਿੱਥੋਂ ਤਕ ਗਿਰ ਜਾਂਦਾ ਹੈ। ਅਜਿਹੇ ਹੀ ਪਾਤਰ ਕਹਾਣੀ 'ਹੋਰ ਵੰਡ ਨਹੀਂ' ਵਿਚ ਵੇਖੇ ਜਾ ਸਕਦੇ ਹਨ। ਮਾਪਿਆਂ ਪ੍ਰਤੀ ਬਣਦੇ ਫਰਜ਼ਾਂ ਨੂੰ ਅਣਗੌਲਿਆ ਕਰ ਕੇ ਜਾਇਦਾਦ ਉਪਰ ਅੱਖ ਰੱਖਣ ਵਾਲੇ ਲੋਕਾਂ ਦੀ ਮਾਨਸਿਕਤਾ ਖੂਨ ਦੇ ਰਿਸ਼ਤਿਆਂ ਵਿਚ ਫਿੱਕ ਪਾ ਰਹੀ ਹੈ। ਇਸ ਕਹਾਣੀ ਦਾ ਕੇਂਦਰੀ ਧੁਰਾ ਪਰਿਵਾਰਾਂ ਵਿਚ ਖਤਮ ਹੋ ਰਹੇ ਮੋਹ ਮੁਹੱਬਤ ਦੇ ਰਿਸ਼ਤਿਆਂ ਅੰਦਰਲੇ ਦਵੰਦ ਨੂੰ ਫੜਦਾ ਹੈ। ਹਰਬੰਸ ਅਤੇ ਉਸ ਦੀ ਪਤਨੀ ਰੁਮਨ ਨੇ ਜਿਉਂਦਿਆਂ ਪਿਤਾ ਦੀ ਪਰਵਾਹ ਨਾ ਕੀਤੀ ਤੇ ਨਾ ਹੀ ਬਿਮਾਰ ਹੁੰਦਿਆਂ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਪਰ ਪਿਤਾ ਦੇ ਮਰਨ ਤੋਂ ਬਾਅਦ ਜਾਇਦਾਦ ਵਿਚੋਂ ਹਿੱਸਾ ਲੈਣ ਲਈ ਅਜਿਹੇ ਨੂੰਹ ਪੁੱਤਰ ਪਿਤਾ ਦੇ ਭੋਗ ਦੀ ਵਿਉਂਤਬੰਦੀ ਵਿਚ ਦਖਲ ਅੰਦਾਜ਼ੀ ਕਰਦੇ ਹਨ। ਮਨੁੱਖ ਦੀ ਵਿਵਹਾਰਿਕਤਾ ਤੇ ਕਾਰਜਸ਼ੀਲਤਾ ਹੀ ਉਸ ਦੇ ਕਿਰਦਾਰ ਦੀ ਤਸਵੀਰ ਵਾਹੁੰਦਾ ਹੈ। ਵੱਡਾ ਭਰਾ ਆਪਣੇ ਛੋਟੇ ਭਰਾ ਦੀ ਰਮਜ਼ ਨੂੰ ਪਹਿਚਾਣਦਾ ਹੋਇਆ ਆਪਣੀ ਗੱਲ ਰੱਖਦਾ ਹੈ। ਕਹਾਣੀ ਵਿਚਲੀ ਵਾਰਤਾਲਾਪ ਸ਼ਿਕਵੇ, ਰੋਸੇ, ਗੁੱਸੇ ਦਾ ਪ੍ਰਗਟਾਵਾ ਕਰਦੀ ਹੋਈ ਬੜੇ ਹੀ ਸੁਚੱਜੇ ਢੰਗ ਨਾਲ ਛੁਪਿਆ ਸੰਦੇਸ਼ ਵੀ ਦਿੰਦੀ ਹੈ।

ਕਈ ਵਾਰੀ ਮਨੁੱਖ ਰਿਸ਼ਤੇ ਨਿਭਾਉਣਾ ਚਾਹੁੰਦਾ ਹੈ ਪਰ ਆਰਥਿਕਤਾ ਰਾਹ ਵਿਚ ਬਹੁਤ ਵੱਡੀ ਰੁਕਾਵਟ ਬਣਦੀ ਹੈ। ਸਾਡੇ ਪੰਜਾਬੀ ਸਮਾਜ ਵਿਚ ਕਈ ਅਜਿਹੀਆਂ ਰੀਤਾਂ ਹਨ ਜਿਨ੍ਹਾਂ ਵਿਚ ਫਸਿਆ ਹੋਇਆ ਬੰਦਾ ਬੇਬਸੀ ਮਹਿਸੂਸ ਕਰਦਾ ਹੈ। 'ਖਲਾਅ ਵਿਚ ਭਟਕਦੇ ਰਿਸ਼ਤੇ' ਕਹਾਣੀ ਵਿਚਲਾ ਪਾਤਰ ਵੀ ਅਜਿਹੀ ਸਥਿਤੀ ਵਿਚੋਂ ਗੁਜ਼ਰਦਾ ਹੈ। ਉਸ ਦੇ ਮਾਮੇ ਦੀ ਕੁੜੀ ਬਿਮਲਾ ਤੇ ਉਸ ਦਾ ਪਤੀ ਯੋਗੇਸ਼ ਰੱਖੜੀ ਦੇ ਤਿਉਹਾਰ ਵਾਲੇ ਦਿਨ ਉਸ ਨੂੰ ਮਿਲਣ ਆਉਂਦੇ ਹਨ। ਉਸ ਨੂੰ ਲੋਕਾਚਾਰੀ ਵਜੋਂ ਘਰ ਆਏ ਮਹਿਮਾਨ ਦੀ ਖ਼ਾਤਰਦਾਰੀ ਕਰਨੀ ਅਜਿਹੇ ਚਿੰਤਾਮਈ ਮੋੜ 'ਤੇ ਆ ਕੇ ਖੜ੍ਹਾ ਕਰਦੀ ਹੈ। ਆਪਣੀ ਭੈਣ ਬਿਮਲਾ ਦੇ ਨਾਲ ਬਚਪਨ ਦੀਆਂ ਗੱਲਾਂ ਕਰਦਿਆਂ ਵੀ ਉਸ ਅੰਦਰਲੀ ਉਧੇੜਪਨ ਇਕ ਨਵੀਂ ਬੇਚੈਨੀ ਛੇੜ ਰਹੀ ਹੁੰਦੀ ਹੈ। ਇਹ ਕਹਾਣੀ ਠੇਕੇ 'ਤੇ ਨੌਕਰੀ ਲੱਗੇ ਹੋਏ ਅਧਿਆਪਕ ਦੀ ਮਨੋਦਸ਼ਾ ਨੂੰ ਬਿਆਨ ਕਰਦੀ ਹੈ। ਜਿਸ ਦੀ ਤਨਖਾਹ ਜ਼ਰੂਰਤਾਂ ਦੇ ਮੁਕਾਬਲੇ ਕਾਫੀ ਊਣੀ ਹੈ। ਕਹਾਣੀ ਇਹ ਵੀ ਦੱਸਦੀ ਹੈ ਕਿ ਲੋੜਾਂ ਅਸੀਂ ਆਪ ਪਾਲੀਆਂ ਨੇ ਤੇ ਕੁਝ ਬੇਲੋੜੇ ਫਰਜ਼ ਸਾਡੇ ਉਪਰ ਥੋਪੇ ਗਏ ਹਨ। ਅਜਿਹੀ ਸਥਿਤੀ ਤੇ ਰਿਸ਼ਤੇ ਬੋਝ ਬਣ ਜਾਂਦੇ ਜਿਵੇਂ ਇਸ ਕਹਾਣੀ ਵਿਚਲੇ ਪਾਤਰ ਨੂੰ ਹੰਢਾਉਣਾ ਪੈ ਰਿਹਾ ਹੈ। ਉਹ ਉਧਾਰ ਮੰਗ ਕੇ ਘਰ ਆਏ ਮਹਿਮਾਨਾਂ ਦੀ ਖਾਣ-ਪੀਣ ਦੀ ਸੇਵਾ ਕਰਦਾ ਹੈ। ਬਿਮਲਾ ਦੁਆਰਾ ਬੰਨ੍ਹੀ ਰੱਖੜੀ ਦਾ ਮੁੱਲ ਉਹ ਆਪਣੀ ਪਤਨੀ ਲਈ ਰੀਝਾਂ ਨਾਲ ਲਿਆਂਦਾ ਸੂਟ ਦੇ ਕੇ ਤਾਰਦਾ ਹੈ।

ਕਹਾਣੀ 'ਤੀਸਰੀ ਖਿੜਕੀ' ਰਿਸ਼ਤਿਆਂ ਦਾ ਇਕ ਹੋਰ ਪਸਾਰ ਪੇਸ਼ ਕਰਦੀ ਹੈ। ਸ਼ਰਾਬੀ ਪਤੀ ਨਾਲੋਂ ਤੋੜ ਵਿਛੋੜਾ ਕਰ ਕੇ ਇਕੱਲੀ ਔਰਤ ਨੂੰ ਜੀਵਨ ਬਸਰ ਕਰਨ ਲਈ ਕਈ ਮੁਸੀਬਤਾਂ ਵਿਚੋਂ ਲੰਘਣਾ ਪੈਂਦਾ ਹੈ। ਕਹਾਣੀ ਵਿਚਲੀ ਪਾਤਰ ਆਪਣੇ ਪਤੀ ਸੁਖਚੈਨ ਦੀ ਸ਼ਰਾਬ ਪੀਣ ਦੀ ਬੁਰੀ ਆਦਤ ਤੋਂ ਤੰਗ ਹੁੰਦੀ ਹੈ। ਉਹ ਲੱਖ ਕੋਸ਼ਿਸ਼ ਕਰਨ 'ਤੇ ਵੀ ਆਪਣੇ ਪਤੀ ਨੂੰ ਠੀਕ ਲੀਹ 'ਤੇ ਨਹੀਂ ਲਿਆ ਸਕਦੀ। ਜਦੋਂ ਉਹ ਆਪਣਾ ਘਰ ਛੱਡ ਕੇ ਇਕੱਲੀ ਰਹਿਣਾ ਸ਼ੁਰੂ ਕਰਦੀ ਹੈ ਤਾਂ ਉਸ ਦੇ ਮਾਮੇ ਦਾ ਪੁੱਤਰ ਰਤਨ ਜੋ ਉਸ ਨੂੰ ਕਦੇ ਭੈਣ ਸਮਝਦਾ ਸੀ ਹੁਣ ਵਰਜਿਤ ਦਹਿਲੀਜ਼ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਹਾਣੀ ਵਿਚਲੀ ਪਾਤਰ ਰੀਤੂ ਰਤਨ ਨੂੰ ਸਿੱਧੀ ਟੱਕਰਦੀ ਹੈ ਪਰ ਰੀਤੂ ਦੇ ਮਾਮਾ ਮਾਮੀ ਉਹਨੂੰ ਦੋਸ਼ੀ ਠਹਿਰਾਉਂਦੇ ਹੋਏ ਆਪਣੇ ਪੁੱਤਰ ਨੂੰ ਬਰੀ ਕਰ ਦਿੰਦੇ ਹਨ। ਇਹ ਸਮਾਜ ਦੀ ਕੌੜੀ ਸਚਾਈ ਹੈ ਕਿ ਜਦੋਂ ਔਰਤ ਇਕੱਲੀ ਰਹਿ ਕੇ ਆਪਣੀ ਹੋਂਦ ਸਥਾਪਤ ਕਰਨਾ ਚਾਹੁੰਦੀ ਹੈ ਤਾਂ ਉਸ ਦੇ ਕਿਰਦਾਰ ਨੂੰ ਭੰਡਿਆ ਜਾਂਦਾ ਹੈ। ਕਹਾਣੀ ਦਾ ਅੰਤ ਸੁਖਾਂਤ ਹੁੰਦਾ ਹੈ ਕਿ ਇਕ ਪਾਸੇ ਕੁਝ ਰਿਸ਼ਤੇ ਟੁੱਟਦੇ ਹਨ ਅਤੇ ਦੂਸਰੇ ਪਾਸੇ ਨਵੇਂ ਰਿਸ਼ਤੇ ਹੋਂਦ ਵਿਚ ਆ ਜਾਂਦੇ ਹਨ। ਮਾਈ ਬਚਨੀ ਅਤੇ ਉਸ ਦਾ ਪਤੀ ਰੱਖਾ ਨੂੰ ਰੀਤੂ ਦਾ ਸਹਾਰਾ ਮਿਲਦਾ ਹੈ ਤੇ ਰੀਤੂ ਵੀ ਉਨ੍ਹਾਂ ਦੇ ਨਾਲ ਮੋਹ ਤੇ ਸਾਂਝ ਵਾਲਾ ਰਿਸ਼ਤਾ ਸਥਾਪਤ ਕਰ ਲੈਂਦੀ ਹੈ। ਕਹਾਣੀ ਇਸ ਮੌਕਾ ਮੇਲ਼ ਸਥਿਤੀ ਨੂੰ ਸੰਭਾਲਦੀ ਹੋਈ ਰੀਤੂ ਦੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦਾ ਮੁੱਢ ਵੀ ਬੰਨ੍ਹਦੀ ਹੈ।

'ਤੂੰ ਇੰਝ ਨਾ ਕਰੀਂ...' ਕਹਾਣੀ ਕੁੜੀ ਨਾਲ ਹੋਏ ਜਬਰ-ਜਨਾਹ ਨੂੰ ਚਿੱਤਰਮਾਨ ਕਰਦੀ ਹੈ ਜੋ ਉਸ ਨੂੰ ਸਾਰੀ ਜ਼ਿੰਦਗੀ ਪੀੜਤ ਬਣਾ ਦਿੰਦੀ ਹੈ। ਮਿਸਟਰ ਮਹਿਤਾ ਅਤੇ ਨੀਲਮ ਰਾਣੀ ਦਾ ਸਰੀਰਕ ਸਬੰਧ ਜਿੱਥੇ ਨੀਲਮ ਦੇ ਪਤੀ ਦੀ ਮੌਤ ਦਾ ਕਾਰਨ ਬਣਦਾ ਹੈ ਉਥੇ ਉਸ ਦੀ ਧੀ ਦੇ ਭਵਿੱਖ ਨੂੰ ਵੀ ਧੁੰਦਲਾ ਕਰ ਦਿੰਦਾ ਹੈ। ਮਿਸਟਰ ਮਹਿਤਾ ਵਲੋਂ ਨੀਲਮ ਦੀ ਕੁੜੀ ਨਾਲ ਕੀਤਾ ਜਬਰ-ਜਨਾਹ ਉਸ ਲੜਕੀ ਨੂੰ ਮਾਨਸਿਕ ਤੌਰ 'ਤੇ ਅਜਿਹਾ ਤੋੜਦਾ ਹੈ ਕਿ ਉਸ ਨੂੰ ਵਿਆਹ ਤੋਂ ਵੀ ਨਫਰਤ ਹੋ ਜਾਂਦੀ ਹੈ। ਆਪਣੇ ਪਤੀ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਇਨਕਾਰ ਕਰਦੀ ਹੈ। ਉਸ ਦੇ ਸਹੁਰੇ ਘਰ ਵਿਚ ਤਣਾਅ ਪੈਦਾ ਹੁੰਦਾ ਹੈ ਤੇ ਉਹ ਰਿਸ਼ਤੇ ਨੂੰ ਆਰ ਪਾਰ ਕਰਨ ਲਈ ਪੰਚਾਇਤ ਇਕੱਠੀ ਕਰਦੇ ਹਨ। ਕਹਾਣੀ ਉਸ ਸਮੇਂ ਨਵਾਂ ਮੋੜ ਲੈਂਦੀ ਹੈ ਜਦੋਂ ਉਸ ਦਾ ਪਤੀ ਉਸ ਅੰਦਰ ਸੈਕਸ ਪ੍ਰਤੀ ਬਣੇ ਨਜ਼ਰੀਏ ਨੂੰ ਮਨੋਵਿਗਿਆਨਕ ਪੈਂਤੜੇ ਤੋਂ ਵਾਚਦਾ ਹੈ ਤੇ ਰਿਸ਼ਤਾ ਬਚਾ ਲੈਂਦਾ ਹੈ। ਕਹਾਣੀ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਹਰ ਸਮੱਸਿਆ ਦਾ ਹੱਲ ਹੈ। ਕਹਾਣੀ ਵਿਚਲੀ ਸੁਲਝੀ ਹੋਈ ਵਾਰਤਾਲਾਪ ਮਾਨਸਿਕ ਦੁਬਿਧਾ ਨੂੰ ਦੂਰ ਕਰਨ ਲਈ ਲੋੜੀਂਦੀ ਚੇਤਨਾ ਦਾ ਅਹਿਸਾਸ ਕਰਵਾ ਜਾਂਦੀ ਹੈ।

'ਆਪਣਾ ਹੀ ਪਰਛਾਵਾਂ' ਕਹਾਣੀ ਵਿਚਲਾ ਪਾਤਰ ਆਪਣੇ ਮਨ ਅੰਦਰ ਦੱਬੀਆਂ ਇੱਛਾਵਾਂ ਦੀ ਪੂਰਤੀ ਆਪਣੇ ਪੁੱਤਰ ਰਿਸ਼ੂ ਵਿਚੋਂ ਕਰਨਾ ਚਾਹੁੰਦਾ ਹੈ। ਉਸ ਨੂੰ ਆਪਣੇ ਅੰਦਰਲੀ ਹੀਣ-ਭਾਵਨਾ ਦੀ ਮੁਕਤੀ ਆਪਣੇ ਬੇਟੇ ਰਿਸ਼ੂ ਦੀ ਕਾਮਯਾਬੀ ਵਿਚੋਂ ਮਿਲਦੀ ਹੈ। ਐਸ ਡੀ ਐਮ ਨਰਿੰਦਰ ਕੁਮਾਰ ਉੱਚੇ ਰੁਤਬੇ 'ਤੇ ਪਹੁੰਚ ਕੇ ਵੀ ਆਪਣੇ ਅਤੀਤ ਦੇ ਵਰਤਾਰੇ ਦੀ ਕਾਣ ਉਜਾਗਰ ਕਰਦਿਆਂ ਉਸ ਪਿੱਛੇ ਛੁਪੇ ਦਰਦ ਦੀ ਤਸਵੀਰ ਵਾਹੁੰਦਾ ਹੈ। ਕਹਾਣੀ ਦੀ ਵਿਲੱਖਣਤਾ ਇਹ ਹੈ ਕਿ ਨਰਿੰਦਰ ਕੁਮਾਰ ਆਪਣੇ ਖੁੰਝੇ ਪਲਾਂ ਨੂੰ ਆਪਣੇ ਪੁੱਤਰ ਵਿਚੋਂ ਤਲਾਸ਼ਦਾ ਹੈ।

ਸਮੁੱਚੇ ਰੂਪ ਵਿਚ ਇਹ ਕਹਾਣੀਆਂ ਲੋਕਾਂ ਦੀ ਚੇਤਨਾ ਦੇ ਪੱਧਰ ਨੂੰ ਨਿੰਦਣ ਦੀ ਥਾਂ ਉਨ੍ਹਾਂ ਪ੍ਰਤੀ ਗਹਿਰੀ ਸਾਂਝ ਤੇ ਹਮਦਰਦੀ ਨੂੰ ਪੇਸ਼ ਕਰਦੀਆਂ ਹਨ। ਨਿਰੰਜਣ ਬੋਹਾ ਨੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਇਨ੍ਹਾਂ ਕਹਾਣੀਆਂ ਵਿਚ ਅਭਿਵਿਅਕਤ ਕਰਦਿਆਂ ਪਰਿਵਾਰਕ ਅਤੇ ਸਮਾਜਿਕ ਉਲਝਣਾਂ ਦੀਆਂ ਕਈ ਤੰਦਾਂ ਨੂੰ ਖੋਲ੍ਹ ਕੇ ਰੱਖਿਆ ਹੈ। ਮਨੁੱਖ ਅੰਦਰ ਉਠਦੀਆਂ ਤਰੰਗਾਂ ਨੂੰ ਮਨੋਵਿਗਿਆਨੀ ਸੂਝ ਨਾਲ ਸਿਰਜਿਆ ਹੈ। ਕਹਾਣੀਆਂ ਲਾਹਣਤ ਭਰੇ ਜੀਵਨ ਪ੍ਰਤੀ ਨਫਰਤ ਦੇ ਭਾਵ ਪੈਦਾ ਕਰ ਕੇ ਬਦਲ ਦੀ ਆਸ ਬੀਜਦੀਆਂ ਹਨ। ਇਸ ਵਿਚ ਵਰਜਿਤ ਰਿਸ਼ਤਿਆਂ ਤੇ ਸਮਾਜਿਕ ਮਰਿਆਦਾ ਭੰਗ ਕਰਨ ਵਾਲੇ ਔਰਤ ਤੇ ਮਰਦ ਨੂੰ ਵੀ ਦੋਸ਼ੀ ਠਹਿਰਾਉਣ ਦੇ ਨਾਲ-ਨਾਲ ਉਸ ਪਿਛਲੇ ਕਾਰਕਾਂ ਨੂੰ ਵੀ ਉਘਾੜਿਆ ਗਿਆ ਹੈ। ਨਿਰੰਜਣ ਬੋਹਾ ਪਾਤਰਾਂ ਦੀ ਘਾੜਤ ਕਰਨ ਵਿਚ ਮਾਹਿਰ ਹੈ ਇਸ ਲਈ ਉਸ ਦੇ ਪਾਤਰ ਜਿੱਥੇ ਪਾਠਕਾਂ ਦੇ ਇਰਦ-ਗਿਰਦ ਫਿਰਦੇ ਹੋਏ ਡੂੰਘੀ ਸਾਂਝ ਪਾ ਲੈਂਦੇ ਹਨ ਉੱਥੇ ਕਹਾਣੀਕਾਰ ਦੇ ਨਾਲ ਵੀ ਪਾਤਰਾਂ ਦੀ ਗਹਿਰੀ ਸਾਂਝ ਜੁੜਦੀ ਹੈ।

ਇਹ ਕਹਾਣੀਆਂ ਟੁੱਟ ਰਹੇ ਰਿਸ਼ਤਿਆਂ ਉੱਪਰ ਵੀ ਉਂਗਲ ਰੱਖਦੀਆਂ ਹੋਈਆਂ ਜਿੱਥੇ ਚਿੰਤਾ ਦਾ ਅਹਿਸਾਸ ਕਰਾਉਂਦੀਆਂ ਹਨ ਉਥੇ ਕਈ ਸੁਆਲ ਖੜ੍ਹੇ ਕਰਦੀਆਂ ਹਨ। ਕੁਝ ਕਹਾਣੀਆਂ ਵਿਚਲੀਆਂ ਘਟਨਾਵਾਂ ਦੀ ਆਪਸੀ ਇਕਸੁਰਤਾ ਨਜ਼ਰ ਆਉਂਦੀ ਹੈ ਪਰ ਕਹਾਣੀ ਦਾ ਨਿਭਾਓ ਬੜਾ ਹੀ ਰੋਚਕ ਹੋਣ ਕਰਕੇ ਦੁਹਰਾਓ ਦਾ ਸ਼ਿਕਾਰ ਨਹੀਂ ਬਣਦੀਆਂ। ਕਹਾਣੀ ਵਿਚਲਾ ਨਾਟਕੀ ਦ੍ਰਿਸ਼ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਇਹ ਕਹਾਣੀਆਂ ਲੋਕਾਂ ਦੇ ਦੁੱਖ ਸੁੱਖ ਵਿਚੋਂ ਉਪਜਦੀਆਂ ਬੜੀ ਹੀ ਸਹਿਜਤਾ ਦੇ ਨਾਲ ਪੇਸ਼ ਆਉਂਦੀਆਂ ਹਨ। ਨਿਰੰਜਣ ਬੋਹਾ ਦੀ ਕਥਾਕਾਰੀ ਮਾਨਵੀ ਪਿਆਰ, ਮੁਹੱਬਤ ਤੇ ਸਾਂਝ ਨਾਲ ਲਬਰੇਜ਼ ਹੋ ਕੇ ਮਾਨਵਵਾਦ ਦਾ ਪੈਗਾਮ ਦਿੰਦੀ ਹੈ। ਸਰਲ ਭਾਸ਼ਾ ਵਿਚ ਲਿਖੀਆਂ ਹੋਈਆਂ ਇਹ ਕਹਾਣੀਆਂ ਪਰਿਵਾਰਕ ਅਤੇ ਸਮਾਜਿਕ ਜੀਵਨ ਦੇ ਕਈ ਅਲੁਕਵੇਂ ਪੱਖਾਂ ਨੂੰ ਖੋਲ੍ਹਦੀਆਂ ਹਨ ਜੋ ਏਸ ਪੁਸਤਕ ਦਾ ਹਾਸਲ ਹੈ।

ਕਹਾਣੀ

# ਨਾਬਰ

**ਮਨੁੱਖ ਆਪਣੀ ਹੋਂਦ ਲਈ ਨਿੱਤ ਦਿਨ ਅਨੇਕਾਂ ਲੜਾਈਆਂ ਵਿਚੋਂ ਲੰਘਦਾ ਹੈ। ਕਹਾਣੀਕਾਰ ਮਨਮੋਹਨ ਸਿੰਘ ਬਾਸਰਕੇ ਦੀ ਕਹਾਣੀ 'ਨਾਬਰ' ਇਨ੍ਹਾਂ ਨਿੱਕੀਆਂ-ਵੱਡੀਆਂ ਲੜਾਈਆਂ ਦੀ ਬਾਤ ਬਾਰੀਕੀ ਅਤੇ ਵਿਸਥਾਰ ਨਾਲ ਪਾਉਂਦੀ ਹੈ। ਇਨ੍ਹਾਂ ਲੜਾਈਆਂ ਵਿਚ ਮਨੁੱਖ ਦੀ ਹੋਣੀ ਅਤੇ ਬੇਵਸੀ ਦੇ ਰੰਗ ਵੀ ਬਰਾਬਰ ਘੁਲੇ ਹੋਏ ਪ੍ਰਤੀਤ ਹੁੰਦੇ ਹਨ।**

ਨੰਬਰਦਾਰ ਕਿਸ਼ਨ ਸਿੰਘ ਦੇ ਖੇਤ ਪਿੰਡ ਤੋਂ ਦੋ ਕਿਲੋਮੀਟਰ ਹਟਵੇਂ ਸਨ, ਜਿਸ ਕਾਰਨ ਪੱਠਾ ਦੱਥਾ ਲਿਆਉਣ ਅਤੇ ਰੋਟੀ ਖੇਤੀ ਲੈ ਕੇ ਜਾਣ ਸਮੇਂ ਬੜੀ ਔਖਿਆਈ ਮਹਿਸੂਸ ਹੁੰਦੀ ਸੀ। ਇਸ ਔਕੜ ਤੋਂ ਛੁਟਕਾਰਾ ਪਾਉਣ ਲਈ ਨੰਬਰਦਾਰ ਨੇ ਆਪਣਾ ਡੇਰਾ ਹੀ ਖੇਤਾਂ ਵਿਚ ਬਣਾ ਲਿਆ ਸੀ। ਡੇਰੇ ਸ਼ਾਨਦਾਰ ਕੋਠੀ ਸੀ। ਮੰਡੀ ਬੋਰਡ ਦਾ ਚੇਅਰਮੈਨ ਹਲਕੇ ਦਾ ਐਮ ਐਲ ਏ ਹੋਣ ਕਰਕੇ ਹੋਰਨਾਂ ਪਿੰਡਾਂ ਦੀਆਂ ਭਾਵੇਂ ਸੜਕਾਂ ਨਾ ਮੁਰੰਮਤ ਹੋਈਆਂ ਹੋਣ ਪਰ ਉਸ ਨੇ ਆਪਣੇ ਹਲਕੇ ਦੇ ਪਿੰਡਾਂ ਦੇ ਡੇਰਿਆਂ ਨੂੰ ਵੀ ਪੱਕੀਆਂ ਸੜਕਾਂ ਬਣਾ ਦਿੱਤੀਆਂ ਸਨ। ਨੰਬਰਦਾਰ ਦੇ ਡੇਰੇ ਨੂੰ ਜਾਂਦੀ ਸੜਕ 'ਤੇ ਇਕ ਬੋਰਡ ਲੱਗਾ ਸੀ, ਜਿਸ 'ਤੇ ਲਿਖਿਆ ਸੀ, 'ਪਹੁੰਚ ਮਾਰਗ ਡੇਰਾ ਨੰਬਰਦਾਰ ਕਿਸ਼ਨ ਸਿੰਘ ਲੰਬਾਈ 1.90 ਕਿਲੋਮੀਟਰ'। ਖੇਤਾਂ ਵਿਚ ਕੋਠੀ ਪਾਉਣ ਨਾਲ ਸਭ ਤੋਂ ਵੱਧ ਫਾਇਦਾ ਨੰਬਰਦਾਰ ਦੇ ਸੀਰੀ ਸੱਤੇ ਨੂੰ ਹੋਇਆ ਸੀ। ਭਾਵੇਂ ਸੱਤਾ ਪੱਠਾ ਦੱਥਾ ਰੇੜ੍ਹੀ ਅੱਗੇ ਬਲਦ ਜੋੜ ਕੇ ਲਿਆਉਂਦਾ ਸੀ ਪਰ ਉਸ ਦਾ ਦੋ ਕਿਲੋਮੀਟਰ ਦਾ ਪੈਂਡਾ ਮੁੱਕਣ ਕਰਕੇ



**ਮਨਮੋਹਨ ਸਿੰਘ ਬਾਸਰਕੇ**
**ਫੋਨ: 99147-16616**

ਸਮੇਂ ਦੀ ਬਚਤ ਹੋ ਜਾਂਦੀ ਸੀ ਜਾਂ ਫਿਰ ਇਸਦਾ ਫਾਇਦਾ ਨੰਬਰਦਾਰ ਦੀ ਨੂੰਹ ਨੂੰ ਹੋਇਆ ਸੀ, ਕਿਉਂਕਿ ਜਿਉਂਦੇ ਜੀਅ ਤਾਂ ਰੋਟੀ ਖੇਤੀ ਉਸ ਦੀ ਸੱਸ ਬੰਸੋ ਹੀ ਲੈ ਕੇ ਜਾਂਦੀ ਸੀ ਪਰ ਸੱਸ ਪੂਰੀ ਹੋਣ 'ਤੇ ਇਹ ਜ਼ਿੰਮੇਵਾਰੀ ਵੀ ਇਸ ਦੇ ਸਿਰ ਆਣ ਪਈ ਸੀ। ਗਰਮੀਆਂ ਵਿਚ ਖੇਤੀ ਰੋਟੀ ਲੈਣ ਕੇ ਜਾਣੀ ਕਿਹੜੀ ਸੌਖੀ ਸੀ। ਮੁੜ੍ਹਕੇ ਨਾਲ ਗਲ ਪਈ ਕਮੀਜ਼ ਗੜੁੱਚ ਹੋ ਜਾਂਦੀ ਸੀ, ਕਈ ਵਾਰ ਤਾਂ ਕਮੀਜ਼ ਸਰੀਰ ਨਾਲ ਚਿਪਕ ਹੀ ਜਾਂਦੀ। ਡੇਰੇ 'ਤੇ ਰਿਹਾਇਸ਼ ਹੋਣ ਕਾਰਨ ਉਹ ਆਪਣੇ ਆਪ ਨੂੰ ਹੌਲਾ ਹੌਲਾ ਮਹਿਸੂਸ ਕਰਨ ਲੱਗ ਪਈ ਸੀ।

ਸੱਤੇ ਨੇ ਪਹਿਲਾਂ ਚਰੀ ਦੀਆਂ ਦੋ ਪੰਡਾਂ ਵੱਢ ਕੇ, ਰੇੜ੍ਹੀ 'ਤੇ ਲੱਦੀਆਂ ਤੇ ਫਿਰ ਟੋਕੇ 'ਤੇ ਲਿਆ ਸੁੱਟੀਆਂ। ਉਸ ਨੇ ਇੰਜਣ ਚਾਲੂ ਕੀਤਾ ਤੇ ਚਰੀ ਕੁਤਰ ਦਿੱਤੀ। ਉਨ੍ਹ ਚਾਰ ਮੱਝਾਂ, ਇਕ ਗਾਂ, ਬਲਦ ਅਤੇ ਪੰਜ ਚਾਰ ਕੱਟੜੀਆਂ ਵੱਛੜੀਆਂ ਨੂੰ ਪੱਠੇ ਪਾਏ ਤੇ ਮੱਝਾਂ ਚੋਣ ਲੱਗ ਪਿਆ। ਅੱਜ ਉਸ ਦਾ ਹੱਥ ਕੁਝ ਛੋਹਲਾ ਵਗ ਰਿਹਾ ਸੀ। ਪਰ ਫਿਰ ਵੀ ਇਹ ਕੰਮ ਕਰਦਿਆਂ ਖਾਓ-ਪੀਆ ਹੋ ਗਿਆ ਸੀ। ਨੰਬਰਦਾਰ ਦਾ ਵੀ ਪੈੱਗ ਲਾਉਣ ਦਾ ਸਮਾਂ ਹੋ ਗਿਆ, ਇਸ ਲਈ ਆਨੀਂ-ਬਹਾਨੀਂ ਸੱਤਾ ਨੰਬਰਦਾਰ ਦੁਆਲੇ ਚੱਕਰ ਕੱਟਣ ਲੱਗਾ। ਉਸ ਦਾ ਪਹਿਲਾਂ ਵੀ ਜਦੋਂ ਪੈੱਗ ਲਾਉਣ ਨੂੰ ਚਿੱਤ ਕਰਦਾ, ਇਸੇ ਤਰ੍ਹਾਂ ਹੀ ਨੰਬਰਦਾਰ ਦੇ ਦੁਆਲੇ ਫਿਰਦਾ ਸੀ। ਇਹ ਗੱਲ ਨੰਬਰਦਾਰ 'ਤੇ ਨਿਰਭਰ ਹੁੰਦੀ ਕਿ ਇਸ ਨੂੰ ਪੈੱਗ ਲਗਵਾਉਣਾ ਹੈ ਕਿ ਨਹੀਂ। ਸ਼ਰਾਬ ਕੱਢਦਾ ਤਾਂ ਭਾਵੇਂ ਸੱਤਾ ਹੀ ਸੀ ਅਤੇ ਜਿਸ ਦਿਨ ਨਿਕਲਦੀ ਉਹ ਆਪਣੀ ਮਰਜ਼ੀ ਨਾਲ ਪੀ ਲੈਂਦਾ ਪਰ ਉਸ ਤੋਂ ਬਾਅਦ ਨੰਬਰਦਾਰ ਦੀ ਮਰਜ਼ੀ 'ਤੇ ਨਿਰਭਰ ਹੁੰਦਾ ਕਿ ਸੱਤੇ ਨੂੰ ਪੈੱਗ ਦੇਣਾ ਹੈ ਜਾਂ ਨਹੀਂ। ਜੇਕਰ ਨੰਬਰਦਾਰ ਦਾ ਮੂਡ ਖੁਸ਼ ਹੁੰਦਾ ਤਾਂ ਉਹ ਆਪ ਹੀ ਕਹਿ ਦੇਂਦਾ, "ਸੱਤਿਆ ਫੜ ਲਿਆ ਆਪਣਾ ਗਿਲਾਸ।" ਤੇ ਜੇਕਰ ਮਰਜ਼ੀ ਨਾ ਹੁੰਦੀ ਤਾਂ ਉਹ ਝਿੜਕ ਦੇਂਦਾ, "ਮੇਰੇ ਦੁਆਲੇ ਹੀ ਫੂੰਮ੍ਹਣੀਆ ਜੇਹੀਆਂ ਪਾਈ ਜਾਵੇਂਗਾ ਕਿ ਕੋਈ ਕੰਮ ਵੀ ਕਰੇਂਗਾ, ਜਾ ਕੇ ਕੰਮ ਕਰ'। ਤੇ ਉਹ ਨਾਲ ਹੀ ਕੋਈ ਕੰਮ ਦੱਸ ਦੇਂਦਾ ਤੇ ਸੱਤਾ ਪੈਰ ਘੜੀਸਦਾ ਉਧਰ ਨੂੰ ਤੁਰ ਪੈਂਦਾ। ਪਰ ਅੱਜ ਸੱਤੇ ਦਾ ਮੂਡ ਬੜਾ ਖਰਾਬ ਸੀ। ਜੀਵਨ ਸਾਥੀ ਦਾ ਦੁੱਖ ਜਰਨਾ ਬੜਾ ਔਖਾ ਹੁੰਦਾ ਹੈ। ਨੰਬਰਦਾਰ ਬੋਤਲ ਲੈ ਕੇ ਬੈਠ ਗਿਆ ਸੀ। ਸੱਤੇ ਨੇ ਟੋਕੇ ਲਾਗਿਓਂ ਆਪਣਾ ਗਿਲਾਸ ਤੇ ਕੌਲੀ ਚੁੱਕੀ ਤੇ ਨੰਬਰਦਾਰ ਕੋਲ ਉਸਦੀ ਪੈਂਦੀਂ ਭੁੰਜੇ ਬੈਠ ਕੇ ਆਪਣਾ ਗਿਲਾਸ ਨੰਬਰਦਾਰ ਅੱਗੇ ਕਰ ਦਿੱਤਾ। ਨੰਬਰਦਾਰ ਨੇ ਕੈਰੀ ਜਿਹੀ ਅੱਖ ਨਾਲ ਉਸ ਵੱਲ ਵੇਖਿਆ ਅਤੇ ਬੜੀ ਔਖਿਆਈ ਜਿਹੀ ਨਾਲ ਉਸਦਾ ਸਟੀਲ ਦਾ ਗਿਲਾਸ ਅੱਧਾ ਕਰ ਦਿੱਤਾ। ਨੰਬਰਦਾਰ ਨੇ ਨੂੰਹ ਨੂੰ ਅਵਾਜ਼ ਦੇ ਕੇ ਸੱਤੇ ਲਈ ਸਲੂਣਾ ਲਿਆਉਣ ਲਈ ਕਿਹਾ। ਨੰਬਰਦਾਰ ਦਾ ਪਰਿਵਾਰ ਭਾਵੇਂ ਸਬਜੀ ਸ਼ਬਦ ਦੀ ਵਰਤੋਂ ਕਰਦਾ ਪਰ ਕਈ ਵਾਰ ਉਹ ਸੱਤੇ ਦਾ ਮਖੌਲ ਉਡਾਉਣ ਲਈ ਜਾਣ ਬੁੱਝ ਕੇ ਸਬਜ਼ੀ ਦੀ ਥਾਂ ਸਲੂਣਾ ਸ਼ਬਦ ਦੀ ਵਰਤੋਂ ਕਰਦੇ। ਉਹ ਪੈਰਾਂ ਭਾਰ ਬੈਠਾ ਘੁੱਟ ਘੁੱਟ ਕਰ ਕੇ ਪੀਂਦਾ ਰਿਹਾ। ਉਹਦੇ ਅੰਦਰ ਇਕ ਘੋਲ ਚੱਲ ਰਿਹਾ ਸੀ। ਉਹ ਆਪਣਾ ਦਰਦ ਬਿਆਨਣਾ ਵੀ ਚਹੁੰਦਾ ਸੀ ਪਰ ਹਿੰਮਤ ਵੀ ਨਹੀਂ ਪੈਂਦੀ ਸੀ। ਉਸ ਨੇ ਗਿਲਾਸ ਵਿਚ ਬਚੀ ਇਕੋ ਵਾਰ ਪੀ ਲਈ ਅਤੇ ਮੋਢੇ 'ਤੇ ਰੱਖੇ ਪਰਨੇ ਨਾਲ ਮੂੰਹ ਪੂੰਝ ਕੇ ਸਲੂਣੇ ਦਾ ਚਮਚਾ ਮੂੰਹ ਵਿਚ ਪਾਇਆ ਤੇ ਗਿਲਾਸ ਮੁੜ ਨੰਬਰਦਾਰ ਅੱਗੇ ਕਰ ਦਿੱਤਾ। ਨੰਬਰਦਾਰ ਵੀ ਹੈਰਾਨ ਜਿਹਾ ਹੋ ਗਿਆ ਕਿਉਂਕਿ ਸੱਤੇ ਨੇ ਕਦੀ ਦੂਸਰੇ ਪੈੱਗ ਦੀ ਮੰਗ ਨਹੀਂ ਕੀਤੀ ਸੀ ਪਰ ਉਹ ਚੁੱਪ ਰਿਹਾ ਅਤੇ ਗਿਲਾਸ ਦੇ ਚੌਥੇ ਕੁ ਹਿੱਸੇ ਦਾ ਪੈੱਗ ਹੋਰ ਪਾ ਦਿੱਤਾ। ਸੱਤੇ ਪਾਣੀ ਪਾਇਆ ਤੇ ਇਕੋ ਵਾਰੀ ਪੂਰਾ ਪੈੱਗ ਪੀ ਗਿਆ। ਨੰਬਰਦਾਰ ਦੇ ਇਸ਼ਾਰੇ 'ਤੇ ਨੂੰਹ ਨੇ ਚਾਰ ਫੁਲਕੇ ਅਤੇ ਉਹਦੀ ਕੌਲੀ ਵਿਚ ਸਬਜ਼ੀ ਹੋਰ ਪਾ ਦਿੱਤੀ। ਸੱਤੇ ਰੋਟੀ ਤਾਂ ਨਾ ਖਾਦੀ ਪਰ ਉਹ ਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਹੰਝੂ ਕਿਰਨ ਲੱਗ ਪਏ।

'ਓਏ ਸੱਤਿਆ ਕੀ ਹੋ ਗਿਆ ਤੈਨੂੰ ਸਹੁਰੀ ਦਿਆ, ਤੂੰ ਤੇ ਰੋਣਾ ਸ਼ੁਰੂ ਕਰਤਾ। ਤੈਨੂੰ ਜਾਪਦਾ ਨਸ਼ੇ ਨੇ ਢਾਹ ਲਿਆ। ਜ਼ਿਆਦਾ ਹੋ ਗਈ ਤੈਨੂੰ। ਕਮਲਿਆ ਰੋਣਾ ਕਿਸੇ ਮਸਲੇ ਦਾ ਹੱਲ ਨਹੀਂ। ਤੂੰ ਗੱਲ ਦੱਸ ਕੀ ਆ? ਉਹ ਪਲ ਕੁ ਚੁੱਪ ਰਿਹਾ ਤੇ ਫਿਰ ਬੋਲਿਆ, 'ਉਏ ਸ਼ਿੰਦ ਨੇ ਤਾਂ ਨਹੀਂ ਕੁਝ ਕਹਿਤਾ?' ਨੰਬਰਦਾਰ ਨੇ ਆਪ ਤੇ ਕਦੀ ਸੱਤੇ ਨਾਲ ਮਾੜੀ ਚੰਗੀ ਨਹੀਂ ਸੀ ਕੀਤੀ, ਉਹ ਸੱਤੇ ਦੇ ਪਿਓ ਦਾ ਅਹਿਸਾਨ ਮੰਨਦਾ ਸੀ ਪਰ ਉਸਦਾ ਮੁੰਡਾ ਸ਼ਿੰਦ ਕਈ ਵਾਰ ਨਿੱਕੀ ਜਿਹੀ ਗੱਲ ਤੋਂ ਸੱਤੇ ਨੂੰ ਗਾਲ੍ਹ ਮੰਦਾ ਕਰਨ ਲੱਗ ਪੈਂਦਾ ਸੀ। ਜਾਤੀ ਸੂਚਕ ਸ਼ਬਦ ਸੱਤੇ ਲਈ ਦਿਹਾੜੀ ਵਿਚ ਇਕ-ਦੋ ਵਾਰ ਵਰਤਣੇ ਆਮ ਜਿਹੀ ਗੱਲ ਸੀ। ਕਈ ਵਾਰ ਸ਼ਿੰਦ ਦੀ ਘਰਦੀ ਜਾਤੀ ਸੂਚਕ ਸ਼ਬਦ ਬੋਲਣ ਤੋਂ ਗੁਰੇਜ਼ ਕਰਨ ਲਈ ਵੀ ਆਖਦੀ ਕਹਿੰਦੀ, 'ਸਰਦਾਰ ਜੀ, ਹੁਣ ਸਮਾਂ ਬਦਲ ਗਿਆ, ਲੋਕ ਜਾਗ੍ਰਿਤ ਹੋ ਗਏ। ਸਾਡੇ ਪਿੰਡ ਏਹੀ ਸ਼ਬਦ ਵਰਤਣ 'ਤੇ ਪੁਲਿਸ ਕੇਸ ਬਣ ਗਿਆ ਸੀ। ਫਿਰ ਬੜੇ ਤਰਲੇ ਮਿੰਨਤਾਂ ਨਾਲ ਕੇਸ ਵਾਪਸ ਹੋਇਆ ਸੀ'। ਪਰ ਉਹ ਕਹਿੰਦਾ, 'ਚੰਦ ਕੁਰੇ ਤੈਨੂੰ ਨਹੀਂ ਪਤਾ ਇਸ ਮੰਗ ਖਾਣੀ ਜਾਤ ਦਾ, ਇਹ ਇਸੇ ਤਰ੍ਹਾਂ ਸੂਤਰ ਰਹਿੰਦੇ।' ਨਾਂ ਤਾਂ ਭਾਵੇਂ ਸ਼ਿੰਦ ਦੀ ਘਰਦੀ ਦਾ ਗੁਰਿੰਦਰ ਜੀਤ ਕੌਰ ਸੀ, ਪਰਿਵਾਰ ਵਾਲੇ ਗੁਰਿੰਦਰ ਹੀ ਕਹਿੰਦੇ। ਜਦ ਕਦੀ ਸ਼ਿੰਦ ਰੁਮਾਂਟਿਕ ਮੂਡ ਵਿਚ ਹੁੰਦਾ ਤਾਂ ਉਹ ਗੁਰਿੰਦਰ ਨੂੰ ਚੰਦ ਕੁਰ ਕਹਿ ਕੇ ਸਬੋਧਨ ਕਰਦਾ। ਸੱਤਾ ਤਾਂ ਇਹ ਸ਼ਬਦ ਸੁਣਨ ਦਾ ਹੁਣ ਆਦੀ ਹੋ ਗਿਆ ਸੀ ਅਤੇ ਹੁਣ ਇਹ ਸ਼ਬਦ ਉਸਨੂੰ ਚੋਬਵੇਂ ਵੀ ਨਹੀਂ ਸੀ ਲੱਗਦੇ। ਜਿਵੇਂ ਇਹ ਇਨ੍ਹਾਂ ਦੀ ਹੋਣੀ ਹੋਵੇ ਅਤੇ ਇਸ ਨੇ ਇਹ ਸ਼ਬਦ ਸੁਣਨ ਲਈ ਜਿਵੇਂ ਆਪਣੇ ਆਪ ਨਾਲ ਸਮਝੌਤਾ ਕਰ ਲਿਆ ਹੋਵੇ।

'ਨਹੀਂ ਚਾਚਾ ਛੋਟੇ ਸਰਦਾਰ ਨੇ ਕੁਝ ਨਹੀਂ ਕਿਆ।' ਉਹ ਨੰਬਰਦਾਰ ਤੋਂ ਚਾਚਾ ਸ਼ਬਦ 'ਤੇ ਆ ਗਿਆ ਸੀ। ਜਦੋਂ ਉਹਦਾ ਪਿਉ ਨੰਬਰਦਾਰ ਨਾਲ ਸੀਰੀ ਸੀ ਤਾਂ ਕਦੀ ਵੀ ਨੰਬਰਦਾਰ ਨੇ ਉਹਦੇ ਬਾਪ ਨੂੰ ਨਾਂ ਲੈ ਕੇ ਨਹੀਂ ਸੀ ਬੁਲਾਇਆ ਸਗੋਂ ਭਾਊ ਕਹਿ ਕੇ ਸਬੋਧਨ ਕਰਦਾ ਸੀ, ਜਿਸ ਕਰਕੇ ਛੋਟੇ ਹੁੰਦਿਆਂ ਬਾਪ ਨਾਲ ਜਦ ਕਈ ਵਾਰ ਨੰਬਰਦਾਰ ਦੇ ਘਰ ਆਉਂਦਾ ਤਾਂ ਉਹ ਨੰਬਰਦਾਰ ਨੂੰ ਚਾਚਾ ਕਹਿ ਕੇ ਸੰਬੋਧਨ ਕਰਦਾ। ਨੰਬਰਦਾਰ ਵੀ ਉਸਨੂੰ ਤੱਤਾ ਤੱਤਾ ਕੜਾਹੇ ਦਾ ਗੁੜ ਜਾਂ ਗੰਨੇ ਦੇ ਕੇ ਭੇਜਦਾ। ਕਈ ਵਾਰ ਉਹ ਇਹ ਵੀ ਕਹਿ ਦੇਂਦਾ, ਮਾਂ ਆਪਣੀ ਨੂੰ ਆਖੀਂ ਮੂਲੀਆਂ ਸਾਗ ਲੈ ਜੇ, ਬਥੇਰੇ ਨੇ ਮੂਲੀਆਂ ਗੋਂਗਲੂ ਤੇ ਸਾਗ। ਪਰ ਜਦੋਂ ਦਾ ਸੱਤਾ ਨੰਬਰਦਾਰ ਨਾਲ ਸੀਰੀ ਰਲਿਆ ਸੀ, ਉਸ ਚਾਚੇ ਦੀ ਥਾਂ ਨੰਬਰਦਾਰ ਕਹਿ ਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ਸੀ।

'ਕੰਜਰਾਂ ਕੁਝ ਮੂੰਹੋਂ ਵੀ ਫੁੱਟ, ਇਵੇਂ ਰੋਈ ਜਾਂਦਾ ਜਿਵੇਂ ਮਾਂ ਦੱਬ ਕੇ ਆਇਆ ਹੋਵੇ।' ਸੱਤਾ ਮੋਟੇ ਮੋਟੇ ਅੱਥਰੂ ਕੇਰਦਾ ਨੰਬਰਦਾਰ ਦੇ ਪੈਰਾਂ 'ਤੇ ਨਿਉਂ ਗਿਆ।' ਸਰਦਾਰਾ ਟੀਨੂੰ ਦੀ ਮਾਂ ਨੂੰ ਬਚਾ ਲੈ, ਮੇਰਾ ਘਰ ਉਜੜ ਜਾਣਾ ਈ।'

'ਕੀ ਹੋਇਆ ਟੀਨੂੰ ਦੀ ਮਾਂ ਨੂੰ?'

'ਡਾਕਟਰਾਂ ਲੱਖ ਰੁਪਈਆ ਮੰਗਿਆ। ਕਿਹਦੀ ਮਾਂ ਨੂੰ ਮਾਸੀ ਆਖਾਂ। ਕੁਝ ਨਹੀਂ ਔੜ੍ਹਦਾ।' ਉਹ ਪਲ ਕੁ ਚੁੱਪ ਰਿਹਾ ਤੇ ਫਿਰ ਬੋਲਿਆ, 'ਸਰਦਾਰਾ ਤੂੰ ਹੀ ਮੇਰੀ ਬਾਂਹ ਫੜ ਸਕਦੈਂ।' ਇਹ ਸੁਣ ਨੰਬਰਦਾਰ ਚੁੱਪ ਜਿਹਾ ਹੋ ਗਿਆ। ਉਹ ਪਲ ਕੁ ਚੁੱਪ ਰਿਹਾ ਤੇ ਫਿਰ ਬੋਲਿਆ, 'ਚੱਲ ਚੁੱਪ ਕਰ, ਰੋਟੀ ਖਾਹ ਤੇ ਘਰ ਚੱਲ। ਤੇਰੇ ਬਾਰੇ ਵੀ ਕੁਝ ਸੋਚਾਂਗੇ।' ਨੰਬਰਦਾਰ ਨੇ ਝੂਠਾ ਜਿਹਾ ਦਿਲਾਸਾ ਦਿੱਤਾ। ਇਹ ਸੁਣ ਸ਼ਿੰਦ ਵੀ ਅੰਦਰੋਂ ਬਾਹਰ ਨਿਕਲ ਆਇਆ। ਉਨ੍ਹ ਸੱਤੇ ਦੀ ਹਾਲਤ ਵੇਖ ਸੋਚਿਆ



ਕਿਤੇ ਇੱਥੇ ਹੀ ਨਾ ਟੇਡਾ ਹੋ ਜੇ। ਉਹਨੇ ਸੱਤੇ ਅੱਗੇ ਪਈ ਰੋਟੀ ਵੇਖ ਸੱਤੇ ਨੂੰ ਪੁੱਛਿਆ 'ਸੱਤਿਆ ਰੋਟੀ ਖਾਣੀ ਕਿ ਨਹੀਂ।' ਸੱਤੇ ਨਾਂਹ ਵਿਚ ਸਿਰ ਹਿਲਾਇਆ। ਨੰਬਰਦਾਰ ਦੇ ਇਸ਼ਾਰਾ ਕਰਨ 'ਤੇ ਸ਼ਿੰਦ ਨੇ ਮੋਟਰਸਾਈਕਲ ਬਾਹਰ ਕੱਢ ਲਿਆ।' ਚਲ ਉੱਠ ਤੈਨੂੰ ਘਰ ਛੱਡ ਆਵਾਂ, ਉਹਨੇ ਸੱਤੇ ਨੂੰ ਬਾਹੋਂ ਫੜ ਉਠਾਲਿਆ, ਚੱਲ ਮੇਰਾ ਬੀਬਾ ਵੀਰ।

*******

ਸਵੇਰੇ ਭਾਵੇਂ ਸੱਤੇ ਤੋਂ ਰਾਤੀਂ ਜ਼ਿਆਦਾ ਨਸ਼ੇ ਕਰਕੇ ਉਠਿਆ ਨਹੀਂ ਸੀ ਜਾਂਦਾ ਪਰ ਸ਼ਿੰਦ ਤੋਂ ਪੈਣ ਵਾਲੀਆਂ ਗਾਲ੍ਹਾਂ ਨੇ ਚੌਕਸ ਕਰ ਦਿੱਤਾ ਸੀ। ਰਾਤ ਤੇ ਭਾਵੇਂ ਸੱਤਾ ਨਸ਼ੇ ਕਰ ਕੇ ਸੁੱਤਾ ਰਿਹਾ ਸੀ ਪਰ ਜਦੋਂ ਅੱਧੀ ਰਾਤ ਨੂੰ ਨਸ਼ਾ ਲੱਥਣ 'ਤੇ ਜਾਗ ਆਈ ਤਾਂ ਉਸ ਨੂੰ ਧੰਨੋ ਦੇ ਇਲਾਜ ਲਈ ਚਾਹੀਦੇ ਪੈਸਿਆਂ ਦੀ ਚਿੰਤਾ ਨੇ ਮੁੜ ਆਣ ਘੇਰਿਆ। ਭਾਵੇਂ ਨਸ਼ੇ ਦੀ ਭੰਨ-ਤੋੜ ਨੇ ਉਹਦਾ ਸਰੀਰ ਦੁਖੂ ਦੁਖੂ ਕਰਨ ਲਗਾ ਦਿੱਤਾ ਸੀ ਅਤੇ ਨਸ਼ੇ ਦੇ ਉਤਰਣ 'ਤੇ ਸਿਰ ਦਰਦ ਵੀ ਹੋਣ ਲੱਗ ਪਿਆ ਸੀ। ਪਹਿਲਾਂ ਤਾਂ ਉਹ ਨਸ਼ੇ ਦੀ ਵਾਧ ਘਾਟ ਹੋਣ 'ਤੇ ਬੀਕਾਸੂਲ ਦਾ ਕੈਪਸੂਲ ਲੈ ਲੈਂਦਾ ਸੀ ਪਰ ਅੱਜ ਤਾਂ ਇਕੋ ਇਕ ਆਸ ਸੀ ਕਿ ਉਹ ਨੰਬਰਦਾਰ ਵੱਲ ਜਾ ਕੇ ਪੈੱਗ ਲੈ ਤੋਟ ਭੰਨੇਗਾ। ਇਸੇ ਕਰਕੇ ਉਹ ਰਵਾ ਰਵੀ ਨੰਬਰਦਾਰ ਦੇ ਘਰ ਪਹੁੰਚ ਗਿਆ।

ਕਈ ਵਾਰ ਤਾਂ ਸੱਤਾ ਬੜੇ ਹੰਮੇ ਦਾਅਵੇ ਨਾਲ ਆਪਣੇ ਘਰ ਵਾਂਗ ਕਿਸੇ ਵੀ ਚੀਜ਼ ਦੀ ਮੰਗ ਇਸ ਘਰੋਂ ਕਰ ਲੈਂਦਾ ਸੀ। ਪੱਠੇ ਤਾਂ ਭਾਵੇਂ ਉਹ ਰਾਤ ਹੀ ਦੋ ਪੰਡਾਂ ਰੇੜ੍ਹੀ 'ਤੇ ਲੱਦ ਲਿਆਇਆ ਸੀ। ਉਨ੍ਹੇ ਇੰਜਣ ਚਾਲੂ ਕਰ ਕੇ ਪੱਠੇ ਕੁਤਰੇ ਤੇ ਡੰਗਰਾਂ ਨੂੰ ਪਾ ਚੌਂਤਰੇ ਦੇ ਨੇੜੇ ਹੋਇਆ।' ਬੀਬੀ ਜੀ! ਸਿਰ ਦੁਖ ਰਿਹਾ, ਕਰੜੀ ਜੇਹੀ ਚਾਹ ਬਣਾਇਓ।' ਉਹ ਨਿਤਾਣਾ ਜਿਹਾ ਬਣਿਆ ਖੜ੍ਹਾ ਸੀ।

'ਰਾਤੀਂ ਥੋੜ੍ਹੀ ਨਹੀਂ ਸੀ ਡੱਫੀ ਦੀ', ਸਰਦਾਰਨੀ ਨੇ ਮਿੱਠਾ ਜਿਹਾ ਝਿੜਕਿਆ। ਉਹਨੇ ਕੋਈ ਜਵਾਬ ਨਹੀਂ ਦਿੱਤਾ ਸਗੋਂ ਅੱਖਾਂ ਨੀਵੀਆਂ ਪਾ ਲਈਆਂ। ਜਦ ਉਸ ਚਾਹ ਪਵਾਉਣ ਲਈ ਆਪਣੇ ਭਾਂਡਿਆਂ ਵੱਲ ਵੇਖਿਆ ਤਾਂ ਉਸਨੂੰ ਆਪਣੇ ਆਪ ਤੋਂ ਕਚਿਆਣ ਜੇਹੀ ਆਈ, ਰਾਤੀਂ ਉਹ ਆਪਣੇ ਭਾਂਡੇ ਵੀ ਸਾਫ਼ ਕਰ ਕੇ ਨਹੀਂ ਸੀ ਗਿਆ। ਉਹਨੇ ਪਹਿਲਾਂ ਆਪਣੇ ਭਾਂਡੇ ਸਾਫ ਕੀਤੇ ਤੇ ਫਿਰ ਚਾਹ ਪੁਆ ਕੇ ਟੋਕੇ ਕੋਲ ਆ ਚਾਹ ਪੀਣ ਲੱਗਾ। ਉਹ ਚਾਹ ਪੀ ਕੇ ਹਟਿਆ ਤਾਂ ਨੰਬਰਦਾਰ ਨੇ ਅੱਧੀ ਗਿਲਾਸੀ ਸ਼ਰਾਬ ਦੀ ਲਿਆ ਕੇ ਉਹਦੇ ਗਿਲਾਸ ਵਿਚ ਉਲਧ ਦਿੱਤੀ। ਨੰਬਰਦਾਰ ਜਾਣਦਾ ਸੀ ਕਿ ਇਸ ਹਾਲਤ ਵਿਚ ਇਸ ਤੋਂ ਕੰਮ ਨਹੀਂ ਹੋਣਾ। ਅਸਲ ਵਿਚ ਸੱਤੇ ਨੇ ਨੰਬਰਦਾਰ ਨੂੰ ਸੁਣਾ ਕੇ ਹੀ ਸਰਦਾਰਨੀ ਨੂੰ ਚਾਹ ਲਈ ਆਖਿਆ ਸੀ ਤੇ ਨੰਬਰਦਾਰ ਉਸ ਦਾ ਇਸ਼ਾਰਾ ਸਮਝ ਗਿਆ ਸੀ।

ਪਹਿਲਾਂ ਸੱਤੇ ਦਾ ਬਾਪ ਨਾਜ਼ਰ, ਨੰਬਰਦਾਰ ਨਾਲ ਸੀਰੀ ਪੁਣਾ ਕਰਦਾ ਸੀ ਪਰ ਨਾਜ਼ਰ ਵਲੋਂ ਕੈਦ ਕੱਟ ਕੇ ਘਰ ਆਉਣ 'ਤੇ ਤਪਦਿਕ ਨਾਲ ਮੌਤ ਹੋਣ 'ਤੇ ਨਾਜ਼ਰ ਵਲੋਂ ਲਈ ਪੇਸ਼ਗੀ ਰਕਮ ਦੀ ਪੂਰਤੀ ਲਈ ਸੱਤੇ ਨੂੰ ਸੀਰੀ ਉਸ ਦੀ ਮਾਂ ਨੇ ਰਖਵਾ ਦਿੱਤਾ ਸੀ। ਵੱਡਾ ਤਾਂ ਭਾਵੇਂ ਸੁੱਚਾ ਸੀ ਪਰ ਸਰਕਾਰੀ ਮਹਿਕਮੇ ਵਿਚ ਦਿਹਾੜੀਦਾਰ ਨੌਕਰ ਸੀ, ਜਿਸ ਕਾਰਨ ਉਸ ਨੰਬਰਦਾਰ ਨਾਲ ਸੀਰੀ ਪੁਣਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਇਸ ਕਰਕੇ ਮਾਂ ਨੇ ਸੱਤੇ ਨੂੰ ਸਕੂਲੋਂ ਉਠਾ ਕੇ ਪੇਟ ਨੂੰ ਝੁਲਸਾ ਦੇਣ ਲਈ ਨੰਬਰਦਾਰ ਨਾਲ ਤੋਰ ਦਿੱਤਾ ਸੀ ਤੇ ਫਿਰ ਉਹ ਖਰਾਸੇ ਜੁੱਪੇ ਬਲਦ ਵਾਂਗ ਰਵਾਂ ਹੋ ਗਿਆ।

ਜਦੋਂ ਸੱਤੇ ਨੂੰ ਸਰੂਰ ਜਿਹਾ ਆਇਆ ਤਾਂ ਉਹ ਮੁੜ ਨੰਬਰਦਾਰ ਦੀ ਪੈਂਦੀਂ ਆ ਖਲੋਅ ਗਿਆ। 'ਨੰਬਰਦਾਰ ਜੀ ਤੁਸੀਂ ਮੇਰੇ ਮਾਈ ਬਾਪ ਹੋ, ਮੇਰੀ ਡੋਰ ਤਾਂ ਤੁਹਾਡੇ ਹੱਥ ਏ। ਜੇ ਮੈਂ ਟੀਨੂੰ ਦੀ ਮਾਂ ਦਾ ਇਲਾਜ ਨਾ ਕਰਵਾ ਸਕਿਆ ਤਾਂ ਟੀਨੂੰ ,ਮਾਂ ਮਹਿੱਟਰ ਹੋਜੂ ਤੇ ਮੈਂ ਆਪਣੇ ਆਪ ਨੂੰ ਸਾਰੀ ਉਮਰ ਮਾਫ ਨਹੀਂ ਕਰ ਸਕੂੰਗਾ। ਮੈਂ ਰਾਤੀਂ ਵੀ ਬੇਨਤੀ ਕੀਤੀ ਸੀ, ਮੇਰੀ ਮਦਦ ਕਰੋ। ਨੰਬਰਦਾਰ ਜੀ ਸਵਾਲ ਇਕ ਲੱਖ ਦਾ ਏ, ਮੈਂ ਮੋੜ ਦਾਂਗਾ।' ਨਾਲ ਹੀ ਉਸਦੇ ਹੱਥ ਜੁੜ ਗਏ। ਨੰਬਰਦਾਰ ਅਜੇ ਚੁੱਪ ਸੀ, ਸ਼ਿੰਦ ਬਾਹਰੋਂ ਆ ਗਿਆ, ਜਿਨ੍ਹੇ ਸੱਤੇ ਦੀ ਗੱਲ ਸੁਣ ਲਈ ਸੀ।

'ਲੱਖ ਮੰਗ ਕੇ ਗੱਲ ਤਾਂ ਤੂੰ ਇਵੇਂ ਕੀਤੀ ਜਿਵੇਂ ਜੱਟ ਆੜ੍ਹਤੀ ਤੋਂ ਫਸਲ ਸੁੱਟ ਕੇ ਹਿਸਾਬ ਸਾਫ ਕਰਦੂੰ ਕਹਿੰਦਾ ਹੈ। ਪਤੰਦਰਾ ਲੱਖ ਫਿਰ ਮੋੜਨਾ ਕਿਵੇਂ? ਇਹ ਵੀ ਸੋਚ।'

'ਸਰਦਾਰਾ ਕਿੱਥੇ ਜਾਵਾਂ, ਕੰਮ ਤੁਹਾਡੇ ਕਰਦਾਂ ਗਰਜ਼ ਵੀ ਤੁਸੀਂ ਪੂਰੀ ਕਰੋਗੇ।'

'ਜਾ ਜਾ ! ਬਹੁਤੀਆਂ ਗੱਲਾਂ ਨਾ ਬਣਾ, ਮੈਂ ਬੰਬੀ ਛੱਡ ਦੇਂਦਾ, ਜਾ ਕੇ ਪਾਣੀ ਦੇ ਨੱਕੇ ਮੋੜ। ਸੋਚਦੇ ਆਂ ਕੁਝ ਤੇਰਾ ਵੀ।' ਸ਼ਿੰਦ ਨੇ ਝਿੜਕ ਵੀ ਦਿੱਤਾ ਤੇ ਧੀਰਜ ਵੀ ਬਣਾ ਦਿੱਤੀ।

ਪੰਜ ਸੱਤ ਵਾਰ ਸੱਤੇ ਤੋਂ ਅਖਵਾ ਕੇ ਇਕ ਦਿਨ ਸੱਤੇ ਨੂੰ ਪਾਸੇ ਕਰ ਕੇ ਸ਼ਿੰਦ ਕਹਿਣ ਲੱਗਾ। 'ਸੱਤਿਆ ਸੁੱਚਾ ਤੇਰਾ ਭਰਾ ਉਹ ਨਹੀਂ ਕੁਝ ਮਦਦ ਕਰਦਾ? '

'ਰੋਂਦੀ ਕਿਓਂ ਏ ਥਾਲੀ 'ਚ ਕੁਝ ਨ੍ਹੀਂ ਦੀਂਦ੍ਹਾ। ਉਹਨੇ ਮੇਰੀ ਮਦਦ ਕੀ ਕਰਨੀ, ਉਹ ਤਾਂ ਮਾਂ ਬਿਮਾਰ 'ਤੇ ਲਾਗੇ ਨਹੀਂ ਸੀ ਲੱਗਾ। ਮੈਂ ਇਕ ਦਿਨ ਫੋਨ ਕੀਤਾ, ਮਾਂ ਤੇਰੀ ਵੀ ਏ, ਇਦ੍ਹੇ ਇਲਾਜ ਲਈ ਪੈਸਿਆਂ ਦੀ ਲੋੜ ਏ। ਆ ਬੀਬੀ ਨੂੰ ਹਸਪਤਾਲ ਵਿਖਾਈਏ ਤਾਂ ਉਹਨੇ ਟੱਕੇ ਵਰਗਾ ਜਵਾਬ ਦਿੱਤਾ ਸੀ। ਕਹਿੰਦਾ ਮੇਰੇ ਨਹੀਂ ਹੱਥ ਪੱਲੇ ਕੁਝ, ਜੇ ਇਲਾਜ ਕਰਵਾ ਸਕਦਾ ਤੇ ਕਰਵਾ ਲੈ ਨਹੀਂ ਤਾਂ ਬਥੇਰੀ ਉਮਰ ਭੋਗਲੀ ਬੀਬੀ ਨੇ। ਨਿਆਣੇ ਸ਼ਹਿਰ ਅੰਗਰੇਜ਼ੀ ਸਕੂਲੇ ਪਾਏ ਆ, ਖਰਚ ਬਹੁਤ ਏ। ਜੇ ਇੱਥੇ ਹੀ ਗੱਲ ਮੁੱਕ ਜਾਂਦੀ ਤਾਂ ਫਿਰ ਵੀ ਠੀਕ ਸੀ। ਉਸ ਦੇ ਹੱਥੋਂ ਮੋਬਾਈਲ ਫੜ ਕੇ ਉਹਦੀ ਘਰਦੀ ਸੱਤੋ ਬੋਲੀ 'ਸੱਤਿਆ ਬੀਬੀ ਨੇ ਸਾਰੀ ਉਮਰ ਗੋਲਪੁਣਾ ਤੇ ਤੁਹਾਡਾ ਕੀਤਾ। ਹੁਣ ਸਾਂਝੇ ਵੀ ਤੁਸੀਂ।'

ਜਿਨ੍ਹੇ ਮਾਂ ਦਾ ਨਹੀਂ ਕੀਤਾ ਉਹ ਸਾਡਾ ਕੀ ਕਰੂ। ਸੱਤਾ ਪਲ ਕੁ ਚੁੱਪ ਰਿਹਾ ਤੇ ਫਿਰ ਬੋਲਿਆ 'ਭਰਾ ਤੇ ਫਿਰ ਸ਼ਰੀਕੇ ਦਾ ਸਾਕ ਹੁੰਦੇ ਨੇ। ਮੈਨੂੰ ਅੱਗੋਂ ਉਸ ਨੇ ਕੁਝ ਕਹਿਣ ਦਾ ਮੌਕਾ ਹੀ ਨਾ ਦਿੱਤਾ ਤੇ ਮੋਬਾਈਲ ਬੰਦ ਕਰ ਦਿੱਤਾ। ਮੈਂ ਕਹਿਣਾ ਚਾਹੁੰਦਾ ਸੀ ਕਿ ਰੁੱਗ ਰੁਪਈਆ ਦਾ ਭਾਪੇ ਨੇ ਦੇ ਕੇ ਤੈਨੂੰ ਦਿਹਾੜੀਦਾਰ ਤੋਂ ਰੈਗੂਲਰ ਕਰਵਾਇਆ ਸੀ ਪਰ ਤੂੰ ਨਿਕਲਿਆ ਗੁਣਚੋਰ। ਸਰਦਾਰਾਂ ਇਹ ਤੇ ਗੱਲਾਂ, ਉਨ੍ਹੇ ਸਾਡੀ ਬਾਂਹ ਕੀ ਫੜਨੀ।'

ਸ਼ਿੰਦ ਸੱਤੇ ਦੇ ਮੋਢੇ 'ਤੇ ਹੱਥ ਰੱਖ ਕੇ ਬੋਲਿਆ, 'ਸੱਤਿਆ ਜਿਸਦਾ ਕੋਈ ਨਾ ਹੋਵੇ ਉਹਦਾ ਰੱਬ ਹੁੰਦਾ। ਫਿਕਰ ਨਾ ਕਰ, ਵੇਖ ਤੇਰਾ ਹੁਣ ਕੋਈ ਨਾ ਕੋਈ ਪ੍ਰਬੰਧ ਤੇ ਕਰਲਾਂਗੇ ਪਰ ਇਸ ਬਦਲੇ ਤੈਨੂੰ ਵੀ ਕੰਮ ਕਰਨਾ ਪਊ। ਜੇ ਮਨਜ਼ੂਰ ਆ ਤੇ ਗੱਲ ਕਰ।'

ਸ਼ਿੰਦ ਨੇ ਸੱਤੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਿਆ, ਜਿਵੇਂ ਉਹਦੀਆਂ ਅੱਖਾਂ ਵਿਚੋਂ ਇਸ ਸਵਾਲ ਦਾ ਜਵਾਬ ਲੱਭਦਾ ਹੋਵੇ। ਸੱਤਾ ਚੁੱਪ ਰਿਹਾ। ਜਿਵੇਂ ਉਸ ਨੂੰ ਕੋਈ ਜਵਾਬ ਨਾ ਔੜ੍ਹ ਰਿਹਾ ਹੋਵੇ। ਜਦੋਂ ਸੱਤਾ ਕੁਝ ਨਾ ਬੋਲਿਆ ਤਾਂ ਸ਼ਿੰਦ ਨੇ ਆਖਿਆ 'ਵੇਖ ਸੱਤਿਆ ਜਿਸਨੇ ਪੈਸੇ ਦੇਣੇ ਆ ਉਹ ਕੰਮ ਵੀ ਲਵੇਗਾ।'

'ਸਰਦਾਰ ਜੀ ਕੰਮ ਵਲੋਂ ਮੈਂ ਕਦੀ ਪਾਸਾ ਵੱਟਿਆ? ਜੋ ਕਹੋਗੇ ਕਰਾਂਗਾ। ਮੇਰਾ ਕੰਮ ਕਰਵਾ ਦਿਉ। ਪੈਸੇ ਦਵਾਉ ਮੈਂ ਵਿਆਜ ਵੀ ਦੇਦੂੰ।' ਸੱਤਾ ਤਰਲਿਆਂ 'ਤੇ ਆ ਗਿਆ ਸੀ।

'ਨਹੀਂ ਸੱਤਿਆ ਕੋਈ ਵਿਆਜ ਨ੍ਹੀਂ, ਮੇਰੇ ਨਾਲ ਚੱਲੀਂ ਸ਼ਾਮੀਂ ਸਾਹਮਣੇ ਪਿੰਡ ਵਾਲੇ ਸਰਦਾਰ ਵੱਲ ਤੇਰਾ ਮਸਲਾ ਹੱਲ ਹੋਜੂ। ਕੰਮ ਕੋਈ ਭਾਰਾ ਨਹੀਂ, ਬਸ ਕਿੱਲੋ, ਅੱਧਾ ਕਿਲੋ ਚੀਜ਼ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣੀ ਹੋਵੇਗੀ।'

ਇਹ ਸੁਣ ਕੇ ਉਹ ਚੁੱਪ ਹੋ ਗਿਆ। ਉਹ ਸਰਦਾਰ ਤੇ ਸੁਣਿਆ ਦੋ ਨੰਬਰ ਦਾ ਕੰਮ ਕਰਦਾ। ਉਹਨੇ ਮਨ ਹੀ ਮਨ ਸੋਚਿਆ। ਉਹ ਅੰਦਰੋਂ ਡਰਿਆ ਤੇ ਸਹਿਮ ਜਿਹਾ ਗਿਆ। ਸੱਤੇ ਦੇ ਦਿਮਾਗ ਵਿਚ ਮਾਂ ਵਲੋਂ ਦੱਸੀ ਗੱਲ ਫਿਲਮ ਦੀ ਰੀਲ ਵਾਂਗ ਘੁੰਮਣ ਲੱਗੀ। ਮਾਂ ਨੇ ਦੱਸਿਆ ਸੀ ਕਿ ਨੰਬਰਦਾਰ ਦੀ ਚੱਲਦੀ ਭੱਠੀ ਫੜੀ ਗਈ ਸੀ। ਇਹ ਭੱਠੀ ਅਸਲ ਵਿਚ ਸਰਪੰਚ ਨੇ ਹੀ ਫੜਾਈ ਸੀ ਕਿਉਂਕਿ ਕਿਸ਼ਨ ਸਿੰਘ ਨੰਬਰਦਾਰ ਐਤਕੀਂ ਸਰਪੰਚੀ ਦਾ ਉਮੀਦਵਾਰ ਸੀ ਜੋ ਸਰਪੰਚ ਲਈ ਮੁਸੀਬਤ ਖੜ੍ਹੀ ਕਰ ਸਕਦਾ ਸੀ, ਜਿਸ ਕਾਰਨ ਸਰਪੰਚ ਨੇ ਨੰਬਰਦਾਰ ਨੂੰ ਰਾਹ ਦਾ ਰੋੜਾ ਜਾਣ, ਰਸਤੇ ਵਿਚੋਂ ਹਟਾਉਣ ਲਈ ਇਹ ਜੁਗਤ ਲੜਾਈ ਸੀ। ਨੰਬਰਦਾਰ ਨੇ ਬਥੇਰੀ ਚਾਰਾਜੋਈ ਕੀਤੀ ਸੀ ਕਿ ਭੱਠੀ ਵਾਲਾ ਮਾਮਲਾ ਰਫਾ-ਦਫਾ ਹੋ ਜਾਵੇ ਪਰ ਵੱਡਾ ਥਾਣੇਦਾਰ ਜੋ ਪਹਿਲਾਂ ਵੀ ਇਸ ਥਾਣੇ ਛੋਟਾ ਥਾਣੇਦਾਰ ਰਿਹਾ ਸੀ, ਉਹ ਲੋਹੇ ਦਾ ਥਣ ਹੀ ਬਣ ਗਿਆ। ਕਹਿਣ ਲੱਗਾ ਨੰਬਰਦਾਰਾ ਮੈਂ ਵੀ ਬਾਲ ਬੱਚੇਦਾਰ ਹਾਂ। ਤੇਰੀ ਭੱਠੀ ਛੱਡ ਕੇ ਮੈਂ ਐਸ ਐਸ ਪੀ ਸਾਬ੍ਹ ਤੋਂ ਵਰਦੀ ਨਹੀਂ ਲਹਾਉਣੀ। ਕੰਧਾਂ ਦੇ ਵੀ ਕੰਨ ਹੁੰਦੇ ਹਨ, ਹਾਂ ਨੰਬਰਦਾਰਾਂ ਆਪਣੀ ਪੁਰਾਣੀ ਸਾਂਝ ਹੈ, ਤੇਰੇ ਬਾਰੇ ਕੁਝ ਨਾ ਕੁਝ ਤਾਂ ਸੋਚਣਾ ਪਵੇਗਾ। ਉਰਾਂ ਆ ਤੈਨੂੰ ਗਲ ਸਮਝਾਵਾਂ ਤੇ ਥਾਣੇਦਾਰ ਨੇ ਨੋਟਾਂ ਵਾਲੀ ਥਈ ਜੇਬ 'ਚ ਪਾ ਚੱਲਦੀ ਭੱਠੀ ਦਾ ਕੇਸ ਨਾਜ਼ਰ 'ਤੇ ਫਿੱਟ ਕਰਾ ਦਿੱਤਾ ਸੀ। ਨੰਬਰਦਾਰ ਨੇ ਬਥੇਰੇ ਤਰਲੇ ਕੀਤੇ ਸੀ ਕਿ ਜੇਕਰ ਜ਼ਰੂਰੀ ਹੈ ਤਾਂ ਚੱਲਦੀ ਭੱਠੀ ਦੇ ਕੇਸ ਨੂੰ ਇਕ ਦੋ ਸ਼ਰਾਬ ਦੀਆਂ ਬੋਤਲਾਂ ਵਿਚ ਬਦਲ ਦੇਵੇ ਪਰ ਥਾਣੇਦਾਰ ਨੇ ਇਸ ਗੱਲ ਵੱਲ ਕੰਨ ਨਹੀਂ ਸੀ ਧਰਿਆ।

*(ਬਾਕੀ ਅਗਲੇ ਸਫੇ 'ਤੇ)*

# ਚੌਧਰ ਦੀ ਭੁੱਖ

ਇਨਸਾਨੀ ਜੀਵਨ ਅੰਦਰ ਭੁੱਖ ਵੱਖ-ਵੱਖ ਰੂਪ ਧਾਰ ਕੇ ਵਿਚਰਦੀ ਹੈ। ਭੁੱਖ ਇਨਸਾਨ ਦੀ ਤ੍ਰਿਸ਼ਨਾ ਹੁੰਦੀ ਹੈ ਜੋ ਦਿਲ ਨੂੰ ਹਮੇਸ਼ਾ ਮਹਿਸੂਸ ਹੁੰਦੀ ਰਹਿੰਦੀ ਹੈ। ਭੁੱਖ ਦਾ ਇੱਕ ਪਹਿਲੂ ਅਤੇ ਮੁੱਖ ਰੂਪ ਰੋਟੀ ਹੈ ਜੋ ਮਨੁੱਖ 'ਤੇ ਹੀ ਨਹੀਂ, ਪਸ਼ੂ ਪੰਛੀਆਂ ਉੱਤੇ ਵੀ ਭਾਰੂ ਹੈ। ਭੁੱਖ ਦਾ ਇਹ ਰੂਪ ਸਭ ਦੇ ਜਿਉਂਦੇ ਰਹਿਣ ਦਾ ਸਹਾਰਾ ਹੁੰਦਾ ਹੈ। ਇਸ ਨੂੰ ਅਸੀਂ ਜ਼ਿੰਦਗੀ ਦਾ ਜ਼ਰੂਰੀ ਅਤੇ ਅਹਿਮ ਅੰਗ ਵੀ ਮੰਨ ਸਕਦੇ ਹਾਂ। ਭੁੱਖ ਮਿਟਾਉਣ ਦੇ ਜੁਗਾੜ ਲਈ ਬੰਦਾ ਮਿਹਨਤ ਕਰਦਾ ਹੈ, ਪੈਸਾ ਕਮਾਉਂਦਾ ਹੈ ਜੋ ਪਹਿਲੀ ਭੁੱਖ ਮਿਟਾਉਣ ਦਾ ਜ਼ਰੀਆ ਤਾਂ ਬਣਦਾ ਹੈ ਪਰ ਹੌਲੀ-ਹੌਲੀ ਇਨਸਾਨ ਦੀ ਦੂਜੀ ਭੁੱਖ ਦਾ ਰੂਪ ਧਾਰਨ ਕਰ ਲੈਂਦਾ ਹੈ।

**ਨਿੰਮਾ ਡੱਲੇਵਾਲਾ**
**ਫੋਨ: 513-432-9754**

ਪੈਸਾ ਅਜਿਹੀ ਭੁੱਖ ਹੈ ਜੋ ਇਕ ਦਿਨ ਸਭ ਨੂੰ ਲੱਗਣ ਲੱਗ ਜਾਂਦੀ ਹੈ। ਇਸ ਦੀ ਰੋਟੀ ਦੀ ਭੁੱਖ ਵਾਂਗ ਕੋਈ ਸੀਮਾ ਨਹੀਂ। ਅਸਲ ਵਿਚ ਪੈਸਾ ਅਜਿਹਾ ਲਾਲਚ ਹੈ ਜਿਸ ਦੀ ਜਿੰਨੀ ਭੁੱਖ ਮਿਟਦੀ, ਉਸ ਤੋਂ ਕਿਤੇ ਜ਼ਿਆਦਾ ਲੱਗਦੀ ਤੇ ਵਧਦੀ ਰਹਿੰਦੀ ਹੈ। ਮੰਨਿਆ ਪੈਸਾ ਗਰੀਬੀ ਦੂਰ ਕਰਦਾ ਹੈ ਪਰ ਇਸ ਦੀ ਭੁੱਖ ਇਨਸਾਨ ਦੇ ਸੰਤੋਖ ਤੇ ਸੰਤੁਸ਼ਟੀ ਨੂੰ ਦੂਰ ਕਰ ਦਿੰਦੀ ਹੈ ਜੋ ਕਦੇ ਕਿਸੇ ਨੂੰ ਰੱਜਣ ਹੀ ਨਹੀਂ ਦਿੰਦੀ।

ਅਗਰ ਇਨਸਾਨ ਕੋਲ ਪੈਸਾ ਆ ਜਾਂਦਾ ਹੈ ਤਾਂ ਉਸ ਅੰਦਰ ਤੀਜੀ ਭੁੱਖ ਦਾ ਪ੍ਰਵੇਸ਼ ਹੁੰਦਾ ਹੈ ਜੋ ਵਡਿਆਈਆਂ ਵਾਲੀਆਂ ਗਲੀਆਂ ਵਿਚੋਂ ਲੰਘਦੀ ਹੋਈ 'ਲੰਬੜਦਾਰੀ' ਦੇ ਘਰ ਪਹੁੰਚਦੀ ਹੈ। ਇਸ ਨੂੰ ਚੌਧਰ ਵੀ ਕਹਿ ਸਕਦੇ ਹਾਂ। ਇਹ ਭੁੱਖ ਜ਼ਿਆਦਾਤਰ ਪੈਸੇ ਦੀ ਭੁੱਖ ਮਗਰੋਂ ਹੀ ਲਗਦੀ ਹੈ। ਪਹਿਲੀ ਰੋਟੀ ਵਾਲੀ ਭੁੱਖ ਵਿਚ ਤਾਂ ਪਸ਼ੂ ਪੰਛੀ ਵੀ ਸ਼ਾਮਿਲ ਹਨ ਪਰ ਇਹ ਦੋਵੇਂ ਸਿਰਫ ਇਨਸਾਨ ਦੇ ਢਿੱਡ ਵਿਚ ਹੀ ਖੋਹ ਪਾਉਂਦੀਆਂ ਹਨ। ਪੈਸੇ ਦੀ ਭੁੱਖ ਮਨੁੱਖ ਨੂੰ ਖਾ ਜਾਂਦੀ ਹੈ, ਫਿਰ ਵੀ ਨਹੀਂ ਮਿਟਦੀ ਨਹੀਂ ਜਿਸ ਖਾਤਿਰ ਦੇਸ ਤੋਂ ਪਰਦੇਸ ਵੀ ਆਉਣਾ ਪੈ ਜਾਂਦਾ ਹੈ। ਜਿੱਥੇ ਆਉਣ ਜਾਣ ਵਾਲਿਆਂ ਦੀ ਪੈਸੇ ਵਾਲੀ ਭੁੱਖ ਦਾ ਤਾਂ ਜੁਗਾੜ ਬਣ ਗਿਆ ਪਰ ਇੱਕ ਹੋਰ ਭੁੱਖ ਨੇ ਜਨਮ ਲੈ ਲਿਆ; ਭਾਵ, ਰੋਟੀ ਵੀ ਰੱਜਵੀਂ ਮਿਲਣ ਲੱਗ ਪਈ ਤੇ ਪੈਸਾ ਵੀ ਪਰ ਲੱਗਣ ਲੱਗ ਪਈ ਭੁੱਖ ਚੌਧਰ ਦੀ। ਪਸ਼ੂਆਂ ਵਾਂਗ ਇਨ੍ਹਾਂ ਹਰੇ ਪੱਠਿਆਂ ਨੂੰ ਹਰ ਕੋਈ ਧਨੀ ਰਾਮ ਮੂੰਹ ਮਾਰਨਾ ਚਾਹੁੰਦਾ ਹੈ; ਕੋਈ ਧਾਰਮਿਕ ਸਥਾਨ ਅਤੇ ਕੋਈ ਮੇਲਿਆਂ ਦੀ ਆੜ ਵਿਚ:

ਉਦੋਂ ਲੱਗ ਜਾਂਦੀ ਭੁੱਖ ਚੌਧਰ ਦੀ।
ਜਦੋਂ ਮਿਟਦੀ ਭੁੱਖ ਰੁਪਈਆਂ ਦੀ।
ਗੱਲ ਸਭਨਾਂ ਦੀ ਤਾਂ ਹੈਗੀ ਨਾ,
ਪਰ ਹੈਗੀ ਤਾਂ ਹੈ ਕਈਆਂ ਦੀ।
ਕਈ ਖੁਰਪੇ ਵੀ ਰੀਸਾਂ ਕਰਦੇ ਨੇ,
ਤਿੱਖੀਆਂ ਤੇਜ਼ ਤਰਾਰ ਕਹੀਆਂ ਦੀ।
ਨਾ ਵਿਖਾਵੇ ਲਈ, ਕਰੋ ਸ਼ਰਧਾ ਲਈ,
ਫੜ ਉਂਗਲ ਰਸਤੇ ਸਹੀਆਂ ਦੀ।
ਕਰਿਓ ਮਾਫ ਨਿਮਾਣੇ ਨਿੰਮੇ ਨੂੰ,
ਲੱਗੀ ਚੀਸ ਜੇ ਸੱਚੀਆਂ ਕਹੀਆਂ ਦੀ।

ਮੰਨਿਆ, ਪੰਜੇ ਉਂਗਲਾਂ ਇਕਸਾਰ ਨਹੀਂ ਹੁੰਦੀਆਂ ਪਰ ਅੰਗੂਠਾ ਵੀ ਹਰ ਉਂਗਲ ਨਹੀਂ ਹੁੰਦੀ। ਬਾਹਰਲੇ ਮੁਲਕਾਂ ਵਿਚ ਆ ਕੇ ਜੇ ਇਹ ਕੰਮ ਵਡਿਆਈਆਂ ਨੂੰ ਤਿਆਗ, ਸੱਚੀਆਂ ਭਾਵਨਾਵਾਂ ਪੱਲੇ ਪਾ ਕੇ ਕੀਤੇ ਜਾਣ ਤਾਂ ਇਨ੍ਹਾਂ ਵਰਗਾ ਕੋਈ ਨੇਕ ਕੰਮ ਹੋਰ ਕੋਈ ਨਹੀਂ ਹੋ ਸਕਦਾ। ਹਰ ਸ਼ਹਿਰ



ਅੰਦਰ ਗੁਰਦੁਆਰਾ ਸਾਡੇ ਧਰਮ ਦਾ ਪ੍ਰਤੀਕ ਹੈ ਜਿਸ ਦੀ ਸਾਂਭ-ਸੰਭਾਲ ਵੀ ਸਮੇਂ ਅਨੁਸਾਰ ਸਹੀ ਚੱਲ ਰਹੀ ਹੁੰਦੀ ਹੈ; ਅਗਰ ਕਿਸੇ ਅੰਦਰ ਗੁਰਦੁਆਰੇ ਪ੍ਰਤੀ ਪ੍ਰੇਮ, ਪਿਆਰ, ਸ਼ਰਧਾ ਹੈ ਤਾਂ ਉਹ ਕਿਸੇ ਤਰ੍ਹਾਂ ਦੀ ਵੀ ਸੇਵਾ ਕਿਸੇ ਭੈਅ-ਭਰਮ ਤੋਂ ਮੁਕਤ ਰਹਿ ਕੇ ਕਰ ਸਕਦਾ ਹੈ ਪਰ ਕਈ ਵਾਰ ਚੌਧਰ ਵਾਲੀ ਲਾਲਸਾ ਨੂੰ ਮੁਖਤਾਰੀ ਵਾਲੇ ਖੰਭ ਲੱਗ ਜਾਂਦੇ ਹਨ।

ਇੱਕ ਸ਼ਹਿਰ ਵਿਚ ਕਈ-ਕਈ ਗੁਰਦੁਆਰੇ ਬਣਨਾ ਸਿਰਫ ਚੌਧਰੀ ਬਣਨ ਵਾਲੀਆਂ ਨੀਤੀਆਂ ਦੀ ਬਦੌਲਤ ਹੈ। ਅਗਰ ਸੇਵਾ ਦੀ ਭਾਵਨਾ ਹੋਵੇ, ਉਹ ਤਾਂ ਸੰਗਤਾਂ ਦੇ ਜੋੜੇ ਝਾੜ ਕੇ ਵੀ ਪੂਰੀ ਹੋ ਸਕਦੀ ਹੈ। ਉਸ ਸ਼ਹਿਰ ਦੇ ਬਾਸ਼ਿੰਦਿਆਂ ਅਤੇ ਪ੍ਰਬੰਧਕਾਂ ਨੂੰ ਮੈਂ ਬੜੇ ਭਾਗਾਂ ਵਾਲੇ ਅਤੇ ਸਿਆਣੇ ਮੰਨਦਾ ਹਾਂ ਜਿਸ ਸ਼ਹਿਰ ਇੱਕ ਗੁਰਦੁਆਰਾ ਹੈ ਅਤੇ ਸੰਗਤ ਜੁੜ ਬੈਠਦੀ ਹੈ। ਇੱਕ ਗੁਰਦੁਆਰੇ ਦਾ ਹੋਣਾ ਸੰਗਤ ਅਤੇ ਭਾਈਚਾਰੇ ਦੇ ਆਪਸੀ ਪਿਆਰ ਅਤੇ ਏਕੇ ਦਾ ਵੱਡਾ ਸਬੂਤ ਬਣਦਾ ਹੈ।

ਸਾਡੇ ਮੇਲੇ ਬਣ ਗਏ। ਇਨ੍ਹਾਂ ਨੂੰ ਸੰਪੂਰਨ ਕਰਨ ਲਈ ਸੰਸਥਾ ਦੇ ਰੂਪ ਵਿਚ ਸੁਸਾਇਟੀ ਬਣਾਈ ਜਾਂਦੀ ਹੈ ਜੋ ਸ਼ਲਾਘਾਯੋਗ ਉੱਦਮ ਅਖਵਾਉਣ ਦੀ ਹੱਕਦਾਰ ਬਣ ਜਾਂਦੀ ਹੈ। ਸੁਸਾਇਟੀ ਦਾ ਮੁੱਖ ਟੀਚਾ ਹੁੰਦਾ ਹੈ ਆਪਣੇ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਤ ਕਰਨਾ, ਹੋਰ ਭਾਈਚਾਰਿਆਂ ਨੂੰ ਆਪਣੇ ਕਲਚਰ ਤੋਂ ਜਾਣੂ ਕਰਵਾਉਣਾ ਅਤੇ ਆਪਣੇ ਬੱਚਿਆਂ ਨੂੰ ਉਸ ਨਾਲ ਜੋੜਨਾ ਜੋ ਪਿਛੋਕੜ ਨੂੰ ਯਾਦ ਅਤੇ ਜਿਊਂਦਾ ਰੱਖਣ ਵਿਚ ਸਹਾਇਕ ਬਣਦਾ ਹੈ। ਇਹ ਬੜਾ ਚੰਗਾ ਕੰਮ ਹੈ। ਇਹ ਰਵਾਇਤ ਪੰਜਾਬ ਦੇ ਪਿੰਡਾਂ ਤੋਂ ਪੰਜਾਬੀਆਂ ਨਾਲ ਤੁਰ ਅੱਜ ਬਾਹਰਲੇ ਮੁਲਕਾਂ ਦੇ ਸਭ ਸ਼ਹਿਰਾਂ ਵਿਚ ਜਿੱਥੇ ਵੀ ਚਾਰ ਪੰਜਾਬੀ ਜੁੜ ਗਏ, ਉੱਥੇ ਹੀ ਪ੍ਰਚੱਲਿਤ ਹੋ ਰਹੀ ਹੈ ਪਰ ਅਫਸੋਸ! ਸਭਿਆਚਾਰ ਅਤੇ ਵਿਰਸੇ ਨੂੰ ਸਾਂਭਣ ਵਾਲੇ ਜਦੋਂ ਇਨ੍ਹਾਂ ਚੰਗੇ ਕੰਮਾਂ ਵਿਚ ਵੀ ਹੌਲੀ-ਹੌਲੀ ਚੌਧਰ ਵਾਲੀ ਭੁੱਖ ਆਣ ਵੜਦੀ ਹੈ ਤਾਂ ਏਕਤਾ ਆਪਣੇ ਆਪ ਬਾਹਰ ਚਲੀ ਜਾਂਦੀ ਹੈ ਤੇ ਫਿਰ ਸੰਸਥਾ ਦੁਫਾੜ ਹੋ, ਇੱਕ ਤੋਂ ਦੋ ਬਣ ਜਾਂਦੀਆਂ ਹਨ। ਇਹ ਸੰਸਥਾ ਨਾਲ ਜੁੜੇ ਸ਼ਹਿਰ ਦੇ ਲੋਕਾਂ ਦਾ ਨਹੀਂ, ਮੋਹਰੀ ਅਖਵਾਉਣ ਵਾਲਿਆਂ ਦਾ ਫੈਸਲਾ ਹੁੰਦਾ ਹੈ ਜਿਹੜੇ ਚੌਧਰ ਵਾਲੀ ਭੁੱਖ ਦੇ ਸਤਾਏ ਹੁੰਦੇ ਹਨ। ਇਸ ਸੂਰਤ ਵਿਚ ਉਨ੍ਹਾਂ ਦੀ ਭੁੱਖ ਤਾਂ ਪੂਰੀ ਹੋ ਜਾਂਦੀ ਹੈ ਪਰ ਸ਼ਹਿਰ ਦੇ ਲੋਕਾਂ ਨੂੰ ਔਖਾ ਹੋ ਜਾਂਦਾ ਹੈ ਜਿਨ੍ਹਾਂ ਨੂੰ ਨਾ ਚਾਹੁੰਦਿਆਂ ਵੀ ਧੜਿਆਂ ਵਿਚ ਵੰਡ ਹੋਣਾ ਪੈ ਜਾਂਦਾ ਹੈ ਹਾਲਾਂਕਿ ਦੋਨਾਂ ਪਾਸੀਂ ਮੁਲਾਹਜ਼ਦਾਰੀਆਂ ਅਤੇ ਸਬੰਧ ਹੁੰਦੇ ਹਨ। ਇਨ੍ਹਾਂ ਨੂੰ ਇੱਕ ਪਾਸਾ ਰੱਖਣ ਖਾਤਰ ਦੂਜੇ ਪਾਸੇ ਤੋੜਨ ਖਾਤਰ ਮਜਬੂਰ ਵੀ ਕੀਤਾ ਜਾਂਦਾ ਹੈ ਜੋ ਸਾਬਤ ਕਰਦਾ ਹੈ ਕਿ ਇਨ੍ਹਾਂ ਦੇ ਪੱਲੇ ਸਮਾਜ ਅਤੇ ਸੱਭਿਆਚਾਰ ਪ੍ਰਤੀ ਸਿਰਫ ਸ਼ਰਧਾ ਦੇ ਫੁੱਲ ਹੀ ਨਹੀਂ ਸਗੋਂ ਈਰਖਾ ਅਤੇ ਵਿਰੋਧ ਦੇ ਕੰਡੇ ਵੀ ਹਨ। ਅਗਰ ਸੰਸਥਾਵਾਂ ਨੂੰ ਵੰਡੇ ਬਿਨਾ ਗੁਜ਼ਾਰਾ ਨਹੀਂ ਹੁੰਦਾ ਤਾਂ ਜੀਅ ਸਦਕੇ ਵੰਡੋ ਪਰ ਸ਼ਹਿਰ ਦੇ ਭਾਈਚਾਰੇ ਨੂੰ ਨਾ ਵੰਡੋ:

ਗੱਲ ਏਕੇ ਦੀ ਕਰੋ,
ਨਾ ਪਾਵੋ ਵੰਡੀਆਂ ਨੂੰ।
ਛੱਡ ਸੋਹਣੇ ਰਾਹਾਂ ਨੂੰ,
ਨਾ ਵਾਹੋ ਡੰਡੀਆਂ ਨੂੰ।
ਕਰਨੀ ਹੈ ਤਾਂ ਸਿਫਤ ਕਰੋ,
ਨਾ ਕਰੋ ਜੀ ਭੰਡੀਆਂ ਨੂੰ।
ਨਾ ਕਾਂ ਖਾਏ ਨਾ ਕੁੱਤਾ,
ਛੱਜ ਪਾ ਕੇ ਛੰਡੀਆਂ ਨੂੰ।
ਨਾ ਦਾਣੇ ਸੱਚ ਵਾਲੇ,
ਵੇਚੋ ਝੂਠ ਦੀਆਂ ਮੰਡੀਆਂ ਨੂੰ।
ਨਿੰਮਾ ਆਖੇ ਫੂਕਾਂ ਨਾ ਮਾਰੋ,
ਤੁਸੀਂ ਚਾਹਾਂ ਠੰਢੀਆਂ ਨੂੰ।
ਰਲ ਗੱਡੋ ਕੋਈ ਨਿਸ਼ਾਨ,
ਹੱਥੋਂ ਸੁੱਟਦੋ ਝੰਡੀਆਂ ਨੂੰ।

ਅਗਰ ਚੌਧਰ ਲਫਜ਼ ਦੀ ਛਾਣ-ਬੀਣ ਕਰੀਏ ਤਾਂ ਮਤਲਬ ਨਿਕਲਦਾ ਹੈ ਜ਼ਿੰਮੇਵਾਰੀ। ਇਕ ਲਫਜ਼ ਵਿਚੋਂ ਨਿਕਲੇ ਦੋਵਾਂ ਅਰਥਾਂ ਦੇ ਅਗਰ ਨਜ਼ਰੀਏ ਗਲਤ ਹੋਣਗੇ ਤਾਂ ਸੁਭਾਵਿਕ ਹੀ ਨਤੀਜੇ ਵੀ ਗਲਤ ਹੋਣਗੇ। ਜਿਸ ਦੀ ਜ਼ਿੰਮੇਵਾਰੀ ਦੀ ਸੋਚ ਹੋਵੇਗੀ। ਕਿਸੇ ਵੀ ਫਰਜ਼ੀ ਕੰਮ ਨੂੰ ਅਗਰ ਅਸੀਂ ਜ਼ਿੰਮੇਵਾਰੀ ਤਹਿਤ ਕਰੀਏ ਤਾਂ ਕਈ ਇਲਜ਼ਾਮ ਵੀ ਹੋਂਦ ਵਿਚ ਨਹੀਂ ਆਉਂਦਾ। ਅਗਰ ਚੌਧਰ ਦੀ ਤੋਰ ਤੁਰ ਕੇ ਫਰਜ਼ਾਂ ਵੱਲ ਜਾਵਾਂਗੇ ਤਾਂ ਇਲਜ਼ਾਮ ਦੇ ਕਈ ਪੱਥਰ ਜ਼ਰੂਰ ਠੇਡੇ ਲਾਉਣਗੇ। ਉਦਾਹਰਨ ਵਜੋਂ ਜਦੋਂ ਅਸੀਂ ਆਪਣੇ ਘਰ ਪ੍ਰਤੀ ਫਰਜ਼ ਨਿਭਾਉਂਦੇ ਹਾਂ ਤਾਂ ਕੋਈ ਸਮਾਜਿਕ ਉਂਗਲ ਨਹੀਂ ਉੱਠਦੀ ਕਿਉਂਕਿ ਉਸ ਵਿਚ ਇਕ ਇਮਾਨਦਾਰ ਜ਼ਿੰਮੇਵਾਰੀ ਹੁੰਦੀ ਹੈ ਤੇ ਜਦੋਂ ਕੋਈ ਸਮਾਜੀ ਜਾਂ ਧਰਮੀ ਫਰਜ਼ ਨਾਲ ਜੂਝਦੇ ਹਾਂ ਤਾਂ ਕਈ ਤਰ੍ਹਾਂ ਦੇ ਕਿੰਤੂ-ਪ੍ਰੰਤੂ ਦਾ ਕਾਰਨ ਬਣ ਜਾਂਦੀ ਹੈ, ਜ਼ਿੰਮੇਵਾਰੀ ਵਿਚ ਆਈ ਗਿਰਾਵਟ।

ਧਾਰਮਿਕ, ਸਮਾਜਿਕ ਜਾਂ ਸਭਿਆਚਾਰਕ ਗਤੀਵਿਧੀਆਂ ਦੇ ਸਹਿਯੋਗੀ ਬਣਨਾ ਚੰਗੀ ਸੋਚ ਦਾ ਪ੍ਰਤੀਨਿਧ ਹੁੰਦਾ ਹੈ ਪਰ ਸੋਚ ਵਿਚ ਹਲਕਾਪਨ ਉਦੋਂ ਨਜ਼ਰ ਆਉਂਦਾ ਹੈ ਜਦ ਅਸੀਂ ਚਾਰ ਦਿਨ ਲਈ ਲੱਗੀਆਂ ਅਖਬਾਰਾਂ ਵਿਚ ਫੋਟੋਆਂ ਨੂੰ ਆਪਣੀ ਪ੍ਰਾਪਤੀ ਸਮਝ ਬੈਠਦੇ ਹਾਂ। ਉੱਚੇ ਕੱਦ ਵਾਲੇ ਇਨਸਾਨ ਉਦੋਂ ਬੌਣੇ ਲੱਗਣ ਲੱਗ ਜਾਂਦੇ ਹਨ ਜਦੋਂ ਖਬਰ ਵਿਚ ਨਾਮ ਨਾ ਛਪਣ 'ਤੇ ਹੀ ਨਾਰਾਜ਼ਗੀ ਵਾਲੇ ਚੁਬਾਰੇ ਚੜ੍ਹ ਜਾਂਦੇ ਹਨ। ਅਗਰ ਸੋਚ ਦੇ ਦਾਇਰੇ ਨੂੰ ਵੱਡਾ ਰੱਖ ਕੇ ਸਾਂਝੇ ਕੰਮਾਂ ਦੇ ਸਹਿਯੋਗੀ ਬਣਿਆ ਜਾਏ ਤਾਂ ਵਡਿਆਈਆਂ ਆਪ ਚੱਲ ਕੇ ਆਉਂਦੀਆਂ ਹਨ।

ਲੱਖਾਂ ਰੁਪਏ ਲੱਗ ਕੇ ਸੰਪੂਰਨ ਹੋਣ ਵਾਲੇ ਵੱਡੇ ਪੱਧਰ ਦੇ ਇਹ ਕੰਮ ਇੰਨੇ ਸੁਖਾਲੇ ਵੀ ਨਹੀਂ ਹਨ ਜੋ ਪੈਸਾ ਅਤੇ ਪੈਸੇ ਵਰਗਾ ਕੀਮਤੀ ਸਮਾਂ ਵੀ ਬਹੁਤ ਮੰਗਦੇ ਹਨ। ਕਈ ਵਾਰੀ ਇਨਸਾਨ ਲਈ ਘਰ ਦੀ ਜ਼ਿੰਮੇਵਾਰੀ ਉੱਤੇ ਖਰਾ ਉਤਰਨਾ ਹੀ ਮੁਸ਼ਕਿਲ ਬਣ ਜਾਂਦਾ ਹੈ ਪਰ ਇਹ ਤਾਂ ਓਪਰੀ ਧਰਤੀ ਉੱਤੇ ਆਪਣੀ ਸੰਸਕ੍ਰਿਤੀ ਦੇ ਬੂਟੇ ਲਾਉਣ ਵਾਲੀ ਗੱਲ ਕਈ ਔਖੀਆਂ ਰਾਹਾਂ ਤੋਂ ਗੁਜ਼ਾਰਦੀ ਹੈ। ਆਖਿਰ ਗੱਲ ਇਹੋ ਮੁੱਕਦੀ ਹੈ ਕਿ ਜੇ ਚਾਰ ਜਣਿਆਂ ਦਾ ਕੰਮ ਦੋ ਜਣੇ ਕਰਨਗੇ ਤਾਂ ਔਖਾ ਵੀ ਹੋਣਾ ਪਵੇਗਾ। ਇਸ ਲਈ ਔਖੇ ਨਾ ਹੋਵੋ; ਚਾਰਾਂ ਤੋਂ ਦੋ ਨਾ ਬਣੋ, ਭਾਵ ਜਿਹੜੇ ਵੀ ਧਰਮ, ਕੌਮ ਅਤੇ ਸਭਿਆਚਾਰ ਲਈ ਚੰਗੇ ਕੰਮ ਕਰਨੇ ਹਨ, ਇਕੱਠੇ ਰਹਿ ਕੇ, ਖਿਲਰਨ ਤੋਂ ਬਿਨਾ ਏਕਤਾ ਨਾਲ ਵੀ ਕੀਤੇ ਜਾ ਸਕਦੇ ਹਨ, ਇੱਕ ਪਰਿਵਾਰਕ ਤਰੀਕੇ ਨਾਲ, ਇੱਕ ਪਰਿਵਾਰ ਬਣ ਕੇ:

ਆ ਧਰਤ ਬਿਗਾਨੀ ਉੱਤੇ,
ਚਾਹੁੰਦੇ ਸਾਂਭਣਾ ਸੱਭਿਆਚਾਰ ਵੀਰੋ।
ਏਕੇ ਵਿਚ ਵੰਡੀਆਂ ਨਾ ਪਾਵੋ,
ਬਣ ਜਾਵੋ ਇੱਕ ਪਰਿਵਾਰ ਵੀਰੋ।

ਦੁਨੀਆ 'ਤੇ ਏਕੇ ਵਰਗਾ ਵੀ
ਨਾ ਦੂਜਾ ਕੋਈ ਹਥਿਆਰ ਵੀਰੋ।
ਨਾ ਉਂਗਲ ਕਿਸੇ ਨੂੰ ਲਾਉਣ ਦਿਉ
ਨਾ ਲੱਗਣ ਦਿਉ ਕੋਈ ਆਰ ਵੀਰੋ।

ਇੱਕ ਤੋਂ ਦੋ ਤੁਸੀਂ ਨਾ ਬਣੋ
ਨਾ ਦੋ ਤੋਂ ਬਣਿਓ ਚਾਰ ਵੀਰੋ।
ਪਿਆਰ ਦਿਲਾਂ ਵਿਚ ਵੱਸਣ ਦਿਉ
ਸੁੱਟ ਦੇਵੋ ਕੱਢ ਕੇ ਖਾਰ ਵੀਰੋ।
ਤੁਸੀਂ ਧੜੇਬਾਜ਼ੀਆਂ ਰਹਿਣ ਦਿਉ
ਨਿੰਮਾ ਆਖੇ ਅਰਜ਼ ਗੁਜ਼ਾਰ ਵੀਰੋ।

## ਨਾਬਰ

*(ਪਿਛਲੇ ਸਫੇ ਦਾ ਬਾਕੀ)*

ਨਾਜ਼ਰ ਨੂੰ ਲੈ ਕੇ ਨੰਬਰਦਾਰ ਅੰਦਰ ਗਿਆ, 'ਵੇਖ ਭਾਊ ਨਾਜ਼ਰ ਸਿਆਂ ਤੂੰ ਏਂ ਮੇਰਾ ਵੱਡਾ ਭਰਾ, ਔਖੇ ਵੇਲੇ ਜੇ ਵੱਡਾ ਛੋਟੇ ਦੇ ਕੰਮ ਨਾ ਆਇਆ ਤਾਂ ਹੋਰ ਕੌਣ ਆਊ। ਤੈਨੂੰ ਮੈਂ ਜੇਲ ਨ੍ਹੀ ਰਹਿਣ ਦੇਂਦਾ, ਤੇਰੀ ਜ਼ਮਾਨਤ ਵੀ ਕਰਵਾਊਂ ਤੇ ਵਕੀਲ ਦੀਆਂ ਫੀਸਾਂ ਵੀ ਮੈਂ ਦੇਵਾਂਗਾ। ਫਿਕਰ ਨਾ ਕਰੀਂ। ਤੇਰੇ ਪਰਿਵਾਰ ਦੀਆਂ ਲੋੜਾਂ ਦਾ ਖਿਆਲ ਵੀ ਮੈਂ ਰੱਖੂੰ ਪਰ ਤੂੰ ਬੀਬਾ ਵੀਰ ਬਣ ਕੇ ਮੇਰੀ ਮੰਨ।'...ਤੇ ਹਾਥੀ ਥਾਣੇਦਾਰ ਨਾਜ਼ਰ ਨੂੰ ਅੱਗੇ ਲਾ ਕੇ ਚੱਲਦੀ ਭੱਠੀ ਦਾ ਸਾਮਾਨ ਨਾਲ ਲੈ ਗਿਆ ਸੀ। ਥਾਣੇਦਾਰ ਦਾ ਨਾਂ, ਹਾਥੀ ਥਾਣੇਦਾਰ ਥਾਣੇ ਦੇ ਮੁਖੀ, ਚੌਧਰੀ ਇੰਸਪੈਕਟਰ ਨੇ ਪਾਇਆ ਸੀ, ਉਹ ਹਾਥੀ ਵਾਂਗ ਹੀ ਫਿਟਿਆ ਸੀ ਤੇ ਉਸ ਦੀ ਖੁਰਾਕ ਵੀ ਹਾਥੀ ਵਾਂਗ ਸੀ। ਜਦੋਂ ਪਹਿਲਾਂ ਇਸ ਥਾਣੇ ਸੀ ਤਾਂ ਇਸਨੇ ਇੰਸਪੈਕਟਰ ਚੌਧਰੀ ਨੂੰ ਇਕ ਵਾਰ ਕਿਹਾ ਸੀ, 'ਚੌਧਰੀ ਸਾਬ੍ਹ ! ਥਾਣੇਦਾਰ ਵਿਚ ਫੋਰਡ ਟਰੈਕਟਰ ਜਿੰਨੀ ਪਾਵਰ ਹੁੰਦੀ ਹੈ ਪਰ ਸ਼ਰਤ ਇਹ ਹੈ ਕਿ ਥਾਣੇਦਾਰ ਨੂੰ ਲਿਖਣਾ ਪੜ੍ਹਨਾ ਆਉਂਦਾ ਹੋਵੇ।' ਤੇ ਇਹ ਗੱਲ ਉਸ ਨੰਬਰਦਾਰ ਦੀ ਭੱਠੀ ਦੇ ਕੇਸ ਵਿਚ ਕਰ ਵਿਖਾਈ ਸੀ। ਹਾਥੀ ਥਾਣੇਦਾਰ ਨੇ ਚੱਲਦੀ ਭੱਠੀ ਦਾ ਕੇਸ ਏਨੀ ਮਜ਼ਬੂਤੀ ਨਾਲ ਤਿਆਰ ਕੀਤਾ ਸੀ ਕਿ ਨਾਜ਼ਰ ਤਿੰਨ ਸਾਲ ਬੱਝ ਗਿਆ ਸੀ ਤੇ ਰਿਹਾਈ ਤੋਂ ਛੇਤੀ ਬਾਅਦ ਉਹ ਘਰ ਆ ਕੇ ਤਪਦਿਕ ਨਾਲ ਘੁਲਦਾ ਮਰ ਗਿਆ ਸੀ।

ਜਦੋਂ ਨਾਜ਼ਰ ਨੂੰ ਸਜ਼ਾ ਹੋਈ ਤਾਂ ਪਹਿਲਾਂ ਪਹਿਲਾਂ ਨਾਜ਼ਰ ਦੀ ਘਰਦੀ ਬਥੇਰੇ ਨੰਬਰਦਾਰ ਦੇ ਬੱਚੇ ਪਿੱਟਦੀ ਸੀ ਪਰ ਸਮੇਂ ਨਾਲ ਜ਼ਖ਼ਮ ਭਰ ਗਏ ਸਨ। ਵੱਡੇ ਸੁੱਚੇ ਨੂੰ ਤਾਂ ਉਸਦੀ ਰੰਨ ਲੈ ਕੇ ਪੇਕੇ ਜਾ ਬੈਠੀ ਸੀ। ਢਿੱਡ ਨੂੰ ਝੁਲਸਾ ਦੇਣ ਲਈ ਮਾਂ ਨੇ ਸੱਤੇ ਨੂੰ ਸਕੂਲੋਂ ਉਠਾ ਨੰਬਰਦਾਰ ਨਾਲ ਸੀਰੀ ਰਖਾ ਦਿੱਤਾ ਸੀ।

'ਸੱਤਿਆ ਕਿੱਥੇ ਗੁਆਚ ਗਿਆ, ਕੁਝ ਮੂੰਹੋਂ ਤੇ ਫੁੱਟ। ਵੇਖ ਸੱਤਿਆ ਜੇ ਤੂੰ ਘਰਦੀ ਦੀ ਜਾਨ ਬਚਾਉਣੀ ਤਾਂ ਕੁਝ ਤੇ ਕਰਨਾ ਪਊ, ਜਿਨ੍ਹੇ ਲੱਖ ਦੇਣਾ ਕੰਮ ਤੇ ਲਊ। ਸੱਤਿਆ ਤੇਰੀ ਮਰਜ਼ੀ ਏ। ਮੈਂ ਤਾਂ ਤੈਨੂੰ ਨਹੀਂ ਦੇ ਸਕਦਾ, ਦਸ ਵੀਹ ਹਜ਼ਾਰ ਦੀ ਗੱਲ ਹੁੰਦੀ ਤਾਂ ਕਰ ਵੀ ਦੇਂਦੇ। ਜੇ ਹੋਰ ਕੋਈ ਘਰ ਲੱਭਦਾ ਤਾਂ ਲੱਭ ਲੈ।'

...ਤੇ ਫਿਰ ਸ਼ਿੰਦ ਨੇ ਸੱਤੇ ਨੂੰ ਸਾਹਮਣੇ ਪਿੰਡ ਵਾਲੇ ਸਰਦਾਰ ਨੂੰ ਜਾ ਮਿਲਾਇਆ ਸੀ। ਸੱਤੇ ਵਲੋਂ ਹੁੰਗਾਰਾ ਭਰਨ 'ਤੇ ਸਰਦਾਰ ਨੇ ਸੱਤੇ ਦੀ ਗਰਜ਼ ਪੂਰੀ ਕਰ ਦਿੱਤੀ ਸੀ ਤੇ ਸੱਤੇ ਨੇ ਪੈਸਿਆਂ ਬਦਲੇ ਉਹਦਾ ਕੰਮ ਕਰਨ ਦਾ ਫੈਸਲਾ ਕਰ ਲਿਆ ਸੀ। ਸੱਤੇ ਦੀ ਹਾਲਤ ਉਸ ਲੋਕ ਗੀਤ ਦੇ ਬੋਲਾਂ ਵਰਗੀ ਸੀ, 'ਹਾਰ ਕੇ ਜੇਠ ਨਾਲ਼ ਲਾਈਆਂ ਮਰਦੀ ਨੇ ਅੱਕ ਚੱਬਿਆ।'

ਸੱਤੇ ਦੀ ਘਰਦੀ ਵੀ ਠੀਕ ਹੋ ਕੇ ਹਸਪਤਾਲ ਤੋਂ ਘਰ ਆ ਗਈ ਸੀ। ਸੱਤੇ ਦੇ ਚਿਹਰੇ 'ਤੇ ਵੀ ਖੁਸ਼ੀ ਪਰਤ ਆਈ ਸੀ ਪਰ ਉਸ ਨੇ ਸਰਦਾਰ ਵਲੋਂ ਅੱਖਾਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਹੁਣ ਉਹ ਸੁਨੇਹਾ ਆਉਣ 'ਤੇ ਵੀ ਆਨਾਕਾਨੀ ਕਰਨ ਲੱਗ ਪਿਆ ਸੀ। ਸਾਹਮਣੇ ਪਿੰਡ ਵਾਲੇ ਸਰਦਾਰ ਨੇ ਸ਼ਿੰਦ ਨੂੰ 'ਲਾਮ੍ਹਾ ਵੀ ਦਿੱਤਾ। 'ਸ਼ਿੰਦ ਇਹੋ ਜਿਹੇ ਬੰਦੇ ਬੜੇ ਖਤਰਨਾਕ ਹੁੰਦੇ ਨੇ। ਏਹਦਾ ਹੁਣ ਕੁਝ ਕਰਨਾ ਪਵੇਗਾ'। ਤੇ ਸ਼ਿੰਦ ਨੇ ਫਿਰ ਇਹ ਕਹਿ ਕੇ ਉਖਲੀ ਵਿਚ ਉਹਦਾ ਸਿਰ ਦਿਵਾ ਦਿੱਤਾ, 'ਸੱਤਿਆ ਹੁਣ ਸਰਦਾਰ ਨਾਲ ਵਿਗਾੜ ਨਾ, ਇਹੋ ਜੇਹੇ ਬੰਦਿਆਂ ਨਾਲ ਵਿਗਾੜਿਆਂ ਨਹੀਂ ਸਰਦਾ ਅਬੀ ਨਬੀ ਵੇਲੇ ਇਹੋ ਜਿਹੇ ਸਰਦਾਰ ਹੀ ਕੰਮ ਆਉਂਦੇ।'

ਸੱਤਾ ਮੁੜ ਸਰਦਾਰ ਦੇ ਘਰੇ ਜਾ ਹਾਜ਼ਰ ਹੋਇਆ ਸੀ। ਸੱਤੇ ਦੇ ਜਾਣ 'ਤੇ ਐਤਕੀਂ ਸਰਦਾਰ ਨੇ ਉਸ ਨੂੰ ਆਪਣੇ ਬਰਾਬਰ ਕੁਰਸੀ ਦਿੱਤੀ ਤੇ ਨਾਲ ਹੀ ਕਹਿਣ ਲੱਗਾ, 'ਸਤਿਨਾਮ ਸਿੰਘਾ ਅੱਜ ਤੋਂ ਤੂੰ ਹੋਇਓਂ ਸਾਡਾ ਭਰਾ। ਜੇ ਵੀਰਾ ਤੂੰ ਇਹ ਕੰਮ ਨਹੀਂ ਕਰਨਾ ਤੇ ਨਾ ਕਰੀਂ, ਅੱਜ ਤੋਂ ਬਾਅਦ ਮੈਂ ਤੈਨੂੰ ਕਹਿੰਦਾ ਵੀ ਨਹੀਂ, ਪਰ ਕਾਲਜ ਦੇ ਹੋਸਟਲ ਵਿਚ ਮੁੰਡੇ ਨਸ਼ਿਆਂ ਤੋਂ ਟੁੱਟੇ ਲੇਟਣੀਆਂ ਲੈਣ ਡਹੇ ਨੇ, ਕੋਈ ਮਰ ਹੀ ਨਾ ਜਾਵੇ। ਵੀਰ ਬਣ ਕੇ ਅੱਜ 100 ਗ੍ਰਾਮ ਮਾਲ ਹੋਸਟਲ ਪਹੁੰਚਾ ਦੇ।' ਤੇ ਨਾਲ ਹੀ ਉਸ ਸੱਤੇ ਦੇ ਮੋਢੇ 'ਤੇ ਹੱਥ ਰੱਖ ਕੇ ਆਪਣੇਪਣ ਦਾ ਅਹਿਸਾਸ ਕਰਾਇਆ।

'ਸਰਦਾਰ ਜੀ ਮੈਨੂੰ ਭਲਾ ਕੌਣ ਕਾਲਜ ਦੇ ਹੋਸਟਲ ਵੜਨ ਦੇਵੇਗਾ?'

'ਤੂੰ ਤੇ ਛੇਤੀ ਭਗੌੜਾ ਹੋਈ ਜਾ ਰਿਹਾ। ਨਾਲ ਰਹੇਂ ਤਾਂ ਸਾਰੇ ਰਾਹ ਸਮਝਾ ਦਈਏ। ਤੂੰ ਫ਼ਿਕਰ ਨਾ ਕਰ, ਇਕ ਸਾਈਕਲ ਲੈ ਕੇ ਉੱਤੇ ਟੋਕਰਾ ਰੱਖ ਤੇ ਟੋਕਰੇ ਦੇ ਥੱਲੇ ਪਤਲੀ ਜੇਹੀ ਪਰਾਲੀ ਵਿਛਾ ਕੇ ਉੱਤੇ ਸਾਮਾਨ ਰੱਖ ਲੈ ਤੇ ਸਾਮਾਨ ਉੱਤੇ ਆਪਣੇ ਬਾਗ 'ਚੋਂ ਅਮਰੂਦ ਪਵਾ ਲਈਂ ਤੇ ਪੰਜ ਵਜੇ ਹੋਸਟਲ ਦੇ ਬਾਹਰ ਜਾ ਦੇਈਂ ਹੋਕਾ 'ਆ ਗਏ ਬਾਗਾਂ ਦੇ ਪੇੜੇ।'

ਕਈ ਦਿਨਾਂ ਤੋਂ ਕੜਿੱਕੀ ਥਾਣੇਦਾਰ ਦਾ ਫੋਨ ਆ ਰਿਹਾ ਸੀ।

'ਸਰਦਾਰਾ ਜਾਨ ਬੜੀ ਕੰਦਲ ਆਈ ਏ। ਐਸ ਐਸ ਪੀ ਮੀਟਿੰਗ ਵਿਚ ਵੱਡੇ ਸਰਦਾਰ ਦੀ ਬੜੀ ਲਾਹ ਪਾਹ ਕਰਦੈ, ਕਹਿੰਦੇ ਤੁਸੀਂ ਕਰਦੇ ਕੀ ਹੋ? ਸਰਦਾਰਾ ਕੁਝ ਕਰ ਅਸੀਂ ਵੀ ਵੱਡੇ ਅਫਸਰਾਂ ਨੂੰ ਜਵਾਬਦੇਹ ਆਂ।

...ਤੇ ਅੱਜ ਉਸ ਨੇ ਸੱਤੇ ਦੇ ਆਉਣ 'ਤੇ ਅੰਦਰ ਜਾ ਸੱਤੇ ਦਾ ਹੁਲੀਆ ਅਤੇ ਕੱਪੜਿਆਂ ਦੀ ਪਛਾਣ ਦੱਸਦਿਆਂ ਕੜਿੱਕੀ ਥਾਣੇਦਾਰ ਨੂੰ ਇਹ ਗੱਲ ਕਹਿ ਦਿੱਤੀ ਸੀ, 'ਇਹ ਬੰਦਾ ਹੁਣ ਸਾਡੇ ਕੰਮ ਦਾ ਨਹੀਂ ਰਿਹਾ, ਇਸਨੂੰ ਕਰਾ ਦੇ ਯਾਤਰਾ ਪਰ ਵੇਖੀਂ ਸਾਡਾ ਨਾਂ ਨਾ ਬਕੇ।' ਕਹਿੰਦੇ ਜੇ ਬੰਦਾ ਇਕ ਵਾਰ ਕੜਿੱਕੀ ਥਾਣੇਦਾਰ ਦੀ ਦਾੜ੍ਹ ਹੇਠ ਆਜੇ ਫਿਰ ਉਹ ਕੜਿੱਕੀ ਵਿਚ ਫਸੇ ਚੂਹੇ ਵਾਂਗ ਬਚ ਨਹੀਂ ਸਕਦਾ। ਇਸੇ ਕਰਕੇ ਹੀ ਇਸਦਾ ਨਾਂ ਕੜਿੱਕੀ ਥਾਣੇਦਾਰ ਹੈ।

ਸਰਦਾਰ ਨੇ ਅੰਦਰੋਂ ਆ ਸਮੈਕ ਦਾ 100 ਗ੍ਰਾਮ ਦਾ ਪੈਕਟ ਸੱਤੇ ਦੇ ਹੱਥ ਦੇਣਾ ਚਾਹਿਆ ਪਰ ਸੱਤੇ ਨੇ ਹੱਥ ਅਗਾਂਹ ਨਹੀਂ ਵਧਾਏ। 'ਤੈਨੂੰ ਕਿਹਾ ਤੇ ਹੈ ਭਰਾਵਾ ਫਿਰ ਨਾ ਕਰੀਂ। ਪਰ ਇਹ ਸਾਮਾਨ ਪਹੁੰਚਾ ਦੇ।' ਸਰਦਾਰ ਨੇ ਤਰਲਾ ਮਾਰਨ ਵਾਲਿਆਂ ਵਾਂਗ ਮੁੜ ਕਿਹਾ। ਅਸੀਂ ਮੁੱਢ ਤੋਂ ਏਨ੍ਹਾਂ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਆ ਰਹੇ ਹਾਂ, ਹੁਣ ਨਹੀਂ ਹੋਣਾ। ਉਹਦੀ ਸੋਚ ਬਦਲੀ। ਉਹਨੂੰ ਬਾਪ ਨਾਲ ਨੰਬਰਦਾਰ ਵਲੋਂ ਹੋਈ ਵਧੀਕੀ ਮੁੜ ਯਾਦ ਆਈ। ਉਹਦੀ ਮਾਂ ਵਲੋਂ ਰੰਢੇਪੇ ਵਰਗੇ ਬਿਤਾਏ ਦਿਨ ਯਾਦ ਆਏ, ਕਿਵੇਂ ਉਹ ਤਿਲ-ਤਿਲ ਮਰਦੀ ਰਹੀ। ਮੇਰੀ ਮਾਂ ਦੀ ਵਾਤ ਨਹੀਂ ਕਿਸੇ ਭੈਣ ਭਰਾ ਨੇ ਪੁੱਛੀ। ਉਹਦੇ ਮਨ 'ਚ ਵਿਦਰੋਹ ਜਾਗਿਆ। ਜੇ ਕੱਲ੍ਹ ਨੂੰ ਮੇਰੇ ਨਾਲ ਭਾਣਾ ਵਾਪਰ ਗਿਆ ਤਾਂ ਮੇਰੇ ਬੱਚਿਆਂ ਨੂੰ ਕੌਣ ਪਾਲੂ। ਮੈਂ ਅੱਧੀ ਖਾਂ ਲੂੰ, ਪਰ ਇਹ ਕੰਮ ਮੈਂ ਨਹੀਂ ਕਰਨਾ। ਉਸ ਦ੍ਰਿੜਤਾ ਨਾਲ ਫੈਸਲਾ ਲਿਆ। 'ਸਰਦਾਰਾ! ਹੁਣ ਨਹੀਂ। ਅਸੀਂ ਮਿਹਨਤ ਮੁਸ਼ੱਕਤ ਕਰ ਕੇ ਖਾਣ ਵਾਲੇ ਜ਼ਰੂਰ ਆਂ ਪਰ ਲੋਕਾਂ ਦੇ ਪੁੱਤ ਨਹੀਂ ਮਰਵਾਉਣੇ ਅਤੇ ਆਪਣੇ ਬੱਚੇ ਨਹੀਂ ਪਿਟਾਉਣੇ।' ਉਹ ਜ਼ਰਾ ਤਲਖ਼ੀ ਨਾਲ ਬੋਲਿਆ। ਉਹ ਪਲ ਕੁ ਚੁੱਪ ਰਿਹਾ ਤੇ ਫਿਰ ਬੋਲਿਆ, 'ਮੈਥੋਂ ਨਹੀਂ ਇਹ ਕਰਮ ਹੋਣਾ'।

ਸੱਤੇ ਅੰਦਰ ਭੈਅ ਪੈਦਾ ਕਰਨ ਲਈ ਸਰਦਾਰ ਨੇ ਲਾਲ ਜਿਹੀਆਂ ਅੱਖਾਂ ਕੱਢ ਕੇ ਸੱਤੇ ਵੱਲ ਵੇਖਿਆ, ਜਿਵੇਂ ਖਾ ਜਾਣਾ ਹੋਵੇ। ਸੱਤਾ ਡਰਿਆ ਨਹੀਂ ਸਗੋਂ ਉਹ ਵੀ ਸਰਦਾਰ ਵੱਲ ਕੈਰੀ ਜਿਹੀ ਅੱਖ ਨਾਲ ਝਾਕਿਆ। ਉਹ ਤੈਸ਼ ਨਾਲ ਕੁਰਸੀ ਤੋਂ ਉੱਠਿਆ ਤੇ ਆਪਣੇ ਰਾਹੇ ਪੈ ਗਿਆ।

# ਕਵਿਤਾ ਅਤੇ ਮੇਰਾ ਸਫ਼ਰ

ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦੇਸ ਨਿਕਾਲ਼ੇ ਦੇ ਅਨੁਭਵ ਦੇ ਗਿਰਦ ਉਪਜੀਆਂ ਹਨ। ਮੈਂ ਸਾਲ ਸਾਲ 2000 ਵਿਚ ਦੇਸ-ਬਦਰ ਹੋਇਆ। ਪਰ ਇਹ ਘੜੀ ਮੇਰੇ ਦੇਸ ਨਿਕਾਲ਼ੇ ਦੀ ਸ਼ੁਰੂਆਤ ਨਹੀਂ ਸੀ। ਦੇਸ ਨਿਕਾਲ਼ੇ ਦੇ ਖਿਣ ਦੀ ਸ਼ੁਰੂਆਤ ਆਪਣੀ ਧਰਤੀ 'ਤੇ ਬਿਗਾਨੇ ਬਣ ਕੇ ਜਿਊਣ ਦੀ ਮਜਬੂਰੀ ਦੇ ਅਹਿਸਾਸ ਵਿਚ ਪਈ ਸੀ। ਇਹ ਸਿੱਖਾਂ ਦੀ ਹੋਣੀ ਸੀ ਜੋ ਅਸੀਂ ਵਿਰਾਸਤ ਵਿਚ ਹਾਸਲ ਕੀਤੀ ਸੀ। ਪਹਿਲੀਆਂ ਪੀੜ੍ਹੀਆਂ ਦੇ ਸਦਮਿਆਂ ਨਾ਼ਲ ਪਰੁੰਨ੍ਹੇ ਅਵਚੇਤਨ ਨੂੰ ਲੈ, ਮੇਰੀ ਪੀੜ੍ਹੀ ਦੇ ਸਿੱਖ ਜਬਰ ਦੇ ਨਵੇਂ ਦੌਰ ਨੂੰ ਹੰਢਾਅ ਰਹੇ ਸਨ। ਬੇਪਤੀ ਅਤੇ ਨਸਲਕੁਸ਼ੀ ਦਾ ਦਰਦ ਇਕੱਲ ਦੀ ਹੌਲਨਾਕ ਚੁੱਪ ਵਿਚ ਪਲਟ ਰਿਹਾ ਸੀ। ਇਕੱਲ ਉਨ੍ਹਾਂ ਭਰੇ ਮੇਲਿਆਂ ਦੀਆਂ ਯਾਦਾਂ ਵਿਚ ਵੱਸ ਗਏ ਤੱਤ ਦਾ ਬੋਧ ਕਰਵਾ ਰਹੀ ਸੀ ਜਿਨ੍ਹਾਂ ਦੀ ਰੌਣਕ ਨੂੰ ਕਾਲ਼ ਦੀਆਂ ਜੁਗ-ਗਰਦੀਆਂ ਖਾ ਗਈਆਂ ਸਨ। ਅਜਿਹਾ




ਪ੍ਰਭਸ਼ਰਨਦੀਪ ਸਿੰਘ

ਵਿਸਮਾਦੀ ਅਨੁਭਵ ਕਵਿਤਾ ਦਾ ਉਦੇ-ਖਿਣ ਸੀ। ਕਵਿਤਾ ਕਰਮ ਤੇ ਸ਼ਬਦ ਦੋਹਾਂ ਵਿਚ ਸਦੀਆਂ ਤੋਂ ਸੁੱਤੇ ਨਿਰਮਲ ਚਸ਼ਮੇ ਵਾਂਗ ਫੁੱਟ ਰਹੀ ਸੀ।

ਕਵਿਤਾ ਦੇ ਇਨ੍ਹਾਂ ਨਿਰਮਲ ਚਸ਼ਮਿਆਂ ਦਾ ਵਹਾਅ ਵਿਘਨ ਰਹਿਤ ਨਹੀਂ ਸੀ। ਸਗੋਂ ਇਨ੍ਹਾਂ ਦਾ ਸੁਹੱਪਣ ਹੀ ਇਹ ਸੀ ਕਿ ਇਹ ਕਾਲ਼ ਦੇ ਵਿਘਨਕਾਰੀ ਅਮਲਾਂ ਦੇ ਨਾ਼ਲ ਹੀ ਚੱਲ ਰਹੇ ਸਨ। ਕਾਲ਼ ਦਾ ਅਮਲ ਕਾਵਿਕ ਵੇਗਾਂ ਮੂਹਰੇ ਸਿਰਫ਼ ਰੋਕਾਂ ਨਹੀਂ ਖੜ੍ਹੀਆਂ ਕਰ ਰਿਹਾ ਸੀ। ਕਾਲ਼ ਦੇ ਤਰਕ ਦੀ ਸਿਧਾਈ ਜ਼ਿੰਦਗੀ ਦੀ ਬਹੁਤ ਸਾਰੀ ਰਹਿੰਦ-ਖੂੰਹਦ ਕਾਵਿਕ ਚਸ਼ਮਿਆਂ ਦੇ ਵਹਾਅ ਵਿਚ ਰਲ਼ਣ ਨੂੰ ਅਹੁਲ਼ ਰਹੀ ਸੀ। ਇਹ ਕਾਲ਼ ਦੇ ਸਿਰਜੇ ਬਿਰਤਾਂਤ ਸਨ ਜੋ ਜੀਵਨ ਦੇ ਹਰ ਅਮਲ, ਖ਼ਾਸ ਤੌਰ 'ਤੇ ਆਪਣੇ ਆਜ਼ਾਦ ਪਸਾਰ ਸਿਰਜਦੀ ਕਵਿਤਾ ਨੂੰ ਅੰਦਰੋਂ ਰੂਪਾਂਤਰਿਤ ਕਰਨਾ ਚਾਹੁੰਦੇ ਸਨ। ਇਨ੍ਹਾਂ ਬਿਰਤਾਂਤਾਂ ਵਿਚੋਂ ਇਕ ਮਾਰਕਸਵਾਦ ਸੀ ਜਿਸ ਦਾ ਸਾਹਿਤ ਸਿਰਜਣਾ 'ਤੇ ਸਿੱਧਾ ਨਿਸ਼ਾਨਾ ਸੀ। ਅਗਲੇ ਸਫ਼ਿਆਂ ਵਿਚ ਮੈਂ ਪੰਜਾਬ ਦੇ ਮਾਰਕਸਵਾਦੀ ਸੱਭਿਆਚਾਰ ਨਾ਼ਲ ਆਪਣੇ ਅਨੁਭਵ ਦੇ ਵੇਰਵੇ ਸਾਂਝੇ ਕਰਾਂਗਾ। ਮੈਂ ਮਾਰਕਸਵਾਦੀ ਸਿਧਾਂਤਕਾਰੀ ਵਿਚੋਂ ਪੈਦਾ ਹੋਏ ਸਾਹਿਤਕ ਸੱਭਿਆਚਾਰ ਦੀ ਪੰਜਾਬ ਵਿਚਲੀ ਵੰਨਗੀ ਨਾ਼ਲ ਪਏ ਵਾਹ ਦੀ ਗੱਲ ਕਰਨੀ ਹੈ। ਇਹ ਮੇਰਾ ਜੀਵੰਤ ਅਨੁਭਵ ਹੈ ਜਿਸ ਦਾ ਮੇਰੇ ਲੇਖਣੀ ਦੇ ਸਫ਼ਰ ਨਾ਼ਲ ਸਿੱਧਾ ਸਬੰਧ ਹੈ।

ਮੈਂ ਅੱਸੀਵਿਆਂ ਦੇ ਮਗਰਲੇ ਅੱਧ ਵਿਚ ਲਿਖਣਾ ਸ਼ੁਰੂ ਕੀਤਾ। ਜੂਨ 1984 ਵਿਚ ਹਿੰਦੁਸਤਾਨੀ ਹਕੂਮਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਅਨੇਕ ਹੋਰ ਗੁਰਧਾਮਾਂ 'ਤੇ ਫ਼ੌਜੀ ਹਮਲਾ ਕਰ ਚੁੱਕੀ ਸੀ। ਪੰਜਾਬ ਤੇ ਭਾਰਤ ਵਿਚ, ਕੁਝ ਕੁ ਮਹੀਨਿਆਂ ਦੇ ਵਕਫ਼ੇ ਵਿਚ, ਸਿੱਖਾਂ ਦੀ ਨਸਲਕੁਸ਼ੀ ਦੇ ਤਿੰਨ ਵੱਡੇ ਕਹਿਰ ਹੋ ਗੁਜ਼ਰੇ ਸਨ। ਨਸਲਕੁਸ਼ੀਆਂ ਤੋਂ ਬਾਅਦ ਸਿੱਖਾਂ ਖ਼ਿਲਾਫ਼ ਬਿਰਤਾਂਤਿਕ ਹਿੰਸਾ ਦਾ ਨਵਾਂ ਦੌਰ ਬਹੁਤ ਜ਼ੋਰ ਨਾ਼ਲ ਸ਼ੁਰੂ ਹੋਇਆ। ਹਿੰਦੂ ਰਾਸ਼ਟਰਵਾਦੀ ਸਿੱਖਾਂ ਦੀ ਹੋਂਦ ਨੂੰ ਮੇਸਣ ਲਈ ਤਾਹੂ ਸਨ। ਹਿੰਦੂਆਂ ਨੂੰ ਲੱਗਦਾ ਸੀ ਉਨ੍ਹਾਂ ਦਾ ਸਮਾਂ ਆ ਗਿਆ ਸੀ। ਅਸਲ ਵਿਚ ਹਿੰਦੂ ਆਧੁਨਿਕਵਾਦ ਦੇ ਸਿਰਜੇ ਕਾਲ਼-ਅਮਲ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਹਿੰਦੂਆਂ ਨੂੰ ਇਸ ਗੱਲ ਦੀ ਸਮਝ ਸੀ ਕਿ ਜੇ ਸਿੱਖ ਸਿੱਖੀ ਨਾ਼ਲ ਜੁੜੇ ਰਹਿਣਗੇ ਤਾਂ ਉਹ ਆਧੁਨਿਕ-ਸੈਕੂਲਰ ਕਾਲ਼ ਨਾ਼ਲ ਟਕਰਾਅ ਵਿਚ ਹੀ ਰਹਿਣਗੇ। ਮਨੁੱਖੀ ਅੰਤਰਮੁਖਤਾ 'ਤੇ ਆਧੁਨਿਕਵਾਦੀ ਹਿੰਸਾ ਨਾ਼ਲ ਸਿੱਖੀ ਦੇ ਟਕਰਾਅ ਨੂੰ ਸੱਜੇ-ਪੱਖੀ, ਕੇਂਦਰਵਾਦੀ ਤੇ ਖੱਬੇਪੱਖੀ, ਸਾਰੇ ਹਿੰਦੂਆਂ ਨੇ ਰਲ਼ ਕੇ ਆਪਣੇ ਰਾਸ਼ਟਰਵਾਦੀ ਮਨਸੂਬਿਆਂ ਦੇ ਹੱਕ ਵਿਚ ਵਰਤਣ ਦੀ ਕੋਸ਼ਿਸ਼ ਕੀਤੀ। ਹਿੰਦੂ ਵਿਦਵਾਨ, ਅਤੇ ਉਨ੍ਹਾਂ ਦੇ ਪ੍ਰਭਾਵ ਤਹਿਤ ਪੈਦਾ ਹੋਏ ਗ਼ੈਰ-ਹਿੰਦੂ ਹਿੰਦੁਸਤਾਨੀ ਰਾਸ਼ਟਰਵਾਦੀ, ਧਰਮ, ਸਿਆਸਤ, ਸੱਭਿਆਚਾਰ, ਤੇ ਸਾਹਿਤ ਦੀ ਆਪਣੇ ਮਨਸੂਬਿਆਂ ਨੂੰ ਰਾਸ ਆਉਂਦੀ ਵਿਆਖਿਆ ਕਰਨ ਲਈ ਬਿਰਤਾਂਤ ਸਿਰਜ ਰਹੇ ਸਨ। ਇਹ ਬਿਰਤਾਂਤ ਮੁੱਖ ਤੌਰ 'ਤੇ ਇਤਿਹਾਸਕਾਰੀ 'ਤੇ ਨਿਰਭਰ ਸਨ। ਸਿਧਾਂਤਕ ਆਧਾਰ ਲਈ ਇਹ ਬਿਰਤਾਂਤ ਆਧੁਨਿਕਵਾਦ, ਸੈਕੂਲਰਵਾਦ, ਮਨੁੱਖਵਾਦ, ਤੇ ਮਾਰਕਸਵਾਦ ਆਦਿ ਦੀ ਟੇਕ ਲੈਂਦੇ ਸਨ। ਇਸ ਧਿਰ ਦੀ ਇਤਿਹਾਸਕਾਰੀ ਤੱਥਾਂ ਅਤੇ ਅੰਕੜਿਆਂ ਦੀ ਬਹੁਤ ਨਿਰਲੱਜ ਤੋੜ-ਮਰੋੜ ਕਰਦੀ ਸੀ ਤੇ ਇਨ੍ਹਾਂ ਦੀਆਂ ਸਿਧਾਂਤਕ ਦਲੀਲਾਂ ਆਲੋਚਨਾਤਮਕ ਪਹੁੰਚ ਤੋਂ ਵਿਰਵੀਆਂ ਸਨ। ਮਿਸਾਲ ਵਜੋਂ, ਇਸ ਗੱਲ 'ਤੇ ਕੋਈ ਵਿਚਾਰ ਨਹੀਂ ਸੀ ਹੁੰਦੀ ਕਿ ਪੱਛਮੀ ਸਿਧਾਂਤਕ ਚੌਖਟੇ ਆਪਣੇ-ਆਪ ਵਿਚ ਕਿਵੇਂ ਨੁਕਸਦਾਰ ਹਨ ਅਤੇ ਸਿੱਖਾਂ ਦੇ ਸੰਦਰਭ ਵਿਚ ਇਨ੍ਹਾਂ ਨੂੰ ਅੱਖਾਂ ਮੀਟ ਕੇ ਲਾਗੂ ਕਰਨਾ ਵਿਸ਼ਲੇਸ਼ਣ ਦੇ ਸੰਤੁਲਨ ਨੂੰ ਕਿਵੇਂ ਵਿਗਾੜਦਾ ਹੈ। ਹਿੰਦੂ ਰਾਸ਼ਟਰਵਾਦੀ ਅਤੇ ਖੱਬੇਪੱਖੀ ਵਿਦਵਾਨ ਸਰਕਾਰੀ ਅਤੇ ਹਿੰਦੂ ਮੀਡੀਆ ਦੇ ਧੂੰਆਂਧਾਰ ਪ੍ਰਚਾਰ ਲਈ ਸਮੱਗਰੀ ਪੈਦਾ ਕਰਦੇ ਸਨ। ਮੀਡੀਆ ਹਿੰਸਾ ਦੇ ਸ਼ਿਕਾਰ ਸਿੱਖਾਂ ਨੂੰ ਹੀ ਹਿੰਸਾ ਲਈ ਦੋਸ਼ੀ ਬਣਾ ਰਿਹਾ ਸੀ। ਪਰ ਇਹ ਸਭ ਨਿਰਵਿਘਨ ਚੱਲੀ ਜਾ ਰਿਹਾ ਸੀ ਕਿਉਂਕਿ ਹਿੰਦੁਸਤਾਨੀ ਸਥਾਪਤੀ ਨੇ ਘੱਟ-ਗਿਣਤੀ ਸਿੱਖਾਂ ਨੂੰ ਆਪਣੇ ਸਾਧਨਾਂ ਨਾ਼ਲ ਬੇਜ਼ਬਾਨ ਬਣਾ ਕੇ ਰੱਖਿਆ ਹੋਇਆ ਸੀ। ਸਾਹਮਣੇ ਦਿਸਦੀ ਸਫਲਤਾ ਦੇ ਗ਼ਰੂਰ ਵਿਚ ਅੰਨ੍ਹਾ ਹਿੰਦੂ ਫ਼ਾਸ਼ੀਵਾਦ ਤਾਂਡਵ ਨਾਚ ਨੱਚਦਾ ਚੜ੍ਹਿਆ ਆ ਰਿਹਾ ਸੀ।




ਹਿੰਦੁਸਤਾਨੀ ਰਾਸ਼ਟਰਵਾਦ ਹਿੰਦੂ ਫ਼ਾਸ਼ੀਵਾਦ ਦਾ ਸੈਕੂਲਰ ਚਿਹਰਾ ਸੀ। ਭਾਰਤ ਹਿੰਦੂਆਂ ਦਾ ਦੇਸ ਸੀ: ਆਧੁਨਿਕ ਕਾਲ਼-ਅਮਲ ਤਹਿਤ ਹੋਂਦ ਵਿਚ ਆਇਆ ਇੱਕ ਆਧੁਨਿਕ ਰਾਸ਼ਟਰ। ਆਧੁਨਿਕ ਕਾਲ਼-ਅਮਲ ਦੀ ਈਨ ਮੰਨਣ ਤੋਂ ਆਕੀ ਸਿੱਖ ਉਕਤ ਹਿੰਦੂ ਰਾਸ਼ਟਰ ਵਿਚ ਰਹਿੰਦੇ ਹੋਏ ਵੀ ਬਾਹਰ ਸਨ। ਹਿੰਦੁਸਤਾਨੀ ਰਾਸ਼ਟਰਵਾਦ ਸਿੱਖਾਂ ਦੇ ਪੇਸ਼ ਪਈ ਓਪਰੀ ਸੱਤਾ ਸੀ ਜਿਸ ਦਾ ਕੁਝ ਸਿੱਖਾਂ 'ਤੇ ਦਬਾਅ ਸੀ। ਇਹ ਦਬਾਅ ਆਧੁਨਿਕ-ਕਾਲ਼ ਦਾ ਵਰਤਾਰਾਮੂਲਕ ਪ੍ਰਗਟਾਵਾ ਸੀ ਜੋ ਅੱਜ ਵੀ ਉਵੇਂ ਹੀ ਚੱਲ ਰਿਹਾ ਹੈ। ਅਜਿਹਾ ਦਬਾਅ ਬਣਾ ਕੇ ਤੇ ਉਸ ਨੂੰ ਨਿਰੰਤਰ ਬਰਕਰਾਰ ਰੱਖ ਕੇ ਹਿੰਦੂ ਸਥਾਪਤੀ ਸਿੱਖਾਂ ਨੂੰ ਸੁਨੇਹਾ ਦੇ ਰਹੀ ਸੀ ਕਿ ਬਿਨਾਂ ਕਿਸੇ ਹੀਲ-ਹੁੱਜਤ ਆਧੁਨਿਕਵਾਦੀ ਮਹਾਂਬਿਰਤਾਂਤਾਂ ਦੇ ਭੇਖ ਵਿਚ ਆਏ ਹਿੰਦੂਵਾਦ ਦੀ ਈਨ ਮੰਨੋ ਜਾਂ ਫਿਰ ਮਰਨ ਲਈ ਤਿਆਰ ਹੋ ਜਾਓ। ਸਿੱਖਾਂ ਅੰਦਰ ਲਗਾਤਾਰ ਤਿੱਖਾ ਹੁੰਦਾ ਦੇਸ ਨਿਕਾਲ਼ੇ ਦਾ ਅਹਿਸਾਸ ਇਸੇ ਦਬਾਅ ਦੀ ਉਪਜ ਸੀ। ਸਿੱਖਾਂ ਵੱਲੋਂ ਅਜਿਹੀ ਈਨ ਮੰਨਣ ਤੋਂ ਇਨਕਾਰੀ ਹੋਣ 'ਤੇ ਸੱਜੇ-ਪੱਖੀ, ਕੇਂਦਰਵਾਦੀ, ਤੇ ਖੱਬੇਪੱਖੀ ਹਿੰਦੁਸਤਾਨੀ ਰਾਸ਼ਟਰਵਾਦੀ ਹਰ ਕਿਸਮ ਦੇ ਸੰਚਾਰ-ਸਾਧਨਾਂ ਰਾਹੀਂ ਕਾਫ਼ਿਰ-ਕਾਫ਼ਿਰ ਕੂਕ ਰਹੇ ਸਨ। ਹਿੰਦੁਸਤਾਨੀ ਸੰਚਾਰ-ਸਾਧਨਾਂ ਦਾ ਸਿੱਖ-ਵਿਰੋਧੀ ਪ੍ਰਚਾਰ ਹਿੰਦੁਸਤਾਨੀ ਰਾਸ਼ਟਰਵਾਦੀ ਹਿੰਦੂ ਬਹੁਗਿਣਤੀ ਲੋਕਾਂ ਨੂੰ ਸਿੱਖ ਵਿਰੋਧੀ ਹਿੰਸਾ ਵਾਜਬ ਠਹਿਰਾਉਣ ਦੇ ਆਧਾਰ ਮੁਹੱਈਆ ਕਰਵਾਉਂਦਾ ਸੀ। ਬਹੁਗਿਣਤੀ ਹਿੰਦੂਆਂ ਨੇ ਇਸ ਪ੍ਰਚਾਰ ਨੂੰ ਅਣਆਲੋਚਨਾਤਮਕ ਤਰੀਕੇ ਨਾ਼ਲ ਸਵੀਕਾਰ ਕਰ ਇਸ ਨੂੰ ਹਾਲਾਤ ਦੀ ਤੱਥ-ਆਧਾਰਿਤ ਪੇਸ਼ਕਾਰੀ ਤਸਲੀਮ ਕਰ ਲਿਆ। ਇਹ ਅਣਦਿਸਦੀ ਹਿੰਸਾ ਸੀ ਜੋ ਦੇਸ ਨਿਕਾਲ਼ੇ ਦਾ ਅਹਿਸਾਸ ਤਿੱਖਾ ਤੇ ਡੂੰਘੇਰਾ ਕਰਦੀ ਸੀ। ਦੇਸ ਨਿਕਾਲ਼ੇ ਦਾ ਅਹਿਸਾਸ ਜਬਰ ਤੇ ਬੇਕਿਰਕੀ ਦੀ ਇੰਤਹਾ ਦਾ ਅਹਿਸਾਸ ਸੀ; ਇਹ ਸਮਾਜਿਕ ਦਬਾਅ ਸੀ ਜੋ ਪਛਾਣ ਦੇ ਕਾਇਨਾਤੀ ਆਧਾਰਾਂ ਦੀ ਦਾਅਵੇਦਾਰੀ ਰੱਖਦਾ ਸੀ। ਇਹ ਹਵਾ ਵਿਚ ਪਸਰਿਆ ਹੋਇਆ ਬੇਗਾਨਗੀ ਦਾ ਅਹਿਸਾਸ ਸੀ ਜੋ ਹਰ ਸਾਹ ਨਾ਼ਲ ਅੰਦਰ ਜਾਂਦਾ ਸੀ। ਇਹ ਕਵੀਆਂ ਲਈ ਪਰਖ ਦੀ ਘੜੀ ਸੀ ਕਿ ਉਹ ਸਥਾਪਤ ਸਿਧਾਂਤਕਾਰੀ ਦੇ ਵਾਹਨ ਬਣਦੇ ਸਨ ਜਾਂ ਜੀਵਨ ਨਾ਼ਲ ਆਪਣੀ ਪ੍ਰਤੀਬੱਧਤਾ ਨੂੰ ਗੀਤ ਦੀ ਲੈਅ ਵਾਂਗ ਵਹਿੰਦੀ ਰੱਖ ਸਕਦੇ ਸਨ ਜੋ ਧਰਤੀ ਦੇ ਅਣਗੌਲ਼ੇ ਕਿਣਕਿਆਂ ਦੀ ਵੇਦਨਾ ਨੂੰ ਵੀ ਅਜਿਹੀ ਜ਼ੁਬਾਨ ਦੇਵੇ ਜਿਹੜੀ ਅਸਮਾਨਾਂ ਤੋਂ ਪਾਰ ਥਰਥਰਾਹਟਾਂ ਛੇੜਨ ਦੇ ਸਮਰੱਥ ਹੋਵੇ। ਹਿੰਦੂ ਸਥਾਪਤੀ ਆਧੁਨਿਕ ਕਾਲ਼ ਦੀ ਬਾਂਦੀ ਹੋ ਇਸ ਦੇ ਨਰਸੰਘਾਰੀ ਲੋਹਵਾਹਨਾਂ 'ਤੇ ਸਵਾਰੀ ਕਰ ਰਹੀ ਸੀ। ਹਿੰਦੂ ਸੱਤਾ ਦੇ ਗ਼ਲਬੇ ਤਹਿਤ ਸਿੱਖ ਅਕਾਦਮਿਕ ਅਦਾਰਿਆਂ ਵਿਚ ਹਾਸ਼ੀਏ 'ਤੇ ਸਨ। ਸਿੱਖਾਂ ਕੋ਼ਲ ਹਿੰਦੁਸਤਾਨੀ ਸਥਾਪਤੀ ਦੇ ਪ੍ਰਚਾਰ-ਸਾਧਨਾਂ ਦਾ ਮੁਕਾਬਲਾ ਕਰ ਸਕਣ ਵਾ਼ਲਾ ਮੀਡੀਆ ਖੜ੍ਹਾ ਕਰਨ ਜੋਗੇ ਸਰੋਤ ਵੀ ਨਹੀਂ ਸਨ। ਸਾਹਿਤਕ ਅਦਾਰੇ ਗਿਆਨ ਲਈ ਅਕਾਦਮਿਕ ਅਦਾਰਿਆਂ ਅਤੇ ਵਿੱਤੀ ਸਰੋਤਾਂ ਲਈ ਸਰਕਾਰੀ ਵਸੀਲਿਆਂ 'ਤੇ ਨਿਰਭਰ ਸਨ, ਇਸ ਲਈ ਸਿੱਖਾਂ ਦੀ ਪਹੁੰਚ ਤੋਂ ਬਾਹਰ ਸਨ। ਅਕਾਦਮਿਕ ਅਦਾਰੇ ਅਤੇ ਸਰਕਾਰੀ ਵਿੱਤੀ ਸਰੋਤ ਹਿੰਦੂ ਸਥਾਪਤੀ ਦੇ ਕਬਜ਼ੇ ਹੇਠ ਸਨ। ਪੰਜਾਬ ਦੀਆਂ ਖੱਬੇਪੱਖੀ ਧਿਰਾਂ ਹਿੰਦੂ ਸਥਾਪਤੀ ਦੇ ਨਾ਼ਲ ਸਨ। ਖੱਬੇਪੱਖੀ ਧਿਰਾਂ ਵੱਲੋਂ ਹਿੰਦੁਸਤਾਨੀ ਰਾਸ਼ਟਰਵਾਦ ਦੀ ਅਧੀਨਗੀ ਵਿਚ ਆ ਜਾਣ ਕਰਕੇ ਹੀ ਹਿੰਦੂ ਸਥਾਪਤੀ ਨੇ ਖੱਬੇਪੱਖੀਆਂ ਨੂੰ ਪੰਜਾਬ ਦੇ ਅਕਾਦਮਿਕ ਅਤੇ ਸਾਹਿਤਕ ਅਦਾਰਿਆਂ 'ਤੇ ਕਾਬਜ਼ ਕਰਵਾਇਆ। ਸਰਕਾਰੀ ਇਨਾਮਾਂ ਰਾਹੀਂ ਮਾਨਤਾ ਹਾਸਲ ਕਰ ਕੇ ਅਨੇਕ ਨਕਦਰੇ ਜਿਹੇ ਖੱਬੇਪੱਖੀ ਲੇਖਕ ਵੱਡੇ ਸਾਹਿਤਕਾਰਾਂ ਵਜੋਂ ਸਥਾਪਿਤ ਹੋਏ। ਸਰਕਾਰੀ ਵਿੱਤੀ ਵਸੀਲਿਆਂ ਦੀ ਰਸਾਈ ਸਦਕਾ ਖੱਬੇਪੱਖੀ ਧਿਰ ਦੀ ਬਿਰਤਾਂਤਕ ਇਜਾਰੇਦਾਰੀ ਹੋਰ ਤਕੜੀ ਹੋਈ। ਹਿੰਦੂ ਸਥਾਪਤੀ ਨੇ ਖੱਬੇਪੱਖੀ ਧਿਰਾਂ ਦੀ ਸਰਗਰਮ ਹਮਾਇਤ ਨਾ਼ਲ ਸਿੱਖਾਂ ਦੀਆਂ ਨਵੀਆਂ ਪੀੜ੍ਹੀਆਂ ਨੂੰ ਬਿਰਤਾਂਤਕ ਜਾ਼ਲ ਵਿਚ ਉਲ਼ਝਾ ਲਿਆ ਸੀ। ਪੰਜਾਬ ਦੇ ਖੱਬੇਪੱਖੀਆਂ ਵਿਚੋਂ ਬਹੁਤੇ ਸਿੱਖ ਹੀ ਸਨ ਜੋ ਹਿੰਦੂ ਸਾਮਰਾਜ ਦੀ ਬਿਰਤਾਂਤਕ ਇਜਾਰੇਦਾਰੀ ਨੂੰ ਆਤਮਸਾਤ ਕਰ ਚੁੱਕੇ ਸਨ। ਅਜਿਹੇ ਸਿੱਖ, ਪਛਾਣ ਦੇ ਸੈਕੂਲਰ-ਸੱਭਿਆਚਾਰਕ ਆਧਾਰ ਨੂੰ ਵਡਿਆਉਂਦੇ ਅਤੇ ਧਾਰਮਿਕ ਆਧਾਰ ਨੂੰ ਛੁਟਿਆਉਂਦੇ ਸਨ। ਇਸ ਸਦਕਾ, ਹਿੰਦੂ ਸਾਮਰਾਜ ਲਈ ਸਿੱਖੀ ਨੂੰ ਸਿੱਖਾਂ ਦੀ ਪਛਾਣ ਦਾ ਆਧਾਰ ਮੰਨਣ ਤੋਂ ਇਨਕਾਰੀ ਹੋਣਾ ਸੌਖਾ ਹੋ ਗਿਆ। ਇਹ ਸਿੱਖ ਪਛਾਣ ਨੂੰ ਮੂਲ਼ੋਂ-ਮੁੱਢੋਂ ਰੱਦ ਕਰਨ ਦੇ ਮਨਸੂਬੇ ਦਾ ਹਿੱਸਾ ਸੀ। ਹਿੰਦੂ ਰਾਸ਼ਟਰਵਾਦੀਆਂ ਅਤੇ ਖੱਬੇਪੱਖੀਆਂ ਦੀ ਇਸ ਸੰਸਥਾਈ ਇਜਾਰੇਦਾਰੀ ਕਰਕੇ ਸਿੱਖੀ ਨਾ਼ਲ ਜੁੜੇ ਸਿੱਖਾਂ ਕੋ਼ਲ ਸਥਾਪਿਤ ਬਿਰਤਾਂਤਾਂ ਦੇ ਗ਼ਲਬੇ ਨੂੰ ਚੁਣੌਤੀ ਦੇਣ ਲਈ ਲੋੜੀਂਦਾ ਬੌਧਿਕ ਤਾਣਾ-ਬਾਣਾ ਨਹੀਂ ਸੀ। ਉਹ ਜਾਂ ਬੇਜ਼ਬਾਨ ਪਰਜਾ ਸਨ ਜਾਂ ਫਿਰ ਹਾਸ਼ੀਏ 'ਤੇ ਧੱਕੇ ਹੋਏ ਆਪਣੀ ਇਕੱਲ ਵਿਚ ਦਮਨ ਨੂੰ ਝੱਲ ਰਹੇ ਸਨ, ਜਿਵੇਂ ਪੰਜ-ਸੱਤ ਬੰਦੇ ਢਾ਼ਲਾਂ ਦੀ ਓਟ ਲੈ ਹਜ਼ਾਰਾਂ ਤੀਰਾਂ ਤੋਂ ਬਚਾਅ ਕਰ ਰਹੇ ਹੋਣ। ਹਿੰਦੂ ਸਾਮਰਾਜੀ ਸਿੱਖਾਂ ਦੀ ਪਛਾਣ 'ਤੇ ਸੁਆਲ ਖੜ੍ਹੇ ਕਰਨ ਵਿਚ ਸਫਲ ਰਹੇ ਸਨ। ਉਨ੍ਹਾਂ ਨੇ ਸਪੱਸ਼ਟ ਰਾਹ ਰੱਖ ਦਿੱਤਾ ਸੀ ਕਿ ਜਾਂ ਤਾਂ ਸਿੱਖ ਸੈਕੂਲਰ ਹਿੰਦੁਸਤਾਨੀ ਰਾਸ਼ਟਰਵਾਦ ਦੇ ਸੱਭਿਆਚਾਰਕ ਪਸਾਰ ਰਾਹੀਂ ਹਿੰਦੂਵਾਦ ਵਿਚ ਗ਼ਲਤਾਨ ਹੋ ਜਾਣ, ਨਹੀਂ ਤਾਂ ਮਰਨ ਲਈ ਤਿਆਰ ਰਹਿਣ। ਧਰਮ-ਤਬਦੀਲੀ ਜਾਂ ਮੌਤ ਦੀ ਇਹ ਚੋਣ ਕੋਈ ਨਵਾਂ ਵਰਤਾਰਾ ਨਹੀਂ ਸੀ। ਸਿੱਖਾਂ ਦਾ ਵੀ ਇਸ ਨਾ਼ਲ ਬਥੇਰਾ ਅਨੁਭਵ ਰਿਹਾ ਸੀ। ਪਰ ਇਸ ਵਾਰ ਫ਼ਰਕ ਇਹ ਸੀ ਕਿ ਹਿੰਦੂ ਧਰਮ-ਤਬਦੀਲੀ ਦਾ ਸਾਮਰਾਜੀ ਮਨਸੂਬਾ ਸੈਕੂਲਰ ਬਿਰਤਾਂਤਕ ਪੈਂਤੜੇ ਦੀ ਓਟ ਵਿਚ ਅੱਗੇ ਵਧਾ ਰਹੇ ਸਨ। ਸਿੱਖਾਂ 'ਤੇ ਧਰਮ-ਤਬਦੀਲੀ ਲਈ ਹਿੰਦੂ ਸੱਤਾ ਦਾ ਦਬਾਅ ਬਹੁਤ ਡੂੰਘਾ ਅਤੇ ਜ਼ੋਰਦਾਰ ਸੀ ਪਰ ਇਸ ਦਾ ਸੈਕੂਲਰ ਅਤੇ ਜਮਹੂਰੀ ਭੇਖ ਹਿੰਦੁਸਤਾਨੀ ਸਥਾਪਤੀ ਨੂੰ ਦੋਸ਼ੀ ਬਣਨ ਤੋਂ ਬਚਾਅ ਰਿਹਾ ਸੀ। ਹਿੰਦੁਸਤਾਨੀ ਬੌਧਿਕ ਹਲਕੇ ਤੇ ਕੌਮਾਂਤਰੀ ਭਾਈਚਾਰਾ ਸਭ ਕੁਝ ਜਾਣਦੇ ਹੋਏ ਅਣਜਾਣ ਬਣ ਕੇ ਹਿੰਦੂ ਸੱਤਾ ਦੀ ਹਮਾਇਤ ਕਰ ਰਹੇ ਸਨ ਅਤੇ ਸਿੱਖ ਪਛਾਣ ਦੇ ਧਾਰਮਿਕ ਆਧਾਰ ਨੂੰ ਕੱਟੜਵਾਦੀ ਅਤੇ ਰੂੜ੍ਹੀਵਾਦੀ ਵਜੋਂ ਦੁਰਕਾਰ ਕੇ ਸਿੱਖਾਂ ਨੂੰ ਹੀ ਦੋਸ਼ੀ ਬਣਾ ਰਹੇ ਸਨ।

ਆਧੁਨਿਕ ਸਮੇਂ ਦੀ ਨੁਮਾਇੰਦਗੀ ਕਰਨ ਵਾ਼ਲੇ ਮਨੁੱਖੀ ਪਛਾਣ ਦੇ ਆਧੁਨਿਕ-ਸੈਕੂਲਰ-ਮਾਰਕਸੀ ਆਧਾਰ ਸੱਭਿਆਚਾਰ ਨੂੰ ਵਡਿਆਉਂਦੇ ਤੇ ਧਰਮ ਨੂੰ ਛੁਟਿਆਉਂਦੇ ਸਨ। ਇਨ੍ਹਾਂ ਮੁਤਾਬਕ ਪੰਜਾਬੀ ਸੱਭਿਆਚਾਰ ਸਾਂਝੀ ਪੰਜਾਬੀਅਤ ਦਾ ਲਖਾਇਕ ਸੀ ਤੇ ਸਿੱਖੀ ਇੱਕ ਫ਼ਿਰਕੇ ਦੇ ਹਿਤਾਂ ਦੀ ਪੈਰਵਾਈ ਕਰਨ ਵਾ਼ਲਾ ਰਾਹ। ਪਰ ਅਸਲ ਵਿਚ ਇਹ ਧਿਰ ਪੰਜਾਬੀਅਤ ਦੀ ਵੀ ਸਕੀ ਨਹੀਂ ਸੀ। ਇਨ੍ਹਾਂ ਦੀ ਪੰਜਾਬੀਅਤ ਇਕ ਆਧੁਨਿਕ ਸੱਭਿਆਚਾਰਕ ਘਾੜਤ ਸੀ ਜਿਸ ਦੀਆਂ ਜ਼ਮੀਨੀ ਹਕੀਕਤਾਂ ਨਾ਼ਲ ਬਹੁਤ ਸਾਰੀਆਂ ਵਿਰੋਧਤਾਈਆਂ ਸਨ। ਇਸ ਸੱਭਿਆਚਾਰਕ ਘਾੜਤ ਦਾ ਮਕਸਦ ਕਾ਼ਲ ਦੇ ਆਧੁਨਿਕ ਅਮਲ ਦੀਆਂ ਨਿਰਧਾਰਿਤ ਕੀਤੀਆਂ ਹੱਦਾਂ ਮੁਤਾਬਕ ਮਨੁੱਖੀ ਪਛਾਣ ਦੇ ਮਾਪਦੰਡ ਸਥਾਪਿਤ ਕਰਨਾ ਸੀ। ਇਹ ਅਮਲ ਮੂਲ ਰੂਪ ਵਿਚ ਸਿਆਸੀ ਸੀ। ਮਾਰਕਸਵਾਦੀਆਂ ਦੀ ਸਮਝ ਸੀ ਕਿ ਸਮਾਜ ਦੀਆਂ ਧਾਰਮਿਕ ਬੁਨਿਆਦਾਂ ਤੋੜੇ ਬਗ਼ੈਰ, ਅਤੇ ਇਸ ਦੀ ਸੈਕੂਲਰ ਨਵ-ਸਿਰਜਣਾ ਬਿਨਾਂ ਕਮਿਊਨਿਸਟ ਇਨਕਲਾਬ ਦਾ ਟੀਚਾ ਸਾਕਾਰ ਕਰਨਾ ਔਖਾ ਹੈ। ਹਿੰਦੂ ਰਾਸ਼ਟਰਵਾਦੀਆਂ ਨੇ ਇਹ ਗੱਲ ਫੜ ਲਈ ਸੀ ਕਿ ਜੇ ਉਹ ਸਿੱਖਾਂ ਨੂੰ ਧਰਮ ਤੋਂ ਥਿੜਕਾ ਕੇ ਸੱਭਿਆਚਾਰ ਦੀ ਜ਼ਮੀਨ 'ਤੇ ਲੈ ਆਉਣ ਤਾਂ ਲੰਮੇ ਸਮੇਂ ਵਿਚ ਉਨ੍ਹਾਂ ਨੂੰ ਹਿੰਦੂਵਾਦ ਵਿਚ ਜਜ਼ਬ ਕਰਨਾ ਸੌਖਾ ਹੋ ਜਾਵੇਗਾ।

ਪੰਜਾਬੀਅਤ ਨੂੰ ਪਛਾਣ ਦਾ ਆਧਾਰ ਬਣਾਉਣ ਦਾ ਇਹ ਅਮਲ ਭਾਸ਼ਾਈ ਫ਼ਾਸ਼ੀਵਾਦ ਸੀ। ਆਧੁਨਿਕ ਕਾ਼ਲ ਦੀ ਵਿਆਪਕਤਾ ਵੇਖੋ, 1930ਵਿਆਂ ਵਿਚ, ਜਿਸ ਵੇ਼ਲੇ ਭਾਸ਼ਾਈ ਫ਼ਾਸ਼ੀਵਾਦ ਦੀ ਪੈਦਾਇਸ਼ ਨਾਜ਼ੀਵਾਦ ਯੂਰਪ ਵਿਚ ਵੱਡੇ ਨਰਸੰਘਾਰ ਵੱਲ ਵਧ ਰਿਹਾ ਸੀ, ਉਸੇ ਵੇ਼ਲੇ ਭਾਸ਼ਾਈ ਫ਼ਾਸ਼ੀਵਾਦ ਪੰਜਾਬ ਵਿਚ ਪਛਾਣ ਦੇ ਸਿੱਖ ਆਧਾਰ ਨੂੰ ਮੁੱਢੋਂ ਰੱਦ ਕਰਨ ਦੇ ਆਧਾਰ ਤਿਆਰ ਕਰ ਰਿਹਾ ਸੀ। ਪੰਜਾਬ ਵਿਚ ਖੱਬੇਪੱਖੀਆਂ ਲਈ ਸੱਭਿਆਚਾਰ ਦੀ ਘਾੜਤ ਦਾ ਆਧਾਰ ਆਧੁਨਿਕ-ਸੈਕੂਲਰ-ਮਾਰਕਸੀ ਸਿਧਾਂਤੀਕਰਨ ਸੀ। ਇਹ ਸਿਧਾਂਤੀਕਰਨ ਅਸਲੋਂ ਕੱਚਾ ਸੀ। ਮਾਰਕਸਵਾਦੀ ਇੱਕ ਬਹੁਤ ਸਿੱਧਾ ਜਿਹਾ ਸਿਧਾਂਤ ਲੈ ਕੇ ਆਏ ਕਿ ਧਰਮ ਪਰੰਪਰਕ ਹੈ ਤੇ ਸੱਭਿਆਚਾਰ ਆਧੁਨਿਕ। ਹਰ ਪਰੰਪਰਕ ਖ਼ਿਆਲ ਵੇ਼ਲਾ ਵਿਹਾ ਚੁੱਕਾ ਹੈ ਤੇ ਹਰ ਆਧੁਨਿਕ ਖ਼ਿਆਲ ਸਹੀ ਹੈ। ਅਸੀਂ ਧਰਮ ਨੂੰ ਪਰੰਪਰਕ ਤਾਂ ਮੰਨ ਸਕਦੇ ਹਾਂ, ਪਰ ਸੱਭਿਆਚਾਰ ਆਪਣੇ-ਆਪ ਵਿਚ ਆਧੁਨਿਕ ਨਹੀਂ ਹੈ। ਨਾ ਹੀ ਇਹ ਸਹੀ ਹੈ ਕਿ ਪਰੰਪਰਾ ਆਪਣੀ ਸਾਰਥਕਤਾ ਗੁਆ ਚੁੱਕੀ ਹੈ ਤੇ ਆਧੁਨਿਕਵਾਦੀ ਪਹੁੰਚ ਨੂੰ ਬਿਨਾਂ ਕਿਸੇ ਸੋਚ-ਵਿਚਾਰ ਦੇ ਅੰਤਿਮ ਮੰਨ ਲੈਣਾ ਚਾਹੀਦਾ ਹੈ। ਇਸ ਬਿਰਤਾਂਤ ਵਿਚ ਵਿਅਕਤੀਗਤ ਮਨੁੱਖੀ ਭਾਵਨਾਵਾਂ, ਜੋ ਵੱਖ-ਵੱਖ ਸੱਭਿਆਚਾਰਕ ਭਾਈਚਾਰਿਆਂ ਦੀ ਹੋਂਦ ਦਾ ਮੂਲ ਆਧਾਰ ਹੁੰਦੀਆਂ ਹਨ, ਦਾ ਦਮਨ ਸੀ। ਕਿਉਂਕਿ ਮਨੁੱਖੀ ਭਾਵਨਾਵਾਂ ਨੂੰ ਸਿਧਾਂਤਕ ਚੌਖਟੇ ਦੀਆਂ ਵਲਗਣਾਂ ਵਿਚ ਕੈਦ ਕਰਨ ਵਾ਼ਲੇ ਵਿੱਦਿਅਕ ਤੇ ਸਾਹਿਤਕ ਅਦਾਰੇ ਲਗਾਤਾਰ ਇਹ ਬਿਰਤਾਂਤ ਸਿੱਖਾਂ ਦੇ ਮਨ-ਮਸਤਕ 'ਤੇ ਉੱਕਰ ਰਹੇ ਸਨ। ਭਾਸ਼ਾਈ ਫ਼ਾਸ਼ੀਵਾਦ ਦੇ ਵਾਹਨ ਬਣੇ ਪੰਜਾਬ ਦੇ ਮਾਰਕਸਵਾਦੀਆਂ ਵਿਚ ਗੰਭੀਰ ਅਧਿਐਨ 'ਤੇ ਚਿੰਤਨ ਦਾ ਸੱਭਿਆਚਾਰ ਨਾ ਹੋਣ ਕਾਰਨ ਉਹ ਅਹਿਸਾਸ ਨਾ ਕਰ ਸਕੇ ਕਿ ਉਹ ਕਾ਼ਲ ਦੇ ਵੱਡੇ ਪ੍ਰਵਾਹ ਦੀ ਅਧੀਨਗੀ ਵਿਚ ਚੱਲਣ ਵਾ਼ਲੀਆਂ ਛੋਟੀਆਂ ਕਠਪੁਤਲੀਆਂ ਸਨ। ਪੰਜਾਬੀ ਸੱਭਿਆਚਾਰ ਦੀ ਘਾੜਤ ਦਾ ਮੂਲ ਆਧਾਰ ਪੰਜਾਬੀ ਭਾਸ਼ਾ ਸੀ। ਪੰਜਾਬੀਅਤ ਦੇ ਹਮਾਇਤੀਆਂ ਦੀ ਦਲੀਲ ਸੀ ਕਿ ਇੱਕ ਭਾਸ਼ਾ ਬੋਲਣ ਵਾ਼ਲੇ ਸਿੱਖ, ਹਿੰਦੂ, ਅਤੇ ਮੁਸਲਮਾਨ ਸਾਂਝੀ ਕੌਮ ਸਨ। ਇਨ੍ਹਾਂ ਮੁਤਾਬਕ ਸਿੱਖਾਂ ਦਾ ਵੱਖਰੀ ਕੌਮ ਹੋਣ ਦਾ ਦਾਅਵਾ ਇਸ ਸਾਂਝੀਵਾਲਤਾ ਦੇ ਰਾਹ ਵਿਚ ਅੜਿੱਕਾ ਸੀ। ਇਸ ਲਈ, ਸਿੱਖਾਂ ਦਾ ਇਹ ਨੈਤਿਕ ਫ਼ਰਜ਼ ਬਣਦਾ ਸੀ ਕਿ ਉਹ ਸਿੱਖੀ ਆਧਾਰਤ ਸਿਆਸੀ ਅਤੇ ਸੱਭਿਆਚਾਰਕ ਦਾਅਵੇ ਜਤਾਉਣੇ ਬੰਦ ਕਰ ਦੇਣ। ਇਸ ਬਿਰਤਾਂਤ ਵਿਚ ਦੋ ਨੁਕਸ ਸਨ: ਪਹਿਲਾ ਭਾਸ਼ਾ ਦੀ ਹਸਤੀ ਅਤੇ ਇਸ ਦੇ ਲੋਕਾਂ ਨਾ਼ਲ ਨਾਤੇ ਬਾਰੇ, ਅਤੇ, ਦੂਜਾ, ਪੰਜਾਬ ਦੇ ਸਿੱਖਾਂ, ਮੁਸਲਮਾਨਾਂ, ਅਤੇ ਹਿੰਦੂਆਂ ਦੇ ਪਿਛਲੀ ਡੇਢ ਸਦੀ ਦੇ ਸਿਆਸੀ ਇਤਿਹਾਸ ਬਾਰੇ। ਪਹਿਲੇ ਦਾਅਵੇ ਦੇ ਉ਼ਲਟ, ਪੰਜਾਬੀ ਬੋਲੀ ਦਾ ਸਰੂਪ ਇੱਕਪਰਤੀ ਨਹੀਂ ਹੈ। ਪੰਜਾਬੀ ਅੰਦਰਲੀ ਵੰਨ-ਸੁਵੰਨਤਾ ਹਥਲੇ ਸੰਦਰਭ ਵਿਚ ਖ਼ਾਸ ਧਿਆਨ ਦੀ ਮੰਗ ਕਰਦੀ ਹੈ।

ਪੰਜਾਬੀ ਹਿੰਦੂਆਂ ਦਾ ਪੰਜਾਬੀ ਸਾਹਿਤ-ਸਿਰਜਣਾ ਵਿਚ ਹਿੱਸਾ ਉਨ੍ਹਾਂ ਦੀ ਵਸੋਂ ਦੇ ਹਿਸਾਬ ਨਾ਼ਲ ਨਿਗੂਣਾ ਰਿਹਾ ਹੈ। ਸ਼ਹਿਰੀ ਪੰਜਾਬੀ ਹਿੰਦੂਆਂ ਦੀ ਆਮ ਬੋਲਚਾਲ ਦੀ ਬੋਲੀ ਹਿੰਦੀ ਤੋਂ ਪ੍ਰਭਾਵਿਤ ਹੈ। ਪੰਜਾਬੀ ਮੁਸਲਮਾਨਾਂ ਨੇ ਵੀਹਵੀਂ ਸਦੀ ਤੋਂ ਪਹਿਲਾਂ ਪੰਜਾਬੀ ਬੋਲੀ ਵਿਚ ਬਹੁਤ ਵੱਡੀ ਤਾਦਾਦ ਵਿਚ, ਬਹੁਤ ਮਿਆਰੀ ਸਾਹਿਤ ਦੀ ਸਿਰਜਣਾ ਕੀਤੀ ਹੈ। ਪਰ ਵੀਹਵੀਂ ਸਦੀ ਵਿਚ ਪੰਜਾਬੀ ਮੁਸਲਮਾਨਾਂ ਦਾ ਪੰਜਾਬੀ ਸਾਹਿਤ ਸਿਰਜਣਾ ਵਿਚ ਹਿੱਸਾ ਉਨ੍ਹਾਂ ਦੀ ਆਬਾਦੀ ਦੇ ਲਿਹਾਜ਼ ਨਾ਼ਲ ਨਿਗੂਣਾ ਰਿਹਾ ਹੈ। ਪੰਜਾਬੀ ਮੁਸਲਮਾਨਾਂ ਦੀ ਬੋਲੀ ਵਿਚ ਅਰਬੀ, ਫ਼ਾਰਸੀ, ਅਤੇ ਤੁਰਕੀ ਭਾਸ਼ਾਵਾਂ ਤੋਂ ਆਈ ਇਸਲਾਮੀ ਸ਼ਬਦਾਵਲੀ ਦੀ ਭਰਮਾਰ ਹੈ। ਪੰਜਾਬੀ ਸਿੱਖਾਂ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੇ ਅਨੇਕ ਠੇਠ ਮੁਹਾਵਰੇ ਸਾਂਭ ਕੇ ਰੱਖੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਸਾਹਿਤ, ਅਤੇ ਸਿੱਖ ਧਾਰਮਿਕਤਾ ਨੇ ਪੰਜਾਬੀ ਦੀ ਖ਼ਾਸ ਨੁਹਾਰ ਘੜੀ ਹੈ। ਇਤਿਹਾਸਕ ਪੱਖੋਂ, ਉਨ੍ਹੀਵੀਂ ਸਦੀ ਦੇ ਅੱਧ ਵਿਚ ਪੰਜਾਬੀ ਹਿੰਦੂਆਂ ਨੇ ਹਿੰਦੀ, ਮੁਸਲਮਾਨਾਂ ਨੇ ਉਰਦੂ, ਅਤੇ ਸਿੱਖਾਂ ਨੇ ਪੰਜਾਬੀ ਨੂੰ ਅਪਣਾਇਆ। ਇਸ ਤੋਂ ਬਾਅਦ ਪੰਜਾਬ ਵਿਚ ਧਾਰਮਿਕ ਪੁਨਰ-ਸੁਰਜੀਤੀ ਦੀਆਂ ਅਤੇ ਕੌਮੀ ਦਾਅਵੇਦਾਰੀ ਦੀਆਂ ਅਨੇਕ ਲਹਿਰਾਂ ਚੱਲੀਆਂ। ਉਪਰੋਕਤ ਵਰਤਾਰੇ ਸਿੱਖਾਂ, ਹਿੰਦੂਆਂ, ਜਾਂ ਮੁਸਲਮਾਨਾਂ ਦੀ ਅਗਵਾਈ ਕਰਨ ਵਾਲੇ ਕੁਲੀਨ ਵਰਗਾਂ ਤੱਕ ਸੀਮਿਤ ਨਹੀਂ ਸਨ, ਸਗੋਂ ਇਨ੍ਹਾਂ ਨੂੰ ਵਿਆਪਕ ਜਨਤਕ ਹਮਾਇਤ ਹਾਸਲ ਸੀ। ਇਨ੍ਹਾਂ ਭਾਸ਼ਾਈ ਤੇ ਸਿਆਸੀ ਲਹਿਰਾਂ ਵਿਚੋਂ ਹਿੰਦੂਆਂ ਨੇ ਹਿੰਦੁਸਤਾਨ ਅਤੇ ਮੁਸਲਮਾਨਾਂ ਨੇ ਪਾਕਿਸਤਾਨ ਹਾਸਲ ਕੀਤਾ। ਸਿੱਖ ਸਭ ਤੋਂ ਵੱਡੀ ਮਾਰ ਝੱਲਣ ਦੇ ਬਾਵਜੂਦ ਬੇਘਰ ਹੋ ਕੇ ਰਹਿ ਗਏ। ਭਾਵੇਂ ਕਿ ਇਹ ਇਤਿਹਾਸਕ ਹਕੀਕਤ ਹੈ ਕਿ ਅੱਜ ਤੱਕ, ਇਕੱਲੇ ਸਿੱਖ ਹੀ ਹਨ ਜਿਨ੍ਹਾਂ ਨੇ ਕਦੇ ਪੰਜਾਬੀ ਨਾ਼ਲ ਬੇਗਾਨਗੀ ਨਹੀਂ ਪਾ਼ਲੀ, ਇਕੱਲੇ ਸਿੱਖ ਹੀ ਹਨ ਜੋ ਹੁਣ ਤੱਕ ਪੰਜਾਬੀ ਲਈ ਲੜਦੇ ਆ ਰਹੇ ਹਨ, ਤਾਂ ਵੀ ਇਹ ਗੱਲ ਕਹੀ ਨਹੀਂ ਜਾ ਸਕਦੀ। ਪੰਜਾਬੀ ਸਾਹਿਤ ਉੱਤੇ ਕਾਬਜ਼ ਖੱਬੇਪੱਖੀ ਅਤੇ ਉਦਾਰਵਾਦੀ ਸੈਕੂਲਰ ਧਿਰਾਂ ਨੇ ਸਿੱਖਾਂ ਵੱਲੋਂ ਪੰਜਾਬੀ ਨਾ਼ਲ ਆਪਣੀ ਪ੍ਰਤੀਬੱਧਤਾ ਦਾ ਦਾਅਵਾ ਕਰਨ ਨੂੰ ਗੁਨਾਹ ਬਣਾ ਦਿੱਤਾ ਹੈ। ਸਿੱਖਾਂ ਦੀ ਇਸ ਜ਼ਬਾਨਬੰਦੀ ਦੇ ਹੱਕ ਵਿਚ ਖੱਬੇਪੱਖੀ ਧਿਰਾਂ ਦੀ ਦਲੀਲ ਸੀ ਕਿ ਪੰਜਾਬੀ ਨੂੰ ਧਰਮ ਨਾ਼ਲ ਜੋੜਨਾ ਮਾੜੀ ਗੱਲ ਹੈ। ਕਮਾਲ ਦੀ ਗੱਲ ਹੈ ਕਿ ਜਿਨ੍ਹਾਂ ਨੇ ਪੰਜਾਬੀ ਨੂੰ ਆਪੋ-ਆਪਣੀ ਧਾਰਮਿਕ ਰਾਸ਼ਟਰਵਾਦੀ ਪਛਾਣ ਕਰਕੇ ਰੱਦ ਕੀਤਾ ਉਨ੍ਹਾਂ ਦਾ ਤਾਂ ਕੋਈ ਕਸੂਰ ਨਹੀਂ, ਪਰ ਸਿੱਖ, ਜਿਹੜੇ ਪੰਜਾਬੀ ਨੂੰ ਆਪਣੇ ਧਰਮ ਨਾ਼ਲ ਜੁੜੀ ਮੰਨ ਕੇ ਬਚਾਉਣਾ ਚਾਹੁੰਦੇ ਹਨ, ਪੂਰੇ ਗੁਨਾਹਗਾਰ ਹਨ। ਪੰਜਾਬੀ ਸੱਭਿਆਚਾਰ ਦੇ ਖੱਬੇਪੱਖੀ ਘਾੜੇ ਮਾਰਕਸੀ ਅਤੇ ਸੈਕੂਲਰ ਸਿਧਾਂਤਵਾਦ ਨੂੰ ਪ੍ਰਣਾਏ ਸ਼ਰਧਾਵਾਨ ਸਿਆਸੀ ਕਾਰਕੁਨ ਸਨ। ਆਪਣੇ ਸਿਧਾਂਤਵਾਦ ਨੂੰ ਸਹੀ ਠਹਿਰਾਉਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਹੋੜ ਵਿਚ ਉਨ੍ਹਾਂ ਨੇ ਜ਼ਿੰਦਗੀ ਪ੍ਰਤੀ ਗੰਭੀਰ ਸਰੋਕਾਰ ਤਜ ਹੀ ਦਿੱਤੇ। ਅਸਲ ਵਿਚ ਉਹ ਸ਼ਰਧਾਲੂਜਨ ਮਨੁੱਖਜਾਤੀ ਦਾ ਬੋਲੀ ਨਾ਼ਲ ਨਾਤਾ ਸਮਝਣ ਤੋਂ ਉੱਕ ਗਏ। ਉਹ ਸਮਝ ਨਾ ਸਕੇ ਕਿ

(ਬਾਕੀ ਅਗਲੇ ਸਫੇ 'ਤੇ)

# ਦੀਵਾਨ ਸਿੰਘ ਕਾਲੇਪਾਣੀ ਦੀ ਸ਼ਹਾਦਤ ਤੇ ਵਾਰਿਸ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਆਪਣੀ ਪੜ੍ਹਾਈ ਸਮੇਂ ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਵੀ ਪੜ੍ਹੀ ਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਵੀ ਜਾਣਿਆ। ਫੇਰ ਦਿੱਲੀ ਜਾ ਕੇ ਰਹਿਣ ਸਮੇਂ ਉਨ੍ਹਾਂ ਦਾ ਬੇਟਾ ਹਰਵੰਤ ਢਿੱਲੋਂ ਕਾਫੀ ਹਾਊਸ ਵਿਚ ਮੇਰਾ ਏਨਾ ਕਰੀਬੀ ਹੋ ਗਿਆ ਕਿ ਮੈਂ ਉਨ੍ਹਾਂ ਦੀ ਵੱਡੀ ਧੀ ਸੁਦਰਸ਼ਨ ਕੌਰ, ਛੋਟੀ ਇੰਦਰਾ ਬੱਲ ਤੇ ਬੇਟੇ ਦਵਿੰਦਰ ਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਪੂਰੀ ਤਰਾਂ ਰਚ-ਮਿਚ ਗਿਆ। ਸਾਰਾ ਪਰਿਵਾਰ ਏਨਾ ਮਿਲਾਪੜਾ ਹੈ ਕਿ ਤੁਸੀਂ ਪਹਿਲੀ ਮਿਲਣੀ ਵਿਚ ਹੀ ਇਕ ਦੂਜੇ ਦੇ ਹੋ ਜਾਂਦੇ ਹੋ।

ਕੁਦਰਤ ਦਾ ਖੇਡ ਇਹ ਕਿ ਇਸ ਪਰਿਵਾਰ ਦੇ ਕਈ ਜੀਆਂ ਨੇ ਲੰਮੀ ਉਮਰ ਨਹੀਂ ਭੋਗੀ। ਦੀਵਾਨ ਸਿੰਘ ਖ਼ੁਦ 47 ਵਰ੍ਹੇ ਦੀ ਉਮਰ ਵਿਚ ਚੱਲ ਵਸੇ। ਉਨ੍ਹਾਂ ਦਾ ਕਾਰਨ ਤਾਂ ਤਸੀਹਿਆਂ ਤੋਂ ਪੈਦਾ ਹੋਈ ਸ਼ਹਾਦਤ ਸੀ। ਪਰ ਵੱਡਾ ਬੇਟਾ ਰਛਪਾਲ ਸਿੰਘ 35 ਸਾਲ ਦੀ ਉਮਰ ਵਿਚ ਹੀ ਤੁਰ ਗਿਆ। ਵੱਡੀ ਧੀ ਲੰਮਾ ਸਮਾਂ ਨਹੀਂ ਜੀਵੀ। ਇਹ ਵੱਖਰੀ ਗੱਲ ਹੈ ਕਿ ਮਹਿੰਦਰ ਸਿੰਘ, ਹਰਵੰਤ ਸਿੰਘ ਤੇ ਇੰਦਰਾ ਨੇ ਚੰਗੀ ਉਮਰ ਭੋਗੀ ਤੇ ਭੋਗ ਰਹੇ ਹਨ। ਮਹਿੰਦਰ ਸਿੰਘ ਨੇ ਤਾਂ ਆਪਣੇ ਸ਼ਹੀਦ ਪਿਤਾ ਦੇ ਨਾਂ ਉੱਤੇ ਨਿਊ ਚੰਡੀਗੜ੍ਹ ਦੇ ਨੇੜੇ ਕੁਰਾਲੀ-ਬੱਦੀ ਮਾਰਗ ਉੱਤੇ ਸਿਸਵਾਂ ਇਲਾਕੇ ਵਿਚ ਪਿਤਾ ਦੇ ਨਾਂ ਉੱਤੇ ਇਕ ਅਜਾਇਬਘਰ ਬਣਾਇਆ ਜਿਸ ਵਿਚ ਦੀਵਾਨ ਸਿੰਘ ਕਾਲੇਪਾਣੀ ਦੀਆਂ ਸਚਿੱਤਰ ਯਾਦਾਂ ਪ੍ਰਦਰਸ਼ਿਤ ਹਨ ਤੇ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਵੀ। ਅਜਾਇਬਘਰ ਦੇ ਬਾਹਰ ਪਿਤਾ ਦਾ ਬੁੱਤ ਵੀ ਹੈ। ਇਸ ਸਭ ਕੁਝ ਦੀ ਦੇਖਭਾਲ ਵਾਸਤੇ ਪਰਿਵਾਰ ਨੇ ਯੋਗ ਫੰਡ ਦਾ ਪ੍ਰਬੰਧ ਕਰ ਰੱਖਿਆ ਹੈ ਤੇ ਇਸਦੀ ਵਰਤੋਂ ਦੀ ਜ਼ਿੰਮੇਵਾਰੀ ਚੰਡੀਗੜ੍ਹ ਰਹਿ ਰਹੀ ਮਹਿੰਦਰ ਸਿੰਘ ਦੀ ਜੀਵਨ ਸਾਥਣ ਗੁਰਦਰਸ਼ਨ ਕੌਰ ਨੂੰ ਸੌਂਪੀ ਹੋਈ ਹੈ। ਚਾਰ ਚੁਫੇਰੇ ਦੇ ਫੁੱਲਾਂ ਬੂਟਿਆਂ ਦੀ ਦੇਖਭਾਲ ਦਾ ਖਰਚਾ ਉਸ ਫੰਡ ਵਿਚੋਂ ਹੁੰਦਾ ਹੈ।



ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ 15 ਅਗਸਤ ਨੂੰ ਉੱਥੇ ਆਂਢ-ਗੁਆਂਢ ਦੇ ਸਾਰੇ ਵਸਨੀਕ ਤੇ ਉਨ੍ਹਾਂ ਦੇ ਬੱਚੇ ਬੁਲਾਏ ਹੋਏ ਸਨ, ਜਿਨ੍ਹਾਂ ਦੇ ਖੇਡਣ ਮੱਲਣ ਦਾ ਪੂਰਾ ਪ੍ਰਬੰਧ ਸੀ। ਦੂਰ ਦੁਰਾਡੇ ਰਾਜਾਂ ਤੋਂ ਰੋਜ਼ੀ ਰੋਟੀ ਲਈ ਏਥੇ ਆਏ ਇਹ ਲੋਕ ਸਮੁੱਚੇ ਭਾਰਤ ਦੀ ਪ੍ਰਤੀਨਿਧਤਾ ਕਰ ਰਹੇ ਸਨ।

ਮੈਨੂੰ ਮੇਰੀ ਪਤਨੀ ਸੁਰਜੀਤ ਤੇ ਸੱਚੇ ਮਿੱਤਰ ਦਲਜੀਤ ਤੇ ਉਸਦੀ ਜੀਵਨ ਸਾਥਣ ਇੰਦਰਜੀਤ ਨੂੰ ਬਹੁਤ ਚੰਗਾ ਲੱਗਿਆ। ਏਸ ਤਰ੍ਹਾਂ ਦੀਆਂ ਯਾਦਗਾਰਾਂ ਬਣਾਉਣਾ ਤੇ ਮਨਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਡਾ. ਦੀਵਾਨ ਸਿੰਘ ਅਮਰ ਰਹੇ!

**ਪਾਕਿਸਤਾਨੀ ਗਾਇਕ ਸਾਈਂ ਜ਼ਹੂਰ ਤੇ ਹੀਰ ਵਾਰਿਸ**

ਲਾਹੌਰ ਦੇ ਰਹਿਣ ਵਾਲਾ ਸਾਈਂ ਜ਼ਹੂਰ ਇਕਤਾਰੇ ਨਾਲੇ ਗਾਉਣ ਵਾਲਾ ਵੱਡਾ ਨਾਂ ਹੈ। ਉਹ ਬਾਬਾ ਫਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ, ਹਾਸ਼ਮ ਸਮੇਤ ਸੂਫ਼ੀ ਕਲਾਮ ਦੇ ਵਧੀਆ ਗਾਇਕ ਵਜੋਂ ਜਾਣਿਆ ਜਾਂਦਾ ਹੈ। ਉਹਦੇ ਵਲੋਂ ਗੁਰੂ ਨਾਨਕ ਦੇ 550ਵੇਂ ਵਰ੍ਹੇ ਗਾਈ ਗੁਰਬਾਣੀ ਅੱਜ ਤਕ ਚਰਚਾ ਵਿਚ ਹੈ। ਉਸਨੂੰ ਪਾਕਿਸਤਾਨ ਤੋਂ ਬਾਹਰਲੇ ਦੇਸ਼ਾਂ ਤੋਂ ਵੀ ਸੱਦੇ ਆਉਂਦੇ ਹਨ। ਅਗਸਤ ਮਹੀਨੇ ਦੇ ਅੰਤਲੇ ਦਿਨਾਂ ਵਿਚ ਲੰਡਨ ਦੇ ਕਿਸੇ ਪ੍ਰੋਗਰਾਮ ਵਿਚ ਵਾਰਿਸ ਦੀ ਹੀਰ ਗਾਉਂਦੇ ਸਮੇਂ ਸਰੀਰ ਵਿਚ ਸ਼ੱਕਰ ਦੀ ਘਾਟ ਵਧਣ ਕਾਰਨ ਮੰਚ ਉੱਤੇ ਹੀ ਢਹਿ ਪਿਆ। ਗੁਰਮਤਿ ਕਾਲਜ ਪਟਿਆਲਾ ਦੀ ਪ੍ਰਿੰਸੀਪਲ ਹੈਰਾਨ ਸੀ ਕਿ ਉਹ ਚਾਰ ਦਿਨ ਪਹਿਲਾਂ ਲਾਹੌਰ ਵਿਚ ਉਸਨੂੰ ਮਿਲਣ ਗਿਆ ਸੀ ਤਾਂ ਚੰਗਾ ਭਲਾ ਸੀ। ਜਸਬੀਰ ਨਹੀਂ ਸੀ ਜਾਣਦੀ ਕਿ ਉਹ ਸ਼ੱਕਰ ਦਾ ਮਰੀਜ਼ ਹੈ। ਉਸਨੂੰ ਲੰਡਨ ਦੇ ਹਸਪਤਾਲ ਦਾਖਲ ਕਰਵਾਇਆ ਤਾਂ ਅਫਵਾਹ ਫੈਲ ਗਈ ਕਿ ਉਹ ਚੱਲ ਵਸਿਆ ਹੈ। ਇਹ ਗਲਤ ਸੀ। ਵਾਪਸ ਪਰਤ ਆਉਣ ਉੱਤੇ ਹਰ ਕਿਸੇ ਨੇ ਸੁੱਖ ਦਾ ਸਾਹ ਲਿਆ।

**ਬਸ਼ਿੰਦਰ ਗਰੇਵਾਲ**

ਮੇਰੇ ਗੁਆਂਢੀ ਕਰਨਲ ਏ ਐਸ ਗਰੇਵਾਲ ਦਾ ਬੇਟਾ 1986 ਤੋਂ ਅਮਰੀਕਾ ਰਹਿ ਰਿਹਾ ਹੈ। ਉਹ ਬਿਜ਼ਨੈਸ ਮੈਨੇਜਮੈਂਟ ਦੀ ਪੜ੍ਹਾਈ ਕਰ ਕੇ ਅਮਰੀਕਾ ਚਲਾ ਗਿਆ ਸੀ। ਉਸਦੀ ਵਪਾਰਕ ਪ੍ਰਬੰਧਾਂ ਨਾਲ ਲੰਮੀ ਨੌਕਰੀ ਸਦਕਾ ਉਸਨੂੰ ਹਿਤਾਚੀ ਅਮਰੀਕਾ ਨਾਂ ਦੀ ਕੰਪਨੀ ਨੇ ਆਪਣੇ ਅੱਧੀ ਦਰਜਨ ਪ੍ਰੋਗਰਾਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਹੈ ਜਿਸ ਵਿਚ ਵਾਈਪਰੋ ਤੇ ਇਨਫੋਸਿਸ ਵੀ ਸ਼ਾਮਲ ਹਨ। ਅੱਗੇ ਤੋਂ ਬਸ਼ਿੰਦਰ ਇਸ ਕੰਪਨੀ ਦੇ ਲਗਪਗ ਪੂਰਨ ਤਾਲਮੇਲ ਦਾ ਇੰਚਾਰਜ ਹੋਵੇਗਾ। ਬਸ਼ਿੰਦਰ ਨੇ ਆਪਣੇ ਪਰਿਵਾਰ ਦਾ ਹੀ ਨਹੀਂ ਸਮੁੱਚੇ ਗਰੇਵਾਲਾਂ ਦਾ ਨਾਂ ਰੌਸ਼ਨ ਕੀਤਾ ਹੈ। ਮੁਬਾਰਕਾਂ।

**ਅੰਤਿਕਾ**

ਮਹਿੰਦਰਦੀਪ ਗਰੇਵਾਲ
ਪਤਝੜਾਂ ਨੂੰ ਨਾਲ ਲੈ ਕੇ
ਤੁਰ ਰਹੀ ਹੈ ਜ਼ਿੰਦਗੀ,
ਏਸ ਵਿਚ ਵੀ ਪਲ ਰਹੀਆਂ
ਕਿੰਨੀਆਂ ਬਹਾਰਾਂ।

## ਕਵਿਤਾ ਅਤੇ ਮੇਰਾ ਸਫ਼ਰ

(ਪਿਛਲੇ ਸਫੇ ਦਾ ਬਾਕੀ)

ਕਿਵੇਂ ਬੋਲੀ ਕੌਮਾਂ ਦੇ ਅਤਿ ਨਿੱਜੀ ਸੱਭਿਆਚਾਰਕ, ਆਤਮਿਕ, ਅਤੇ ਕੌਮੀ ਸਰੋਕਾਰਾਂ ਨੂੰ ਸਾਂਭੀ ਬੈਠੀ ਹੁੰਦੀ ਹੈ ਜੋ ਸਮੇਂ-ਸਮੇਂ 'ਤੇ ਸਾਹਿਤ, ਖਾਸਕਰ ਕਵਿਤਾ, ਰਾਹੀਂ ਜ਼ਾਹਰ ਹੁੰਦੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਦੇ ਖੱਬੇਪੱਖੀ ਘਾੜਿਆਂ ਦੀ ਬੋਲੀ ਅਤੇ ਸਾਹਿਤ ਪ੍ਰਤੀ ਮੁਰਦਾ ਸਿਧਾਂਤਕ ਪਹੁੰਚ ਨੇ ਸਾਹਿਤ-ਸਿਰਜਣਾ ਦੇ ਵਹਾਅ ਮੂਹਰੇ ਅਨੇਕ ਬੰਨ੍ਹ ਲਾ ਦਿੱਤੇ। ਕਵਿਤਾ ਚੌਖਟਿਆਂ ਵਿਚ ਕੈਦ ਹੋ ਕੇ ਮੁਰਝਾਉਣ ਲੱਗ ਪਈ।

ਪਰ ਪੰਜਾਬ ਵਿਚ ਮੁੱਖ ਮਸਲਾ ਮਾਰਕਸਵਾਦੀ ਚਿੰਤਨਧਾਰਾ ਦਾ ਆਉਣਾ ਨਹੀਂ ਸੀ। ਮਸਲਾ ਤਾਂ ਇਹ ਸੀ ਕਿ ਪੰਜਾਬ ਦੇ ਖੱਬੇਪੱਖੀ ਅੰਧਵਿਸ਼ਵਾਸੀ ਸ਼ਰਧਾਲੂਆਂ ਵਾਂਗ ਬਿਨਾਂ ਮਾਰਕਸਵਾਦ ਨੂੰ ਪੜ੍ਹੇ ਇਸ ਦੇ ਮੁਰੀਦ ਬਣ ਗਏ। ਉਨ੍ਹਾਂ ਨੇ ਮਾਰਕਸਵਾਦ ਨੂੰ ਜਾਇਜ਼ ਠਹਿਰਾਉਣ ਲਈ ਸਿਆਸੀ ਕਾਂਵਾਂ-ਰੌਲੀ ਸ਼ੁਰੂ ਕਰ ਦਿੱਤੀ। ਇਸ ਮਾਹੌਲ ਵਿਚੋਂ ਸੰਵਾਦ ਪੂਰੀ ਤਰ੍ਹਾਂ ਗੈਰਹਾਜ਼ਰ ਸੀ। ਸਿੱਖ ਨੌਜੁਆਨਾਂ ਦੇ ਜਿਹੜੇ ਹਿੱਸੇ ਬਿਨਾਂ ਪੜ੍ਹੇ-ਗੁਣੇ ਮਾਰਕਸੀ ਬਿਰਤਾਂਤ ਨੂੰ ਆਤਮਸਾਤ ਕਰ ਚੁੱਕੇ ਸਨ ਉਨ੍ਹਾਂ ਕੋਲ ਸੰਵਾਦ ਲਈ ਲੋੜੀਂਦੀ ਆਲੋਚਨਾਤਮਕ ਦ੍ਰਿਸ਼ਟੀ ਨਹੀਂ ਸੀ। ਹਿੰਦੂ ਸਥਾਪਤੀ ਅਤੇ ਇਸ ਦੇ ਮਾਰਕਸੀ ਪੈਰੋਕਾਰਾਂ ਨੂੰ ਮਾਨਤਾ ਦੇਣ ਤੋਂ ਇਨਕਾਰੀ ਹੋ ਸਿੱਧੇ ਬਗ਼ਾਵਤ ਦੇ ਰਾਹ ਤੁਰੇ ਹੋਏ ਸਿੱਖ ਨੌਜੁਆਨ ਸੰਵਾਦ ਲਈ ਲੋੜੀਂਦੇ ਮੁਹਾਵਰਿਆਂ ਨਾਲ ਹੀ ਵਾਬਸਤਾ ਨਹੀਂ ਸਨ। ਦੂਜੇ ਸ਼ਬਦਾਂ ਵਿਚ, ਸਿੱਖ ਨੌਜੁਆਨਾਂ ਦੀ ਹਥਿਆਰਬੰਦ ਲਹਿਰ ਬਹੁਤ ਜ਼ੋਰਦਾਰ ਤਾਂ ਸੀ ਪਰ ਇਸ ਦੀਆਂ ਆਪਣੀਆਂ ਸੀਮਤਾਈਆਂ ਵੀ ਸਨ। ਸਿੱਖਾਂ ਦੀ ਸਥਿਤੀ ਜ਼ਿਆਦਾ ਗੰਭੀਰ ਸੀ। ਸਿੱਖਾਂ ਦੀ ਲੋੜ ਸੀ ਕਿ ਹਥਿਆਰਬੰਦ ਲਹਿਰ ਤੋਂ ਬਾਹਰ ਸਿੱਖਾਂ ਕੋਲ ਕੋਈ ਬੌਧਿਕ ਮੁਹਾਜ਼ ਹੁੰਦਾ ਜਿਹੜਾ ਬਿਰਤਾਂਤਕ ਹਿੰਸਾ ਦੀ ਜੜ੍ਹ ਫੜਦਾ। ਪਰ ਬੌਧਿਕ ਅਤੇ ਸਾਹਿਤਕ ਅਦਾਰਿਆਂ ਵਿਚ ਸਿੱਖ ਹਾਸ਼ੀਏ 'ਤੇ ਧੱਕੇ ਹੋਏ ਸਨ। ਬਿਰਤਾਂਤਕ ਹਿੰਸਾ ਦੀ, ਇਸ ਦੀ ਨੁਮਾਇੰਦਗੀ ਕਰਨ ਵਾਲੇ ਵਿਅਕਤੀਆਂ ਤੋਂ ਅਗਾਂਹ, ਨਿਸ਼ਾਨਦੇਹੀ ਕਰਨੀ ਹਥਿਆਰਬੰਦ ਲਹਿਰ ਦੇ ਕਰਨ ਵਾਲਾ ਕੰਮ ਨਹੀਂ ਸੀ। ਸਿੱਖਾਂ ਦੇ ਬੌਧਿਕ ਵਰਗ ਲਈ ਬਿਰਤਾਂਤਕ ਹਿੰਸਾ ਨਾਲ ਸਿੱਧਾ ਮੱਥਾ ਲਾਉਣਾ ਜ਼ਰੂਰੀ ਸੀ ਜੋ ਕਿ ਬਹੁਤ ਸਾਰੇ ਕਾਰਨਾਂ ਕਰਕੇ ਸੰਭਵ ਨਾ ਹੋ ਸਕਿਆ। ਪੰਜਾਬ ਦੇ ਸਿੱਖ ਘਰਾਂ ਵਿਚ ਜੰਮੇ ਖੱਬੇਪੱਖੀ ਸਾਹਿਤਕਾਰਾਂ ਅਤੇ ਵਿਦਵਾਨਾਂ ਦੇ ਪੌਚ ਦਿਆਨਤਦਾਰੀ ਨਾਲ ਸੰਵਾਦ ਵਿਚ ਆਉਣ ਲਈ ਰਾਜ਼ੀ ਨਹੀਂ ਸਨ। ਉਹ ਸੰਵਾਦ ਤੋਂ ਇਨਕਾਰੀ ਹੋ ਇੱਕਪਾਸੜ ਸਿੱਖ-ਵਿਰੋਧੀ ਪ੍ਰਚਾਰ ਵਿਚ ਜੁਟੇ ਹੋਏ ਸਨ। ਅਜਿਹੇ ਤਰਕਹੀਣ ਵਿਹਾਰ ਦੀ ਵਜ੍ਹਾ ਉਨ੍ਹਾਂ ਅੰਦਰਲੀ ਬੇਚੈਨੀ ਸੀ ਜਿਸ ਸਦਕਾ ਉਹ ਕਿਸੇ ਵੀ ਕੀਮਤ 'ਤੇ ਆਪਣੇ-ਆਪ ਨੂੰ ਸਿੱਖ ਵਿਰੋਧੀ ਸਾਬਤ ਕਰਨਾ ਚਾਹੁੰਦੇ ਸਨ। ਹਿੰਦੁਸਤਾਨੀ ਰਾਸ਼ਟਰਵਾਦੀਆਂ ਲਈ ਇਸ ਤੋਂ ਵਧੀਆ ਗੱਲ ਕੋਈ ਨਹੀਂ ਸੀ ਹੋ ਸਕਦੀ ਕਿ ਜਿਨ੍ਹਾਂ ਸਾਹਿਤਕ ਅਤੇ ਅਕਾਦਮਿਕ ਹਲਕਿਆਂ ਨੇ ਸਿੱਖਾਂ ਨੂੰ ਬਿਰਤਾਂਤਕ ਹਿੰਸਾ ਤੋਂ ਬਚਾਉਣਾ ਸੀ ਉਹ ਸਿੱਖਾਂ ਖ਼ਿਲਾਫ਼ ਇਸ ਹਿੰਸਾ ਦੇ ਸਭ ਤੋਂ ਕਾਰਗਰ ਹਥਿਆਰ ਹੋ ਨਿੱਬੜੇ। ਖੱਬੇਪੱਖੀਆਂ ਅੰਦਰਲੀ ਉਪਰੋਕਤ ਬੇਚੈਨੀ ਹਿੰਦੁਸਤਾਨੀ ਰਾਸ਼ਟਰਵਾਦੀਆਂ ਨੇ ਪੜਾਅ-ਦਰ-ਪੜਾਅ, ਬੜੇ ਵਿਉਂਤਬੱਧ ਢੰਗ ਨਾਲ, ਪੈਦਾ ਕੀਤੀ ਸੀ।

ਸਿੱਖਾਂ ਕੋਲ ਨਾ ਤਾਂ ਕੋਈ ਆਧੁਨਿਕਤਾ ਨਾਲ ਸਿੱਧਾ ਮੱਥਾ ਲਾਉਣ ਵਾਲੀ ਪੱਛਮੀ ਤਰਜ਼ ਦੀ ਬੌਧਿਕ ਪਰੰਪਰਾ ਸੀ ਤੇ ਨਾ ਹੀ ਉਹ ਇਸ ਪਰੰਪਰਾ ਨੂੰ ਚੁਣੌਤੀ ਦੇਣ ਵਾਲੀਆਂ ਉੱਤਰਆਧੁਨਿਕ ਜਾਂ ਉੱਤਰਸੰਰਚਨਾਵਾਦੀ ਚਿੰਤਨ-ਧਾਰਾਵਾਂ ਨਾਲ ਚੰਗੀ ਤਰ੍ਹਾਂ ਵਾਬਸਤਾ ਸਨ। ਪਰ ਸਿੱਖਾਂ ਕੋਲ ਬਹੁਤ ਤਾਕਤਵਰ ਕਾਵਿ-ਪਰੰਪਰਾ ਸੀ ਜਿਸ ਵਿਚ ਨਵੀਆਂ ਚਿੰਤਨ-ਤਰਜ਼ਾਂ ਦੀਆਂ ਸੰਭਾਵਨਾਵਾਂ ਪਈਆਂ ਸਨ। ਅਸੀਵਿਆਂ ਵਿਚ ਆ ਕੇ ਅਜਿਹੀ ਸੰਭਾਵਨਾ ਹਰਿੰਦਰ ਸਿੰਘ ਮਹਿਬੂਬ ਦੇ ਕੰਮ ਨਾਲ ਸਾਕਾਰ ਹੋਈ। ਪਰ ਉਨ੍ਹਾਂ ਦੀਆਂ ਲਿਖਤਾਂ ਆਉਣ ਤੋਂ ਪਹਿਲਾਂ ਸਿੱਖ ਬੌਧਿਕ ਅਤੇ ਸਾਹਿਤਕ ਖੇਤਰਾਂ ਵਿਚ ਬਿਲਕੁਲ ਹੀ ਹਾਸ਼ੀਏ 'ਤੇ ਚਲੇ ਗਏ ਸਨ।

ਉਪਰੋਕਤ ਵੇਰਵਾ ਪੰਜਾਬ ਦੀ ਧਰਤੀ 'ਤੇ ਜੰਮੇ-ਪਲੇ ਕਵਿਤਾ ਦੇ ਇੱਕ ਸਿੱਖ ਪਾਠਕ ਅਤੇ ਸਾਧਕ ਦਾ ਇਤਿਹਾਸਕ ਅਨੁਭਵ ਬਿਆਨ ਕਰਦਾ ਹੈ। ਅਨੁਭਵ ਦੇ ਇਤਿਹਾਸਕ ਪਹਿਲੂ ਨੂੰ ਇਸ ਦੇ ਵਿਚਾਰਅਧੀਨ ਸੰਦਰਭ ਵਿਚ ਸਮਝਣ ਦੀ ਲੋੜ ਹੈ। ਇੱਥੇ ਇਤਿਹਾਸਿਕਤਾ ਅਨੁਭਵ ਨੂੰ ਢਾਲਣ ਵਾਲਾ ਸਾਂਚਾ ਨਹੀਂ ਸਗੋਂ ਕਾਲ ਦੇ ਜਮੂਦ ਵਿਚ ਬੇਸੁੱਧ ਹੋਈ ਮਨੁੱਖੀ ਚੇਤਨਾ ਨੂੰ ਝੰਜੋੜਨ ਵਾਲਾ ਕਹਿਰਵਾਨ ਵੇਗ ਹੈ। ਕਵਿਤਾ ਦਾ ਆਦਿ-ਅੰਤ ਇਤਿਹਾਸਿਕਤਾ ਤੋਂ ਪਾਰ ਹੈ। ਕਵਿਤਾ ਚੇਤੇ ਵਿਚ ਲਹਿਰਦੇ ਰਾਗਾਂ ਵਿਚ ਲੀਨ ਹੋ, ਸਮਕਾਲ ਦੇ ਸਦਮਿਆਂ ਸਾਹਵੇਂ ਸਿਦਕ ਦੀਆਂ ਨਵੀਆਂ ਬੁਲੰਦੀਆਂ ਛੋਹ, ਵਿਸਮਾਦ ਦੀ ਭਰਪੂਰਤਾ ਰਾਹੀਂ, ਭਵਿੱਖ ਵਿਚ ਮਨੁੱਖੀ ਆਪੇ ਦੀਆਂ ਅਣਕਿਆਸੀਆਂ ਸੰਭਾਵਨਾਵਾਂ ਸਾਕਾਰ ਕਰਨ ਦਾ ਨਾਂ ਹੈ। ਕਵਿਤਾ ਇਤਿਹਾਸ ਦੀਆਂ ਸੰਰਚਨਾਵਾਂ ਵਿਚੋਂ ਪੈਦਾ ਨਹੀਂ ਹੁੰਦੀ ਸਗੋਂ ਜੀਵਨ ਦੇ ਖੇੜੇ ਵਿਚ ਲੋੜੀਂਦੇ ਰੰਗ ਭਰ ਤੇ ਦੇਹ ਦੇ ਵਿਛੁੰਨੇ ਨਾਦਾਂ ਨੂੰ ਸੰਜੋਗੀ ਛੋਹਾਂ ਦੇ ਸਮਕਾਲ ਤੇ ਭਵਿੱਖ ਦੇ ਉਨ੍ਹਾਂ ਰੂਪਾਂ ਨੂੰ ਡੌਲਦੀ ਹੈ ਜੋ ਵਕਤ ਨਾਲ ਇਤਿਹਾਸ ਦਾ ਗੌਰਵ ਹੋ ਨਿੱਬੜਦੇ ਹਨ। ਇਹ ਮੇਰੇ ਸਫ਼ਰ ਦੇ ਸ਼ੁਰੂਆਤੀ ਦੌਰ ਦੇ ਹਾਲਾਤ ਸਨ। ਦਮਨ ਦਾ ਪ੍ਰਕੋਪ ਦਿਨ-ਪੁਰ-ਰਾਤ ਜਾਰੀ ਸੀ। ਇਤਿਹਾਸ ਦੀਆਂ ਅਣਕਿਆਸੀਆਂ ਬੁਲੰਦੀਆਂ ਵੀ ਨਿੱਤ-ਦਿਹਾੜੇ ਪ੍ਰਗਟ ਹੋ ਰਹੀਆਂ ਸਨ। ਅਨੁਭਵ ਦੀ ਇਹ ਇਤਿਹਾਸਿਕਤਾ ਕਾਲ ਤੇ ਬੋਲੀ ਦੀਆਂ ਕਾਇਨਾਤੀ ਸੰਭਾਵਨਾਵਾਂ ਨਾਲ ਇਕਸੁਰ ਸੀ। ਸਿੱਖ ਦਮਨ ਨਾਲ ਬਹੁਤ ਬਹਾਦਰੀ ਨਾਲ ਲੜ ਰਹੇ ਸਨ। ਪਰ ਦਮਨ ਨਾਲ ਜੂਝਣ ਸਦਕਾ ਵਿਅਕਤੀਆਂ ਜਾਂ ਕੌਮਾਂ ਅੰਦਰਲੇ ਬੇਗਾਨਗੀ ਦੇ ਅਹਿਸਾਸ ਖ਼ਤਮ ਨਹੀਂ ਹੋ ਜਾਂਦੇ ਭਾਵੇਂ ਕਿ ਇਸ ਨਾਲ ਬੇਵਤਨੀ ਦੀ ਸਥਿਤੀ ਦੇ ਖ਼ਤਮ ਹੋਣ ਦਾ ਮੁੱਢ ਜ਼ਰੂਰ ਬੱਝ ਸਕਦਾ ਹੈ। ਦੂਜਾ, ਸੰਕਟ ਤੇ ਤਲਖ਼ੀਆਂ ਕਵੀ ਨੂੰ ਸਤਹ ਤੋਂ ਡੂੰਘਾ ਲਹਿਣ ਦੀ ਪ੍ਰੇਰਨਾ ਤੇ ਸਮਰੱਥਾ ਦਿੰਦੇ ਹਨ। ਕਵੀ ਆਪਣੀ ਗੱਲ ਨਿੱਜ ਤੋਂ ਸ਼ੁਰੂ ਕਰ ਸਕਦਾ ਹੈ ਪਰ ਕਵਿਤਾ ਦੇ ਪਸਾਰ ਕਦੇ ਨਿੱਜ ਤੱਕ ਸੀਮਿਤ ਨਹੀਂ ਰਹਿੰਦੇ। ਇਸ ਤਰ੍ਹਾਂ, ਦੇਸ ਨਿਕਾਲੇ ਨਾਲ ਕਵੀ ਦਾ ਅਨੁਭਵ ਆਪਣੇ ਲੋਕਾਂ ਦੇ ਬਹੁਤ ਸਾਰੇ ਮੂਕ ਅਨੁਭਵਾਂ ਨੂੰ ਜ਼ੁਬਾਨ ਦਿੰਦਾ ਹੈ।

ਦੇਸ ਨਿਕਾਲੇ ਦੀ ਅਵਸਥਾ ਅਸਲ ਵਿਚ ਦੇਸ ਤੇ ਕਾਲ ਦੇ ਸਬੰਧਾਂ ਵਿਚਲੇ ਬਖੇੜਿਆਂ ਵਿਚ ਪਈ ਸੀ। ਉਸ ਵੇਲੇ, ਕਾਲ ਦਾ ਪ੍ਰਵਾਹ ਦੇਸ ਦੀ ਸੁਰਤਿ ਨਾਲ ਇਕਸੁਰ ਨਹੀਂ ਸੀ। ਸਮੇਂ ਦੀਆਂ ਕਈ ਪਰਤਾਂ, ਜੋ ਸਾਡੇ ਦੇਸ ਦੇ ਵਾਯੂ-ਮੰਡਲ 'ਤੇ ਹਾਵੀ ਹੋ ਗਈਆਂ ਸਨ, ਦੇਸ ਦੀ ਸੁਰਤਿ ਦੇ ਆਪ-ਮੁਹਾਰੇ ਵੇਗ ਨੂੰ ਸੀਮਿਤ ਘੇਰੇ ਵਾਲੇ ਸਿਧਾਂਤਕ ਚੌਖਟਿਆਂ ਵਿਚ ਕੈਦ ਕਰ ਰਹੀਆਂ ਸਨ। ਸਿੱਖਾਂ ਦਾ ਸਮਾਂ ਇਨ੍ਹਾਂ ਜੁਗ-ਗਰਦੀਆਂ ਦੇ ਹਾਸ਼ੀਏ 'ਤੇ ਅੰਗੜਾਈਆਂ ਲੈ ਰਿਹਾ ਸੀ।

ਇਹ ਸਭ ਕੁਝ ਮੈਥੋਂ ਪਹਿਲੀ ਪੀੜ੍ਹੀ ਵਿਚ ਹੀ ਵਾਪਰ ਚੁੱਕਾ ਸੀ। ਮੇਰੀ ਸੁਰਤ ਵਿਚ ਪੰਜਾਬ ਦੀ ਧਰਤੀ 'ਤੇ ਅਣਕਿਆਸਿਆ ਇਤਿਹਾਸਕ ਪਲਟਾਅ ਆਇਆ ਸੀ। 1970ਵਿਆਂ ਦੇ ਅਖੀਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਆਏ। ਉਨ੍ਹਾਂ ਨੇ ਇੱਕ ਇਤਿਹਾਸਕ ਲਹਿਰ ਦਾ ਮੁੱਢ ਬੰਨ੍ਹਿਆਂ ਜੋ ਉੱਪਰਲੀ ਸਤਹ ਤੋਂ ਵੇਖਿਆਂ ਸਿੱਖਾਂ ਦੇ ਸਿਆਸੀ ਸਰੋਕਾਰਾਂ ਲਈ ਸੰਘਰਸ਼ ਵਿੱਢਣ ਵਾਲੀ ਲਹਿਰ ਸੀ। ਪਰ ਅਸਲ ਵਿਚ ਇਹ ਲਹਿਰ ਸਿੱਖੀ ਅਤੇ ਸਿੱਖਾਂ ਦੀ ਹੋਂਦ ਖ਼ਿਲਾਫ਼ ਚੱਲ ਰਹੇ ਦਮਨ-ਚੱਕਰ ਨੂੰ ਬੁਨਿਆਦੀ ਪੱਧਰ 'ਤੇ ਚੁਣੌਤੀ ਦੇਣ ਵਾਲੀ ਲਹਿਰ ਸੀ। ਇਹ ਲਹਿਰ ਸਿੱਖੀ ਦੀ ਪੁਨਰ-ਸੁਰਜੀਤੀ ਦੀ ਲਹਿਰ ਹੋ ਨਿੱਬੜੀ। ਪਰ ਸਿੱਖਾਂ ਨੇ ਆਪਣਾ ਮੂਲ ਪਛਾਣਿਆ ਤੇ ਧਰਮ ਦੀ ਇਹ ਪੁਨਰ-ਸੁਰਜੀਤੀ ਸੱਭਿਆਚਾਰਕ ਪਲਟਾਅ ਦਾ ਰੂਪ ਧਾਰ ਗਈ। ਨੌਜੁਆਨਾਂ ਦਾ ਸਰੂਪ ਤੇ ਰਹਿਣੀ ਬਦਲ ਗਏ। ਉਨ੍ਹਾਂ ਦੇ ਸਰੋਕਾਰ ਸਿੱਧੇ ਧਾਰਮਿਕ ਹੋ ਗਏ। ਉਕਤ ਪਲਟਾਅ ਸਿੱਖਾਂ ਦੇ ਇੱਕ ਛੋਟੇ ਹਿੱਸੇ ਵਿਚੋਂ ਪੈਦਾ ਹੋਈ ਪ੍ਰੇਰਨਾਦਾਇਕ ਲਹਿਰ ਦੇ ਰੂਪ ਵਿਚ ਨਮੂਦਾਰ ਹੋਇਆ ਜੋ ਛੇਤੀ ਹੀ ਬਹੁਤ ਵਿਆਪਕ ਵਰਤਾਰਾ ਬਣ ਗਿਆ। ਇਸ ਪਲਟਾਅ ਦੀ ਵਿਆਪਕਤਾ ਦੇ ਬਾਵਜੂਦ, ਪੰਜਾਬ ਦਾ ਜਨਤਕ ਪਸਾਰ ਸਮੇਂ ਦੇ ਓਪਰੇ ਪ੍ਰਭਾਵਾਂ ਤੋਂ ਅਜੇ ਵੀ ਮੁਕਤ ਨਹੀਂ ਸੀ। ਦੇਸ ਅੰਦਰ ਪਰਦੇਸੀ ਹੋਣ ਦਾ, ਨਿਥਾਵੇਂ ਹੋਣ ਦਾ, ਅਹਿਸਾਸ ਸਾਡੇ ਦੌਰ ਵਿਚ ਹੋਰ ਵਿਅਕਤ ਹੋ ਗਿਆ ਸੀ। ਇਸ ਦੀ ਵਜ੍ਹਾ ਸੀ ਸਿੱਖਾਂ ਅੰਦਰ ਆਏ ਪਲਟਾਅ ਕਾਰਨ ਹਿੰਦੁਸਤਾਨੀ ਸਥਾਪਤੀ ਦੀ ਵਧੀ ਹੋਈ ਬੇਚੈਨੀ ਵਿਚੋਂ ਨਿਕਲੀ ਨਿਰਦਈ ਹਿੰਸਾ।

ਇਹ ਹਿੰਸਾ ਸਰੀਰਕ ਤੇ ਸੱਭਿਆਚਾਰਕ ਸੀ ਜਿਸ ਦੇ ਆਧਾਰ ਬਿਰਤਾਂਤਕ ਸਨ। ਹਿੰਦੁਸਤਾਨੀ ਹਕੂਮਤ ਨੂੰ ਸੱਭਿਆਚਾਰਕ ਹਿੰਸਾ ਦੀ ਲੋੜ ਦੀ ਬਹੁਤ ਸੁਚੇਤ ਪ੍ਰਤੀਤੀ ਸੀ। ਹਿੰਦੂ ਬ੍ਰਾਹਮਣਵਾਦੀ ਬਿਰਤਾਂਤ ਅਤੇ ਪੱਛਮੀ ਬਸਤੀਵਾਦੀ ਬਿਰਤਾਂਤ ਇਸ ਪ੍ਰਤੀਤੀ ਦੇ ਆਧਾਰ ਸਨ। ਬ੍ਰਾਹਮਣਵਾਦੀਆਂ ਕੋਲ ਲੋਕਾਂ ਨੂੰ ਦਲਿਤ ਬਣਾ ਕੇ ਗੁਲਾਮਾਂ ਵਜੋਂ ਵਰਤਣ ਦਾ ਸਦੀਆਂ ਦਾ ਤਜਰਬਾ ਸੀ। ਪੱਛਮੀ ਬਸਤੀਵਾਦੀਆਂ ਕੋਲ ਮਨੁੱਖੀ ਅੰਤਰਮੁਖਤਾ ਦੀ ਘਾਤ ਦੇ ਬਹੁਤ ਕਾਰਗਰ ਬਿਰਤਾਂਤ ਸਨ। ਬਸਤੀਵਾਦੀ ਇਨ੍ਹਾਂ ਬਿਰਤਾਂਤਾਂ ਨੂੰ ਬਸਤੀਆਂ ਦੇ ਮੂਲ-ਨਿਵਾਸੀਆਂ ਦੇ ਮਨ-ਮਸਤਕ ਨੂੰ ਆਪਣੇ ਹਿਸਾਬ ਨਾਲ ਢਾਲਣ ਲਈ ਵਰਤਦੇ ਸਨ। ਬਸਤੀਵਾਦੀ ਸੱਤਾ ਤਹਿਤ ਆ ਗਏ ਲੋਕਾਂ ਦੀ ਅੰਤਰਮੁਖਤਾ ਦਾ ਅਜਿਹਾ ਕਾਇਆਕਲਪ ਬਸਤੀਵਾਦੀਆਂ ਦੇ ਸਾਮਰਾਜੀ ਮਨਸੂਬੇ ਲਈ ਲੋੜੀਂਦਾ ਸੀ। ਅਜਿਹੇ ਕਾਇਆਕਲਪ ਨਾਲ ਮੂਲ-ਨਿਵਾਸੀਆਂ ਵੱਲੋਂ ਬਸਤੀਵਾਦ ਖ਼ਿਲਾਫ਼ ਪ੍ਰਤੀਰੋਧ ਦੀ ਸੰਭਾਵਨਾ ਲਗਭਗ ਮੁੱਕ ਜਾਂਦੀ ਸੀ। ਅੰਗਰੇਜ਼ ਬਸਤੀਵਾਦੀਆਂ ਦੇ ਲੋਕਾਂ ਨੂੰ ਗੁਲਾਮ ਬਣਾਉਣ ਦੇ ਹੱਥਕੰਡੇ ਸੰਨ ਸੰਤਾਲੀ ਦੀ ਸੱਤਾ ਤਬਦੀਲੀ ਤੋਂ ਬਾਅਦ ਹਿੰਦੂਆਂ ਨੂੰ ਬਹੁਤ ਰਾਸ ਆਏ। ਸੰਤਾਲੀ ਦੀ ਸੱਤਾ ਤਬਦੀਲੀ ਤੋਂ ਬਾਅਦ ਹਿੰਦੂ ਨਵੀਂ ਬਸਤੀਵਾਦੀ ਤਾਕਤ ਬਣ ਗਏ ਸਨ। ਉਨ੍ਹਾਂ ਨੇ ਸਰੀਰਕ ਹਿੰਸਾ ਦਾ ਆਧਾਰ ਤਿਆਰ ਕਰਨ ਵਾਲੇ ਸੱਭਿਆਚਾਰਕ ਹਿੰਸਾ ਦੇ ਬਣੇ-ਬਣਾਏ ਨਮੂਨੇ ਆਪਣੇ ਬਸਤੀਵਾਦੀ ਪੂਰਵ-ਅਧਿਕਾਰੀਆਂ ਤੋਂ ਲੈ ਲਏ ਸਨ। ਬਸਤੀਵਾਦੀ ਬਿਰਤਾਂਤਾਂ ਨੂੰ ਅਮਲੀ ਰੂਪ ਵਿਚ ਲਿਆਉਣ ਵੇਲੇ ਹਿੰਦੂ ਹਾਕਮਾਂ ਨੇ ਇਨ੍ਹਾਂ ਨੂੰ ਆਪਣੇ ਸਥਾਨਕ ਬਿਰਤਾਂਤਾਂ ਦੀ ਪੁੱਠ ਦੇ ਲਈ ਸੀ ਜਿਸ ਨਾਲ ਇਹ ਜ਼ਮੀਨ 'ਤੇ ਲਾਗੂ ਕਰਨੇ ਹੋਰ ਸੌਖੇ ਹੋ ਗਏ। ਹਿੰਦੂ ਬਸਤੀਵਾਦੀ ਇਸ ਮਨਸੂਬੇ ਵਿਚ ਖਾਸ ਤੌਰ 'ਤੇ ਕਾਮਯਾਬ ਰਹੇ ਕਿਉਂਕਿ ਸਿੱਖਾਂ ਦੇ ਮੁਆਮਲੇ ਵਿਚ ਉਨ੍ਹਾਂ ਨੂੰ ਖੱਬੇਪੱਖੀ ਤੇ ਉਦਾਰਵਾਦੀ ਧਿਰਾਂ ਦੀ ਅਜਿਹੀ ਜ਼ੋਰਦਾਰ ਹਮਾਇਤ ਹਾਸਲ ਹੋਈ ਜਿਸ ਦੀ ਦੁਨੀਆ ਦੇ ਕਿਸੇ ਹੋਰ ਹਿੱਸੇ 'ਚੋਂ ਮਿਸਾਲ ਮਿਲਣੀ ਔਖੀ ਹੈ। ਹਿੰਦੁਸਤਾਨੀ ਪੁਲਿਸ ਤੇ ਫ਼ੌਜੀ ਦਸਤਿਆਂ ਦੀ ਸਰੀਰਕ ਹਿੰਸਾ ਦੇ ਪਿੱਛੇ ਕਾਰਜਸ਼ੀਲ ਸੱਭਿਆਚਾਰਕ ਹਿੰਸਾ ਦਾ ਵਰਤਾਰਾ ਹਰ ਸਿੱਖ ਦੇ ਮਨ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਸੀ। ਜਿਵੇਂ-ਜਿਵੇਂ ਹਿੰਦੁਸਤਾਨੀ ਹਾਕਮਾਂ ਨੂੰ ਲੱਗਦਾ ਸੀ ਕਿ ਸਿੱਖ ਆਪਣੀ ਆਜ਼ਾਦੀ ਦੀ ਮੰਜ਼ਿਲ ਵੱਲ ਵਧ ਰਹੇ ਹਨ ਉਵੇਂ-ਉਵੇਂ ਉਨ੍ਹਾਂ ਦੀ ਹਿੰਸਾ ਵਿਚ ਆਪਮੁਹਾਰਾ ਵਾਧਾ ਹੋ ਰਿਹਾ ਸੀ। ਜਿਵੇਂ-ਜਿਵੇਂ ਸਿੱਖਾਂ 'ਤੇ ਹਕੂਮਤੀ ਜਬਰ ਵਧ ਰਿਹਾ ਸੀ, ਉਵੇਂ-ਉਵੇਂ ਖੱਬੇਪੱਖੀ ਤੇ ਹਿੰਦੂ ਰਾਸ਼ਟਰਵਾਦੀ ਸਿੱਖਾਂ ਨੂੰ ਦੋਸ਼ੀ ਬਣਾ ਹੋਰ ਜ਼ੋਰ ਨਾਲ ਹਾਸ਼ੀਏ ਵੱਲ ਧੱਕ ਰਹੇ ਸਨ। ਸਾਹਿਤਕ ਅਤੇ ਬੌਧਿਕ ਹਲਕਿਆਂ ਵਿਚ ਸਿੱਖ ਸਰੋਕਾਰਾਂ ਦੀ ਗੱਲ ਕਰਨੀ ਤਾਂ ਦੂਰ ਦੀ ਗੱਲ, ਸਿੱਖ ਸ਼ਬਦ ਬੋਲਣਾ ਹੀ ਵਰਜਿਤ ਸੀ। ਖੱਬੇਪੱਖੀ, ਉਦਾਰਵਾਦੀ, ਤੇ ਇਨ੍ਹਾਂ ਦੋਹਾਂ ਦੇ ਸਰਪ੍ਰਸਤ ਹਿੰਦੁਸਤਾਨੀ ਰਾਸ਼ਟਰਵਾਦੀ, ਅੰਤਿਮ ਫ਼ੈਸਲਾ ਦੇ ਚੁੱਕੇ ਸਨ ਕਿ ਸਿੱਖਾਂ ਵਿਚ ਪਛਾਣ ਦਾ ਆਧਾਰ ਸਿੱਖੀ ਨਹੀਂ, ਪੰਜਾਬੀਅਤ ਹੋਵੇਗੀ। ਇਹ ਇੱਕਪਾਸੜ ਪ੍ਰਚਾਰ-ਮੁਹਿੰਮ ਸੀ ਜਿਸ ਵਿਚ ਸੰਵਾਦ ਦੀ ਕੋਈ ਸੰਭਾਵਨਾ ਨਹੀਂ ਸੀ। ਪੰਜਾਬ ਦੇ ਬੌਧਿਕ ਅਤੇ ਸਾਹਿਤਕ ਅਦਾਰਿਆਂ 'ਤੇ ਖੱਬੇਪੱਖੀ, ਉਦਾਰਵਾਦੀ, ਤੇ ਹਿੰਦੁਸਤਾਨੀ ਰਾਸ਼ਟਰਵਾਦੀਆਂ ਦਾ ਮੁਕੰਮਲ ਕਬਜ਼ਾ ਸੀ। ਪੰਜਾਬ ਦੇ ਬੌਧਿਕ ਅਤੇ ਸਾਹਿਤਕ ਹਲਕਿਆਂ ਦੇ ਸੱਭਿਆਚਾਰ ਵਿਚ ਬੌਧਿਕਤਾ ਅਤੇ ਸਾਹਿਤਕਤਾ ਦੋਵੇਂ ਗ਼ੈਰਹਾਜ਼ਰ ਸਨ। ਇਸ ਗੱਲ 'ਤੇ ਕਦੇ ਵਿਚਾਰ ਨਹੀਂ ਸੀ ਹੁੰਦੀ ਕਿ ਪਛਾਣ ਦੇ ਆਧਾਰ ਸੱਭਿਆਚਾਰਕ ਹੀ ਕਿਉਂ ਹੋਣ, ਧਾਰਮਿਕ ਕਿਉਂ ਨਹੀਂ ਹੋ ਸਕਦੇ। ਅਸਲ ਵਿਚ ਕਿਸੇ ਵੀ ਗੱਲ 'ਤੇ ਵਿਚਾਰ ਨਹੀਂ ਸੀ ਹੁੰਦੀ। ਖੱਬੇਪੱਖੀਆਂ ਅਤੇ ਉਦਾਰਵਾਦੀਆਂ ਦਾ ਯਕੀਨ ਸੀ ਕਿ ਉਨ੍ਹਾਂ ਕੋਲ ਕਾਇਨਾਤੀ ਸੱਚ ਹੈ ਜਿਸ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਉਨ੍ਹਾਂ ਦਾ ਬੁਨਿਆਦੀ ਹੱਕ ਸੀ। ਇਸ ਕਰਕੇ, ਇਨ੍ਹਾਂ ਭੱਦਰ ਲੋਕਾਂ ਨੇ ਬਿਨਾਂ ਕਿਸੇ ਅਧਿਐਨ ਜਾਂ ਚਿੰਤਨ ਤੋਂ ਧਰਮ ਨੂੰ ਪੱਛਮੀ ਸੰਬੋਧ ਰਿਲਿਜਨ ਦਾ ਸਮਅਰਥੀ ਮੰਨ ਲਿਆ। ਇਸ ਵਿਸ਼ੇ 'ਤੇ ਵਿਸਥਾਰ ਵਿਚ ਅਗਲੀ ਗੱਲ ਕਰਾਂਗੇ। ਪਹਿਲਾਂ ਪੰਜਾਬ ਦੀ ਸਾਹਿਤਕ ਸਥਾਪਤੀ ਨਾਲ ਮੇਰੇ ਅਨੁਭਵ ਦੇ ਕੁਝ ਵੇਰਵੇ ਸਾਂਝੇ ਕਰਦੇ ਹਾਂ।

# ਜ਼ਿੰਦਗੀ ਜ਼ਿੰਦਾਬਾਦ !

ਜ਼ਿੰਦਗੀ ਖੁਸ਼ਬੋਈ ਐ...ਮਹਿਕਵੰਤੀ...ਰੀਝਾਂ ਅਤੇ ਸੁਪਨਿਆਂ ਦੇ ਧਾਗਿਆਂ 'ਚ ਪਰੋਈ ਮਾਲਾ। ਸਦਾ ਵਗਦੇ ਰਹਿਣ ਦਾ ਨਾਂ। ਦਰਿਆਵਾਂ ਦੇ ਪਾਣੀਆਂ ਦੀ ਸਰਸਰਾਹਟ...ਪੌਣਾਂ ਦਾ ਸਿਰਨਾਵਾਂ...ਪੰਛੀਆਂ ਦੀ ਉੱਚੀ ਉਡਾਰੀ... ਜੀਅ ਭਰ ਕੇ ਜਿਊਣ ਦਾ ਤਸੱਵੁਰ। ਨਿਰੰਤਰਤਾ ਬਲ ਬਖ਼ਸ਼ਦੀ ਐ। ਸਾਹਾਂ ਨਾਲ ਰਵਾਨਗੀ ਬਣੀ ਰਹਿੰਦੀ ਆ। ਆਕਾਸ਼ੀ ਗੰਗਾ ਖਿੱਚ ਪਾਉਂਦੀ ਹੈ। ਗਗਨ ਮੰਡਲ ਵਿਚਲੇ ਥਾਲ 'ਚ ਟਿਕੇ ਸਿਤਾਰੇ ਦੀਪ ਮਾਲਾ ਕਰਦੇ ਨੇ ਕੁਦਰਤ ਦੀ। ਰੁਸ਼ਨਾਈਆਂ ਦੀ ਧਾਰਾ ਸ੍ਰਿਸ਼ਟੀ ਦੇ ਸੁਹੱਪਣ ਨੂੰ ਨਿਹਾਰਦੀ ਹੈ। ਸੂਰਜ ਤੇ ਚੰਦਰਮਾ ਦੀਵਿਆਂ ਵਿਚ ਤੇਲ ਪਾਉਂਦੇ ਨੇ ਅਤੇ ਧਰਤੀ ਕਿਸੇ ਹੂਰ-ਪਰੀ ਦਾ ਭੁਲੇਖਾ ਪਾਉਂਦੀ ਐ। ਖੜ੍ਹੋਤ, ਜ਼ਿੰਦਗੀ ਦਾ ਅਖੀਰਲਾ ਪੰਨਾ-ਜਿੱਥੋਂ ਅੱਗੇ ਕਾਲ਼ੀ ਬੋਲ਼ੀ ਰਾਤ ਦਾ ਘੇਰਾ ਵਿਸ਼ਾਲ ਹੋ ਜਾਂਦੈ ਤੇ ਜ਼ਿੰਦਗੀ ਸਹਿਕਦੀ ਨਜ਼ਰ ਆਉਂਦੀ ਐ।



ਜਗਜੀਤ ਸਿੰਘ ਲੋਹਟਬੱਦੀ
ਫੋਨ: 89684-33500

ਅਮਰੀਕਾ ਦੇ ਨੋਬਲ ਪੁਰਸਕਾਰ ਵਿਜੇਤਾ ਨਾਵਲਕਾਰ ਅਰਨੈਸਟ ਹੈਮਿੰਗਵੇ ਦਾ ਵਿਚਾਰ ਹੈ ਕਿ ਜ਼ਿੰਦਗੀ ਬਾਰੇ ਕੁੱਝ ਲਿਖਣ ਤੋਂ ਪਹਿਲਾਂ ਇਸ ਨੂੰ ਜਿਉਂ ਕੇ ਵੇਖੋ। ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਹੀ ਇਸ ਨੂੰ ਮਾਨਣਯੋਗ ਬਣਾਉਂਦਾ ਹੈ। ਚੰਗੇ, ਖ਼ੂਬਸੂਰਤ ਅਤੇ ਹਾਂ-ਵਾਚਕ ਖਿਆਲ ਸਾਡੇ ਜੀਵਨ ਦਾ ਰਾਹ ਦਸੇਰਾ ਬਣਦੇ ਨੇ। ਸਚਾਈ ਇਹ ਹੈ ਕਿ ਸਾਡੀ ਜ਼ਿੰਦਗੀ ਵਿਚ ਹਜ਼ਾਰਾਂ ਹੀ ਟਹਿਕਵੇਂ ਪਲ ਆਏ ਹੁੰਦੇ ਨੇ, ਪਰ ਅਸੀਂ ਉਨ੍ਹਾਂ ਨੂੰ ਸਾਂਭਦੇ ਨਹੀਂ। ਕਦੇ ਚੇਤਿਆਂ 'ਚੋਂ ਵਿਸਰੇ ਉਨ੍ਹਾਂ ਪਲਾਂ ਨੂੰ ਮੁੜ ਜੀਵਤ ਕਰਨ ਨਾਲ ਜ਼ਿੰਦਗੀ ਫਿਰ ਤੋਂ ਚਹਿਕਦੀ ਮਹਿਕਦੀ ਲੱਗਦੀ ਐ। ਅਤੀਤ ਵਿਚੋਂ ਵੀ ਭਵਿੱਖ ਦੀ ਤਸਵੀਰ ਦਿਸੇਗੀ। ਬਚਪਨ ਦੀ ਮਾਸੂਮੀਅਤ ਨੂੰ ਚੇਤੇ ਕਰੋ। ਤਿਤਲੀਆਂ ਦਾ ਉਡਣਾ, ਭੌਰਿਆਂ ਦਾ ਫੁੱਲਾਂ 'ਤੇ ਮੰਡਰਾਉਣਾ, ਵੀਰ-ਵਹੁਟੀ ਦੇ ਦਿਲ ਖਿੱਚਵੇਂ ਰੰਗ, ਜੀਵ ਜੰਤੂਆਂ ਦੀ ਚਾਲ-ਢਾਲ, ਪਾਣੀ ਦੀਆਂ ਛੱਲਾਂ, ਕਾਗਜ਼ ਦੀਆਂ ਕਿਸ਼ਤੀਆਂ ਅੱਜ ਵੀ ਤਰੋ-ਤਾਜ਼ਾ ਹੋ ਕੇ ਪੁਕਾਰਦੀਆਂ ਨੇ-ਯਾਰਾ! ਜ਼ਿੰਦਗੀ ਖ਼ੂਬਸੂਰਤ ਸੀ:

ਅਜਬ ਨਜ਼ਾਰਾ ਫੇਰ ਤਿਤਲੀ ਦੇ ਖੰਭਾਂ ਨਾਲ,
ਹੁੰਦਾ ਏ ਸੁਮੇਲ ਜਦੋਂ ਫੁੱਲ ਦਾ।
ਮਹਿਕ ਤੇ ਹੁਸਨ ਜਦੋਂ ਇਕ ਥਾਵੇਂ ਹੋਣ 'ਕੱਠੇ
ਬੂਟਾ ਰੱਬੀ ਰਹਿਮਤਾਂ ਦਾ ਖੁੱਲ੍ਹਦਾ।

ਸੁਹਜ ਵਿਚਾਰ ਜ਼ਿੰਦਗੀ ਨੂੰ ਸੁਖਾਵੀਂ ਬਣਾਉਂਦੇ ਨੇ। ਮਨ ਨੂੰ ਢਾਰਸ ਬੱਝਦੀ ਐ ਕਿ ਪਰਾਏ ਲਈ ਕੀਤੇ ਨਿਰਸੁਆਰਥ ਯਤਨ ਤੁਹਾਡੇ ਆਪਣੇ ਅੰਦਰਲੇ ਨੂੰ ਵੀ ਤ੍ਰਿਪਤ ਕਰਦੇ ਨੇ ਅਤੇ ਜੀਵਨ ਦੀ ਸਾਰਥਿਕਤਾ ਸਮਝ ਆਉਂਦੀ ਐ। ਇਕ ਘਟਨਾ ਹੈ ਕਿ ਜੰਗਲ ਵਿਚ ਲੱਗੀ ਅੱਗ ਨੂੰ ਬੁਝਾਉਣ ਲਈ ਇਕ ਛੋਟੀ ਚਿੜੀ ਆਪਣੀ ਚੁੰਝ ਵਿਚ ਪਾਣੀ ਭਰ ਕੇ ਉਸ ਉੱਤੇ ਪਾਉਂਦੀ ਹੈ ਅਤੇ ਤਮਾਸ਼ਬੀਨਾਂ ਦੀ ਭੀੜ ਹੱਸਦੀ ਹੈ। ਪਰ ਚਿੜੀ ਦਾ ਦ੍ਰਿੜ ਨਿਸ਼ਚਾ ਹੈ ਕਿ ਉਹ ਅੱਗ ਬੁਝਾਉਣ ਵੇਲੇ ਮੂਕ ਦਰਸ਼ਕ ਨਹੀਂ ਬਣੀ ਰਹੀ। ਕਿੰਨੀ ਸਿਦਕ, ਸਬਰ, ਸੰਤੋਖ ਵਾਲੀ ਜ਼ਿੰਦਗੀ ਹੋਵੇਗੀ, ਇਸ ਨਿੱਕੇ ਜੀਵ ਦੀ! ਦਿਨ ਰਾਤ, ਖੁਸ਼ੀ ਗ਼ਮੀ, ਗਰਮੀ ਸਰਦੀ ਆਉਂਦੇ ਜਾਂਦੇ ਰਹਿਣਗੇ; ਇਨ੍ਹਾਂ ਵਿਚ ਸਮਤੋਲ ਬਣਾ ਕੇ ਅੱਗੇ ਵਧਣਾ ਹੀ ਜ਼ਿੰਦਗੀ ਦੀ ਸਚਾਈ ਹੈ। ਅੰਗਰੇਜ਼ੀ ਦਾ ਉੱਘਾ ਕਵੀ ਰਾਬਰਟ ਫਰੌਸਟ ਲਿਖਦਾ ਹੈ: "ਮੈਂ ਜੋ ਵੀ ਜ਼ਿੰਦਗੀ ਬਾਰੇ ਜਾਣਿਆ ਹੈ, ਉਸ ਦਾ ਤਿੰਨ ਸ਼ਬਦਾਂ ਵਿਚ ਸਾਰ ਹੈ: ਇਹ ਚੱਲਦੀ ਰਹਿੰਦੀ ਹੈ।" ਰੁਕਣਾ ਜ਼ਿੰਦਗੀ ਦਾ ਮੂਲ ਤੱਤ ਨਹੀਂ।

ਬਹਾਰਾਂ ਆਉਂਦੀਆਂ ਰਹਿਣਗੀਆਂ, ਪੱਤਝੜ ਵੀ ਆਵੇਗਾ, ਰੁੱਤਾਂ ਦੇ ਰੰਗ ਬਦਲਦੇ ਰਹਿਣੇ ਨੇ, ਪ੍ਰਕਿਰਤੀ ਨੇ ਆਪਣੇ ਆਹਰੇ ਲੱਗੇ ਰਹਿਣਾ ਹੈ। ਬਦਲਣਾ ਤਾਂ ਤੁਹਾਨੂੰ ਹੀ ਪੈਣਾ ਹੈ। ਇਸ ਬਦਲਾਅ ਨੂੰ ਖਿੜੇ ਮੱਥੇ ਸਵੀਕਾਰ ਕਰਨ ਨਾਲ ਜ਼ਿੰਦਗੀ ਬਹਾਰ ਜਾਪੇਗੀ। ਉਦਾਸੀ ਦਾ ਆਲਮ, ਸੰਤਾਪ ਹੰਢਾਉਣ ਵਾਂਗ ਲੱਗਦਾ ਹੈ। ਚੰਗੀਆਂ ਘੜੀਆਂ ਮਨ ਮਸਤਕ ਵਿਚ ਹੋਣ, ਤਾਂ ਮਾੜੇ ਪਲ ਛੱਟਦੇ ਜਾਂਦੇ ਨੇ। ਪਾਬਲੋ ਨਰੂਦਾ ਦਾ ਕਥਨ ਹੈ ਕਿ ਤੁਸੀਂ ਸਾਰੇ ਫੁੱਲਾਂ ਨੂੰ ਵੱਢ ਸਕਦੇ ਹੋ, ਪਰ ਤੁਸੀਂ ਬਹਾਰ ਨੂੰ ਆਉਣ ਤੋਂ ਨਹੀਂ ਰੋਕ ਸਕਦੇ। ਸ੍ਰਿਸ਼ਟੀ ਦੇ ਰੰਗਾਂ ਨੂੰ ਨਿਹਾਰਨ ਦਾ ਯਤਨ ਜ਼ਿੰਦਗੀ ਜਿਊਣ ਦਾ ਨਿਵੇਕਲਾ ਢੰਗ ਬਿਆਨ ਕਰੇਗਾ। ਬਨਸਪਤੀ ਦਾ ਲਹਿਰਾਉਣਾ, ਖਾਲਾਂ ਵਿਚ ਵਗਦੇ ਪਾਣੀ ਦੀਆਂ ਛੱਲਾਂ, ਫਸਲਾਂ ਦੀ ਉਤਪਤੀ, ਬੀਜ ਪੁੰਗਰ ਕੇ ਭਰਵੀਂ ਉਪਜ ਦੀ ਕਿਆਸ ਅਰਾਈ ਜ਼ਿੰਦਗੀ ਦੀ ਕਸ਼ਿਸ਼ ਫਿੱਕੀ ਨਹੀਂ ਪੈਣ ਦਿੰਦੇ।

ਨਿਰੰਤਰਤਾ ਬਣੀ ਰਹਿਣੀ ਚੱਲਦੇ ਸਾਹਾਂ ਦੀ ਤਰਜਮਾਨੀ ਕਰਦੀ ਐ। ਮਾਰਥਾ ਮੈਡਰੋਸ ਦੀ ਸਪੇਨੀ ਕਵਿਤਾ ਵਿਚੋਂ ਜ਼ਿੰਦਗੀ ਦਾ ਸਾਰ ਉਘੜਦਾ ਨਜ਼ਰੀਂ ਪੈਂਦੈ:

ਜਦ ਜਾਂਦੇ ਨਹੀਂ
ਕਿਸੇ ਨਵੇਂ ਸਫ਼ਰ 'ਤੇ
ਪੜ੍ਹਦੇ ਨਹੀਂ
ਕੋਈ ਨਵੀਂ ਕਿਤਾਬ
ਮਾਣਦੇ ਨਹੀਂ
ਜ਼ਿੰਦਗੀ ਦਾ ਰੰਗ ਰਾਗ
ਕਰਦੇ ਨਹੀਂ
ਆਪਣੀ ਤਾਰੀਫ਼ ਆਪ
ਪਾਉਂਦੇ ਨਹੀਂ
ਰੰਗ ਰੰਗ ਦੇ ਕੱਪੜੇ
ਕਰਦੇ ਨਹੀਂ
ਕਿਸੇ ਅਣਜਾਣ ਨਾਲ ਗੱਲਾਂ
.....
ਹੌਲੀ ਹੌਲੀ ਮਰਨ ਲੱਗਦੇ ਹਾਂ ਆਪਾਂ।

ਜ਼ਿੰਦਗੀ, ਛੋਟੀਆਂ ਛੋਟੀਆਂ ਖੁਸ਼ੀਆਂ ਦਾ ਸੁੰਦਰ ਖ਼ਜ਼ਾਨਾ ਹੈ ਅਤੇ ਸਾਡੇ ਆਲੇ-ਦੁਆਲੇ ਖਿਲਰਿਆ ਪਿਆ ਹੈ। ਰਿਸ਼ਤਿਆਂ ਦਾ ਸੰਸਾਰ ਵੀ



ਇਸੇ ਕੜੀ ਦਾ ਹਿੱਸਾ ਹੈ। ਰਿਸ਼ਤੇ ਖੂਹਾਂ ਵਰਗੇ ਹੁੰਦੇ ਨੇ। ਜਦ ਇਹ ਭਰੇ ਹੋਏ ਹੁੰਦੇ ਹਨ ਤਾਂ ਪਿਆਸ ਮਿਟਾ ਦਿੰਦੇ ਨੇ ਤੇ ਇਨ੍ਹਾਂ ਦੇ ਸਾਫ਼ ਪਾਣੀ ਵਿਚ ਤੁਸੀਂ ਆਪਣਾ ਅਕਸ ਤਲਾਸ਼ ਸਕਦੇ ਹੋ। ਪਰ ਖਾਲੀ ਖੂਹਾਂ 'ਚੋਂ ਮੁੜ ਕੇ ਆਈ ਤੁਹਾਡੀ ਆਪਣੀ ਆਵਾਜ਼ ਵੀ ਤੁਹਾਨੂੰ ਡਰਾਵਣੀ ਲੱਗਦੀ ਐ ਤੇ ਤੁਹਾਨੂੰ ਭੈਭੀਤ ਕਰ ਦਿੰਦੀ ਹੈ। ਜ਼ਿੰਦਗੀ ਵਿਚ ਝੂਠ ਫਰੇਬ, ਠੱਗੀ-ਠੋਰੀ, ਬੇਈਮਾਨੀ, ਹੰਕਾਰ ਆਦਿ ਖੁਸ਼ੀ ਤਾਂ ਦਿੰਦੇ ਨੇ ਪਰ ਇਹ ਥੋੜ੍ਹ ਚਿਰੀ ਹੁੰਦੀ ਆ। ਭਟਕਣ ਤੋਂ ਬਚਣ ਲਈ ਇਮਾਨਦਾਰੀ ਅਤੇ ਸਚਾਈ ਤੁਹਾਡਾ ਗਹਿਣਾ ਬਣਦੇ ਹਨ। ਚੰਗੇ ਕਾਲਮ ਤੇ ਨਰੋਈਆਂ ਕਲਮਾਂ ਕਦੇ ਡੋਲਣ ਨਹੀਂ ਦਿੰਦੀਆਂ। ਰੂਸੀ ਸਾਹਿਤਕਾਰ ਲਿਓ ਟਾਲਸਟਾਏ ਦਾ ਕਥਨ ਹੈ: "ਜੇ ਤੁਹਾਨੂੰ ਦਰਦ ਮਹਿਸੂਸ ਹੁੰਦਾ ਹੈ ਤਾਂ ਤੁਸੀਂ ਜ਼ਿੰਦਾ ਹੋ; ਜੇ ਤੁਸੀਂ ਦੂਸਰੇ ਲੋਕਾਂ ਦਾ ਦਰਦ ਮਹਿਸੂਸ ਕਰ ਸਕਦੇ ਹੋ, ਤਾਂ ਤੁਸੀਂ ਮਨੁੱਖ ਹੋ।" ਜ਼ਿੰਦਗੀ ਦਾ ਸਾਰੰਸ਼ ਤੁਹਾਡੀ ਅੰਤਰ-ਆਤਮਾ ਨੂੰ ਬਾਖ਼ੂਬੀ ਪਤਾ ਹੁੰਦੈ।

ਜ਼ਿੰਦਗੀ ਰਸੀਲੀ ਵੀ ਹੈ ਤੇ ਖੁਰਦਰੀ ਵੀ...ਕਿਸੇ ਦਾ ਲਿਹਾਜ਼ ਨਹੀਂ ਕਰਦੀ। ਜਿਊਣ ਦਾ ਢੰਗ ਤੁਹਾਡੇ ਆਪਣੇ ਕਿਰਦਾਰ 'ਤੇ ਨਿਰਭਰ ਕਰਦੈ। ਇਕ ਕਥਾ ਸੁਣੋ: ਮੌਤ ਨੇ ਜ਼ਿੰਦਗੀ ਨੂੰ ਪੁੱਛਿਆ," ਹਰ ਕੋਈ ਤੈਨੂੰ ਪਿਆਰ ਤੇ ਮੈਨੂੰ ਨਫ਼ਰਤ ਕਿਉਂ ਕਰਦੈ?" ਜ਼ਿੰਦਗੀ ਦਾ ਜਵਾਬ ਸੀ: "ਮੈਂ ਖ਼ੂਬਸੂਰਤ ਝੂਠ ਹਾਂ ਤੇ ਤੂੰ ਦਰਦਨਾਕ ਸਚਾਈ।" ਕਈ ਵਾਰ ਸਾਨੂੰ ਰੌਸ਼ਨੀਆਂ ਦੀ ਚਕਾਚੌਂਧ ਵਿਚ ਪਤਾ ਨਹੀਂ ਲੱਗਦਾ ਕਿ ਅਸੀਂ ਕੀ ਖੱਟਿਆ ਤੇ ਕੀ ਗਵਾਇਆ ਹੈ। ਤੇਜ਼ ਤਰਾਰ ਪਲ ਸਾਨੂੰ ਸੰਵੇਦਨਾ ਤੋਂ ਵਿਹੂਣਾ ਕਰ ਦਿੰਦੇ ਹਨ। ਕੋਈ ਮ੍ਰਿਗ ਤ੍ਰਿਸ਼ਨਾ ਸਾਨੂੰ ਰਾਹ ਤੋਂ ਭਟਕਾ ਦਿੰਦੀ ਹੈ। ਇਖ਼ਲਾਕੀ ਕਦਰਾਂ ਪਿੱਛੇ ਰਹਿ ਜਾਂਦੀਆਂ ਨੇ।

ਯਾਦ ਹੈ ਨਾ 1993 ਦਾ ਸੁਡਾਨ ਦਾ ਅਕਾਲ? ਰੋਹੀ ਵਿਚ ਸੁੱਕ ਕੇ ਪਿੰਜਰ ਬਣੇ ਮਾਸੂਮ ਦੇ ਸਾਹਮਣੇ ਬੈਠੀ ਗਿਰਝ...'ਭੋਜਨ' ਦੀ ਉਡੀਕ ਵਿਚ! ਦੱਖਣੀ ਅਫ਼ਰੀਕਾ ਦੇ ਫੋਟੋਗ੍ਰਾਫਰ ਕੇਵਿਨ ਕਾਰਟਰ ਨੂੰ ਪੁਲਿਤਜ਼ਰ ਪੁਰਸਕਾਰ ਮਿਲਿਆ, ਇਸ ਤਸਵੀਰ ਲਈ। ਕਿਸੇ ਸਵਾਲ ਕੀਤਾ: "ਉਸ ਬੱਚੇ ਦਾ ਕੀ ਬਣਿਆ, ਜਿਸ ਦੀ ਜ਼ਿੰਦਗੀ ਆਖ਼ਰੀ ਸਾਹਾਂ 'ਤੇ ਸੀ, ਉੱਥੇ ਹੋਰ ਕੌਣ ਸੀ?" ਕੇਵਿਡ ਦਾ ਜਵਾਬ ਸੀ ਕਿ ਉਹ ਨਹੀਂ ਜਾਣਦਾ, ਕਿਉਂਕਿ ਉਸਨੂੰ ਫਲਾਈਟ ਲੈਣ ਦੀ ਕਾਹਲੀ ਸੀ ਅਤੇ ਬੱਚੇ ਦੇ ਨੇੜੇ ਇਕ ਗਿਰਝ ਨਜ਼ਰਾਂ ਟਿਕਾਈ ਬੈਠੀ ਸੀ। ਪੱਤਰਕਾਰਾਂ ਨੇ ਰੌਸ਼ਨੀ ਦਿਖਾਈ ਕਿ ਗਿਰਝਾਂ 'ਇਕ' ਨਹੀਂ, 'ਦੋ' ਸਨ! ਜ਼ਿੰਦਗੀ ਦੀ ਸਚਾਈ ਕਾਹਦੀ ਸਮਝ ਆਈ ਕਿ ਸਭ ਕੁਝ ਨਿਰਾਰਥਕ ਲੱਗਿਆ ਅਤੇ 33 ਸਾਲ ਦੀ ਉਮਰ ਵਿਚ ਖ਼ੁਦਕੁਸ਼ੀ ਕਰ ਗਿਆ। ਫਰਜ਼ਾਂ ਤੋਂ ਮੁਨਕਰ ਹੋਣਾ ਵੀ ਜ਼ਿੰਦਗੀ ਦਾ ਮਨਫ਼ੀ ਹੋਣਾ ਹੈ।

ਜ਼ਿੰਦਗੀ ਬੇਰਹਿਮ ਵੀ ਹੈ। ਕੱਲ੍ਹ ਤਕ ਨਾਲ ਤੁਰਦੇ ਸੰਗੀ ਸਾਥੀ ਵੀ ਦੂਰ ਨਿਕਲ ਜਾਂਦੇ ਹਨ ਤੇ ਪਿੱਛੇ ਸਿਰਫ ਗਿਲੇ ਸ਼ਿਕਵੇ ਤੇ ਹਉਕੇ ਹਾਵੇ ਹੀ ਦਰਦ ਵੰਡਾਉਂਦੇ ਨੇ। ਡਾ. ਸੁਰਜੀਤ ਪਾਤਰ ਦੇ ਬੋਲ ਤਲਖ਼ ਹਕੀਕਤ ਦਾ ਪੈਗ਼ਾਮ ਦਿੰਦੇ ਨੇ:

ਰੇਤਾ ਉੱਤੋਂ ਪੈੜ ਮਿਟਦਿਆਂ,
ਫਿਰ ਵੀ ਕੁਝ ਪਲ ਲੱਗਦੇ ਨੇ
ਕਿੰਨੀ ਛੇਤੀ ਭੁੱਲ ਗਏ ਸਾਨੂੰ,
ਤੇਰੇ ਯਾਰ ਨਗਰ ਦੇ ਲੋਕ।

ਨਾਮਵਰ ਲੇਖਕ ਬਰਟਰੈਂਡ ਰਸਲ ਦਾ ਕਥਨ ਹੈ ਕਿ ਸੰਸਕਾਰ ਅਤੇ ਸੱਭਿਆਚਾਰ ਆਦਮੀ ਨੇ ਖੋ ਦਿੱਤਾ ਹੈ। ਨਾ ਢੋਲ ਨਾ ਮੰਜੀਰਾ ਵੱਜਦਾ ਹੈ। ਪੈਰ ਨੱਚਣਾ ਹੀ ਭੁੱਲ ਗਏ ਨੇ। ਕੀ ਪਾਇਆ ਤਰੱਕੀ ਦੇ ਨਾਮ ਉੱਤੇ? ਕੇਵਲ ਪਾਗਲ ਹੱਸਦੇ ਹਨ, ਸਮਝਦਾਰਾਂ ਨੂੰ ਹੱਸਣ ਦੀ ਫ਼ੁਰਸਤ ਕਿੱਥੇ ਹੈ? ਦੋ ਗੀਤ ਗਾਉਣ ਦੀ, ਇਕਤਾਰਾ ਵਜਾਉਣ ਦੀ, ਤਾਰਿਆਂ ਦੇ ਹੇਠਾਂ ਰੁੱਖਾਂ ਦੀ ਛਾਂ ਵਿਚ ਨੱਚਣ ਦੀ, ਸੂਰਜ ਨੂੰ ਦੇਖਣ ਦੀ, ਫੁਲਾਂ, ਪੰਛੀਆਂ ਨਾਲ ਗੱਲਾਂ ਕਰਨ ਦੀ, ਕੁਦਰਤ ਨਾਲ ਘੁਲ-ਮਿਲ ਜਾਣ ਦੀ ਵਿਹਲ ਕਿਸ ਨੂੰ ਹੈ? ਖਾਲ਼ੀ ਹੱਥ ਆਏ, ਖਾਲ਼ੀ ਹੱਥ ਗਏ। ਜਦੋਂ ਕਦੇ ਤੁਹਾਨੂੰ ਅੰਦਰ ਦਾ ਰਸ ਜੰਮਣ ਲੱਗੇ, ਅੰਦਰ ਦਾ ਸੁਆਦ ਆਉਣ ਲੱਗੇ ਤਾਂ ਖੁੰਝੋ ਨਾ! ਸਮੁੰਦਰ ਦੀਆਂ ਲਹਿਰਾਂ ਤੇ ਫੁੱਲਾਂ ਦੀ ਮਹਿਕ ਨੂੰ ਮਾਣਿਆ ਤਾਂ ਜਾ ਸਕਦੈ, ਪਰ ਕਲਾਵਾ ਨਹੀਂ ਭਰ ਸਕਦੇ। ਕਿਸੇ ਦੇ ਦਿਲ ਵਿਚ ਵਸ ਜਾਣਾ ਸੌਖਾ ਨਹੀਂ ਹੁੰਦਾ, ਪਰ ਇਹ ਔਖਾਵੀ ਨਹੀਂ ਹੁੰਦਾ; ਸਿਰਫ਼ 'ਮੈਂ' ਨੂੰ ਪਰ੍ਹੇ ਹਟਾਉਣ ਦੀ ਗੱਲ ਐ। ਜ਼ਿੰਦਗੀ ਹੁਸੀਨ ਲੱਗੇਗੀ।

ਜ਼ਿੰਦਗੀ ਜਿਊਣ ਵਿਚ ਵੀ ਡਾਢਾ ਫਰਕ ਹੁੰਦਾ। ਬਾਬਰਾਂ ਜਰਵਾਣਿਆਂ ਦੀ ਜੀਵਨ ਗਾਥਾ ਨੂੰ ਜਿਊਣ ਦਾ ਨਹੀਂ, ਸਗੋਂ ਅੱਤਿਆਚਾਰਾਂ ਦੀ ਇਤਿਹਾ ਗਰਦਾਨਿਆ ਜਾਂਦੈ। ਉਮਰ ਭਰ ਦੀਆਂ ਲੁੱਟਾਂ-ਖੋਹਾਂ ਦਾ ਇਤਿਹਾਸ ਮੱਥੇ ਦਾ ਕਲੰਕ ਬਣ ਜਾਂਦੈ। ਪਰ ਇਸਨੂੰ ਲਲਕਾਰਨ ਵਾਲੇ ਅਤੇ ਡਾਢਿਆਂ ਅੱਗੇ ਹਿੱਕ ਡਾਹ ਕੇ ਖੜ੍ਹਨ ਵਾਲਿਆਂ ਨੂੰ ਸਮਾਂ ਸਿਜਦਾ ਕਰਦੈ। ਹਨੇਰੇ ਪਲਾਂ ਵਿਚ ਢੇਰੀ ਢਾਹ ਕੇ ਬੈਠਣ ਨੂੰ ਜ਼ਿੰਦਗੀ ਨਹੀਂ ਕਹਿੰਦੇ, ਸਗੋਂ ਚਾਨਣ ਦੀ ਲੀਕ ਵਾਹੁਣ ਵਾਲਿਆਂ ਨੂੰ ਹੱਥੀਂ ਛਾਵਾਂ ਹੁੰਦੀਆਂ ਨੇ। ਬਾਬਾ ਨਜਮੀ ਜਿਊਣ ਦਾ ਢੰਗ ਦੱਸਦੈ:

ਬੇਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ
ਮੰਜ਼ਿਲ ਦੇ ਮੱਥੇ 'ਤੇ ਲੱਗਦੀ
ਤਖ਼ਤੀ ਉਨ੍ਹਾਂ ਲੋਕਾਂ ਦੀ
ਜਿਹੜੇ ਘਰੋਂ ਬਣਾ ਕੇ ਤੁਰਦੇ
ਨਕਸ਼ਾ ਆਪਣੇ ਸਫ਼ਰਾਂ ਦਾ।

ਸ਼ੈਕਸਪੀਅਰ ਦਾ ਕਥਨ ਜ਼ਿੰਦਗੀ ਦੀ ਵਿਆਖਿਆ ਦਾ ਸਭ ਤੋਂ ਪੁਖ਼ਤਾ ਅਤੇ ਨਿਗਰ ਫੁਰਮਾਨ ਹੈ," ਜ਼ਿੰਦਗੀ ਇਕ ਰੰਗ ਮੰਚ ਹੈ, ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ।" ਪਰ ਇਕ ਗੱਲ ਜ਼ਰੂਰੀ ਹੈ ਕਿ ਰੋਲ ਇੰਨਾ ਦਮਦਾਰ ਤੇ ਸ਼ਿੱਦਤ ਵਾਲਾ ਹੋਣਾ ਚਾਹੀਦੈ ਕਿ ਪਰਦਾ ਡਿੱਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਰਹਿਣ!!

## ਗੋਰਬਾਚੋਵ ਦੇ ਹਵਾਲੇ ਨਾਲ ਰੂਸੀ ਇਨਕਲਾਬ ਨੂੰ ਯਾਦ ਕਰਦਿਆਂ

*(ਸਫਾ 22 ਦਾ ਬਾਕੀ)*

ਵਾਲੇ ਨਜ਼ਰ ਹੀ ਨਹੀਂ ਆ ਰਹੇ।''

ਇਹ 'ਖਾਸਮਖਾਸ' ਗੱਲ ਦੱਸਣ ਵਾਲੇ ਨਜ਼ਰ ਕਿਉਂ ਨਹੀਂ ਆ ਰਹੇ, ਇਸ ਦਾ ਕਾਰਨ ਹੈ ਕਿ ਸ. ਕਰਮਜੀਤ ਸਿੰਘ ਵਰਗੇ ਚਿੰਤਕ ਵੀ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਨੂੰ ਘੋਖਣ ਅਤੇ ਉਸ ਦੀ ਅਜੋਕੇ ਪ੍ਰਸੰਗ ਵਿਚ ਮੁੜ ਵਿਆਖਿਆ ਕਰਨ ਦੀ ਬਜਾਇ ਅਜੇ ਤਕ ਗੁਰਬਾਣੀ ਦੇ ਪੁਰਾਣੇ ਚੌਖਟੇ ਵਿਚ ਹੀ ਘੁੰਮੀ ਜਾਂਦੇ ਹਨ। ਉਹ ਗੁਰਮਤਿ ਫਿਲਾਸਫੀ ਨੂੰ ਸਾਰੇ ਧਰਮਾਂ ਦੇ ਪ੍ਰਸੰਗ ਵਿਚ ਰੱਖ ਕੇ ਪਰਖਣ ਦੀ ਬਜਾਇ ਇਸ ਦੀ ਸਭ ਨਾਲੋਂ ਟੁੱਟਵੀਂ ਵਿਆਖਿਆ ਉਤੇ ਯਕੀਨ ਕਰੀ ਬੈਠੇ ਹਨ। ਜਦੋਂ ਕਿ ਗੁਰੂ ਨਾਨਕ ਸਾਹਿਬ ਦੇ ਆਤਮਿਕ ਇਨਕਲਾਬ ਨੇ ਸਭ ਤੋਂ ਪਹਿਲਾਂ ਮਨੁੱਖ ਜਾਤੀ ਨੂੰ ਮਾਨਸਿਕ ਕਲਪਨਾ ਵਿਚੋਂ ਕੱਢ ਕੇ ਹਕੀਕੀ ਕੁਦਰਤੀ ਯਥਾਰਥ ਨਾਲ ਜੋੜਿਆ।

ਮਾਰਕਸ ਨੇ ਇਹੀ ਯਤਨ ਇਸ ਤੋਂ ਬਾਅਦ ਵਿਚ ਕੀਤਾ ਪਰ ਯੂਰਪ ਅੰਦਰ ਫੈਲੇ ਇਸਾਈ ਤੇ ਯਹੂਦੀ ਧਰਮਾਂ ਵਿਚ ਕੁਦਰਤ ਬਾਰੇ ਬਣੇ ਨਿਰਜੀਵ ਸੰਕਲਪਾਂ ਨੇ ਉਸ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਇਸ ਬਾਰੇ ਮਾਰਕਸ ਦਾ ਆਪਣਾ ਕਥਨ ਹੈ, ''ਨਿੱਜੀ ਜਾਇਦਾਦ ਤੇ ਪੈਸੇ ਦੇ ਗਲਬੇ ਅਧੀਨ ਕੁਦਰਤ ਬਾਰੇ ਬਣਿਆ ਦ੍ਰਿਸ਼ਟੀਕੋਣ ਸੋਚ ਵਿਚ ਸਰਬਸ਼ਕਤੀਮਾਨ ਕੁਦਰਤ ਦਾ ਨਿਰਾਦਰ ਅਤੇ ਅਮਲ ਵਿਚ ਅਪਮਾਨ ਕਰਦਾ ਹੈ। ਯਹੂਦੀ ਧਰਮ ਵਿਚ ਕੁਦਰਤ ਦੀ ਹੋਂਦ ਹੈ ਪਰ ਇਹ ਹੋਂਦ ਸਿਰਫ ਕਲਪਨਾ ਵਿਚ ਹੀ ਮੌਜੂਦ ਹੈ।''

ਗੁਰੂ ਗ੍ਰੰਥ ਸਾਹਿਬ ਵਿਚ ਇਸੇ ਨਿਰਜੀਵ ਕੁਦਰਤ ਨੂੰ ਸਜੀਵ ਕਰ ਦਿੱਤਾ ਗਿਆ ਹੈ:

ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥ (ਪੰਨਾ 976)

ਯਥਾ (ਗੁਰੂ ਨਾਨਕ ਸਾਹਿਬ ਨੇ) ਗੰਗਾ ਉਲਟੇ ਪਾਸੇ ਵਹਾਅ ਦਿੱਤੀ ਹੈ। ਦੁਨੀਆ ਕਹਿੰਦੀ ਹੈ ਕਿ ਗੁਰੂ ਸਾਹਿਬ ਨੇ ਇਹ ਕੀ ਕ੍ਰਿਸ਼ਮਾ ਕਰ ਦਿੱਤਾ। ਜਗਤ ਦੇ ਸੁਆਮੀ ਮਾਲਕ (ਗੁਰੂ) ਨਾਨਕ (ਸਾਹਿਬ) ਨੇ ਸਰਬਉਚ ਬਚਨ ਬੁਲੰਦ ਕੀਤਾ ਹੈ। (ਕਿਹਾ ਜਾਂਦਾ ਹੈ ਕਿ ਦੇਵਤਿਆਂ ਨੇ) ਸੁਮੇਰ ਪਰਬਤ ਦੀ ਮਧਾਣੀ ਬਣਾ ਕੇ ਅਤੇ ਸੱਪਾਂ ਦੇ ਰਾਜੇ ਬਾਸਕ ਦਾ ਨੇਤ੍ਰਾ (ਰਸੀ) ਬਣਾ ਕੇ ਸਮੁੰਦਰ ਰਿੜਕਿਆ ਸੀ ਅਤੇ ਚੌਦਾਂ ਰਤਨ ਪ੍ਰਾਪਤ ਕੀਤੇ ਸਨ। (ਗੁਰੂ) ਨਾਨਕ (ਸਾਹਿਬ) ਨੇ ਸਬਦਿ ਭਾਵ ਅਖਰਾਂ ਰਾਹੀਂ ਪ੍ਰਗਟ ਹੁੰਦੇ ਗਿਆਨ ਨੂੰ ਰਿੜਕਿਆ ਹੈ ਅਤੇ ਨਵੇਂ ਆਤਮਿਕ ਗਿਆਨ ਦੀ ਸੂਝ ਦਿੱਤੀ ਹੈ। ਜਿਸ ਆਤਮਿਕ ਗਿਆਨ ਨੇ ਮਨੁੱਖੀ ਸੋਚ ਤੇ ਮਨ ਵਿਚ ਆਵਾਗੌਣ ਭਾਵ ਵਾਰ-ਵਾਰ ਜੰਮਣ-ਮਰਨ ਦੇ ਬਣੇ ਭਰਮਜਾਲ ਨੂੰ ਸਦਾ ਲਈ ਖਤਮ ਕਰ ਕੇ ਇਸ ਸੰਸਾਰ ਨੂੰ ਪ੍ਰਕਾਸ਼ਮਾਨ ਕਰ ਦਿੱਤਾ ਹੈ। ਮਨੁਖ ਦੀ ਸੋਚ ਤੇ ਉਸ ਦੇ ਅਨੁਭਵੀ ਮਨ ਵਿਚੋਂ ਵਾਰ-ਵਾਰ ਜੰਮਣ ਮਰਨ ਦਾ ਡਰ ਹਮੇਸ਼ਾਂ ਲਈ ਖਤਮ ਕਰ ਕੇ ਮਨੁੱਖੀ ਜ਼ਿੰਦਗੀ ਨੂੰ ਰੁਸ਼ਨਾ ਦਿੱਤਾ ਹੈ।

**ਅਸਲ ਵਿਚ ਕੌਮੀ ਰਾਜ ਦਾ ਸੰਕਲਪ ਮਨੁੱਖ ਜਾਤੀ ਨੂੰ ਜੋੜਨ ਦੀ ਬਜਾਏ ਤੋੜਨ ਦਾ ਸਬੱਬ ਬਣਿਆ ਹੋਇਆ ਹੈ। 1917 ਵਿਚ ਰੂਸ ਅੰਦਰ ਆਏ ਕਮਿਊਨਿਸਟ ਇਨਕਲਾਬ ਨੇ ਅੱਡ ਅੱਡ ਕੌਮਾਂ ਨੂੰ ਸਰਬਵਿਆਪੀ ਕੁਦਰਤੀ ਫਿਲਾਸਫੀ ਦੇ ਆਧਾਰ ਉਤੇ ਜੋੜਨ ਦੀ ਬਜਾਏ ਕੌਮੀ ਰਾਜਾਂ ਦੇ ਸੰਕਲਪ ਨੂੰ ਨੇਮਬੱਧ ਕਰ ਕੇ ਲੋਕਾਂ ਨੂੰ ਕੌਮਾਂ ਦੇ ਘੇਰੇ ਵਿਚ ਵੰਡ ਦਿੱਤਾ, ਜਿਸ ਦਾ ਖਮਿਆਜ਼ਾ ਹੁਣ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਦੋਵੇਂ ਸਭਿਆਚਾਰਾਂ ਦੇ ਲੋਕ ਭੁਗਤ ਰਹੇ ਹਨ।**

ਮਨੁੱਖੀ ਮਨ ਦੀਆਂ ਅੱਖਾਂ ਦੇ ਸਨਮੁੱਖ ਕੁਦਰਤ ਨੂੰ ਇੰਝ ਪ੍ਰਗਟ ਕਰ ਦਿੱਤਾ ਹੈ, ਜਿਵੇਂ ਕਿਸੇ ਵੱਡੇ ਘੋਲ ਵਿਚ ਜਿੱਤਣ ਵਾਲੇ ਪਹਿਲਵਾਨ ਦੀ ਅਮਲ ਵਿਚ ਪਰਖ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਦੇ ਆਤਮਿਕ ਗਿਆਨ ਦੀ ਇਹੀ ਮੌਲਿਕਤਾ ਹੈ। ਗੁਰੂ ਸਾਹਿਬ ਨੇ ਭਾਸ਼ਾਈ ਸਬਦੁ (ਅੱਖਰਾਂ) ਰਾਹੀਂ ਪ੍ਰਗਟ ਹੋਏ ਗਿਆਨ ਨੂੰ ਰਿੜਕ ਕੇ ਉਸ ਨਵੇਂ ਆਤਮਿਕ ਗਿਆਨ ਦੀ ਸੋਝੀ ਦਿੱਤੀ ਹੈ, ਜਿਹੜਾ ਆਤਮਿਕ ਗਿਆਨ ਮਨੁੱਖੀ ਜ਼ਿੰਦਗੀ ਬਾਰੇ ਬਣੇ ਸਾਰੇ ਪੁਰਾਣੇ ਕੂੜ ਭਰਮਾਂ ਦਾ ਖੰਡਨ ਕਰ ਕੇ ਨਵੇਂ ਸੱਚ ਦੀ ਸੋਝੀ ਦੇਂਦਾ ਹੈ। ਮਨੁੱਖ ਨੂੰ ਨਵੀਂ ਚੇਤਨਾ (ਸੋਚ) ਦੇਂਦਾ ਹੈ। ਜਿਸਦਾ ਤਤ ਹੈ : ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥ (ਪੰਨਾ 141)

ਹੁਣ ਰੂਸੀ ਕਮਿਊਨਿਸਟਾਂ ਨੇ ਵੀ ਇਸਾਈ ਧਰਮ ਨੂੰ ਮਾਨਤਾ ਦਿੱਤੀ ਹੈ। ਰੂਸ ਦੀ ਕਮਿਊਨਿਸਟ ਪਾਰਟੀ ਦੇ ਚੇਅਰਮੈਨ ਤੇ ਰੂਸੀ ਪਾਰਲੀਮੈਂਟ ਵਿਚ ਦੂਜੇ ਨੰਬਰ ਦੀ ਪਾਰਟੀ ਦੇ ਮੁਖੀ ਗੇਨਾਡੀ ਯੁਗਾਨੋਵ ਨੇ ਕਿਹਾ ਹੈ ਕਿ 'ਇਸ ਧਰਤੀ ਉਤੇ ਪਹਿਲਾਂ ਕਮਿਊਨਿਸਟ ਯਿਸੂ ਮਸੀਹ ਸੀ ਤੇ ਉਹ ਅਸਲੀ ਸਮਾਜਵਾਦੀ ਸੀ। ਧਨਾਢਾਂ ਕੋਲੋਂ ਖੋਹ ਕੇ ਜਨਤਾ ਨੂੰ ਖੁਆਉਣ ਤੇ ਗਰੀਬਾਂ ਦਾ ਮੁਫਤ ਇਲਾਜ ਕਰਨ ਵਾਲੇ ਈਸਾ ਮਸੀਹ ਦਾ ਇਨਕਲਾਬੀ ਜਜ਼ਬਾ ਕਮਿਊਨਿਸਟਾਂ ਦੀਆਂ ਕਦਰਾਂ-ਕੀਮਤਾਂ ਨਾਲ ਮਿਲਦਾ ਹੈ। ਮਾਊਂਟ ਪਰਬਤ ਉਤੇ ਯਿਸੂ ਦੇ ਕੀਤੇ ਬਚਨ ਤੇ ਕਮਿਊਨਿਸਟ ਰਹਿਬਰਾਂ ਦੇ ਸਿਧਾਂਤਾਂ ਨੂੰ ਨਾਲ ਰੱਖ ਕੇ ਪੜ੍ਹੋ ਤਾਂ ਤੁਸੀਂ ਉਨ੍ਹਾਂ ਵਿਚਲੀ ਸਾਂਝ ਵੇਖ ਕੇ ਹੈਰਾਨ ਰਹਿ ਜਾਓਗੇ। ਤੁਸੀਂ ਬਾਈਬਲ ਨੂੰ ਪੜ੍ਹੋ ਤਾਂ ਤੁਹਾਨੂੰ ਹੋਰ ਬਹੁਤ ਕੁਝ ਪਤਾ ਲੱਗੇਗਾ। ਦਰਅਸਲ ਕਮਿਊਨਿਸਟ ਰਹਿਬਰਾਂ ਦਾ ਸਦਾਚਾਰ ਬਾਈਬਲ ਦੇ ਅਧਾਰ ਉਤੇ ਤਿਆਰ ਕੀਤਾ ਗਿਆ ਹੈ।'

ਪਿਛਲੇ ਸਾਲ ਯੁਗਾਨੋਵ ਨੇ ਪਾਰਲੀਮੈਂਟ ਅੰਦਰ ਰੂਸੀ ਸੰਵਿਧਾਨ ਵਿਚ ਗਾਡ (ਰੱਬ) ਨੂੰ ਸ਼ਾਮਿਲ ਕਰਨ ਲਈ ਸੁਝਾਅ ਦਿੱਤਾ ਸੀ। ਯੁਗਾਨੋਵ ਦੀ ਅਗਵਾਈ ਹੇਠਲੀ ਕਮਿਊਨਿਸਟ ਪਾਰਟੀ ਨੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ 1992 ਵਿਚ ਹੀ ਇਹ ਪੁਜ਼ੀਸ਼ਨ ਲੈ ਲਈ ਸੀ ਕਿ ਕਮਿਊਨਿਜ਼ਮ ਤੇ ਇਸਾਈਅਤ ਵਿਚ ਕੋਈ ਵਿਰੋਧ ਨਹੀਂ ਹੈ। ਇਸੇ ਕਰਕੇ ਜਦੋਂ ਸਾਰੇ ਪੂਰਬੀ ਯੂਰਪ ਵਿਚ ਕਮਿਊਨਿਸਟ ਪਾਰਟੀਆਂ ਖੁਰ ਗਈਆ ਤਾਂ ਵੀ ਰੂਸ ਦੀ ਕਮਿਊਨਿਸਟ ਪਾਰਟੀ ਹੁਣ ਤਕ ਸਰਗਰਮੀ ਕਰ ਰਹੀ ਹੈ ਅਤੇ ਰੂਸ ਵਿਚ ਦੂਜੇ ਨੰਬਰ ਦੀ ਵੱਡੀ ਪਾਰਟੀ ਹੈ। ਆਲਮੀ ਕਮਿਊਨਿਸਟ ਲਹਿਰ ਵਿਚ ਆਈਆਂ ਏਨੀਆਂ ਭਾਰੀ ਤਬਦੀਲੀਆਂ ਦੇ ਬਾਵਜੂਦ ਪੰਜਾਬ ਦੇ ਬਹੁਤੇ ਨਾਸਤਿਕ ਕਮਿਊਨਿਸਟ ਹੁਣ ਤਕ ਦੇ ਪੈਦਾ ਹੋਏ ਸਾਰੇ ਧਰਮਾਂ ਦੇ ਤਤਸਾਰ ਗੁਰਮਤਿ ਨੂੰ ਮੰਨਣ ਤੋਂ ਇਨਕਾਰੀ ਹਨ। ਅਜੇ ਵੀ ਉਹ ਗੁਰਮਤਿ ਨੂੰ ਕਿਸੇ ਪਿਛਲੀ ਸਦੀ ਦੀ ਜਗੀਰੂ ਵਿਚਾਰਧਾਰਾ ਦੀ ਰਹਿੰਦ ਖੂਹੰਦ ਹੀ ਸਮਝਦੇ ਹਨ। ਇਹੀ ਮਨੁੱਖਤਾ ਦੀ ਤ੍ਰਾਸਦੀ ਹੈ।

# ਲਾਲ ਸਿੰਘ ਚੱਢਾ ਦੇ ਵਿਰੋਧ ਦੀ ਹਕੀਕਤ

ਫਿਲਮ ਲਾਲ ਸਿੰਘ ਚੱਢਾ ਅਜਿਹੇ ਸਮੇਂ ਵਿਚ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੈ ਜਦੋਂ ਭਾਰਤ ਹਿੰਦੂ ਕੱਟੜਵਾਦ ਦੇ ਵਧ ਰਹੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ ਜਿਸ ਦੇ ਤਹਿਤ ਬਹੁਲਤਾਵਾਦ ਅਤੇ ਵੰਨ-ਸੁਵੰਨਤਾ ਲਈ ਸਪੇਸ ਸੁੰਗੜਦੀ ਜਾ ਰਹੀ ਹੈ।

ਲਾਲ ਸਿੰਘ ਚੱਢਾ ਔਟਿਸਟਿਕ (ਆਪਣੇ ਹੀ ਖ਼ਿਆਲਾਂ 'ਚ ਗੁਆਚੇ ਰਹਿਣ ਦੇ ਮਨੋਵਿਕਾਰ ਤੋਂ ਪੀੜਤ ਵਿਅਕਤੀ) ਸਿੱਖ

**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਵਿਅਕਤੀ ਦੀ ਕਹਾਣੀ ਹੈ ਜਿਸ ਨੂੰ ਇਸਾਈ ਔਰਤ ਨਾਲ ਮੁਹੱਬਤ ਹੋ ਜਾਂਦੀ ਹੈ। ਸਕੂਲ ਵਿਚ ਪੜ੍ਹਦਿਆਂ ਦੋਵੇਂ ਦੋਸਤ ਬਣ ਜਾਂਦੇ ਹਨ ਜਿੱਥੇ ਲਾਲ (ਆਮਿਰ ਖ਼ਾਨ) ਨੂੰ ਲਗਾਤਾਰ ਸਤਾਇਆ ਜਾਂਦਾ ਹੈ। ਰੂਪਾ (ਕਰੀਨਾ ਕਪੂਰ ਖ਼ਾਨ) ਕਲਾਸ ਰੂਮ ਦੇ ਵਿਰੋਧੀ ਮਾਹੌਲ ਵਿਚ ਉਸ ਨੂੰ ਆਪਣੀ ਬੁੱਕਲ 'ਚ ਲੈਂਦੀ ਹੈ। ਜਦੋਂ ਉਹ ਜਵਾਨ ਹੋ ਜਾਂਦੇ ਹਨ ਤਾਂ ਉਹ ਫਿਲਮ ਸਟਾਰ ਬਣਨ ਲਈ ਉਸ ਤੋਂ ਦੂਰ ਚਲੀ ਜਾਂਦੀ ਹੈ, ਜਦਕਿ ਮੁਸ਼ਕਿਲ ਸੰਸਾਰ ਵਿਚ ਜ਼ਿੰਦਾ ਰਹਿਣ ਦੀ ਖ਼ਾਤਰ ਆਪਣੀ ਲੜਾਈ ਲੜਨ ਲਈ ਲਾਲ ਪਿੱਛੇ ਕੱਲਾ ਰਹਿ ਜਾਂਦਾ ਹੈ। ਬਾਅਦ ਵਿਚ ਉਹ ਉਸ ਨੂੰ ਮੁੜ ਮਿਲਦੀ ਹੈ।



ਲਾਲ ਸਿੰਘ 1984 ਦੇ ਸਿੱਖ ਕਤਲੇਆਮ ਸਮੇਤ ਕਈ ਵੱਡੀਆਂ ਸਿਆਸੀ ਘਟਨਾਵਾਂ ਦਾ ਗਵਾਹ ਹੈ ਜੋ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਉਸ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਕੀਤੇ ਕਤਲ ਤੋਂ ਬਾਅਦ ਵਾਪਰਦੀਆਂ ਹਨ। ਰਾਜ ਦੀ ਖੁੱਲ੍ਹੇਆਮ ਪੁਸ਼ਤ-ਪਨਾਹੀ ਨਾਲ ਕੀਤੇ ਕਤਲੇਆਮ ਦੌਰਾਨ ਉਸ ਦੀ ਮਾਂ ਉਸ ਨੂੰ ਉਸ ਭੀੜ ਤੋਂ ਬਚਾਉਣ ਲਈ ਉਸ ਦੇ ਕੇਸ ਕੱਟਣ ਲਈ ਮਜਬੂਰ ਹੋ ਜਾਂਦੀ ਹੈ ਜੋ ਕੇਸਧਾਰੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹ ਹੋਰ ਘਿਨਾਉਣੀਆਂ ਘਟਨਾਵਾਂ ਨੂੰ ਵੀ ਦੂਰੋਂ ਦੇਖਦਾ ਹੈ, ਜਿਵੇਂ ਮੌਜੂਦਾ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਜਪਾ ਸਰਕਾਰ ਦੇ ਹਮਾਇਤੀਆਂ ਵੱਲੋਂ 1992 ਵਿਚ ਪੁਰਾਤਨ ਬਾਬਰੀ ਮਸਜਿਦ ਨੂੰ ਢਾਹੁਣਾ।

ਫਿਰਕੂ ਹਿੰਸਾ ਦੇ ਕਿਸੇ ਵੀ ਹਾਲਾਤ ਵਿਚ ਉਸ ਦੀ ਮਾਂ ਉਸ ਨੂੰ ਮੁਸੀਬਤ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ, ਉਹ ਉਸ ਨੂੰ ਕਹਿੰਦੀ ਹੈ ਕਿ ਉਸ ਨੂੰ ਘਰ ਵਿਚ ਹੀ ਰਹਿਣਾ ਚਾਹੀਦਾ ਹੈ ਕਿਉਂਕਿ ਦੇਸ਼ ਵਿਚ ਮਲੇਰੀਆ ਫੈਲ ਚੁੱਕਾ ਹੈ। ਇਸ ਕਰਕੇ ਉਹ ਮਜ਼੍ਹਬ ਦੀ ਤੁਲਨਾ ਮਹਾਮਾਰੀ ਨਾਲ ਕਰਦਾ ਹੈ ਅਤੇ ਅ-ਧਾਰਮਿਕ ਰਹਿੰਦਾ ਹੈ, ਭਾਵੇਂ ਉਹ ਆਪਣੀ ਮਾਂ ਦੀ ਮੌਤ ਤੋਂ ਬਾਅਦ ਸਿੱਖ ਵਾਂਗ ਦਾੜ੍ਹੀ ਵਧਾ ਲੈਂਦਾ ਹੈ ਅਤੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੰਦਾ ਹੈ।

ਇਹ ਦੇਖਣਾ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਹਿੰਦੂ ਕੱਟੜਵਾਦੀ ਤਾਕਤਾਂ ਇਸ ਫਿਲਮ ਨੂੰ ਲੈ ਕੇ ਐਨੀਆਂ ਚਿੰਤਤ ਕਿਉਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅੰਨ੍ਹੇ ਭਗਤ ਇਸ ਫਿਲਮ ਨੂੰ ਦੇਖੇ ਬਿਨਾ ਹੀ ਇਸ ਦਾ ਬਾਈਕਾਟ ਕਰਨ ਦੇ ਸੱਦੇ ਦੇ ਰਹੇ ਹਨ, ਉਹ ਆਮਿਰ ਖ਼ਾਨ ਉੱਪਰ 'ਹਿੰਦੂ ਫੋਬਿਕ' ਹੋਣ ਅਤੇ 'ਭਾਰਤ ਵਿਰੋਧੀ' ਬਿਆਨ ਦੇਣ ਦੇ ਦੋਸ਼ ਲਗਾ ਰਹੇ ਹਨ। ਆਮਿਰ ਖ਼ਾਨ ਪਹਿਲਾਂ 'ਪੀ.ਕੇ.' ਫਿਲਮ ਵਿਚ ਅਦਾਕਾਰੀ ਕਰ ਚੁੱਕੇ ਹਨ। ਉਸ ਫਿਲਮ ਵਿਚ ਵੀ ਮਹਿਜ਼ ਤੱਥ ਬਿਆਨ ਕਰਦੇ ਹੋਏ ਹਿੰਦੂ ਧਰਮ ਵਿਚ ਫੈਲੇ ਅੰਧਵਿਸ਼ਵਾਸਾਂ ਦੀ ਆਲੋਚਨਾ ਕੀਤੀ ਗਈ ਸੀ ਅਤੇ ਭਾਰਤ ਵਿਚ ਵਧ ਰਹੀ ਧਾਰਮਿਕ ਨਫ਼ਰਤ ਬਾਰੇ ਚਿੰਤਾਵਾਂ ਸਾਂਝੀਆਂ ਕੀਤੀਆਂ ਗਈਆਂ ਸਨ। ਆਖ਼ਿਰਕਾਰ, 2014 ਵਿਚ ਮੋਦੀ ਦੇ ਦੇਸ਼ ਦਾ ਆਗੂ ਬਣਨ ਤੋਂ ਬਾਅਦ ਘੱਟ ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਉੱਪਰ ਹਮਲੇ ਵਧੇ ਹਨ। ਇਸੇ ਕਰਕੇ ਲਾਲ ਸਿੰਘ ਚੱਢਾ ਉਨ੍ਹਾਂ ਦੇ ਵਿਰੋਧ ਮੁਹਿੰਮ ਦਾ ਨਿਸ਼ਾਨਾ ਬਣੀ ਹੈ।

ਇੱਥੋਂ ਤੱਕ ਕਿ ਮੇਰੀ ਮਨਪਸੰਦ ਅਦਾਕਾਰਾ ਕਰੀਨਾ ਕਪੂਰ ਖ਼ਾਨ ਨੂੰ ਇਸ ਤਰ੍ਹਾਂ ਦੇ ਦੁਸ਼ਮਣਾਨਾ ਵਿਰੋਧ ਅਤੇ ਸੋਸ਼ਲ ਮੀਡੀਆ ਉੱਪਰ ਟਰੌਲ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਨੇ ਮੁਸਲਿਮ ਅਦਾਕਾਰ ਨਾਲ ਵਿਆਹ ਕਰਵਾਇਆ ਅਤੇ ਹਿੰਦੂ ਹੋਣ ਦੇ ਬਾਵਜੂਦ ਆਪਣਾ ਆਖ਼ਰੀ ਨਾਮ ਖ਼ਾਨ ਰੱਖਿਆ। ਫਿਰਕੂ ਤਾਕਤਾਂ ਦੀ ਮਨਸ਼ਾ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਵੱਲੋਂ ਤਕਰੀਬਨ ਦੋ ਸਾਲ ਪਹਿਲਾਂ ਹੀ ਫਿਲਮ ਦੇ ਬਾਈਕਾਟ ਦਾ ਸੱਦਾ ਦੇਣਾ ਸ਼ੁਰੂ ਕਰ ਦਿੱਤਾ ਗਿਆ ਸੀ। ਕਰੀਨਾ ਕਪੂਰ ਖ਼ਾਨ ਦੇ ਇਸ ਪੱਖ ਨੇ ਮੈਨੂੰ ਇਸ ਬਾਬਤ ਕਿਤਾਬ ਲਿਖਣ ਲਈ ਪ੍ਰੇਰਿਤ ਕੀਤਾ। ਮੇਰੀ ਕਿਤਾਬ 'ਨਾਜ਼ਨੀਨ ਤੋਂ ਨੈਨਾ ਤੱਕ' ਇਸ ਬਾਰੇ ਸਿਆਸੀ ਬਿਆਨ ਹੈ ਕਿ ਕਿਵੇਂ ਭਾਰਤੀ ਸਿਨੇਮਾ ਜ਼ਹਿਰੀਲੇ ਸਿਆਸੀ ਮਾਹੌਲ ਨਾਲ ਗ੍ਰਹਿਣਿਆ ਜਾ ਚੁੱਕਾ ਹੈ।

ਬਾਈਕਾਟ ਦੇ ਸੱਦੇ ਮੈਨੂੰ ਇਸ ਫਿਲਮ ਨੂੰ ਦੇਖਣ ਲਈ ਉਕਸਾਉਣ ਲਈ ਕਾਫ਼ੀ ਸਨ। ਸੋ ਮੈਂ 11 ਅਗਸਤ ਨੂੰ ਸਰੀ ਦੇ ਸਟ੍ਰਾਬੇਰੀ ਹਿੱਲ ਸਿਨੇਪਲੈਕਸ ਵਿਖੇ ਪਹਿਲਾ ਸ਼ੋਅ ਦੇਖਣ ਗਿਆ। ਕੰਮਕਾਜੀ ਦਿਨ ਹੋਣ ਦੇ ਬਾਵਜੂਦ ਦੁਪਹਿਰ ਨੂੰ ਲੱਗਭੱਗ 50 ਲੋਕ ਫਿਲਮ ਦੇਖਣ ਲਈ ਆਏ ਅਤੇ ਫਿਲਮ ਖ਼ਤਮ ਹੁੰਦੇ ਹੀ ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਮਾਰ ਕੇ ਇਸ ਦੀ ਤਾਰੀਫ਼ ਕੀਤੀ। ਇਹ ਖ਼ਾਨ ਜੋੜੀ ਦੀ ਪ੍ਰਤੱਖ ਜਿੱਤ ਅਤੇ ਭਾਰਤ ਦੇ ਸਮਾਜੀ ਮਾਹੌਲ ਨੂੰ ਖ਼ਰਾਬ ਕਰਨ ਵਾਲੇ ਕੱਟੜਪੰਥੀਆਂ ਦੀ ਹਾਰ ਸੀ।

ਫਿਲਮ ਦੇਖਣ ਤੋਂ ਬਾਦ ਮੈਨੂੰ ਹਿੰਦੂ ਸਰਵੋਤਮਵਾਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ 'ਤੇ ਬਹੁਤੀ ਹੈਰਾਨੀ ਨਹੀਂ ਹੋਈ। ਇਹ ਧਰਮ ਨਿਰਪੱਖ ਭਾਰਤ ਲਈ ਉਮੀਦ ਦਾ ਪੈਗ਼ਾਮ ਦਿੰਦੀ ਹੈ ਅਤੇ ਘੱਟ ਗਿਣਤੀਆਂ- ਮੁਸਲਮਾਨਾਂ, ਇਸਾਈਆਂ, ਸਿੱਖਾਂ ਅਤੇ ਕੁਦਰਤੀ ਵਿਕਾਰਾਂ ਨਾਲ ਜੂਝ ਰਹੇ ਲੋਕਾਂ- ਨੂੰ ਦਰਪੇਸ਼ ਅੰਤਰ-ਵਰਗੀ ਫ਼ਿਤਰਤ ਵਾਲੀਆਂ ਚੁਣੌਤੀਆਂ ਨਾਲ ਨਜਿੱਠਦੀ ਹੈ। ਇਹ ਸੱਤਾ ਉੱਪਰ ਕਾਬਜ਼ ਲੋਕਾਂ ਨੂੰ ਕਿਉਂ ਚੰਗੀ ਲੱਗੇਗੀ ਜੋ ਭਾਰਤ ਨੂੰ ਇਕ ਅਸ਼ਹਿਣਸੀਲ ਹਿੰਦੂ ਧਰਮ-ਤੰਤਰੀ ਰਾਜ ਵਜੋਂ ਮੁੜ ਪਰਿਭਾਸ਼ਿਤ ਕਰਨ ਲਈ ਬਜ਼ਿੱਦ ਹਨ ਜਿਸ ਦੇ ਤਹਿਤ ਧਾਰਮਿਕ ਘੱਟ ਗਿਣਤੀਆਂ ਤੋਂ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ?

ਇੰਨਾ ਹੀ ਨਹੀਂ, ਇਹ ਫਿਲਮ ਭਾਰਤ ਵਿਚ ਹਾਲ ਹੀ ਵਿਚ ਬਣਾਈਆਂ ਅਤੇ ਸਰਕਾਰ ਦੀ ਸਰਪ੍ਰਸਤੀ ਨਾਲ ਪ੍ਰੋਮੋਟ ਕੀਤੀਆਂ ਗਈਆਂ ਹੋਰ ਜ਼ਹਿਰੀਲੀਆਂ ਅਤੇ ਮੁਸਲਿਮ ਵਿਰੋਧੀ ਫਿਲਮਾਂ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੰਦੀ ਹੈ। ਭਾਜਪਾ ਦੇ ਹਿਮਾਇਤੀਆਂ ਨੂੰ ਤਾਂ ਚੱਪਣੀ 'ਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ ਕਿਉਂਕਿ ਲਾਲ ਸਿੰਘ ਚੱਢਾ ਫਿਲਮ ਤਾਂ ਇਸਲਾਮੀ ਕੱਟੜਵਾਦ 'ਤੇ ਵੀ ਸਵਾਲ ਉਠਾਉਂਦੀ ਹੈ, ਇਹ ਉਨ੍ਹਾਂ ਇਕਪਾਸੜ ਫਿਲਮਾਂ ਤੋਂ ਉਲਟ ਹੈ ਜਿਨ੍ਹਾਂ ਦਾ ਉਹ ਬੇਸ਼ਰਮੀ ਨਾਲ ਪ੍ਰਚਾਰ ਕਰ ਰਹੇ ਹਨ।

ਮੋਦੀ ਅਤੇ ਉਸ ਦੇ ਸੰਘੀ ਲਸ਼ਕਰਾਂ ਤੋਂ ਕਿਸੇ ਹਮਾਇਤ ਜਾਂ ਮਾਨਤਾ ਦੀ ਉਮੀਦ ਕਰਨ ਦੀ ਬਜਾਇ, ਸਾਨੂੰ ਸਾਰਿਆਂ ਨੂੰ ਇਸ ਵਧੀਆ ਫਿਲਮ ਦੇ ਨਿਰਮਾਤਾਵਾਂ ਨਾਲ ਆਪਣੀ ਇਕਮੁੱਠਤਾ ਦਰਸਾਉਣ ਲਈ ਸਿਨੇਮਾਘਰਾਂ ਵਿਚ ਹੁੰਮ-ਹੁੰਮਾ ਕੇ ਫਿਲਮ ਦੇਖਣ ਲਈ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਲਾਜ਼ਮੀ ਦੇਖਣਾ ਚਾਹੀਦਾ ਹੈ।

# ਤੱਬੂ ਲਈ ਮੁਹੱਬਤ



ਅਦਾਕਾਰ ਅਜੈ ਦੇਵਗਨ ਅਤੇ ਤੱਬੂ ਨੇ ਆਪਣੀ ਆਉਣ ਵਾਲੀ ਫਿਲਮ 'ਭੋਲਾ' ਦੀ ਸ਼ੂਟਿੰਗ ਦਾ ਕੰਮ ਮੁਕੰਮਲ ਕਰ ਲਿਆ ਹੈ। ਇਹ ਤਾਮਿਲ ਫਿਲਮ 'ਕੈਥੀ' ਦਾ ਹਿੰਦੀ ਰੀਮੇਕ ਹੈ। ਤੱਬੂ ਨੇ ਸੋਸ਼ਲ ਮੀਡੀਆ 'ਤੇ ਅਜੈ ਦੇਵਗਨ ਨਾਲ ਸੈੱਟ ਦੀ ਤਸਵੀਰ ਸਾਂਝੀ ਕਰਦਿਆਂ ਫਿਲਮ ਦੀ ਸ਼ੂਟਿੰਗ ਦਾ ਕੰਮ ਨਿਬੇੜਨ ਬਾਰੇ ਜਾਣਕਾਰੀ ਸਾਂਝੀ ਕੀਤੀ। 51 ਸਾਲਾ ਅਦਾਕਾਰਾ ਤੱਬੂ ਨੇ ਆਖਿਆ, "ਦੇਖੋ ਅਸੀਂ ਇਕੱਠਿਆਂ ਨੇ ਆਪਣੀ ਨੌਵੀਂ ਫਿਲਮ ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ।" ਜ਼ਿਕਰਯੋਗ ਹੈ ਕਿ ਇਹ ਦੋਵੇਂ ਫਿਲਮ 'ਵਿਜੈਪਥ', 'ਹਕੀਕਤ', 'ਤਕਸ਼ਕ', 'ਦ੍ਰਿਸ਼ਯਮ', 'ਗੋਲਮਾਲ ਅਗੇਨ' ਤੇ 'ਦੇ ਦੇ ਪਿਆਰ ਦੇ' ਵਿਚ ਵੀ ਇਕੱਠੇ ਨਜ਼ਰ ਆਏ ਸਨ। ਇਸ ਤੋਂ ਇਲਾਵਾ ਉਹ ਆਉਣ ਵਾਲੀ ਫਿਲਮ 'ਦ੍ਰਿਸ਼ਯਮ 2' ਵਿਚ ਵੀ ਦਿਖਾਈ ਦੇਣਗੇ।

# ਮਾਰਖਮ ਦੀ ਗਲੀ ਏ.ਆਰ. ਰਹਿਮਾਨ ਦੇ ਨਾਮ...

ਹਾਲ ਹੀ ਵਿਚ ਕੈਨੇਡਾ ਦੇ ਸ਼ਹਿਰ ਮਾਰਖਮ ਦੀ ਇੱਕ ਗਲੀ ਦਾ ਨਾਂ ਗਰੈਮੀ ਐਵਾਰਡ ਜੇਤੂ ਸੰਗੀਤਕਾਰ ਏ.ਆਰ. ਰਹਿਮਾਨ ਦੇ ਨਾਮ ਉੱਤੇ ਰੱਖਣ 'ਤੇ ਰਹਿਮਾਨ ਨੇ ਸੋਸ਼ਲ ਮੀਡੀਆ 'ਤੇ ਧੰਨਵਾਦੀ ਨੋਟ ਸਾਂਝਾ ਕੀਤਾ ਹੈ। ਰਹਿਮਾਨ ਨੇ ਟਵੀਟ ਕੀਤਾ, "ਗਲੀ ਦਾ ਨਾਮ 'ਏ.ਆਰ. ਰਹਿਮਾਨ' ਰੱਖ ਕੇ ਮਾਣ-ਸਨਮਾਨ ਦੇਣ ਲਈ ਸ਼ਹਿਰ ਮਾਰਖਮ ਅਤੇ ਫਰੈਂਕਸਕਾਰਪਿਟੀ ਅਤੇ ਕੈਨੇਡਾ ਵਾਸੀਆਂ ਦਾ ਧੰਨਵਾਦ।" ਉਸ ਨੇ ਲਿਖਿਆ, "ਮੈਂ ਆਪਣੀ ਜ਼ਿੰਦਗੀ ਵਿਚ ਕਦੇ ਇਹ ਨਹੀਂ ਸੋਚਿਆ ਸੀ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦੀ ਹਾਂ, ਖਾਸ ਕਰਕੇ ਮਾਰਖਮ ਦੇ ਮੇਅਰ ਅਤੇ ਕੌਂਸਲਰਾਂ, ਭਾਰਤੀ ਕੌਂਸਲੇਟ ਜਨਰਲ (ਅਪੂਰਵਾ ਸ੍ਰੀਵਾਸਤਵ) ਤੇ ਕੈਨੇਡਾ ਵਾਸੀਆਂ ਦਾ।"

ਰਹਿਮਾਨ ਨੇ ਕਿਹਾ, "ਏ.ਆਰ. ਰਹਿਮਾਨ ਮੇਰਾ ਨਾਮ ਨਹੀਂ ਹੈ। ਇਸ ਦਾ ਅਰਥ ਹੈ ਦਿਆਲੂ। ਸਾਰੇ ਧਰਮਾਂ ਦੇ ਪੈਗੰਬਰਾਂ ਵਿਚ ਦਿਆਲਤਾ ਦੀ ਸਾਂਝ ਹੈ ਅਤੇ ਅਸੀਂ ਦਿਆਲਤਾ ਦੇ ਸੇਵਕ ਬਣ ਸਕਦੇ ਹਾਂ। ਇਸ ਲਈ, ਇਹ ਨਾਮ ਕੈਨੇਡਾ ਵਿਚ ਰਹਿੰਦੇ ਸਾਰੇ ਲੋਕਾਂ ਲਈ ਸ਼ਾਂਤੀ, ਖੁਸ਼ਹਾਲੀ ਅਤੇ ਸਿਹਤਯਾਬੀ ਲਿਆਵੇ। ਰੱਬ ਤੁਹਾਡਾ ਸਭ ਦਾ ਭਲਾ ਕਰੇ। ਮੈਂ ਇਸ ਪਿਆਰ ਬਦਲੇ ਸਾਰੇ ਭਾਰਤੀ ਭੈਣਾਂ-ਭਰਾਵਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਂ ਤਾਂ ਸਮੁੰਦਰ ਵਿਚ ਛੋਟੀ ਜਿਹੀ ਬੂੰਦ ਦੇ ਬਰਾਬਰ ਹਾਂ। ਮੈਨੂੰ ਲੱਗਦਾ ਹੈ ਕਿ ਇਸ ਨੇ ਮੈਨੂੰ ਹੋਰ ਬਹੁਤ ਕੁਝ ਕਰਨ ਅਤੇ ਪ੍ਰੇਰਨਾਦਾਇਕ ਬਣਨ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਭਾਵੇਂ ਮੈਂ ਥੱਕ ਵੀ ਜਾਵਾਂ ਪਰ ਮੈਂ ਹਮੇਸ਼ਾ ਯਾਦ ਰੱਖਾਂਗਾ ਕਿ ਮੇਰੇ ਕੋਲ ਕਰਨ ਲਈ ਹਾਲੇ ਹੋਰ ਬਹੁਤ ਚੀਜ਼ਾਂ ਹਨ। ਅਜੇ ਮੈਂ ਹੋਰ ਬਹੁਤ ਲੋਕਾਂ ਨਾਲ ਜੁੜਨਾ ਹੈ ਅਤੇ ਹੋਰ ਪੁਲ ਪਾਰ ਕਰਨੇ ਹਨ।" ਆਪਣੇ ਤਿੰਨ ਦਹਾਕਿਆਂ ਦੇ ਕਰੀਅਰ ਦੌਰਾਨ ਏ.ਆਰ. ਰਹਿਮਾਨ ਨੇ ਕਈ ਨਾਮੀ ਪੁਰਸਕਾਰ ਜਿੱਤੇ ਹਨ।

ਯਾਦ ਰਹੇ ਕਿ 6 ਜਨਵਰੀ 1967 ਨੂੰ ਜਨਮੇ ਅੱਲ੍ਹਾ ਰੱਖਾ (ਏ.ਆਰ.) ਰਹਿਮਾਨ ਦਾ ਅਸਲੀ ਨਾਂ ਏ.ਐੱਸ. ਦਿਲੀਪ ਕੁਮਾਰ ਹੈ। ਉਸ ਦਾ ਜਨਮ ਚੇਨਈ ਵਿਚ ਹੋਇਆ। ਸੰਗੀਤ ਦੇ ਖੇਤਰ ਵਿਚ ਉਸ ਨੇ ਛੋਟੀ ਉਮਰੇ ਹੀ ਵੱਡੀਆਂ ਮੱਲਾਂ ਮਾਰ ਲਈਆਂ ਸਨ। ਉਸ ਨੇ ਹਿੰਦੀ ਅਤੇ ਤਮਿਲ ਫਿਲਮਾਂ ਲਈ ਵੀ ਗਾਇਆ। ਉਹ ਹੁਣ ਤੱਕ ਛੇ ਕੌਮੀ ਇਨਾਮ, ਦੋ ਆਸਕਰ ਇਨਾਮ, ਦੋ ਗਰੈਮੀ ਇਨਾਮ, 15 ਫਿਲਮਫੇਅਰ ਇਨਾਮ, 17 ਫਿਲਮਫੇਅਰ (ਦੱਖਣ) ਇਨਾਮਾਂ ਤੋਂ ਇਲਾਵਾ ਹੋਰ ਬਹੁਤ ਸਾਰ ਇਨਾਮ ਅਤੇ ਮਾਣ-ਸਨਮਾਨ ਹਾਸਲ ਕਰ ਚੁੱਕਾ ਹੈ। ਰਹਿਮਾਨ ਨੇ ਪਹਿਲਾਂ ਪਹਿਲ ਦਸਤਾਵੇਜ਼ੀਆਂ ਲਈ ਸੰਗੀਤ ਤਿਆਰ ਕਰਨਾ ਸ਼ੁਰੂ ਕੀਤਾ ਸੀ। ਉਸ ਦੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ 'ਰੋਜ਼ਾ' ਨਾਲ 1990ਵਿਆਂ ਦੇ ਸ਼ੁਰੂ ਵਿਚ ਹੋਈ। ਫਿਰ ਤਾਂ ਚੱਲ ਸੋ ਚੱਲ! ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਜ ਉਹ ਜਿਸ ਮੁਕਾਮ ਉਤੇ ਹੈ, ਅਜਿਹੀ ਥਾਂ ਵਿਰਲੇ-ਟਾਂਵਿਆਂ ਨੂੰ ਹੀ ਮਿਲਦੀ ਹੈ।

**-ਆਮਨਾ ਕੌਰ**






**ਏ.ਆਰ. ਰਹਿਮਾਨ ਅਤੇ (ਸੱਜੇ) ਗਲੀ ਦੇ ਉਦਘਾਟਨ ਮੌਕੇ।**

# Punjabi Cultural Society of Chicago

Presents

## PUNJABI MELA 2022

**Venue:** Deer Grove East, Forest Preserve, Shelter#1,
1599 Pepper Tree Dr, Palatine, IL 60067

**Time: Sunday, September 18th 2022, 10 AM - 05 PM**

- Tug of War
- Musical Chairs
- 3 Legged Race
- Kite Flying
- Volleyball
- Shot Put
- Spoon Race
- Sprint race

and many more

ਐਂਟਰੀ, ਖਾਣਾ ਅਤੇ ਪਾਰਕਿੰਗ ਮੁਫਤ ਹੋਵੇਗੀ



Bring one, Bring All
Please bring family and friends



ਪਰਿਵਾਰਾਂ ਸਮੇਤ ਮੇਲੇ ਵਿਚ ਪੁੱਜ ਕੇ ਮੇਲੇ ਦੀ ਸ਼ਾਨ ਵਧਾਓ ਜੀ।

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## For more information, please contact: (847) 359-5PCS

P.O. Box 1244, Palatine, IL, 60078, E- mail: info@PCSChicago.org or Visit www.PCSChicago.org

PCS is a non profit 501(c)3 all volunteers organization
promoting Punjabi culture, sports, language & performing arts.

### PCS Board:

Honorary Chairman : Kevindeep Singh
President: Parvinder Singh Nanua, Ph: (260) 312-1485
Sr.Vice President: Bhupinder Singh Dhaliwal, Ph: (224) 715-0177
Executive Secretary: Navtej Singh Sohi, Ph: (847) 917-7716
Asstt. Executive Secretary: Gurpreet SIngh Sidhu
Finance Director: Bikram Singh Sohi, Ph: (847) 809-1110
Asstt. Finance Director: Gurlal Singh Bhattal, Ph: (630) 340-7608
Youth Affairs Director: Jigardeep Singh Dhillon
Sports Director: Parmjot Singh Parmar, Ph: (847) 652-9930
Immediate Past President: Balwinder S. Girn (847) 452-9897
Director at Large: Manjeet Singh Bhalla, Ph: (224) 392-6129

### PCS Officials:

Rajinder S. Mago (630) 440-7730
Manjit S. Gill (630) 893-5156
Sukhmel S. Atwal (847) 564-4735
Mohinderjit S. Saini (847) 705-0434
Jasbir S. Palia (219) 256-9428
Bhinder S. Pamma (847) 361-3579
Amarjit K. Atwal (847) 564-4735
Gurmit S. Dhillon (847) 912-6659
Yadwinder S. Grewal (773) 627-9113
Surinder Singh Palia (219) 256-9426
Harwinder Paul Singh Lail (224) 715-0395
Vick Singh (847) 508-5184